ਪਰਤਾਪ ਸਦਾ ਗੁਰ ਕਾ ਘਟਿ ਘਟਿ

ਜਸਵਿੰਦਰ ਸਿੰਘ ਐਮ.ਏ.
ਤਾਰਾ ਸਿੰਘ ਅਨਜਾਣ

ਸਤਿਗੁਰ ਬਚਨ

ਹਿੰਦੂ ਹੈ, ਸਿੱਖ ਹੈ, ਸਮਾਜੀ ਹੈ, ਸਨਾਤਨੀ ਹੈ, ਅਕਾਲੀ ਹੈ, ਕੋਈ ਹੈ ਜਿਹੜਾ ਗੁਰੂ ਦਾ ਨਾਮ ਜਪੇਗਾ ਉਹੀ ਬਚੇਗਾ। ਉਥੇ ਲਿਹਾਜ਼ ਕਿਸੇ ਜਾਤ ਦਾ ਨਹੀਂ ਮਜ਼੍ਹਬ ਦਾ ਨਹੀਂ।

ਬਾਣੀ ਪੜ੍ਹ ਕੇ, ਨਾਮ ਜੱਪ ਕੇ ਜੇ ਪੁਰਸ਼ ਨੂੰ ਸਿਦਕ ਨਹੀਂ ਹੋਇਆ, ਯਕੀਨ ਨਹੀਂ ਆਇਆ, ਫਿਰ ਸਭ ਨਿਹਫਲ।

ਜਿਹੜਾ ਉਸ ਦੇ ਹੁਕਮ 'ਚ ਨਹੀਂ ਚਲਦਾ, ਜਿਹੜਾ ਉਸ ਦੇ ਬਚਨਾਂ ਉੱਤੇ ਨਹੀਂ ਚਲਦਾ, ਨਾ ਦਾੜ੍ਹੀ ਨਾਲ, ਨਾ ਮਾਲਾ ਨਾਲ, ਨਾ ਕ੍ਰਿਪਾਨ ਨਾਲ, ਨਾ ਕਾਲੀ ਨਾਲ, ਨਾ ਚਿੱਟੀ ਨਾਲ, ਕੋਈ ਬਚਾਅ ਨਹੀਂ ਹੋ ਸਕਦਾ।

ਬਿਨਾ ਸਤਿਗੁਰ ਧਰਤੀ ਦਾ ਭਾਰ ਉਤਾਰਨ ਦਾ ਕੋਈ ਠੇਕਾ ਨਹੀਂ ਲੈਂਦਾ।

ਰਾਤ ਨੂੰ ਸੌਣ ਲਗੇ, ਤੜਕੇ ਉਠਣ ਲਗੇ, ਸਤਿਗੁਰੂ ਅਗੇ ਅਰਦਾਸ ਕਰਿਆ ਕਰੋ, ਰੋਜ਼ ਅਰਦਾਸ ਕਰਿਆ ਕਰੋ, ਸੱਚੇ ਪਾਤਸ਼ਾਹ ! ਕ੍ਰਿਪਾ ਕਰ ਸਾਡਾ ਮਨ ਨਾ ਮਨਮਤ ਵਲ ਜਾਵੇ। ਸਾਡੇ ਤੇ ਉਹ ਪ੍ਰੇਰਨਾ ਕਰ ਤੇਰੇ ਸਾਮ੍ਹਣੇ ਸਨਮੁਖ ਹੋਈਏ।

ਏਥੇ ਨਾ ਅਕਾਲੀ, ਨਾ ਨਾਮਧਾਰੀ, ਨਾ ਹਿੰਦੂ ਸਾਰੇ ਮਨੁੱਖ ਹੋ, ਸਾਰੇ ਸਿੱਖ ਹੋ। ਸਭ ਇੱਕ ਦੇ ਬਣਾਏ ਹੋਏ ਹੋ, ਪ੍ਰਮਾਤਮਾ ਦੇ। ਅਗੋਂ ਜਿਸ ਤਰ੍ਹਾਂ ਵੀ ਮੰਨਦੇ ਹੋ, ਕਿਸੇ ਗੁਰੂ ਨੂੰ ਕਿਸੇ ਤਰ੍ਹਾਂ ਕਹਿ ਮੰਨ ਲਵੋ। ਤੁਹਾਨੂੰ ਸਤਿਗੁਰ, ਮਹਾਂਪੁਰਸ਼ ਕੋਈ ਨਹੀਂ ਉਪਦੇਸ਼ ਦੇ ਦਾ ਕਿ ਜ਼ਬਾਨ ਕਰਕੇ ਫਿਰ ਜਾਓ, ਬੁਰਾ ਕਰੋ, ਝੂਠ ਬੋਲੋ, ਚੋਰੀ ਕਰੋ, ਯਾਰੀ ਕਰੋ, ਠਗੀ ਕਰੋ, ਮਾਸ ਖਾਓ, ਸ਼ਰਾਬ ਪੀਓ।

ਬਈ ਸ਼ਰਾਬ ਵਲੋਂ ਖਿਮਾ ਕਰੋ, ਇਸਦਾ ਖਹਿੜਾ ਛੱਡੋ ਬੜੀ ਬੁਰੀ ਚੀਜ਼ ਹੈ। ਹਿੰਦੂਆਂ ਨੂੰ ਇਜਾਜ਼ਤ ਨਹੀਂ, ਸਿੱਖਾਂ ਨੂੰ ਇਜਾਜ਼ਤ ਨਹੀਂ, ਮੁਸਲਮਾਨਾਂ 'ਚ ਇਜਾਜ਼ਤ ਨਹੀਂ, ਪੀਵੇ ਕੋਈ।



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

ਪਰਤਾਪ ਸਦਾ ਗੁਰ ਕਾ ਘਟਿ ਘਟਿ

ਜਸਵਿੰਦਰ ਸਿੰਘ ਐਮ. ਏ.
ਤਾਰਾ ਸਿੰਘ ਅਨਜਾਨ

ਪਰਤਾਪ ਸਦਾ ਗੁਰ ਕਾ
ਘਟਿ ਘਟਿ

ਸੰਪਾਦਕ
ਜਸਵਿੰਦਰ ਸਿੰਘ ਐਮ. ਏ.
ਤਾਰਾ ਸਿੰਘ ਅਨਜਾਣ

ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ
12, ਪੰਡਤ ਪੰਤ ਮਾਰਗ, ਨਵੀਂ ਦਿੱਲੀ-110001

ਪਹਿਲੀ ਵਾਰ : ਜਨਵਰੀ 1991

ਕੀਮਤ : 120 ਰੁਪਏ

ਟਾਈਟਲ : ਨਿਰੰਜਨ ਸਿੰਘ ਜਯੋਤੀ

ਛਾਪਕ :
ਜਨਤਕ ਪ੍ਰੈੱਸ
159, ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006

ਪ੍ਰਕਾਸ਼ਕ :
ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ
12, ਪੰਡਤ ਪੰਤ ਮਾਰਗ, ਨਵੀਂ ਦਿੱਲੀ-110001

PARTAP SADA GUR KA GHAT GHAT

Editors : Jaswinder Singh, M.A.
Tara Singh Anjan



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
(1890—1959 ਈ.)

ਸੰਦੇਸ਼

ਗੁਰੂ ਅਤੇ ਸਿੱਖ ਦਾ ਅਟੁੱਟ ਰਿਸ਼ਤਾ ਹੈ, ਪਰ ਸਿੱਖੀ ਦੀ ਗੱਲ ਸ਼ਰਧਾ, ਭਾਵਨਾ ਤੇ ਪ੍ਰੇਮ ਤੋਂ ਬਿਨਾ ਸਾਰੀ ਖ਼ਤਮ ਹੋ ਜਾਂਦੀ ਹੈ । ਬਾਣੀ ਵਿਚ ਲਿਖਿਆ ਹੈ ਕਿ,

ਜੇਹਾ ਸਤਿਗੁਰ ਕਰ ਜਾਣਿਆ ਤੇਹੋ ਜਿਹਾ ਸੁਖ ਹੋਇ ।
ਏਹ ਸਹਸਾ ਮੂਲੇ ਨਾਹੀ ਭਾਉ ਲਾਇ ਜਨ ਕੋਇ ।

ਸਤਿਗੁਰੂ ਨਾਮ ਦਾਨ ਦੇਂਦਾ ਹੈ । ਨਾਮ ਦੀ ਪ੍ਰਾਪਤੀ ਸਤਿਗੁਰੂ ਤੋਂ ਬਿਨਾ ਨਹੀਂ ਹੋ ਸਕਦੀ । ਗੁਰਬਾਣੀ ਦੀ ਇਕੋ ਤੁਕ ਵਿਚ ਸਤਿਗੁਰੂ ਦੇ ਨਾਮ ਦੇਣ, ਪਰਉਪਕਾਰ ਕਰਨ ਬਾਰੇ ਅੰਕਿਤ ਕੀਤਾ ਹੈ,

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ।
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਬਚਨ ਹਨ ਕਿ ਆਤਮਾ ਨਾਮ ਜਪ ਕੇ ਹੀ ਬਲਵਾਨ ਹੋ ਸਕਦੀ ਹੈ । ਆਤਮਾ ਬਲਵਾਨ ਹੋਵੇਗੀ ਤਾਂ ਤੁਸੀਂ ਆਪਣਾ, ਕੌਮ ਦਾ ਜਾਂ ਦੇਸ਼ ਦਾ ਕੁਝ ਸਵਾਰ ਸਕਦੇ ਹੋ । ਇਸ ਕਰਕੇ ਸ੍ਰੀ ਸਤਿਗੁਰੂ ਜੀ ਨੇ ਹਰ ਮਾਈ-ਭਾਈ, ਬੁੱਢੇ-ਬਾਲੇ ਨੂੰ ਨਾਮ ਸਿਮਰਨ ਦਾ ਉਪਦੇਸ਼ ਦਿਤਾ । ਆਪ ਦਾ ਬਚਨ ਹੈ ਕਿ ਦਿਨ ਵਿਚ ਘਟੋ ਘਟ ਇਕ ਘੰਟਾ ਜ਼ਰੂਰ ਨਾਮ ਸਿਮਰਨ ਕੀਤਾ ਜਾਵੇ ।

ਸਤਿਗੁਰੂ ਹੀ ਮਨੁੱਖ ਮਾਤਰ ਦੇ ਅੰਦਰੋਂ ਜਮਾ ਦੀ ਮਾਰ ਦਾ ਡਰ ਦੂਰ ਕਰਦਾ ਹੈ,

ਜਿਨੀ ਤੁਧਨੋ ਧੰਨੁ ਕਹਿਆ,
ਤਿਨ ਜਮ ਨੇੜਿ ਨਾ ਆਇਆ ।

ਸੰਤ ਨਗਰ, ਸਿਰਸਾ (ਹਰਿਆਣਾ) ਦੇ ਸੰਤ ਮਲੂਕ ਸਿੰਘ ਜੀ ਦੱਸਦੇ ਹਨ ਕਿ, "ਮੈਨੂੰ ਜਮਦੂਤਾਂ ਨੇ ਫੜਿਆ ਤੇ ਮੈਂ ਜਿਸ ਵੇਲੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਨਾਂ ਲਿਆ ਤਾਂ ਉਹਨਾਂ ਨੇ ਉਸੇ ਵੇਲੇ ਛੱਡ ਦਿੱਤਾ ।"

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤ੍ਰੈਕਾਲ ਦਰਸ਼ੀ ਸਨ । ਉਹਨਾਂ ਨੂੰ ਆਉਣ ਵਾਲੇ ਸਮੇਂ ਵਿਚ ਵਰਤਣ ਵਾਲੇ ਭਾਣੇ ਦੀ ਵੀ ਸੋਝੀ ਸੀ । ਇਸ ਬਾਰੇ ਉਹ ਸਾਨੂੰ

ਵੀ ਸੁਚੇਤ ਕਰਦੇ ਰਹਿੰਦੇ ਸਨ। ਉਹ ਇਹ ਵੀ ਜਾਣਦੇ ਸਨ ਕਿ ਭਾਰਤ ਦੀ ਵੰਡ ਹੋ ਜਾਣੀ ਹੈ। ਸੋ ਉਹ ਇਕ ਤਾਂ ਕਿਹਾ ਕਰਦੇ ਸਨ ਕਿ ਹਿੰਦੂ-ਸਿੱਖ ਇਕ ਹੋ ਜਾਣ ਨਹੀਂ ਤਾਂ ਖ਼ਤਮ ਹੋ ਜਾਣਗੇ। ਦੂਜਾ ਉਹਨਾਂ ਨਾਮਧਾਰੀ ਸਿੱਖਾਂ ਤੇ ਗ਼ੈਰ-ਨਾਮਧਾਰੀਆਂ ਸਭਨਾਂ ਨੂੰ ਥਾਂ ਥਾਂ ਜਾ ਕੇ ਕਿਹਾ ਕਿ ਉਹ ਇਕ ਵਾਰ ਰਾਵੀ ਪਾਰ ਜ਼ਰੂਰ ਕਰ ਜਾਣ ਤਾਂ ਕਿ ਵਰਤਣ ਵਾਲੇ ਭਾਣੇ ਦੀ ਮਾਰ ਤੋਂ ਬਚ ਸੱਕਣ। ਉਹਨਾਂ ਦੇ ਬਚਣ ਤਾਂ ਅਟੱਲ ਸਨ ਹੀ ਜਿਨ੍ਹਾਂ ਵੀ ਉਹ ਬਚਨ ਮੰਨੇ ਸੁਖੀ ਰਹੇ।

ਅਸੀਂ ਸਦਾ ਹੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਬਚਨਾਂ ਤੇ ਅਮਲ ਕਰੀਏ, ਉਹਨਾਂ ਦੇ ਹੁਕਮਾਂ ਨੂੰ ਅੱਗੇ ਤੋਰੀਏ, ਨਾਮ ਜਪ ਕੇ ਆਪਣਾ ਆਤਮਕ ਬਲ ਵਧਾਈਏ, ਏਕਤਾ ਵਲ ਕਦਮ ਵਧਾਈਏ, ਅਮਨ ਦਾ ਸੁਨੇਹਾ ਸਭ ਨੂੰ ਦਈਏ, ਮਨੁੱਖ ਮਾਤਰ ਨੂੰ ਹੀ ਨਹੀਂ ਸਗੋਂ ਹਰ ਪ੍ਰਾਣੀ ਮਾਤਰ ਨਾਲ ਪ੍ਰੇਮ ਕਰੀਏ, ਤਾਂ ਕਿ ਸਾਰੀ ਸ੍ਰਿਸ਼ਟੀ ਤੋਂ ਰੋਗ ਸੋਗ ਮਿਟ ਜਾਣ, ਸੰਸਾਰ ਸੁਖੀ ਹੋਵੇ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਦੀਆਂ ਘਟਨਾਵਾਂ, ਉਹਨਾਂ ਦੇ ਬਚਨਾਂ ਜਨ ਹਿਤ ਲਈ ਕੀਤੇ ਕਾਰਜਾਂ ਅਤੇ ਉਹਨਾਂ ਦੀ ਕੀਰਤੀ ਨੂੰ ਸਾਹਿਤ ਪ੍ਰਕਾਸ਼ਨ ਰਾਹੀਂ ਪ੍ਰਸਾਰਨ ਦਾ ਇਕ ਵਧੀਆ ਵਸੀਲਾ ਹੈ।

—ਸਤਿਗੁਰੂ ਜਗਜੀਤ ਸਿੰਘ ਜੀ

ਇਹ ਪੁਸਤਕ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੌ ਸਾਲਾ ਵਰ੍ਹੇ ਵਿਚ, ਉਹਨਾਂ ਦੇ ਕੀਤੇ ਬਚਨਾਂ, ਉਹਨਾਂ ਦੀਆਂ ਕੀਤੀਆਂ ਬਖ਼ਸ਼ਸ਼ਾਂ ਅਤੇ ਉਹਨਾਂ ਦੇ ਦੱਸੇ ਰਾਹਾਂ ਉੱਤੇ ਚੱਲਣ ਦੀ ਪ੍ਰੇਰਨਾ ਦੇਣ ਲਈ ਉਹਨਾਂ ਸੰਬੰਧੀ ਸਾਹਿਤ ਪ੍ਰਕਾਸ਼ਨ ਦੀ ਲੜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਅਨੁਕੰਪਾ ਦੁਆਰਾ, ਸ਼ਤਾਬਦੀ ਕਮੇਟੀ ਵਲੋਂ ਚੱਲ ਰਹੀ ਹੈ।

ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ, 'ਵਡ ਪਰਤਾਪੁ ਅਚਰਜ ਰੂਪ' ਅਤੇ 'ਬਡ ਪਰਤਾਪੁ ਸੁਨਿਓ ਪ੍ਰਭੁ ਤੁਮਰੋ', ਪੁਸਤਕਾਂ ਪਹਿਲਾਂ ਹੀ ਪ੍ਰਕਾਸ਼ਿਤ ਕਰ ਚੁੱਕੀ ਹੈ। ਇਹਨਾਂ ਪੁਸਤਕਾਂ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮਕਾਲੀ ਲੇਖਕਾਂ, ਸ਼ਰਧਾਵਾਨ ਸਿੱਖਾਂ, ਸੂਝਵਾਨ ਇਤਿਹਾਸਕਾਰਾਂ ਤੇ ਗਿਆਨਵਾਨ ਵਿਦਵਾਨਾਂ ਦੇ ਲੇਖ ਇਕੱਤਰਤ ਕਰਕੇ, ਸੰਪਾਦਿਤ ਕਰਵਾ ਕੇ ਸਾਧ ਸੰਗਤ ਤੱਕ ਪਹੁੰਚਾਏ ਹਨ।

ਇਹ ਪੁਸਤਕ 'ਪਰਤਾਪ ਸਦਾ ਗੁਰ ਕਾ ਘਟਿ ਘਟਿ' ਉਸੇ ਪ੍ਰਕਾਸ਼ਨ ਲੜੀ ਦਾ ਅਗਲਾ ਪੜਾਅ ਹੈ। ਇਸ ਪੁਸਤਕ ਵਿਚ ਇਕ ਪਾਸੇ ਸਰਵ ਸ੍ਰੀ ਪ੍ਰੀਤਮ ਸਿੰਘ ਆਰਸੀ, ਡਾ. ਸਵਿੰਦਰ ਸਿੰਘ ਉੱਪਲ, ਪਿਆਰਾ ਸਿੰਘ ਸਹਿਰਾਈ, ਡਾ. ਸ੍ਰੀਮਤੀ ਸੁਰਜੀਤ ਕੌਰ ਜੌਲੀ ਅਤੇ ਦਵਿੰਦਰ ਸਿੰਘ ਗਿੱਲ ਵਰਗੇ ਉੱਘੇ ਹੰਢੇ-ਵਰਤੇ, ਸਤਿਗੁਰੂ ਜੀ ਦੀ ਸ਼ਖ਼ਸੀਅਤ ਤੋਂ ਵਾਕਫ਼, ਲੇਖਕਾਂ, ਪੱਤਰਕਾਰਾਂ ਤੇ ਇਤਿਹਾਸਕਾਰਾਂ ਨੇ ਆਪਣੇ ਲੇਖ ਪ੍ਰਕਾਸ਼ਿਤ ਕਰਵਾਉਣ ਲਈ ਭੇਜ ਕੇ ਖ਼ੁਸ਼ੀ ਪ੍ਰਾਪਤ ਕੀਤੀ ਹੈ। ਦੂਜੇ ਪਾਸੇ ਇਸ ਵਿਚ ਸਤਿਗੁਰੂ ਸੱਚੇ ਪਾਤਸ਼ਾਹ ਦੇ ਸਥਾਪਿਤ ਵਿਦਿਆਲੇ ਦੇ ਵਿਦਿਆਰਥੀ ਪੰਡਤ ਰਜਿੰਦਰ ਸਿੰਘ ਗੁਰੂਸਰ ਅਤੇ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੇ ਨਿਜੀ ਅਨੁਭਵ ਨਾਲ ਭਰੇ ਲੇਖ ਵੀ ਸ਼ਾਮਲ ਹਨ। ਇਸ ਵਿਚ ਪੰਥ ਰਤਨ ਮਾਸਟਰ ਨਿਹਾਲ ਸਿੰਘ ਤੇ ਸ੍ਰੀ ਆਤਮਾ ਸਿੰਘ ਸਨਖਤ੍ਰਵੀ ਨੇ ਧਰਮ ਧਵਜ ਸਤਿਗੁਰੂ ਜੀ ਦੀਆਂ ਬਖ਼ਸ਼ਸ਼ਾਂ ਨੂੰ ਸ਼ਬਦ ਚਿੱਤਰਾਂ ਵਿਚ ਪੇਸ਼ ਕੀਤਾ ਹੈ। ਡਾ. ਧਿਆਨ ਸਿੰਘ, ਸਾਬਕਾ ਜਨਰਲ ਸਕੱਤਰ ਨਾਮਧਾਰੀ ਦਰਬਾਰ ਦੇ ਆਪਣੇ ਅਨੁਭਵ ਵੀ ਇਸ ਪੁਸਤਕ ਦਾ ਹਿੱਸਾ ਬਣਾਏ ਗਏ ਹਨ। ਡਾ. ਅਮਰ ਭਾਰਤੀ ਨੇ ਆਪਣੀ ਸਸ਼ਕਤ ਕਲਮ ਨਾਲ ਸਤਿਗੁਰੂ ਜੀ ਦੀ ਕਲਪਨਾ ਦੇ ਮਨੁੱਖ ਦੀ ਗੱਲ ਕੀਤੀ ਹੈ। ਪ੍ਰਿੰਸੀਪਲ ਬੇਅੰਤ ਕੌਰ ਨੇ ਉਹਨਾਂ ਦੇ

ਸਮੇਂ ਦੇ ਹੋਲਿਆਂ ਨੂੰ ਇਤਿਹਾਸਕ ਪਰਪੇਖ ਵਿਚ ਪੇਸ਼ ਕੀਤਾ ਹੈ । ਪ੍ਰਿੰਸੀਪਲ ਅਜੀਤ ਸਿੰਘ ਚੀਮਾ ਤੇ ਸ੍ਰੀ ਨਿਰੰਜਨ ਸਿੰਘ ਜਯੋਤੀ ਜੀ ਨੇ ਵੀ ਸਤਿਗੁਰੂ ਜੀ ਦੇ ਜੀਵਨ ਦੇ ਕੁਝ ਪੱਖ ਉਜਾਗਰ ਕੀਤੇ ਹਨ । ਸ੍ਰੀ ਜਸਵਿੰਦਰ ਸਿੰਘ ਐਮ. ਏ. ਤੇ ਪ੍ਰੋ. ਤਾਰਾ ਸਿੰਘ ਅਨਜਾਣ (ਜਿਹੜੇ ਇਸ ਪੁਸਤਕ ਦੇ ਸੰਪਾਦਕ ਵੀ ਹਨ) ਨੇ ਵੀ ਆਪਣੇ ਲੇਖਾਂ ਰਾਹੀਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਦੇ ਕੁਝ ਮਹੱਤਵਪੂਰਨ ਫੈਸਲਿਆਂ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ ।

ਸਭ ਲੇਖਕਾਂ ਨੇ ਲਗਨ, ਮਿਹਨਤ ਅਤੇ ਸ਼ਰਧਾ ਨਾਲ ਆਪਣੀ-ਆਪਣੀ ਸ਼ੈਲੀ ਵਿਚ, ਇਹ ਵਾਰਤਕ ਰਚਨਾਵਾਂ ਕੀਤੀਆਂ ਹਨ ਜਿਨ੍ਹਾਂ ਵਿਚ ਇਕ ਪਾਸੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਕੌਤਕ ਸਾਡੇ ਸਾਹਮਣੇ ਆਉਂਦੇ ਹਨ ਦੂਜੇ ਪਾਸੇ ਲੇਖਕਾਂ ਦੀ ਵਾਰਤਕ ਸ਼ੈਲੀ ਵੀ ਰੂਪਮਾਨ ਹੁੰਦੀ ਹੈ ।

ਸ਼ਤਾਬਦੀ ਕਮੇਟੀ ਦਾ ਨਿਮਾਣਾ ਜਿਹਾ ਯਤਨ ਜਿਸ ਨੂੰ ਸਾਧ ਸੰਗਤ ਪ੍ਰਵਾਨ ਕਰਨ ਦੀ ਕਿਰਪਾ ਕਰੇਗੀ, ਤੁਹਾਡੇ ਸਾਮ੍ਹਣੇ ਪੇਸ਼ ਕਰਨ ਦੀ ਪ੍ਰਸੰਨਤਾ ਲੈ ਰਿਹਾ ਹਾਂ ।

ਬਸੰਤ ਪੰਚਮੀ 2047 ਬਿ.
21 ਜਨਵਰੀ 1991 ਈ.

—**ਹਰਵਿੰਦਰ ਸਿੰਘ ਹੰਸਪਾਲ** ਐਮ. ਪੀ.
ਪ੍ਰਧਾਨ
ਸਤਿਗੁਰੂ ਪਰਤਾਪ ਸਿੰਘ ਸ਼ਤਾਬਦੀ ਕਮੇਟੀ

ਤ ਤ ਕ ਰਾ

ਸਤਿਗੁਰੂ ਪਰਤਾਪ ਸਿੰਘ ਜੀ :
ਇਕ ਮਹਾਨ ਪ੍ਰਤਿਭਾ

—ਪ੍ਰੀਤਮ ਸਿੰਘ (ਆਰਸੀ)

ਕੌਮਾਂ ਦਾ ਆਤਮਕ, ਸਮਾਜਕ ਤੇ ਰਾਜਸੀ ਵਿਕਾਸ ਉਹਨਾਂ ਦੇ ਮਹਾਂਪੁਰਖਾਂ ਉਤੇ ਹੀ ਨਿਰਭਰ ਹੋਇਆ ਕਰਦਾ ਹੈ, ਅਤੇ ਅਜਿਹੇ ਮਹਾਂਪੁਰਖ ਇਤਿਹਾਸ ਵਿਚ ਵਿਰਲੇ ਹੀ ਹੋਏ ਹਨ। ਉਹ ਦੇਸ਼, ਕੌਮ ਤੇ ਲੋਕਾਂ ਦੇ ਜੀਵਨ ਨੂੰ ਸਦੀਆਂ ਹੀ ਨਹੀਂ, ਸਹੰਸਰ ਕਾਲ ਤੱਕ ਪ੍ਰਭਾਵਤ ਕਰੀ ਜਾਂਦੇ ਹਨ। ਉਹ ਲੋਕਾਂ ਲਈ ਚਾਨਣ ਮੁਨਾਰਾ ਹੁੰਦੇ ਹਨ ਅਤੇ ਪਥ-ਪ੍ਰਦਰਸ਼ਕ ਵੀ। ਮੈਂ ਆਪਣੇ ਦੇਸ ਦੇ ਹੀ ਨਹੀਂ ਸੰਸਾਰ ਦੇ ਇਤਿਹਾਸ ਉਤੇ ਝਾਤ ਪਾਉਂਦਾ ਹਾਂ ਤਾਂ ਮੈਨੂੰ ਮਹਾਤਮਾਂ ਬੁਧ, ਹਜ਼ਰਤ ਈਸਾ, ਭਗਵਾਨ ਰਾਮ ਤੇ ਕ੍ਰਿਸ਼ਨ ਅਤੇ ਗੁਰੂ ਨਾਨਕ ਤੇ ਦੂਜੇ ਗੁਰੂ ਸਾਹਿਬਾਨ ਦੇ ਦਰਸ਼ਨ ਹੁੰਦੇ ਹਨ। ਉਹ ਵਿਰਲੇ ਪਰਮ ਪੁਰਖਾਂ ਵਿਚੋਂ ਹਨ ਜੋ ਆਪਣੀ ਰੂਹਾਨੀ ਦੌਲਤ ਵੰਡਦੇ ਨਜ਼ਰ ਆਉਂਦੇ ਹਨ। ਗੁਰੂ ਨਾਨਕ ਦੇ ਜੀਵਨ ਦੇ ਅਸਰ ਹੇਠ ਹੀ ਡਾਕਟਰ ਮੁਹੰਮਦ ਇਕਬਾਲ ਨੇ ਇਹ ਲਵਜ਼ ਬੋਲੇ ਸਨ :

ਫਿਰ ਉਠੀ ਤੌਹੀਦ ਕੀ ਆਖ਼ਰ ਸਦਾ ਪੰਜਾਬ ਸੇ।
ਹਿੰਦ ਕੋ ਇਕ ਮਰਦਿ ਕਾਮਲ ਨੇ ਜਗਾਇਆ ਖ਼ਾਬ ਸੇ।

ਡਾਕਟਰ ਇਕਬਾਲ ਨੇ ਗੁਰੂ ਨਾਨਕ ਨੂੰ 'ਮਰਦਿ ਕਾਮਲ' ਦੱਸਿਆ ਹੈ। ਮਰਦਿ ਕਾਮਲ ਦੇ ਅਰਥ ਹਨ ਪਰਮ ਮਨੁੱਖ, ਅਰਥਾਤ ਪਰਮ ਪੁਰਖ। ਗੁਰੂ ਗੋਬਿੰਦ ਸਿੰਘ ਜੀ ਨੇ ਸਰਬ ਸ਼ਕਤੀਮਾਨ ਪਰਮਾਤਮਾਂ ਲਈ 'ਪਰਮ ਪੁਰਖ' ਸ਼ਬਦ ਵਰਤੇ ਹਨ :

''ਮੈ ਹੋ ਪਰਮ ਪੁਰਖ ਕੋ ਦਾਸਾ,
ਦੇਖਨ ਆਯੋ ਜਗਤ ਤਮਾਸਾ।''

ਪਰਮ ਮਨੁੱਖ ਹੀ ਕੌਮਾਂ ਦੀ ਹੋਣੀ ਢਾਲਦੇ ਹਨ, ਸੁਖੀ ਤੇ ਆਨੰਦਮਈ ਜੀਵਨ ਜਿਉਣ ਲਈ ਪੂਰਨੇ ਪਾਉਂਦੇ ਹਨ, ਅਤੇ ਸੱਚਾ ਮਾਰਗ ਉਲੀਕਦੇ ਹਨ। ਇਸੇ ਲਈ ਇਹਨਾਂ ਮਹਾਂਪੁਰਖਾਂ ਜਾਂ ਪਰਮ ਮਨੁੱਖਾਂ ਨੂੰ ਸੱਚਾ ਰਹਿਬਰ, ਸੱਚਾ ਗੁਰੂ ਅਰਥਾਤ

ਸਤਿਗੁਰੂ ਕਹਿ ਕੇ ਬੁਲਾਇਆ ਜਾਂਦਾ ਹੈ। ਮੈਂ ਨਾਮਧਾਰੀ ਸੰਸਥਾ ਦੇ ਬਾਨੀ ਸਤਿਗੁਰੂ ਰਾਮ ਸਿੰਘ ਨੂੰ ਅਜਿਹਾ ਹੀ ਇਕ ਸੱਚਾ ਗੁਰੂ ਜਾਣ ਕੇ ਸਤਿਕਾਰਦਾ ਰਿਹਾ ਹਾਂ ਤੇ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈਂਦਾ ਰਿਹਾ ਹਾਂ, ਅਤੇ ਫੇਰ ਉਹਨਾਂ ਵਲੋਂ ਵਿਚੇ ਗਏ ਕਾਰਜ ਦੀ ਪੂਰਤੀ ਕਰਨ ਵਾਲੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਉਨ੍ਹਾਂ ਦੇ ਸਰੂਪ ਵਿਚ ਹੀ ਇਕ ਸੱਚੇ ਰਹਿਬਰ ਵਜੋਂ ਮਨੁੱਖਤਾ ਲਈ ਪ੍ਰੇਰਨਾ-ਸਰੋਤ ਸਮਝਦਾ ਰਿਹਾ ਹਾਂ।

ਸਤਿਗੁਰੂ ਪਰਤਾਪ ਸਿੰਘ ਜੀ ਤੇ ਨਾਮਧਾਰੀਆਂ ਦੀ ਅਮਿਟ ਛਾਪ ਮੇਰੇ ਮਨ ਤੇ ਕਿਵੇਂ ਲੱਗੀ, ਸਿੱਖੀ ਮੂਲ ਰੂਪ ਵਿਚ ਕੀ ਹੈ, ਇਸਦਾ ਮਨ ਮੋਹ ਲੈਣ ਵਾਲਾ ਦ੍ਰਿਸ਼ ਕਦੋਂ ਵੇਖਿਆ, ਇਸ ਬਾਰੇ ਮੈਂ ਜ਼ਰੂਰ ਕੁਝ ਆਖਣਾ ਚਾਹਾਂਗਾ।

1928 ਈ. ਦੀ ਗੱਲ ਹੈ। ਮੈਂ ਨਨਕਾਣਾ ਸਾਹਿਬ ਆਪਣੀ ਵੱਡੀ ਭੈਣ ਨੂੰ ਮਿਲਣ ਗਿਆ ਹੋਇਆ ਸਾਂ। ਮੇਰੇ ਬਹਿਨੋਈ ਨਾਮਧਾਰੀ ਸਨ। ਇਹਨਾਂ ਹੀ ਦਿਨਾਂ ਵਿਚ ਨਨਕਾਣੇ ਸਾਹਿਬ ਨਾਮਧਾਰੀ ਸਮਾਗਮ ਹੋ ਰਿਹਾ ਸੀ। ਮੈਂ ਵੀ ਆਪਣੇ ਬਹਿਨੋਈ ਤੇ ਭੈਣ ਨਾਲ ਇਸ ਸਮਾਗਮ ਵਿਚ ਗਿਆ। ਨਾਮਧਾਰੀ ਪਹਿਰਾਵੇ ਤੇ ਕੀਰਤਨ ਨੇ ਮੈਨੂੰ ਆਤਮਾ ਦੀ ਗਹਿਰਾਈ ਤੱਕ ਛੋਹਿਆ, ਸੰਤ ਮੰਗਲ ਸਿੰਘ ਫਤੂਹੀਚਕੀਏ ਦੇ ਭਾਸ਼ਨ ਨੇ ਮੇਰੀਆਂ ਸੋਚਾਂ ਨੂੰ ਟੁੰਬਿਆ ਅਤੇ ਅੰਤ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੱਲਾਲੀ ਦਰਸ਼ਨਾਂ ਨੇ ਰੂਹਾਨੀ ਸਕੂਨ ਦੀ ਬਖ਼ਸ਼ਿਸ਼ ਕੀਤੀ। ਸਿੱਖ ਤਾਂ ਮੈਂ ਸਾਂ ਪਰ ਸਿੱਖੀ ਅਰਥਾਤ ਗੁਰਸਿੱਖੀ ਦੀ ਪਛਾਣ ਅੱਜ ਹੀ ਹੋਈ ਸੀ ਤੇ ਅੰਮ੍ਰਿਤ ਪ੍ਰਚਾਰ ਦੇ ਸਿਲਸਿਲੇ ਵਿਚ ਏਸੇ ਪਵਿੱਤਰ ਅਵਸਰ ਤੇ ਮੈਨੂੰ ਅੰਮ੍ਰਿਤ ਛੱਕਣ ਦਾ ਸੁਭਾਗ ਪ੍ਰਾਪਤ ਹੋਇਆ।

ਮੈਂ ਮਹਿਸੂਸ ਕਰਦਾ ਹਾਂ ਕਿ ਇਸ ਅੰਮ੍ਰਿਤ ਦੀ ਦਾਤ ਨੇ ਹੀ ਮੈਨੂੰ ਜ਼ਰੂਰ ਕੁਝ ਅਜਿਹਾ ਬਖ਼ਸ਼ਿਆ ਜੋ ਮੇਰੀ ਸ਼ਖਸ਼ੀਅਤ ਦਾ, ਮੇਰੇ ਸੁਭਾਓ ਦਾ ਸਦਾ ਸਦਾ ਲਈ ਅੰਗ ਬਣ ਗਿਆ। ਇਸੇ ਹੀ ਪ੍ਰਭਾਵ ਨੇ ਮੈਨੂੰ ਨਾਮਧਾਰੀ ਸੰਪ੍ਰਦਾਏ ਨਾਲ ਅੱਜ ਤੱਕ ਜੋੜ ਰਖਿਆ ਹੈ।

ਨਾਮਧਾਰੀਆਂ ਦੀ ਦੇਸ਼ਭਗਤੀ ਵਿਚ ਇਕ ਵਿਸ਼ੇਸ਼ ਤੱਤ ਸੀ ਜਿਸ ਨੇ ਮੈਨੂੰ ਇਸ ਸੰਸਥਾ ਵੱਲ ਖਿਚਿਆ ਹੈ ਤੇ ਮੈਂ 1929 ਈ. ਵਿਚ ਕਾਂਗਰਸ ਦੇ ਲਾਹੌਰ ਸਮਾਗਮ ਵਿਚ ਵੀ ਸ਼ਾਮਲ ਹੋਇਆ ਜਿਸ ਦੀ ਸਫ਼ਲਤਾ ਦਾ ਸਿਹਰਾ ਸਤਿਗੁਰੂ ਪਰਤਾਪ ਸਿੰਘ ਜੀ ਵਲੋਂ ਮਿਲੀ ਮਿਲਵਰਤਨ ਦੇ ਸਿਰ ਹੀ ਬੱਝਦਾ ਹੈ।

ਫੇਰ, ਦਸ ਬਾਰ੍ਹਾਂ ਸਾਲ ਪਿਛੋਂ ਪਿੰਡ ਚੁਗਾਵਾਂ, ਜਿਲਾ ਅੰਮ੍ਰਿਤਸਰ ਵਿਖੇ ਨਾਮਧਾਰੀ ਹੋਲੇ ਵਿਚ ਸ਼ਾਮਲ ਹੋਣ ਦਾ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜਿਥੇ ਸਰਦਾਰ ਗੁਰਬਖਸ਼ ਸਿੰਘ, ਪਿਆਰਾ ਸਿੰਘ ਸਹਿਰਾਈ ਤੇ ਪ੍ਰੀਤ ਨਗਰ ਦੇ ਕਈ ਹੋਰ ਵਾਸੀ ਵੀ ਗਏ ਹੋਏ ਸਨ। ਚੁਗਾਵਾਂ ਪ੍ਰੀਤ ਨਗਰ ਦਾ ਗੁਆਂਢੀ ਪਿੰਡ ਹੈ।

ਮੇਰੀਆਂ ਨਜ਼ਰਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਤੇ ਸਤਿਗੁਰੂ ਪਰਤਾਪ ਸਿੰਘ

ਜੀ 'ਏਕ ਜੋਤ ਦੋਏ ਮੂਰਤੀ' ਸਨ। ਉਹੋ ਆਦਰਸ਼, ਉਹੋ ਮਨੋਰਥ, ਉਹੀ ਉੱਚੀਆਂ ਸੁਚੀਆਂ ਕਦਰਾਂ ਕੀਮਤਾਂ, ਦੇਸ਼ ਦੀ ਆਜ਼ਾਦੀ ਲਈ ਉਹੋ ਤੜਪ ਉਹੋ ਸਾਮਰਾਜ ਵਿਰੋਧਤਾ, ਉਹੋ ਨਿਰਭੈਤਾ, ਕਮਾਲ ਮੰਜ਼ਲ ਦੀ ਪ੍ਰਾਪਤੀ ਲਈ ਉਹੋ ਲਗਨ, ਉਹੋ ਸਾਬਤ ਕਦਮੀ ਤੇ ਉਹੋ ਉੱਚ ਪੱਧਰੀ ਮਰਿਆਦਾ। ਸਤਿਗੁਰੂ ਪਰਤਾਪ ਸਿੰਘ ਜੀ ਦਾ ਜੀਵਨ ਤਾਂ ਇਹਨਾਂ ਪੱਖਾਂ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਾ ਹੀ ਵਿਸਥਾਰ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਕਮਾਲ ਮੰਜ਼ਲ ਦੀਆਂ ਪੌੜੀਆਂ ਚੜ੍ਹਨ ਦੇ ਸਮਰੱਥ ਬਣਾਇਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਇਸੇ ਮਨੋਰਥ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ। ਇਸੇ ਲਈ, ਕਾਰਜ ਪੂਰਤੀ ਦੇ ਦ੍ਰਿਸ਼ਟੀ ਤੋਂ ਵੀ ਦੋਹਾਂ ਦੇ ਜੀਵਨ ਦਾ ਅਧਿਅਨ ਨਿਖੇੜ ਕੇ ਨਹੀਂ ਕੀਤਾ ਜਾ ਸਕਦਾ। ਇਸੇ ਲਈ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਵਤਾਰ ਸ਼ਤਾਬਦੀ ਮਨਾਏ ਜਾਣ ਦੇ ਸਿਲਸਿਲੇ ਵਿਚ ਆਪ ਜੀ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆਂ, ਆਪਣੀ ਗੱਲ ਪੂਰਨ ਰੂਪ ਵਿਚ ਆਖਣ ਲਈ ਮੈਂ ਇਸਦਾ ਮੁਢ ਉਸ ਕਾਰਜ ਤੋਂ, ਉਸ ਮਨੋਰਥ ਤੋਂ, ਉਸ ਮੰਜ਼ਲ ਤੋਂ ਹੀ ਬੰਨਣਾ ਚਾਹਾਂਗਾ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਲੋਕਾਂ ਸਾਹਮਣੇ ਰਖੇ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਵੀ ਤੇ ਉਸ ਤੋਂ ਤੁਰੰਤ ਬਾਅਦ ਵੀ ਸਿੱਖ ਆਚਰਣ ਵਿਚ ਆਈ ਗਿਰਾਵਟ ਨੂੰ ਡੂੰਘੀ ਤਰ੍ਹਾਂ ਵੇਖਿਆ ਸੀ। ਸਿੱਖ ਰਾਜ ਦਾ ਪਤਨ ਅਸਲ ਵਿਚ ਸਿੱਖੀ ਕਿਰਦਾਰਾਂ ਦੇ ਅਲੋਪ ਹੋ ਜਾਣ ਦਾ ਹੀ ਨਤੀਜਾ ਸੀ, ਕਿਰਦਾਰ ਜੋ ਸਿੱਖ ਸੰਪ੍ਰਦਾਇ ਨੂੰ ਗੁਰੂ ਸਾਹਿਬਾਨ ਨੇ ਬਖਸ਼ਿਆ ਸੀ। ਸਿੱਖ ਦੇ ਕਿਰਦਾਰ, ਸਿੱਖ ਦੇ ਆਚਰਣ ਵਿਚ ਆਈ ਗਿਰਾਵਟ ਹੀ ਅੰਗਰੇਜ਼ ਦੀ ਜਿੱਤ ਅਤੇ ਪੰਜਾਬੀਆਂ ਦੀ ਗ਼ੁਲਾਮੀ ਦਾ ਕਾਰਨ ਬਣੀ।

ਸਤਿਗੁਰੂ ਰਾਮ ਸਿੰਘ ਜੀ ਆਪਣੇ ਲੋਕਾਂ, ਆਪਣੇ ਦੇਸ਼ ਨੂੰ ਅੰਗਰੇਜ਼ ਦੀ ਗ਼ੁਲਾਮੀ ਵਿਚੋਂ ਕਢਣਾ ਤੇ ਦੇਸ਼ ਨੂੰ ਆਜ਼ਾਦ ਕਰਵਾਉਣਾ ਲੋਚਦੇ ਸਨ ਕਿਉਂ ਜੁ ਉਹ ਜਾਣਦੇ ਸਨ ਕਿ ਗ਼ੁਲਾਮੀ ਨਾਲੋਂ ਵੱਡੀ ਲਾਹਨਤ ਹੋਰ ਕੋਈ ਨਹੀਂ ਹੁੰਦੀ। ਗ਼ੁਲਾਮੀ ਦਾ ਜੀਵਨ ਬਿਤਾਉਣ ਵਾਲੀ ਕੌਮ ਆਤਮਕ ਤੌਰ ਤੇ ਵਿਕਾਸ ਕਰ ਹੀ ਨਹੀਂ ਸਕਦੀ, ਅਤੇ ਨਿੱਘਰਦੀ ਚਲੀ ਜਾਂਦੀ ਹੈ, ਕਿਉਂਜੁ ਗ਼ੁਲਾਮੀ ਦੇ ਮਾਹੌਲ ਵਿਚ ਮਨਫ਼ੀ ਕਦਰਾਂ ਹੀ ਵਧੇਰੇ ਫੈਲਦੀਆਂ ਫੁਲਦੀਆਂ ਹਨ ਅਤੇ ਹਾਂ-ਪੱਖੀ, ਆਤਮਕ ਕਦਰਾਂ ਦੀ ਪ੍ਰਫੁਲਤਾ ਰੁਕ ਜਾਂਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਤੇ ਪੰਜਾਬੀਆਂ ਵਿਚ ਨਵੀਂ ਰੂਹ ਫੂਕਣ ਲਈ ਡੂੰਘਾ ਅਧਿਅਨ ਕੀਤਾ ਅਤੇ ਇਹੋ ਸਿੱਟਾ ਕਢਿਆ ਕਿ ਜਦ ਤੱਕ ਸਿੱਖੀ ਕਿਰਦਾਰਾਂ ਨੂੰ ਮੁੜ ਉੱਚਾ ਸੁੱਚਾ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਆਜ਼ਾਦੀ ਦੀ ਲੜਾਈ ਸਫਲਤਾ ਪੂਰਵਕ ਲੜੀ ਨਹੀਂ ਜਾ ਸਕਦੀ। ਇਸੇ ਲਈ ਉਹਨਾਂ ਨੇ ਸਿੱਖੀ ਕਿਰਦਾਰਾਂ ਦੀ ਸਿਰਜਣਾ ਨੂੰ ਆਪਣਾ ਅਰੰਭਕ ਲਖਸ਼ ਥਾਪਿਆ। ਇਸ ਤੋਂ ਅੱਗੋਂ ਜੋ ਕੁਝ ਵਾਪਰਿਆ ਉਹ ਇਤਿਹਾਸ ਦਾ ਇਕ ਮਹੱਤਵਪੂਰਨ ਵਰਕਾ ਹੈ। ਉਹਨਾਂ ਦੇ ਜੀਵਨ ਤੋਂ ਨਾਮਧਾਰੀ ਹੀ ਨਹੀਂ, ਪੂਰਾ ਸਿੱਖ ਭਾਈਚਾਰਾ ਵੀ ਜਾਣੂ ਹੈ। ਸਤਿਗੁਰੂ ਰਾਮ

ਸਿੰਘ ਜੀ ਉੱਚਾ ਸੁੱਚਾ ਸਿੱਖੀ ਕਿਰਦਾਰ ਸਿਰਜ ਸਕੇ ਅਤੇ ਸਿੱਖਾਂ ਵਿਚ ਨਵੀਂ ਰੂਹ ਫੂਕ ਸਕੇ । ਅੰਗਰੇਜ਼ ਸਰਕਾਰ ਦੇ ਕਥਨ ਅਨੁਸਾਰ ਉਸ ਵੇਲੇ ਅੰਮ੍ਰਿਤਧਾਰੀ ਸਿੱਖਾਂ ਵਿਚੋਂ 90 ਫ਼ੀ ਸਦੀ ਨਾਮਧਾਰੀ ਸਿੱਖ ਸਨ । ਇਸੇ ਸਿਲਸਿਲੇ ਵਿਚ ਮੈਂ ਪਾਠਕਾਂ ਨੂੰ ਇਹ ਦਸਣਾ ਵੀ ਜ਼ਰੂਰੀ ਸਮਝਦਾ ਹਾਂ ਕਿ ਇਹ ਸਤਿਗੁਰੂ ਰਾਮ ਸਿੰਘ ਜੀ ਹੀ ਸਨ ਜਿਨ੍ਹਾਂ ਨੇ ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾਉਣ ਦੀ ਰੀਤ ਚਲਾਈ, ਕਿਉਂ ਜੁ ਉਹਨਾਂ ਵੇਖ ਜਾਣ ਲਿਆ ਸੀ ਕਿ ਉਹ ਸਮਾਂ ਆ ਗਿਆ ਹੈ ਜਦੋਂ ਸਿੱਖੀ ਕਿਰਦਾਰਾਂ ਦੀ ਸਿਰਜਣਾ ਵਿਚ ਅਤੇ ਦੇਸ਼ ਦੀ ਆਜ਼ਾਦੀ ਹਾਸਲ ਕਰਨ ਵਿਚ ਇਸਤ੍ਰੀਆਂ ਨੂੰ ਆਪਣਾ ਰੋਲ ਵਧੇਰੇ ਕ੍ਰਿਆਸ਼ੀਲ ਤੌਰ ਤੇ ਅਦਾ ਕਰਨਾ ਹੋਵੇਗਾ । ਇਸੇ ਪ੍ਰਸੰਗ ਵਿਚ ਮੈਂ ਡਾਕਟਰ ਇਕਬਾਲ ਦੇ ਹੀ ਸ਼ਬਦਾਂ ਵਿਚ ਆਖਾਂਗਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸਰੂਪ ਵਿਚ ਹਿੰਦ ਨੂੰ ਇਕ 'ਮਰਦਿ ਕਾਮਲ' ਨੇ ਮੁੜ ਜਗਾਇਆ ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਿੱਖ ਕਿਰਦਾਰ ਨੂੰ ਸਾਣ ਚੜ੍ਹਾਉਣ ਦਾ ਕੰਮ ਜਾਰੀ ਰਖਿਆ । ਆਪ ਜੀ ਵੀ ਸਤਿਗੁਰੂ ਰਾਮ ਸਿੰਘ ਜੀ ਵਾਂਗ ਦੇਸ਼ ਦੀ ਆਜ਼ਾਦੀ ਲੋਚਦੇ ਸਨ ਅਤੇ ਸੁਤੰਤਰਤਾ ਸੰਗਰਾਮ ਵਿਚ ਸਰਗਰਮ ਹਿੱਸਾ ਪਾਉਣ ਦੇ ਹਿੱਤ ਵਿਚ ਨਾਮਧਾਰੀ ਸੰਪ੍ਰਦਾਇ ਨੂੰ ਮਜ਼ਬੂਤ ਬਣਾਉਣ ਅਤੇ ਨਾਮਧਾਰੀਆਂ ਨੂੰ ਕਰੜੀ ਮਰਿਆਦਾ ਵਿਚ ਰਹਿੰਦਿਆਂ ਉੱਚੇ ਆਚਰਣ ਦੇ ਧਾਰਨੀ ਬਣਾਉਣ ਦਾ ਜਤਨ ਕਰਦੇ ਰਹੇ । ਨਾਮਧਾਰੀ ਇਤਿਹਾਸ ਤੋਂ ਆਪ ਨੇ ਇਹ ਵੀ ਜਾਣ ਲਿਆ ਸੀ ਕਿ ਕਿਵੇਂ ਕੁਝ ਸਿਦਕੀ ਨਾਮਧਾਰੀਆਂ ਨੇ ਜਲਦਬਾਜ਼ੀ ਕੀਤੀ ਤੇ ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਲਈ ਲੜੇ ਜਾਂਦੇ ਸੰਗਰਾਮ ਨੂੰ ਹਾਨੀ ਪਹੁੰਚੀ ਸੀ । ਆਪ ਨੇ ਇਸੇ ਲਈ ਸ਼ਾਂਤੀਪੂਰਨ ਢੰਗ ਨਾਲ ਹੀ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲੈਣ ਦਾ ਤਰੀਕਾ ਨਾਮਧਾਰੀਆਂ ਸਾਹਮਣੇ ਸਪੱਸ਼ਟ ਕੀਤਾ ਅਤੇ ਗਾਂਧੀ ਜੀ ਵੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਪਾਏ ਗਏ ਪੂਰਨਿਆਂ ਉਤੇ ਤੁਰਦਿਆਂ ਹੀ ਦੇਸ਼ ਦੀ ਆਜ਼ਾਦੀ ਲਈ ਜੂਝਣ ਲੱਗੇ । ਨਾਮਧਾਰੀ ਸੰਪ੍ਰਦਾਇ ਨੇ ਹਰ ਪੜਾਉ ਉਤੇ ਸੁਤੰਤਰਤਾ ਘੋਲ ਦਾ ਅੰਗ ਪਾਲਿਆ । ਇਸ ਸਿਲਸਿਲੇ ਵਿਚ ਮੈਂ 1929 ਈ. ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਲਾਨਾ ਸਮਾਗਮ ਦਾ ਜ਼ਿਕਰ ਕਰਨਾ ਚਾਹਾਂਗਾ ਜਦੋਂ ਪੰਡਤ ਜਵਾਹਰ ਲਾਲ ਨਹਿਰੂ ਨੇ ਮੁਕੰਮਲ ਆਜ਼ਾਦੀ ਦਾ ਮਤਾ ਪੇਸ਼ ਕੀਤਾ ਤੇ ਪਾਸ ਕਰਵਾਇਆ ਸੀ । ਸਤਿਗੁਰੂ ਪਰਤਾਪ ਸਿੰਘ ਜੀ ਦੀ ਪ੍ਰੇਰਨਾ ਹੇਠ ਨਾਮਧਾਰੀਆਂ ਨੇ ਕਾਂਗਰਸ ਦੇ ਸੰਮੇਲਨ ਅਤੇ ਜਲੂਸ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਸੀ । ਹਜ਼ਾਰਾਂ ਨਾਮਧਾਰੀ ਇਸ ਵਿਚ ਸ਼ਾਮਲ ਸਨ । ਚਿੱਟੇ ਬਸਤਰ, ਖੁਲ੍ਹੇ ਦਾਹੜੇ, ਸਿੱਧੇ ਦਸਤਾਰੇ, ਇਕ ਵਿਲੱਖਣ ਦ੍ਰਿਸ਼ ਸੀ ਇਹ । ਜਿਨ੍ਹਾਂ ਵੇਖਿਆ, ਉਹ ਇਸਨੂੰ ਕਦੇ ਵੀ ਭੁਲ ਨਹੀਂ ਸਕਣਗੇ । ਇਕ ਅਭੁਲ ਝਾਤੀ । ਕਾਂਗਰਸ ਵਲੋਂ ਲੜੇ ਜਾ ਰਹੇ ਸੁਤੰਤਰਤਾ ਸੰਗਰਾਮ ਨੂੰ ਇਕ ਰੂਹਾਨੀ ਸ਼ਕਤੀ ਵਾਂਗ ਬਖਸ਼ਸ ਹੋਦੀ ਮਹਿਸੂਸ ਹੁੰਦੀ ਸੀ । ਨਾਮਧਾਰੀਆਂ ਦਾ ਆਤਮਕ ਪ੍ਰਭਾਵ ਪ੍ਰਤੱਖ ਸੀ ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਮੁਚੀ ਸਿੱਖ ਸੰਪ੍ਰਦਾਇ ਨੂੰ ਇਕ ਜੁਟ ਕਰਨ ਦੇ ਵੀ ਕਈ ਉਪਰਾਲੇ ਕੀਤੇ । ਉਹ ਜਾਣਦੇ ਸਨ ਕਿ ਏਕਤਾ ਹੀ ਕੌਮਾਂ ਦੀ ਜਿੰਦ

ਜਾਨ ਹੁੰਦੀ ਹੈ ਅਤੇ ਦੇਸ਼ ਦੀ ਆਜ਼ਾਦੀ ਲਈ ਜਿਥੇ ਹਿੰਦੂ-ਸਿੱਖ-ਮੁਸਲਿਮ ਏਕਤਾ ਜ਼ਰੂਰੀ ਹੈ, ਉਥੇ ਇਸ ਏਕਤਾ ਦੇ ਅੰਦਰ ਅੰਦਰ ਸਿੱਖ ਏਕਤਾ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ ਕਿਉਂਕਿ ਪੰਜਾਬ ਵਿਚ ਤਾਂ ਖਾਸ ਕਰਕੇ ਸਿੱਖਾਂ ਨੇ ਇਹ ਰੋਲ ਅਦਾ ਕਰਨਾ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਇਹਨਾਂ ਜਤਨਾਂ ਦੇ ਪ੍ਰਸੰਗ ਵਿਚ ਹੀ ਮੈਨੂੰ ਸਾਡੇ ਪ੍ਰਮੁੱਖ ਕਵੀ ਮੋਹਨ ਸਿੰਘ ਮਾਹਿਰ ਦੀ ਕਵਿਤਾ "ਸਿੱਖੀ" ਦੀ ਯਾਦ ਆਉਂਦੀ ਹੈ, ਜਿਸ ਵਿਚ ਉਹ ਸਿੱਖੀ ਨੂੰ ਇਕ ਬੂਟੇ ਦੇ ਰੂਪ ਵਿਚ ਪੇਸ਼ ਕਰਦੇ ਹੋਏ ਕਹਿੰਦੇ ਹਨ :

ਕੀ ਹੋਇਆ ਜੇ ?
ਅੱਜ ਸ਼ਾਖਾਂ ਏਸ ਦੀਆਂ
ਅੱਜ ਲਗਰਾਂ ਏਸ ਦੀਆਂ
ਆਪੋ ਵਿਚ ਪਾਟ ਗਈਆਂ
ਆਪੋ ਵਿਚ ਤਿੜਕ ਪਈਆਂ
ਕੋਈ ਪੂਰਬ ਚਲੀ ਗਈ
ਕੋਈ ਪੱਛਮ ਚਲੀ ਗਈ
ਕੋਈ ਪਿੰਡੀ ਮੱਲ ਬੈਠੀ
ਕੋਈ ਭੈਣੀ ਮੱਲ ਬੈਠੀ
ਪਰ ਮੁੱਢ ਤਾਂ ਇੱਕੋ ਏ
ਪਰ ਖ਼ੂਨ ਤਾਂ ਸਾਂਝਾ ਏ।

ਸਤਿਗੁਰੂ ਪਰਤਾਪ ਸਿੰਘ ਜੀ ਇਸ ਮੁੱਢ ਨੂੰ, ਇਸੇ ਸਾਂਝ ਨੂੰ ਨਿਰੂਪਦਿਆਂ ਸੱਚੇ ਮਹਾਂਪੁਰਖਾਂ ਵਾਂਗ ਫ਼ਰਾਖ਼ਦਿਲ, ਰਵਾਦਾਰ ਅਤੇ ਸਹਿਨਸ਼ੀਲ ਸਨ। ਉਹ ਹਰ ਪ੍ਰਕਾਰ ਦੀ ਸੰਕੀਰਨਤਾ ਤੋਂ ਉਪਰ ਉਠਦਿਆਂ, ਹਰ ਉਸ ਆਦਮੀ ਤੇ ਸੰਸਥਾ ਦੀ ਕਦਰ ਕਰਦੇ ਸਨ ਜਿਸ ਵਲੋਂ ਮਨੁੱਖਜਾਤੀ ਦੇ ਕਲਿਆਣ ਲਈ, ਮਨੁੱਖ ਦੇ ਭਲੇ ਲਈ ਠੋਸ ਰੂਪ ਵਿਚ ਕੁਝ ਕੀਤਾ ਜਾ ਰਿਹਾ ਹੋਵੇ। ਉਹ ਤਾਂ ਸੱਚ ਮੁਚ ਹੀ ਮੂਲ ਮਨੁੱਖੀ ਕਦਰਾਂ ਦੇ ਧਾਰਣੀ ਸਨ, ਤੇ ਇਸੇ ਲਈ ਉਹ ਤਾਂ ਕਮਿਊਨਿਸਟਾਂ ਤੱਕ ਦੇ ਅਮਲਾਂ ਨੂੰ ਸਲਾਹੁੰਦੇ ਸਨ ਜਿਨ੍ਹਾਂ ਨੂੰ ਉਹ "ਭਾਈ ਲਾਲੋਆਂ ਦੇ ਸੰਗੀ ਸਾਥੀ" ਸਮਝਦੇ ਸਨ। ਸਤਿਗੁਰੂ ਜੀ ਹਿੰਸਾ ਨੂੰ ਇਕ ਰੋਗ ਸਮਝਦੇ ਸਨ ਅਤੇ ਅਹਿੰਸਾ ਦੇ ਪ੍ਰੇਮੀ ਸਨ। ਉਹ ਦੁਨੀਆਂ ਵਿਚ ਅਮਨ ਤੇ ਸ਼ਾਂਤੀ ਕਾਇਮ ਹੋਈ ਵੇਖਣ ਦੇ ਚਾਹਵਾਨ ਸਨ। ਇਸੇ ਲਈ ਉਹ ਰੂਸ ਵਲੋਂ ਦੁਨੀਆਂ ਭਰ ਵਿਚ ਚਲਾਈ ਜਾ ਰਹੀ ਅਮਨ ਮੁਹਿੰਮ ਦੇ ਸਮਰਥਕ ਰਹੇ।

ਇਸੇ ਸੰਦਰਭ ਵਿਚ ਮੈਂ ਸਰਦਾਰ ਗੁਰਬਖ਼ਸ਼ ਸਿੰਘ ਜੀ ਪ੍ਰੀਤਲੜੀ ਨਾਲ ਉਨ੍ਹਾਂ ਦੇ ਸਨੇਹ ਦਾ ਜ਼ਿਕਰ ਕਰਨਾ ਵੀ ਅਯੋਗ ਨਹੀਂ ਸਮਝਾਂਗਾ। ਆਪ ਜੀ ਦਾ ਸਰਦਾਰ ਗੁਰਬਖ਼ਸ਼ ਸਿੰਘ ਨਾਲ ਪ੍ਰੇਮ ਇਸੇ ਰਵਾਦਾਰੀ ਦਾ ਪ੍ਰਤੀਕ ਸੀ। ਸਰਦਾਰ ਜੀ ਨਾਲ

ਕਈ ਪੱਖੋਂ ਮਤਭੇਦ ਹੁੰਦਿਆਂ ਹੋਇਆਂ ਵੀ ਆਪ ਸਰਦਾਰ ਗੁਰਬਖ਼ਸ਼ ਸਿੰਘ ਦੀਆਂ ਮੂਲ ਕਦਰਾਂ ਦੇ ਕਦਰਦਾਨ ਸਨ, ਕਿਉਂ ਜੁ ਇਹ ਕਦਰਾਂ ਹੀ ਅਸਲ ਵਿਚ ਹਰ ਧਰਮ ਦਾ ਮੂਲ ਆਧਾਰ ਹੁੰਦੀਆਂ ਹਨ। ਮਨੁੱਖ ਮਾਤਰ ਲਈ ਪ੍ਰੇਮ, ਲੋਕ-ਜੀਵਨ ਨੂੰ ਚੰਗੇਰਾ ਸੁਹਣੇਰਾ ਬਣਾਉਣ ਦੀ ਸੱਧਰ, ਅਤੇ ਕਮਾਲ ਮੰਜ਼ਲ ਦੀਆਂ ਪੌੜੀਆਂ ਚੜ੍ਹਨ ਲਈ ਮਨੁੱਖ ਨੂੰ ਪ੍ਰੇਰਨਾ, ਇਕ ਚੰਗਾ, ਖਰਾ ਤੇ ਸੁਹਿਰਦ ਮਨੁੱਖੀ ਭਾਈਚਾਰਾ ਸਿਰਜਣਾ ਹੀ ਮਹਾਂ-ਪੁਰਖਾਂ ਦਾ ਉੱਤਮ ਮਨੋਰਥ ਹੁੰਦਾ ਹੈ ਅਤੇ ਸਰਦਾਰ ਗੁਰਬਖ਼ਸ਼ ਸਿੰਘ ਜੀ ਇਸੇ ਮੰਜ਼ਲ ਦੇ ਰਾਹੀ ਹੋਣ ਕਾਰਨ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਲ ਡੂੰਘਾ ਸਨੇਹ ਰੱਖਦੇ ਸਨ ਤੇ ਸਤਿਗੁਰੂ ਪਰਤਾਪ ਸਿੰਘ ਜੀ ਵੀ ਉਹਨਾਂ ਦੀ ਕਦਰ ਕਰਦੇ ਸਨ। ਇਕ ਵਾਰ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਪ੍ਰੀਤ ਨਗਰ ਦੀ "ਨਾਸਤਕ" ਭੂਮੀ ਨੂੰ ਨਿਵਾਜਣ ਲਈ ਵੀ ਆਏ ਸਨ। ਉਹਨੀ ਦਿਨੀਂ ਨਾਮਧਾਰੀ ਵਿਦਵਾਨ ਸੰਤ ਇੰਦਰ ਸਿੰਘ ਚਕਰਵਰਤੀ ਪੱਕੇ ਤੌਰ ਤੇ ਪ੍ਰੀਤ ਨਗਰ ਰਹਿ ਰਹੇ ਸਨ। ਲੋਕ ਭਲਾਈ ਲਈ ਸਰਦਾਰ ਸਾਹਿਬ ਵਲੋਂ ਕੀਤੇ ਜਾਂਦੇ ਜਤਨਾਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਲਾਹਿਆ ਸੀ। ਇਸ ਮੌਕੇ ਤੇ ਅਸਾਂ ਸਭਨਾਂ ਆਪ ਜੀ ਦੇ ਦੀਦਾਰ ਕੀਤੇ। ਇਹ ਵੀ ਇਕ ਅਭੁਲ ਯਾਦ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਕਲਾ ਰਸਿਕਤਾ ਦੇ ਪ੍ਰਮਾਣ ਵਜੋਂ ਵੀ ਮੈਂ ਦੋ ਸ਼ਬਦ ਕਹਿਣਾ ਚਾਹਾਂਗਾ। ਉੱਤਮ ਕਲਾ ਜੀਵਨ ਨੂੰ ਸੂਖਮ ਬਣਾਉਣ, ਉੱਚੀਆਂ ਸੁਚੀਆਂ ਮਨੋਬਿਰਤੀਆਂ ਉਪਜਾਣ ਵਿਚ ਸਹਾਈ ਹੁੰਦੀ ਹੈ। ਇਸੇ ਸੋਚ ਨੂੰ ਮੁੱਖ ਰੱਖਦਿਆਂ ਆਪ ਨੇ ਸ਼ਾਸਤ੍ਰੀ ਸੰਗੀਤ ਨੂੰ ਜੀਵਨ ਵਿਚ ਮੁੱਖ ਸਥਾਨ ਦਿੱਤਾ। ਆਪ ਸ਼ਾਸਤ੍ਰੀ ਸੰਗੀਤ ਦੇ ਦਰਬਾਰ ਲਾਉਂਦੇ ਜਿਨ੍ਹਾਂ ਵਿਚ ਪ੍ਰਮੁੱਖ ਸੰਗੀਤਕਾਰਾਂ ਨੂੰ ਸੱਦਿਆ ਜਾਂਦਾ ਜਿਹੜੇ ਇਸ ਅਵਸਰ ਤੇ ਆਪਣੇ ਕਲਾ ਕਮਾਲ ਦਾ ਪ੍ਰਦਰਸ਼ਨ ਕਰਦੇ। ਮੈਨੂੰ ਵੀ ਅਜਿਹੇ ਮੌਕਿਆਂ ਤੇ ਸਰੋਤੇ ਵਜੋਂ ਹਾਜ਼ਰ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਦੇਸ਼ ਦੀ ਉੱਨਤੀ ਵਿਚ ਪਸ਼ੂ ਧਨ ਦੀ ਮਹੱਤਤਾ ਨੂੰ ਆਪ ਉਚੇਚੇ ਤੌਰ ਤੇ ਪਛਾਣਦੇ ਸਨ। ਇਸੇ ਲਈ ਵਧੀਆ ਨਸਲ ਦੇ ਘੋੜੇ ਤੇ ਵਧੀਆ ਨਸਲ ਦੀਆਂ ਗਊਆਂ ਤੇ ਲਵੇਰੇ ਪਾਲਣ ਵੱਲ ਖਾਸ ਧਿਆਨ ਦਿੰਦੇ ਸਨ। ਚੰਗੇ ਸੁਹਣੇ ਲਵੇਰੇ, ਉੱਤਮ ਨਸਲ ਦੇ ਪਸ਼ੂ ਜ਼ਿੰਦਗੀ ਦੀ ਖ਼ੂਬਸੂਰਤ ਝਾਕੀ ਹੁੰਦੇ ਹਨ ਅਤੇ ਸੌਂਦ੍ਰਯ-ਪਛਾਣ ਅਸਲ ਵਿਚ ਆਤਮਕ ਪਛਾਣ ਦਾ ਹੀ ਇਕ ਅੰਗ ਹੁੰਦੀ ਹੈ। ਚੰਗੇ ਪਸ਼ੂਆਂ ਦਾ ਦ੍ਰਿਸ਼, ਪਾਲਣ ਵਾਲੇ ਨੂੰ ਚੰਗੇਰਾ ਮਨੁੱਖ ਬਣਨ ਵਿਚ ਅਵੱਸ਼ ਹੀ ਸਹਾਈ ਹੁੰਦਾ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿੱਤਰ ਜੀਵਨ ਦੇ ਹੋਰ ਅਨੇਕਾਂ ਪੱਖ ਹਨ ਜਿਨ੍ਹਾਂ ਨੂੰ ਵਿਚਾਰਦਿਆਂ ਅਸੀਂ ਲੋੜੀਂਦੀ ਸਿੱਖਿਆ ਲੈ ਸਕਦੇ ਹਾਂ। ਆਪ ਜੀ ਦੀ ਅਵਤਾਰ ਸ਼ਤਾਬਦੀ ਦੇ ਸਿਲਸਿਲੇ ਵਿਚ ਆਪਣੇ ਵਿਚਾਰ ਪ੍ਰਗਟਾਉਂਦਿਆਂ ਮੈਂ ਅੰਤ ਵਿਚ ਕੇਵਲ ਇਹੋ ਆਖਣਾ ਚਾਹਾਂਗਾ ਕਿ ਜਿਨ੍ਹਾਂ ਉੱਚੀਆਂ ਸੁਚੀਆਂ ਮਨੁੱਖੀ ਕਦਰਾਂ ਦੀਆਂ ਜੜ੍ਹਾਂ ਸਾਡੇ ਪ੍ਰਾਚੀਨ ਗ੍ਰੰਥਾਂ, ਵੇਦਾਂ ਵਿਚ ਲੱਗੀਆਂ ਹੋਈਆਂ ਹਨ, ਜਿਨ੍ਹਾਂ ਦੀ ਰਚਨਾ ਸਾਡੀ ਧਰਤੀ, ਪੰਜਾਬ ਦੀ ਜ਼ਮੀਨ ਵਿਚ ਹੋਈ, ਤੇ ਫੇਰ ਇਸ ਇਨਸਾਨੀ ਬੂਟੇ

ਨੂੰ ਮਹਾਤਮਾਂ ਬੁਧ ਨੇ "ਸਤਿਅਮ-ਸ਼ਿਵਮ-ਸੁੰਦਰਮ" ਦੇ ਜਲ ਨਾਲ ਸਿੰਜਿਆ ਤੇ ਪ੍ਰਫੁਲਤ ਕੀਤਾ, ਏਸੇ ਹੀ ਬੂਟੇ ਦੀ ਪਰਵਰਸ਼ ਸਤਿਗੁਰੂ ਪਰਤਾਪ ਸਿੰਘ ਜੀ ਨੇ ਕੀਤੀ। ਅਨੇਕਾਂ ਸ਼ਾਖਾਂ ਹਨ ਇਸ ਬ੍ਰਿਛ ਦੀਆਂ ਪਰ ਜੜ੍ਹ ਸਭਨਾਂ ਦੀ ਸਾਂਝੀ ਹੈ। ਸਰਬੱਤ ਦਾ ਭਲਾ ਲੋਚਣ ਤੇ ਮਨੁੱਖ ਮਾਤਰ ਲਈ ਉੱਤਮ ਜੀਵਨ ਦੀ ਸਿਰਜਣਾ ਲਈ ਹੀ ਇਹ ਬੂਟਾ ਸਾਨੂੰ ਪ੍ਰੇਰਦਾ ਹੈ ਅਤੇ ਇਸਦੀ ਛਾਂ ਮਾਣਦਿਆਂ ਅਤੇ ਚੰਗੇਰਾ ਤੇ ਉੱਤਮ ਚਿਤਵਦਿਆਂ ਹੀ ਅਸੀਂ ਆਪਣੇ ਇਸ ਜੀਵਨ ਨੂੰ ਥੋੜ੍ਹਾ ਜਾਂ ਬਹੁਤਾ ਉੱਚਾ ਚੁੱਕ ਸਕਦੇ ਹਾਂ ਤੇ ਵਧੇਰੇ ਸੁੱਚਾ ਬਣਾ ਸਕਦੇ ਹਾਂ।

ਨਾਮਧਾਰੀ ਲਹਿਰ ਤੇ ਜੀਵਨ-ਜਾਚ

—ਡਾ. ਸਵਿੰਦਰ ਸਿੰਘ ਉੱਪਲ

ਨਾਮਧਾਰੀ ਲਹਿਰ ਮਹਾਂਪੁਰਸ਼ਾਂ ਰਾਹੀਂ ਚਲਾਈ ਗਈ ਸੀ। ਅਜਿਹੇ ਮਹਾਂਪੁਰਸ਼ ਚਾਨਣ ਮੁਨਾਰਿਆਂ ਵਾਂਗ ਹੁੰਦੇ ਹਨ ਜੋ ਸੰਸਾਰ-ਸਾਗਰ ਵਿਚ ਵਿਚਰ ਰਹੇ ਮਨੁੱਖੀ ਜਹਾਜ਼ਾਂ ਨੂੰ ਘੁੰਮਣ-ਘੇਰੀਆਂ ਤੋਂ ਬਚਾ ਕੇ ਸਿੱਧੇ ਤੇ ਸੁਖੈਨ ਰਾਹ ਉਤੇ ਤੁਰਨ ਦੀ ਅਗਵਾਈ ਦੇਂਦੇ ਰਹਿੰਦੇ ਹਨ। ਅਸੀਂ ਉਹਨਾਂ ਦੇ ਜੀਵਨ, ਕਰਮ ਤੇ ਬਚਨਾਂ ਤੋਂ ਜੀਵਨ-ਜਾਚ ਸਿਖ ਸਕਦੇ ਹਾਂ ਜਿਸ ਦੀ ਅਗਵਾਈ ਵਿਚ ਅਸੀਂ ਆਪਣੇ ਜੀਵਨ ਨੂੰ ਢਾਲ ਕੇ ਜ਼ਿੰਦਗੀ ਦਾ ਵਧੇਰੇ ਆਨੰਦ ਮਾਣ ਲੈਂਦੇ ਹਾਂ ਅਤੇ ਆਪਣੇ ਅੰਤਮ-ਨਿਸ਼ਾਨੇ ਨੂੰ ਅਸਾਨੀ ਨਾਲ ਪ੍ਰਾਪਤ ਕਰ ਸਕਦੇ ਹਾਂ।

ਅਫ਼ਲਾਤੂਨ (**Plato**) ਦਾ ਇਹ ਵਿਚਾਰ ਬਿਲਕੁਲ ਠੀਕ ਹੈ ਕਿ ਜ਼ਿੰਦਗੀ ਹਰ ਮਨੁੱਖ ਨੂੰ ਸਵੈ-ਸਾਧਨਾ ਦਾ ਇਕ ਮਹਾਨ ਅਵਸਰ ਪ੍ਰਦਾਨ ਕਰਦੀ ਹੈ। ਇਸ ਸਵੈ-ਸਾਧਨਾ ਦੀ ਪ੍ਰਾਪਤੀ ਲਈ ਉਹ ਮਹਾਂਪੁਰਸ਼ਾਂ ਦੇ ਵੱਖੋ ਵੱਖਰੇ ਪਹਿਲੂਆਂ ਤੋਂ ਗੁਜ਼ਾਰੇ ਸਫ਼ਲ ਜੀਵਨ ਵਿਚੋਂ ਪ੍ਰੇਰਨਾ ਤੇ ਅਗਵਾਈ ਲੈ ਸਕਦਾ ਹੈ।

ਅਫ਼ਲਾਤੂਨ ਦੇ ਚੇਲੇ ਅਰਸਤੂ (**Aristotle**) ਅਨੁਸਾਰ ਜ਼ਿੰਦਗੀ ਜੀਣ ਨਾਲ ਹੀ ਚੰਗੇਰੇ ਜੀਵਨ-ਰਾਹ ਦਾ ਪਤਾ ਲਗਦਾ ਹੈ। ਤਾਰੀ ਤਰਨ ਦੀ ਕਲਾ ਸਿਖਣ ਲਈ ਤਲਾਅ ਵਿਚ ਵੜਨਾ, ਸ਼ੁਰੂ ਸ਼ੁਰੂ ਵਿਚ ਗੋਤੇ ਖਾਣਾ ਤੇ ਫਿਰ ਸਫ਼ਲਤਾ ਪ੍ਰਾਪਤ ਕਰਨਾ ਜ਼ਰੂਰੀ ਹੁੰਦਾ ਹੈ। ਇੰਜ ਕੀਤੇ ਬਿਨਾਂ ਤਰਨ ਦੀ ਜਾਚ ਨਹੀਂ ਆਉਂਦੀ। ਕੋਈ ਤਲਾਅ ਦੇ ਕਿਨਾਰੇ ਉਤੇ ਭਾਵੇਂ ਸਾਰੀ ਉਮਰ ਲੋਕਾਂ ਨੂੰ ਤਾਰੀ ਤਰਦਿਆਂ ਵੇਖਦਾ ਰਹੇ, ਤਰਨ ਦੀ ਜਾਚ ਕੇਵਲ ਵੇਖਣ ਨਾਲ ਨਹੀਂ ਆ ਸਕਦੀ। ਇਹ ਸਿੱਖਣ ਲਈ ਪਾਣੀ ਵਿਚ ਵੜਨਾ ਜ਼ਰੂਰੀ ਹੈ।

ਤਰਨ ਤੋਂ ਤਾਂ ਕੋਈ ਇਨਸਾਨ ਬਚ ਸਕਦਾ ਹੈ ਪਰ ਜੀਵਨ ਜੀਣ ਤੋਂ ਕੋਈ ਨਹੀਂ ਬਚ ਸਕਦਾ। ਹਰ ਮਨੁੱਖ ਨੂੰ ਇਸ ਸੰਸਾਰ ਵਿਚ ਆ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਜੀਵਨ ਜੀਣਾ ਹੀ ਪੈਂਦਾ ਹੈ। ਇਸ ਯਥਾਰਥ ਤੋਂ ਕੋਈ ਨਹੀਂ ਮੁਨਕਰ ਹੋ ਸਕਦਾ। ਜਦ ਜੀਵਨ ਜੀਣਾ ਪੈਣਾ ਹੀ ਹੈ ਤਾਂ ਕਿਉਂ ਨਾ ਇਸ ਨੂੰ ਸੁੱਘੜਤਾ, ਸੁਢੰਗਤਾ ਤੇ ਸੁਖੈਨਤਾ ਨਾਲ ਗੁਜ਼ਾਰਨ ਲਈ ਵਿਉਂਤਿਆ ਜਾਏ।

ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਹਰ ਮਨੁੱਖ ਅੰਦਰ ਇਹ ਤੀਬਰ ਇੱਛਾ ਹੁੰਦੀ ਹੈ ਕਿ ਨਾ ਕੇਵਲ ਜੀਵਨ ਜੀਵਿਆ ਹੀ ਜਾਵੇ ਸਗੋਂ ਚੰਗੇਰਾ ਤੇ ਉਚੇਰਾ ਜੀਵਨ ਜੀਣ ਦਾ ਆਨੰਦ ਮਾਣਿਆਂ ਜਾਵੇ। ਇਹੋ ਇੱਛਾ ਹੀ ਮਨੁੱਖ ਅੰਦਰ ਧਰਮ ਦੀ ਖੁਸ਼ਬੋ ਖਲੇਰਦੀ ਹੈ।[1]

ਨਾਮਧਾਰੀ ਲਹਿਰ ਦੇ ਉਦੇਸ਼, ਸਰੋਤ ਅਤੇ ਪ੍ਰੇਰਨਾ ਸਿੱਖ-ਧਰਮ ਵਾਲੇ ਹੀ ਹਨ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਸੱਚਾ ਤੇ ਸੁਚਾ ਜੀਵਨ ਜੀਣ ਦਾ ਉਪਦੇਸ਼ ਦਿੱਤਾ ਸੀ। ਉਹ ਆਪਣੀ ਬਾਣੀ ਵਿਚ ਸੱਚ (ਸਤਿ) ਤੇ ਸੁਚ ਉਤੇ ਬਹੁਤ ਜ਼ੋਰ ਦੇਂਦੇ ਹਨ। ਉਨ੍ਹਾਂ ਅਨੁਸਾਰ ਸੱਚ ਦੀ ਬੜੀ ਮਹਿਮਾ ਹੈ ਪਰ ਸਾਦਾ ਤੇ ਸੁਚਾ ਜੀਵਨ ਉਸ ਤੋਂ ਵੀ ਉਪਰ ਦੀ ਮਹਾਨਤਾ ਰੱਖਦਾ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

ਸਿੱਖ ਧਰਮ ਸਰਬੱਤ ਦਾ ਭਲਾ ਮੰਗਣ ਵਾਲਾ ਹੈ ਅਤੇ ਉਸ ਅਨੁਸਾਰ:

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥
(ਮਹਲਾ 5)

ਇੰਜ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਅਪਣਾਉਣ ਲਈ ਪ੍ਰੇਰਿਆ। ਮਨੁੱਖ ਵਲੋਂ ਕਿਸੇ ਅਪਣਾਏ ਜੀਵਨ-ਦ੍ਰਿਸ਼ਟੀਕੋਨ ਦਾ ਇਮਤਿਹਾਨ ਕਿਸੇ ਅਚਾਨਕ ਆ ਪਈ ਆਪੱਤੀ ਜਾਂ ਹੋਏ ਦੁਖਾਂਤ ਸਮੇਂ ਹੁੰਦਾ ਹੈ ਅਤੇ ਉਸਦੇ ਉਸ ਸਮੇਂ ਪ੍ਰਗਟਾਏ ਵਿਚਾਰਾਂ ਅਤੇ ਕੀਤੇ ਕਰਮਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਉਸ ਦ੍ਰਿਸ਼ਟੀਕੋਣ ਅਨੁਸਾਰ ਕਿਤਨਾਂ ਕੁਝ ਜੀਵਨ ਵਿਚ ਚਲ ਰਿਹਾ ਹੈ। 1947 ਈ. ਵਿਚ ਹੋਈ ਦੇਸ਼ ਵੰਡ ਨੇ ਭਾਰਤ ਵਿਚ ਚਾਰੇ ਪਾਸੇ ਫਿਰਕੂ ਫਸਾਦਾਂ ਦੀ ਅੱਗ ਬਾਲ ਦਿੱਤੀ ਸੀ ਜਿਸਦੇ ਸੇਕ ਨਾਲ ਲੱਖਾਂ ਇਨਸਾਨ ਝੁਲਸੇ ਜਾਂ ਮਰੇ। ਉਸ ਇਤਿਹਾਸਕ ਪਰ ਦਰਦਨਾਕ ਘਟਨਾ ਦੇ ਸੰਦਰਭ ਵਿਚ ਨਾਮਧਾਰੀਆਂ ਵਲੋਂ ਅਪਣਾਏ ਗਏ ਵਤੀਰੇ ਦਾ ਜ਼ਿਕਰ ਕਰਦਿਆਂ ਕਾਮਰੇਡ ਸੋਹਨ ਸਿੰਘ ਜੋਸ਼ ਲਿਖਦਾ ਹੈ: "1946-47 ਦੇ ਹਿੰਦੂ-ਮੁਸਲਿਮ ਫਸਾਦਾਂ ਦੇ ਦਿਨ ਮੈਨੂੰ ਕਦੇ ਨਹੀਂ ਭੁਲ ਸਕਦੇ। ਉਨ੍ਹਾਂ ਦਿਨਾਂ ਵਿਚ ਜਾਂ ਮਹਾਰਾਜ ਪਰਤਾਪ ਜੀ ਦੀ ਅਗਵਾਈ ਵਿਚ ਕੂਕੇ ਸਨ ਜਾਂ ਕਮਿਊਨਿਸਟ ਜਿਨ੍ਹਾਂ ਨੇ ਆਪਣੇ ਸਿਰਾਂ ਉਤੇ ਫਿਰਕੂ ਭੂਤਾਂ ਨੂੰ ਸਵਾਰ ਨਹੀਂ ਹੋਣ ਦਿੱਤਾ।...ਉਹ ਸਭ ਇਹਨਾਂ ਫਸਾਦਾਂ ਦੇ ਵਿਚ ਹੋ ਕੇ ਰੋਕਣ ਲਈ ਛਾਤੀਆਂ ਤਾਣ ਕੇ ਖਲੋ ਗਏ। ਮਹਾਰਾਜ ਜੀ ਦੀ ਇਸ ਅਸੂਲ-ਪਰਸਤੀ ਉਤੇ ਜਿੰਨਾ ਵੀ ਪੰਜਾਬੀ ਮਾਣ ਕਰਨ ਥੋੜ੍ਹਾ ਹੈ।"[2]

ਕਿਸੇ ਕੌਮ ਜਾਂ ਸੰਪਰਦਾਇ ਦਾ ਅਸਲੀ ਆਚਾਰ (character) ਉਸ ਉਪਰ ਆ ਪਏ ਸੰਕਟ ਸਮੇਂ ਹੀ ਪਤਾ ਲਗਦਾ ਹੈ। ਉਹ ਸੰਕਟ ਹੀ ਉਸਦੇ ਆਚਾਰ ਦੀ ਪੁਖ਼ਤਗੀ ਨੂੰ ਜਾਂਚਦਾ, ਪੜਤਾਲਦਾ ਹੈ। ਵੀਹਵੀਂ ਸਦੀ ਦੇ ਮਨੁੱਖ ਦੇ ਗਿਰਦੇ ਆਚਾਰ ਉਤੇ ਚਿੰਤਾ ਪ੍ਰਗਟ ਕਰਦਿਆਂ ਭਾਰਤ ਦੇ ਪਹਿਲੇ ਪ੍ਰਧਾਨ-ਮੰਤਰੀ, ਮਹਾਨ ਚਿੰਤਕ ਅਤੇ ਦਿਬਦ੍ਰਿਸ਼ਟੀ ਰੱਖਣ ਵਾਲੇ ਪੰਡਤ ਜਵਾਹਰ ਲਾਲ ਨਹਿਰੂ ਨੇ ਠੀਕ ਹੀ

ਆਖਿਆ ਸੀ ਕਿ ਅੱਜ ਦਾ ਸਭ ਤੋਂ ਵੱਡਾ ਕਰਾਈਸਸ (ਸੰਕਟ) ਓਨਾਂ ਹੋਰ ਕਿਸੇ ਚੀਜ਼ ਦਾ ਨਹੀਂ ਜਿਤਨਾ ਕੈਰੇਕਟਰ (ਆਚਾਰ) ਦਾ ਹੈ। ਆਚਰਨ-ਉਸਾਰੀ ਵਿਚ ਪ੍ਰਭੂ ਦਾ ਨਾਮ ਜਪਣਾ ਬੜੀ ਮਦਦ ਕਰਦਾ ਹੈ। ਇਸੇ ਕਾਰਨ ਸਿੱਖ ਗੁਰੂ ਸਾਹਿਬਾਨ ਨੇ ਨਾਮ ਜਪਣ ਉਤੇ ਬੜਾ ਜ਼ੋਰ ਦਿੱਤਾ ਹੈ। ਗੁਰਬਾਣੀ ਨੂੰ ਕੇਵਲ ਤੋਤੇ ਵਾਂਗ ਪੜ੍ਹਨ ਜਾਂ ਰੱਟਣ ਨਾਲ ਕੰਮ ਨਹੀਂ ਬਣਨਾ, ਸਗੋਂ ਬਾਣੀ ਵਿਚਲੇ ਸ਼ੁਭ ਵਿਚਾਰਾਂ ਨੂੰ ਮਨ, ਬਚਨ, ਕਰਮ ਰਾਹੀਂ ਜੀਉਣਾ ਵੀ ਜ਼ਰੂਰੀ ਹੈ।

ਜਿਸ ਤਰ੍ਹਾਂ ਸਿਆਣਾ ਮਾਲੀ ਆਪਣੀ ਫ਼ੱਸਲ ਦੀ ਬੇਹਤਰੀ ਲਈ ਉਹਨਾਂ ਨੁਕਸਾਨ ਦੇਣ ਵਾਲੀਆਂ ਫਾਲਤੂ ਜੜ੍ਹਾਂ ਬੂਟੀਆਂ ਨੂੰ ਕੱਢ ਸੁਟਦਾ ਹੈ, ਇਸੇ ਤਰ੍ਹਾਂ ਸੂਝਵਾਨ ਗੁਰੂ ਆਪਣੇ ਪੈਰੋਕਾਰਾਂ ਵਿਚ ਆ ਵੜੇ ਗਲਤ ਮਨੁੱਖਾਂ ਦੀ ਪ੍ਰਵਾਨਗੀ ਨਹੀਂ ਦੇਂਦਾ। ਬਰਮਾਂ ਵਿਚ ਨਜ਼ਰਬੰਦੀ ਦੇ ਦੌਰਾਨ ਮਹਾਰਾਜ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਦੀ ਅਗਵਾਈ ਲਈ ਕੁਝ ਹੁਕਮਨਾਮੇ ਜਾਰੀ ਕੀਤੇ ਸਨ। ਇਕ ਹੁਕਮਨਾਮੇ ਵਿਚ ਉਹ ਲਿਖਦੇ ਹਨ, "ਸੋ ਭਾਈ ਕੇ ਤਾਂ ਪਿਛਾ ਰਾਤ ਸਵਾ ਪਹਰੁ ਰਹੀ ਤੇ ਹਮੇਸ਼ ਭਜਨ ਬਾਣੀ ਕੀਤਾ, ਮਾਲਾ ਫੇਰੀ, ਦਿਨ ਰਾਤ ਭਜਨੁ ਬਾਣੀ ਕਰਿਆ ਕਰੇ। ਜੇ ਨਹੀਂ ਭਜਨੁ ਬਾਣੀ ਹੋਇ ਸਕਦਾ ਤਾਂ ਰੋਟੀਆਂ ਪਕਾਇਆ ਕਰੇ, ਘਾਹੁ ਖੋਤਿਆ ਕਰੇ। ਜੇ ਦੋ ਮੈ ਤੇ ਕੁਛ ਨਹੀਂ ਕਰਿਨਾ ਤਾਂ ਡੇਰੇ ਤੇ ਚਲਾ ਜਾਣਾ ਸਿਮਰੂ ਪਾਸ। ਜੋ ਥੁਆਨੂੰ ਤਿਨਾਂ ਬਾਤਾਂ ਮੈ ਤੇ ਅਛੀ ਲੱਗੇ ਸੋ ਕਰਿ ਲੈਣੀ। ਹੋਰ ਭੀ ਭਜਨੁ ਵਾਣੀ ਨਾ ਕਰੇ, ਓਸਕੋ ਬੀ ਡੇਰੇ ਤੇ ਨਿਕਾਲ ਦੇਣਾ। ਜੋ ਡੇਰੇ ਰਹਿ ਕੇ ਚੋਰੀ ਜਾਰੀ ਕਰੇ, ਸਭ ਕੋ ਡੇਰੇ ਤੇ ਕਢਿ ਦੇਣਾ, ਜਨਾਨਾ ਹੋਵੇ ਭਾਮੇ ਮਰਦਾਨਾ ਹੋਵੇ।"[3] ਉਹ ਜਾਣਦੇ ਸਨ ਕਿ ਕਾਲਖ ਦਾ ਦਾਗ਼ ਚਿਟੇ ਕੱਪੜੇ ਉਤੇ ਝੱਟ ਲਗਦਾ ਹੈ ਅਤੇ ਭੈੜਾ ਦਿਸਣ ਕਾਰਣ ਉਸਦੀ ਸਵੱਛਤਾ ਨੂੰ ਬਰਬਾਦ ਕਰ ਦੇਂਦਾ ਹੈ। ਇਸ ਗੱਲ ਵਿਚ ਕੋਈ ਸ਼ੱਕ ਵੀ ਨਹੀਂ ਕਿ ਨਕਾਰਾਤਮਕਤਾ (Negativism) ਦਾ ਸਕਾਰਾਤਮਕਤਾ (Positivism) ਦੇ ਮੁਕਾਬਲੇ ਤੇ ਮਨੁੱਖ ਉਤੇ ਪੈਣ ਵਾਲਾ ਪ੍ਰਭਾਵ ਬਹੁਤ ਮਾਰੂ ਹੁੰਦਾ ਹੈ।

ਜੀਵਨ ਦੀ ਰਾਗਾਤਮਕਤਾ ਉਹ ਸੰਜੀਵਨੀ ਬੂਟੀ ਹੈ ਜੋ ਮਨੁੱਖ ਨੂੰ ਆਤਮਕ ਸ਼ਾਂਤੀ, ਸਰੀਰਕ ਸੁਖ ਤੇ ਮਾਨਸਕ ਇਕਾਗਰਤਾ ਬਖ਼ਸ਼ਦੀ ਹੈ। ਇਸੇ ਕਾਰਨ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਜੀਵਨ ਦੀ ਰਾਗਾਤਮਕਤਾ ਨਾਲ ਜੋੜਨ ਲਈ ਆਪਣੀ ਸਾਰੀ ਬਾਣੀ ਰਾਗਾਂ ਵਿਚ ਉਚਾਰੀ। ਉਹਨਾਂ ਦੀ ਪਾਈ ਲੀਹ ਉਤੇ ਹੀ ਤੁਰਦਿਆਂ ਬਾਕੀ ਗੁਰੂ ਸਾਹਿਬਾਨ ਨੇ ਵੀ ਆਪਣੀ ਬਾਣੀ ਰਾਗਾਂ ਵਿਚ ਹੀ ਲਿਖੀ ਅਤੇ ਰਾਗਾਂ ਅਨੁਸਾਰ ਕੀਰਤਨ ਕਰਨ ਦੀ ਪ੍ਰਥਾ ਪਾਈ। ਮਹਾਰਾਜ ਪਰਤਾਪ ਸਿੰਘ ਜੀ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਦੇਵਿੰਦਰ ਸਿੰਘ ਗਿਲ ਲਿਖਦਾ ਹੈ, "ਸਤਿਗੁਰੂ ਪਰਤਾਪ ਸਿੰਘ ਜੀ ਆਪ ਮਹਾਨ ਕਲਾਕਾਰ ਸਨ। ਆਪ ਜੀ ਪ੍ਰਾਚੀਨ ਗੀਤਾਂ ਤੇ ਬੰਦਸ਼ਾਂ ਦਾ ਨਿਭਾਅ ਸਾਜ਼ਾਂ ਤੇ ਬੜੀ ਸੁਖੈਨਤਾ ਨਾਲ ਗਾ ਸਕਦੇ ਸਨ। ਆਪ ਜੀ ਨੂੰ ਇਕ ਤਾਲਾ, ਜੋਤਾਰ, ਇੰਦਰ ਫਾਰ, ਆੜ੍ਹਾ, ਚੁਤਾਲਾ, ਝੱਬ, ਚੰਚਲ ਤੇ ਤਿੰਨ ਤਾਰ ਵਿਚ ਰਾਗਾਂ ਦੀ ਮੁਹਾਰਤ ਹਾਸਲ ਸੀ। ਧਮਾਰ ਅਤੇ ਧਰੂਪਦ ਵਿਚ ਵੀ ਬਹੁਤ ਦਿਲਚਸਪੀ ਸੀ।

ਦਿਲਰੁਬਾ ਆਪ ਜੀ ਦਾ ਹਰਮਨ ਪਿਆਰਾ ਸਾਜ਼ ਸੀ । ਆਪ ਜੀ ਸ੍ਰੀ ਆਦਿ ਗਰੰਥ ਵਿਚ ਆਏ ਰਾਗਾਂ ਨੂੰ ਸੰਪੂਰਨ ਤੌਰ ਤੇ ਗਾਇਨ ਕਰਨ ਦੀ ਮੁਹਾਰਤ ਰੱਖਦੇ ਸਨ । ਇਹਨਾਂ ਰਾਗਾਂ ਦੇ ਗਾਇਨ ਦੇ ਪ੍ਰਚਾਰ ਲਈ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਵਿਦਿਆਲਾ ਖੋਲ੍ਹਿਆ ਜਿਸਦੇ ਪ੍ਰਥਮ ਅਧਿਆਪਕ ਹਰਨਾਮ ਸਿੰਘ ਚੇਵਿੜੇ ਵਾਲੇ ਨਿਯੁਕਤ ਕੀਤੇ ਗਏ ।...ਆਪ ਜੀ ਨੇ ਗੁਰਮਤਿ ਸੰਗੀਤ ਨੂੰ ਉਤਸ਼ਾਹਤ ਕਰਨ ਲਈ ਸ੍ਰੀ ਭੈਣੀ ਸਾਹਿਬ ਵਿਖੇ 1933 ਈਸਵੀ ਨੂੰ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ।....ਉਸ ਸੰਮੇਲਨ ਤੇ ਪ੍ਰਤੀਯੋਗਤਾ ਵਿਚ ਦੂਰ ਦੂਰ ਤੋਂ ਰਾਗੀ ਤੇ ਸੰਗੀਤਕਾਰਾਂ ਨੇ ਭਾਗ ਲਿਆ ।"[4] ਜਿੱਤਣ ਵਾਲੇ ਕਲਾਕਾਰਾਂ ਤੇ ਸੰਗੀਤਕਾਰਾਂ ਨੂੰ ਭਰਵੇਂ ਇਨਾਮ ਦਿੱਤੇ ਗਏ ਸਨ ।

ਸਿੱਖ ਧਰਮ ਸਭ ਮਨੁੱਖਾਂ ਨੂੰ 'ਸਭੇ ਸਾਂਝੀਵਾਲ ਸਦਾਇਨਿ' ਮੰਨਦਾ ਹੈ । ਉਸ ਅਨੁਸਾਰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਜੀਵਨ ਸਿਧਾਂਤ ਪ੍ਰਚਾਰਿਆ ਗਿਆ ਹੈ । ਮਹਾਰਾਜ ਪਰਤਾਪ ਸਿੰਘ ਜੀ ਬੜੇ ਦੂਰਦਰਸ਼ੀ ਤੇ ਸੂਝਵਾਨ ਮਹਾਂਪੁਰਸ਼ ਸਨ । ਉਹ ਜਾਣਦੇ ਸਨ ਕਿ ਅੰਗਰੇਜ਼ਾਂ ਦੀ ਬਿੱਲੀ, ਚਤਰ ਚਾਲਾਕ ਤੇ ਸਿਰੜੀ ਕੌਮ ਤੋਂ ਭਾਰਤ ਦਾ ਛੁਟਕਾਰਾ ਉਦੋਂ ਤੀਕ ਨਹੀਂ ਹੋ ਸਕਦਾ ਜਿਤਨਾਂ ਚਿਰ ਭਾਰਤੀਆਂ ਵਿਚ ਏਕਤਾ ਤੇ ਲਕਸ਼-ਪ੍ਰਾਪਤੀ ਦੀ ਜ਼ਬਰਦਸਤ ਤਮੰਨਾ ਪੈਦਾ ਨਹੀਂ ਹੋ ਜਾਂਦੀ । ਉਨ੍ਹਾਂ ਇਹ ਨਿਸ਼ਾਨਾ ਪ੍ਰਾਪਤ ਕਰਨ ਵਾਸਤੇ ਆਪਣੇ ਪ੍ਰਾਂਤ ਪੰਜਾਬ ਤੋਂ ਇਹ ਕੰਮ ਆਰੰਭਿਆ । ਉਨ੍ਹਾਂ ਦੀ ਤੀਬਰ ਇੱਛਾ ਸੀ ਕਿ ਸਾਰੀਆਂ ਦੀਆਂ ਸਾਰੀਆਂ ਗੁਰੂ ਨਾਨਕ ਦੇਵ ਨੂੰ ਆਦਿ ਗੁਰੂ ਮੰਨਣ ਵਾਲੀਆਂ ਸੰਪ੍ਰਦਾਵਾਂ ਮਿਲ ਕੇ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕਰਨ ਨਾ ਕਿ ਇਕ ਦੂਜੇ ਨੂੰ ਨੀਵਾਂ ਦਿਖਾਉਣ ਜਾਂ ਆਲੋਚਨਾ ਕਰਨ ਦੀ ਭਾਵਨਾ ਬਣਾਉਣ । ਉਨ੍ਹਾਂ ਦੀ ਹਿੰਮਤ ਤੇ ਅਗਵਾਈ ਨਾਲ 'ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ' ਭੈਣੀ ਸਾਹਿਬ ਵਿਖੇ 13 ਅਕਤੂਬਰ 1934 ਈ. ਨੂੰ ਬੁਲਾਈ ਗਈ ਅਤੇ ਇਸ ਦੇ ਪ੍ਰਧਾਨ ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ ਬਣਾਏ ਗਏ । ਇਸ ਵਿਚ ਬਹੁਤ ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਨੇ ਹਿੱਸਾ ਲਿਆ । ਇਸ ਤਰ੍ਹਾਂ ਦੀ ਕਾਨਫਰੰਸ ਸਿੱਖਾਂ ਵਿਚ ਪਹਿਲੀ ਵਾਰੀ ਹੋਈ ਸੀ ।

ਉਨ੍ਹਾਂ ਦਾ ਇਸ ਕਾਨਫਰੰਸ ਨੂੰ ਕਰਾਉਣ ਦਾ ਪ੍ਰਮੁੱਖ ਆਸ਼ਾ ਇਹ ਸੀ ਕਿ ਹਰ ਗੁਰੂ ਨਾਨਕ ਨਾਮ ਲੇਵਾ ਸਿੱਖ ਇਕ ਦੂਜੇ ਨੂੰ ਖੰਡਨ ਕਰਨ ਦੀ ਬਜਾਏ ਇਕ ਦੂਜੇ ਨਾਲ ਰੱਲ ਕੇ ਸਿੱਖੀ ਦਾ ਪ੍ਰਚਾਰ ਕਰੇ । ਇੰਜ ਹਰ ਸਿੱਖ ਵਿਚ ਅਨੁਸ਼ਾਸਨ, ਭਰਾਤਰੀ ਤੇ ਪ੍ਰੇਮ ਭਾਵਨਾ ਪੈਦਾ ਹੋਏਗੀ ਜੋ ਉਸ ਨੂੰ ਅਧਿਆਤਮਕ ਰਸਤੇ ਉੱਤੇ ਚਲਣ ਵਿਚ ਸਹਾਇਤਾ ਕਰੇਗੀ । ਉਸ ਕਾਨਫਰੰਸ ਵਿਚ ਜਿਹੜਾ ਮਤਾ ਪਾਸ ਕੀਤਾ ਗਿਆ ਸੀ ਉਹ ਵੀ ਇਹੋ ਆਸ਼ਾ ਪ੍ਰਗਟਾਂਦਾ ਹੈ—"ਗੁਰੂ ਨਾਨਕ ਨੂੰ ਮੰਨਣ ਵਾਲੀਆਂ ਸਭ ਸੰਪ੍ਰਦਾਵਾਂ ਆਪਣੇ ਅਸੂਲਾਂ ਦਾ ਪ੍ਰੇਮ ਪਿਆਰ ਤੇ ਵਿਦਵਤਾ ਸਹਿਤ ਮੰਡਨ ਰੂਪ ਵਿਚ ਪ੍ਰਚਾਰ ਕਰਨ ਅਤੇ ਇਕ ਦੂਜੇ ਦੇ ਸਿਧਾਂਤਾਂ ਤੇ ਵਿਚਾਰਾਂ ਨੂੰ ਖੰਡਨ ਕਰਨ ਦੀ ਪਰਪਾਟੀ ਬੰਦ ਕਰ ਦਿੱਤੀ ਜਾਏ ।" ਇੰਜ ਸਿੱਖਾਂ ਵਿਚ ਆਪਸ ਵਿਚਲੀ ਖਿਚੋਤਾਣ

ਘਟੀ ਅਤੇ ਹਰ ਸਿੱਖ ਨੂੰ ਪਰਸਪਰ ਪ੍ਰੇਮ-ਪਿਆਰ ਤੇ ਸੱਦ-ਭਾਵਨਾ ਅਧੀਨ ਆਪਣੀ ਜ਼ਿੰਦਗੀ ਜੀਣ ਦੀ ਅਗਵਾਈ ਮਿਲੀ ।

ਪੰਜਾਬੀ ਦੇ ਪ੍ਰਸਿੱਧ ਲੇਖਕ ਅਤੇ ਪ੍ਰੀਤ-ਫਲਸਫ਼ੇ ਦੇ ਪ੍ਰਮੁੱਖ ਮੁਦੱਈ ਸ: ਗੁਰਬਖ਼ਸ਼ ਸਿੰਘ (ਪ੍ਰੀਤਲੜੀ) ਨੇ ਉਸ ਅਦੁੱਤੀ, ਲਾਜਵਾਬ ਤੇ ਇਤਿਹਾਸਕ ਮਹਾਨਤਾ ਵਾਲੀ ਕਾਨਫਰੰਸ ਬਾਰੇ ਲਿਖਿਆ ਸੀ ਕਿ "ਇਸਦੇ ਉਪਰੰਤ ਇਸ ਪੁਸ਼ਪਹਾਰ ਦੀ ਹੋਂਦ ਤੇ ਸੋਭਾ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਨਿਰਮਾਨਤਾ, ਸਾਫ਼ਦਿਲੀ, ਡੁਲ੍ਹਦੇ ਪਿਆਰ, ਸੁਚੀ ਨੀਅਤ ਤੇ ਖੇੜੂ ਸੁਭਾਅ ਦਾ ਸਿੱਟਾ ਹੈ । ਕੀ ਅਕਾਲੀ ਅਤੇ ਕੀ ਚੀਫ ਖਾਲਸਾ ਦੀਵਾਨ ਤੇ ਕੀ ਹੋਰ ਸਾਰੇ, ਇਸ ਜਾਦੂ ਅਸਰੀ ਨਾਲ ਮੋਹਿਤ ਮਲੂਮ ਹੁੰਦੇ ਸਨ । ਬਿਨਾਂ ਸੰਕੋਚ ਤੋਂ 'ਮਹਾਰਾਜ' ਦਾ ਸ਼ਬਦ ਵਰਤਿਆ ਜਾਂਦਾ ਸੀ ਤੇ ਚਰਨੀਂ ਹੱਥ ਲਗਾਏ ਜਾਂਦੇ ਸਨ । ਜਿਹਨਾਂ ਨੇ ਕਦੇ ਕਿਸੇ ਦੇ ਪੈਰੀਂ ਹੱਥ ਨਹੀਂ ਸੀ ਲਾਇਆ, ਉਹਨਾਂ ਨੂੰ ਮੈਂ ਮਹਾਰਾਜ ਪਰਤਾਪ ਸਿੰਘ ਜੀ ਦੇ ਚਰਨ ਛੋਹੰਦਿਆਂ ਵੇਖਿਆ ਹੈ ।"[5]

ਇਹ ਦੇਖਣ ਲਈ ਕਿ ਮਹਾਰਾਜ ਪਰਤਾਪ ਸਿੰਘ ਜੀ ਨੇ ਉਸ ਸਮੇਂ ਦੇ ਆਪਣੇ ਪੈਰੋਕਾਰਾਂ ਦੇ ਜੀਵਨ ਵਿਚ ਆਪਣੀ ਸੁਚੱਜੀ ਜੀਵਨ-ਜਾਚ ਦੀ ਰੂਹ ਕਿਵੇਂ ਸਫਲਤਾ ਨਾਲ ਫੂਕੀ ਸੀ, ਸਾਨੂੰ ਪੰਜਾਬੀ ਦੇ ਪ੍ਰਸਿੱਧ ਲੇਖਕ ਗਿਆਨੀ ਹੀਰਾ ਸਿੰਘ ਦਰਦ ਦੇ ਏਹ ਸ਼ਬਦ ਪੜ੍ਹਨੇ ਜ਼ਰੂਰੀ ਬਣਦੇ ਹਨ : "ਕਾਨਫਰੰਸ ਸੱਦਣ ਵਾਲੇ ਨਾਮਧਾਰੀ ਵੀਰਾਂ ਦਾ ਪ੍ਰਬੰਧ ਆਪਣੇ ਲੀਡਰ ਸ੍ਰੀਮਾਨ ਮਹਾਰਾਜ ਪਰਤਾਪ ਸਿੰਘ ਜੀ ਦੀ ਕਮਾਨ ਹੇਠ ਸ਼ਲਾਘਾ ਯੋਗ ਸੀ । ਉਹਨਾਂ ਦੇ ਡਸਿਪਲਿਨ, ਆਈਆਂ ਸੰਗਤਾਂ ਨਾਲ ਸਲੂਕ, ਸੁਆਗਤ, ਲੰਗਰ ਤੇ ਕੈਂਪਾਂ ਦਾ ਇੰਤਜ਼ਾਮ, ਹਸਪਤਾਲ ਆਦਿ ਦੀ ਜਿੰਨੀ ਵੀ ਸਿਫਤ ਕੀਤੀ ਜਾਏ, ਥੋੜ੍ਹੀ ਹੈ ।"[6] ਹੀਰਾ ਸਿੰਘ ਦਰਦ ਦੇ ਉਸ ਸਮਾਗਮ ਤੋਂ ਪੂਰੀ ਤਰ੍ਹਾਂ ਪ੍ਰਭਾਵਤ ਹੋ ਕੇ ਲਿਖੇ ਉਪਰਲੇ ਸ਼ਬਦ ਨਾਮਧਾਰੀ ਜਨਤਾ ਦੇ ਅਨੁਸ਼ਾਸਨ ਵਿਚ ਕੀਤੇ ਸੁੰਦਰ ਪ੍ਰਗਟਾਵੇ ਦਾ ਇਕ ਇਤਿਹਾਸਕ ਦਸਤਾਵੇਜ਼ ਹੈ ।

ਇਸੇ ਚੰਗੀ ਪ੍ਰਥਾ ਨੂੰ ਵਿਸ਼ਾਲਤਾ ਤੇ ਭਰਾਵਲਤਾ ਦਾ ਰੰਗ ਦੇਣ ਲਈ ਮਹਾਰਾਜ ਪਰਤਾਪ ਸਿੰਘ ਜੀ ਨੇ 1943 ਈਸਵੀ ਵਿਚ "ਹਿੰਦੂ-ਸਿੱਖ ਮਿਲਾਪ ਕਾਨਫਰੰਸ" ਸ੍ਰੀ ਭੈਣੀ ਸਾਹਿਬ ਵਿਖੇ ਬੁਲਾਈ । ਉਹ ਜਾਣਦੇ ਸਨ ਕਿ ਅੰਗਰੇਜ਼ ਹਿੰਦੁਸਤਾਨੀਆਂ ਵਿਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਪ੍ਰਚਾਰ ਕਰ ਰਹੇ ਹਨ । ਉਹ ਹਿੰਦੂ ਸਿੱਖਾਂ ਵਿਚ ਰੋਟੀ ਬੇਟੀ ਦੀ ਸਾਂਝ ਨੂੰ ਹੋਰ ਬਲਵਾਨ ਬਨਾਣਾ ਚਾਹੁੰਦੇ ਸਨ । ਇੰਜ ਉਹ ਆਪਣੇ ਪੈਰੋਕਾਰਾਂ ਨੂੰ ਸਮਾਜਕ ਤੇ ਰਾਜਨੀਤਕ ਪੱਧਰ ਤੇ ਸੁਚੱਜੀ ਜੀਵਨ-ਜਾਚ ਸਿਖਾ ਰਹੇ ਸਨ ।

ਸਚੀ ਧਰਮ ਭਾਵਨਾ ਮਨੁੱਖ ਨੂੰ ਸੰਤ ਸਿਪਾਹੀ ਬਣਾ ਕੇ ਉਸ ਅੰਦਰ ਅਣਖ ਜਗਾਂਦੀ ਹੈ ਅਤੇ ਅਣਖ ਨਾਲ ਸਿਰ ਉੱਚਾ ਕਰਕੇ ਜੀਊਣ ਦੀ ਪ੍ਰੇਰਨਾ ਦੇਂਦੀ ਹੈ । ਮਹਾਰਾਜ ਰਾਮ ਸਿੰਘ ਜੀ ਨੇ ਨਾਮਧਾਰੀਆਂ ਵਿਚ ਇਹ ਅਣਖ ਜਗਾਉਣ ਲਈ ਪੂਰੇ ਪੂਰੇ ਜਤਨ ਕੀਤੇ । ਅਣਖੀਲੇ ਨੌਜਵਾਨ ਨਾਮਧਾਰੀਆਂ ਨੇ ਆਪਣੀ ਬੁਲੰਦ ਹੋਦੀ ਖੁਦੀ ਦਾ ਸਬੂਤ ਉਦੋਂ ਦਿੱਤਾ ਜਦੋਂ ਉਹਨਾਂ ਅੰਗਰੇਜ਼ਾਂ ਵਲੋਂ ਸਿੱਖਾਂ ਦੇ ਪ੍ਰਮੁੱਖ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ (ਸਵਰਨ ਮੰਦਰ) ਅੰਮ੍ਰਿਤਸਰ ਦੇ ਨੇੜੇ ਗਊਆਂ ਦੇ ਬੂਚੜਖਾਨੇ

ਦਾ ਪੂਰੀ ਤਰ੍ਹਾਂ ਵਿਰੋਧ ਕੀਤਾ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਹਾਰਾਜ ਪਰਤਾਪ ਸਿੰਘ ਜੀ ਨੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਦੇ ਹੁਕਮ ਨੂੰ ਨਾਮੰਜ਼ੂਰ ਕਰਦਿਆਂ ਨਾਮਧਾਰੀਆਂ ਨੂੰ ਸੰਸਾਰ ਜੰਗ ਸਮੇਂ ਫ਼ੌਜ ਵਿਚ ਭਰਤੀ ਹੋਣ ਦੀ ਅਪੀਲ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਹ ਆਪ ਬੜੀ ਅਣਖ ਵਾਲੇ ਮਹਾਂਪੁਰਸ਼ ਸਨ ਜਿਸ ਕਾਰਨ ਨਾਮਧਾਰੀਆਂ ਵਿਚ ਜਾਗੀ ਅਣਖ ਤੇ ਵਿਰੋਧੀ ਭਾਵਨਾ ਨੂੰ ਵੇਖ ਅੰਗਰੇਜ਼ ਪੰਜਾਬ ਵਿਚ ਆਪਣਾ ਸਭ ਤੋਂ ਵੱਡਾ ਦੁਸ਼ਮਣ ਕੂਕਿਆਂ ਨੂੰ ਹੀ ਸਮਝਦੇ ਸਨ। ਮਲੇਰ ਕੋਟਲੇ ਦਾ ਖ਼ੂਨੀ ਸਾਕਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ।

ਇਹੀ ਕਾਰਨ ਹੈ ਕਿ ਹਰ ਨਾਮਧਾਰੀ ਵਿਚ ਦੇਸ਼-ਪਿਆਰ ਦੀ ਭਾਵਨਾ ਕੁਟ ਕੁਟ ਕੇ ਭਰੀ ਮਿਲਦੀ ਹੈ। ਡਾਕਟਰ ਰਾਧਾ ਕਰਿਸ਼ਨਨ ਦਾ ਇਹ ਵਿਚਾਰ ਬਿਲਕੁਲ ਠੀਕ ਹੈ ਕਿ ਕੌਮ ਪ੍ਰਸਤੀ ਆਪੇ ਆਪ ਪੈਦਾ ਹੋਣ ਵਾਲਾ ਜਜ਼ਬਾ ਨਹੀਂ ਸਗੋਂ ਹਰ ਵਿਅਕਤੀ ਨੂੰ ਆਪ ਗ੍ਰਹਿਣ ਕਰਨਾ ਪੈਂਦਾ ਹੈ। ਆਪਣੀ ਧਰਤੀ ਨਾਲ ਪਿਆਰ ਤੇ ਆਪਣੀਆਂ ਇਲਾਕਾਈ ਪਰੰਪਰਾਵਾਂ ਪ੍ਰਤੀ ਵਿਸ਼ਵਾਸ ਪ੍ਰਗਟਾਉਣ ਦਾ ਭਾਵ, ਗਵਾਂਢੀਆਂ ਵੱਲ ਹਿੰਸਕ ਰੁਚੀ ਰੱਖਣਾ ਬਿਲਕੁਲ ਹੀ ਨਹੀਂ ਸਿਖਾਂਦਾ।' ਸਗੋਂ ਸੱਚੀ ਤੇ ਸੁੱਚੀ ਕੌਮਪਰਸਤੀ ਤਾਂ ਅੰਤਰਰਾਸ਼ਟਰਵਾਦ ਨੂੰ ਸਮਝਣ ਤੇ ਬੱਲ ਦੇਣ ਵਿਚ ਮਦਦ ਕਰਦੀ ਹੈ। ਨਿਡਰਤਾ ਬਿਨਾਂ ਕੌਮਪਰਸਤੀ ਦਾ ਪ੍ਰਗਟਾਵਾ ਨਹੀਂ ਕੀਤਾ ਜਾ ਸਕਦਾ। ਮਹਾਰਾਜ ਜੀ ਨੇ ਪੰਜਾਬ ਦੇ ਲਾਟ ਦੇ ਹੁਕਮਾਂ ਦੀ ਪ੍ਰਵਾਹ ਕੀਤੇ ਬਿਨਾਂ ਰਤਨ ਸਿੰਘ ਬੱਬਰ ਅਕਾਲੀ ਨੂੰ ਭੈਣੀ ਸਾਹਿਬ ਵਿਖੇ ਪਨਾਹ ਦਿੱਤੀ ਅਤੇ ਲੰਗਰ ਛਕਾਇਆ। ਹਰਿੰਦਰ ਸਿੰਘ ਮਹਾਰਾਜਾ ਫ਼ਰੀਦਕੋਟ, ਜੋ ਅੰਗਰੇਜ਼ਾਂ ਦਾ ਪਿਠੂ ਸੀ, ਨਾਲੋਂ ਉਨ੍ਹਾਂ ਦੇਸ਼ ਦੇ ਪਰਵਾਨੇ ਤੇ ਮਹਾਨ ਨੇਤਾ ਪੰਡਤ ਜਵਾਹਰ ਲਾਲ ਨਹਿਰੂ ਨਾਲ ਨਾਤਾ ਰੱਖਣ ਦੀ ਗੱਲ ਨੂੰ ਤਰਜੀਹ ਦਿੱਤੀ। ਮਹਾਰਾਜ ਪਰਤਾਪ ਸਿੰਘ ਜੀ ਨੇ ਸੋਲ੍ਹਾਂ ਸਾਲ ਦੀ ਉਮਰ ਵਿਚ ਅੰਗਰੇਜ਼ਾਂ ਦੇ ਖਿਲਾਫ਼ ਨਾਮਧਾਰੀ ਲਹਿਰ ਦੀ ਵਾਗਡੋਰ ਸੰਭਾਲੀ।

ਮਹਾਰਾਜ ਰਾਮ ਸਿੰਘ ਜੀ ਨੇ ਸਿੱਖ ਰਾਜਨੀਤੀ ਅਤੇ ਦੇਸ਼ ਦੀ ਆਜ਼ਾਦੀ ਲਈ ਪੁਰਅਮਨ ਲੜੀ ਜਾਣ ਵਾਲੀ ਲੜਾਈ ਨੂੰ 'ਨਾਮਿਲਵਰਤਨ' ਵਰਗਾ ਇਕ ਸਫ਼ਲ ਤੇ ਕਾਰਗਰ ਹਥਿਆਰ ਦਿੱਤਾ ਜਿਸ ਦੀ ਵਰਤੋਂ ਪਿਛੋਂ ਮਹਾਤਮਾ ਗਾਂਧੀ ਨੇ ਬੜੇ ਵਿਸ਼ਾਲ ਪੈਮਾਨੇ ਉਤੇ ਕੀਤੀ ਸੀ।* ਇਸ ਇਤਿਹਾਸਕ ਸਚਾਈ ਵੱਲ ਇਸ਼ਾਰਾ ਕਰਦਿਆਂ ਰਣਬੀਰ (ਐਡੀਟਰ ਮਿਲਾਪ) ਲਿਖਦਾ ਹੈ ਕਿ "ਇਸ ਮਹਾਨ ਜਥੇ ਕੋ ਔਰ ਜੱਦੋ-ਜਹਿਦ ਕੋ ਉਨ ਕੇ ਜਾਨਸ਼ੀਨ ਮਹਾਰਾਜ ਪਰਤਾਪ ਸਿੰਘ ਜੀ ਨੇ ਏਕ ਲਮਹ ਕੇ ਲੀਏ ਭੀ ਕਮਜ਼ੋਰ ਨਹੀਂ ਹੋਨੇ ਦੀਆ। ਮੁਲਕ ਕੀ ਜੱਦੋ-ਜਹਿਦ ਆਜ਼ਾਦੀ ਮੇਂ ਹਰ ਵਕਤ ਦੇਸ਼ ਭਗਤੋਂ ਕੇ ਸਾਥ ਰਹੇ। ਗਾਂਧੀ ਜੀ ਨੇ ਸਿਵਲ ਨਾਫ਼ੁਰਮਾਨੀ ਕੀ ਤਹਿਰੀਕ ਸ਼ੁਰੂ ਕੀ ਤੋ ਮਹਾਰਾਜ ਪਰਤਾਪ ਸਿੰਘ ਜੀ ਅਪਨੇਂ ਲਾਖੋਂ ਨਾਮਧਾਰੀਓਂ

---

* ਲਗਭਗ 55 ਸਾਲ ਬਾਅਦ—ਸੰਪਾਦਕ

ਕੇ ਸਾਥ ਉਨ ਕੇ ਹਮਨਵਾ ਥੇ। ਅਗਰ ਵੋਹ ਚਾਹਤੇ ਤੋ ਅੰਗਰੇਜ਼ ਕੇ ਸਾਥ ਸੌਦਾ ਕਰਕੇ ਕੋਈ ਬੜੀ ਪੋਜ਼ੀਸ਼ਨ ਹਾਸਲ ਕਰ ਸਕਤੇ ਥੇ। ਲੇਕਨ ਐਸੀ ਬਾਤ ਉਨ੍ਹੋਂ ਨੇ ਕਭੀ ਸੋਚੀ ਹੀ ਨਹੀਂ।"[8] ਪਹਿਲੇ ਸੰਸਾਰ ਯੁਧ (1914-18) ਦੌਰਾਨ ਅੰਗਰੇਜ਼ ਹੁਕਮਰਾਨਾਂ ਨੇ ਮਹਾਰਾਜ ਪਰਤਾਪ ਸਿੰਘ ਜੀ ਨੂੰ ਆਪਣੇ ਵੱਲ ਕਰਨ ਲਈ ਜਾਗੀਰਾਂ ਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੀ ਪੇਸ਼ਕਸ਼ ਕਈ ਵਾਰੀ ਕੀਤੀ, ਪਰ ਅੰਗਰੇਜ਼ਾਂ ਨੂੰ ਹਰ ਵਾਰੀ ਮੂੰਹ ਦੀ ਖਾਣੀ ਪਈ।[9] ਨਾਮਿਲਵਰਤਨ ਲਹਿਰ ਨਾਲ ਜੁੜਨ ਤੇ ਮਨੁੱਖ ਦੇ ਆਚਰਨ ਵਿਚ ਆਤਮ ਵਿਸ਼ਵਾਸ, ਸਹਿਨਸ਼ੀਲਤਾ, ਨਿਡਰਤਾ, ਦ੍ਰਿੜ੍ਹਤਾ ਅਤੇ ਸਮੁੱਚੇ ਸੰਗਠਨ ਦਾ ਇਕ ਜ਼ਰੂਰੀ ਹਿੱਸਾ ਬਣਨ ਦੀ ਇਕ ਉੱਚ ਭਾਵਨਾ ਪੈਦਾ ਹੁੰਦੀ ਹੈ।

ਇਸ ਤਰ੍ਹਾਂ ਦਾ ਉਤਸ਼ਾਹ ਤੇ ਜਾਗ੍ਰਿਤੀ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਪੈਰੋਕਾਰ ਆਪਣੀ ਮਾਤ ਬੋਲੀ ਨੂੰ ਪੜ੍ਹਨਾ ਲਿਖਣਾ ਜਾਣਦੇ ਹੋਣ। ਉਨ੍ਹਾਂ ਨੇ "ਮਰਯਾਦਾ ਤੋਰੀ ਕਿ ਜਦ ਤੱਕ ਕੁੜੀ ਮੁੰਡਾ ਗੁਰਮੁਖੀ ਅੱਖਰ ਪੜ੍ਹੇ ਲਿਖੇ ਨਾ ਹੋਣ ਉਨ੍ਹਾਂ ਦਾ ਆਨੰਦ ਕਾਰਜ ਨਾ ਕੀਤਾ ਜਾਏ। ਮੈਨੂੰ ਯਾਦ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਨੇ ਕਈ ਉਹਨਾਂ ਮੁੰਡੇ ਕੁੜੀਆਂ ਦਾ ਆਨੰਦ ਕਾਰਜ ਕਰਨੋਂ ਇਨਕਾਰ ਕਰ ਦਿੱਤਾ ਜਿਹੜੇ ਪੰਜਾਬੀ ਨਹੀਂ ਸਨ ਜਾਣਦੇ, ਚਾਹੇ ਉਹ ਬੀ. ਏ., ਐਮ. ਏ. ਵੀ ਪਾਸ ਸਨ।...ਉਹ ਚਾਹੁੰਦੇ ਸਨ ਕਿ ਮਾਤ ਭਾਸ਼ਾ ਪੰਜਾਬੀ ਵੀ ਉਨੀ ਉੱਨਤੀ ਕਰੇ ਜਿੰਨੀਆਂ ਕਿ ਦੂਜੀਆਂ ਬੋਲੀਆਂ ਉੱਨਤੀ ਕਰ ਰਹੀਆਂ ਨੇ।"

ਮਹਾਰਾਜ ਪਰਤਾਪ ਸਿੰਘ ਜੀ ਦਾ ਪੰਜਾਬੀ ਬੋਲੀ ਨਾਲ ਅਤਿਅੰਤ ਮੋਹ ਸੀ। ਬੋਲੀ ਦੇ ਵਾਧੇ ਤੇ ਪੰਜਾਬੀ ਸਾਹਿਤ ਦੀ ਤਰੱਕੀ ਲਈ ਸਪਤਾਹਿਕ ਅਖ਼ਬਾਰ 'ਸਤਿਜੁਗ' ਪ੍ਰਕਾਸ਼ਤ ਕਰਵਾਇਆ। ਇਸ ਸਪਤਾਹਿਕ ਪੱਤਰ ਰਾਹੀਂ ਅਨੇਕਾਂ ਪੰਜਾਬੀ ਕਵੀ ਸਾਹਮਣੇ ਆਏ। ਆਮ ਜਨਤਾ ਤੇ ਪੰਜਾਬੀਆਂ ਨੂੰ ਪੰਜਾਬੀ ਬੋਲੀ ਦੀ ਉੱਨਤੀ ਵੱਲ ਪ੍ਰੇਰਤ ਕਰਨ ਲਈ ਉਨ੍ਹਾਂ 17-18 ਅਕਤੂਬਰ 1942 ਨੂੰ ਭੈਣੀ ਸਾਹਿਬ ਵਿਖੇ ਇਕ ਪੰਜਾਬੀ ਕਾਨਫ਼ਰੰਸ ਕਰਵਾਈ।*

ਪੰਜਾਬ ਦਾ ਸਹੀ ਤੇ ਪੂਰਾ ਇਤਿਹਾਸ ਨਾ ਮਿਲਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਵਿਦਵਾਨਾਂ ਨੇ ਇਤਿਹਾਸ ਦੀ ਖੋਜ ਤੇ ਸੰਭਾਲ ਵੱਲ ਬਹੁਤ ਘੱਟ ਧਿਆਨ ਦਿੱਤਾ ਹੈ। ਨਾਮਧਾਰੀ ਲਹਿਰ ਦੇ ਸੰਚਾਲਕ ਮਹਾਰਾਜ ਰਾਮ ਸਿੰਘ ਜੀ ਪੰਜਾਬੀਆਂ ਦੀ ਇਸ ਕਮਜ਼ੋਰੀ ਅਤੇ ਇਤਿਹਾਸਕ ਮਸਾਲੇ ਦੀ ਮਹੱਤਾ ਤੋਂ ਬੜੀ ਚੰਗੀ ਤਰ੍ਹਾਂ ਵਾਕਫ਼ ਸਨ। ਉਹ ਆਪਣੇ ਇਕ ਹੁਕਮਨਾਮੇ ਵਿਚ ਲਿਖਦੇ ਹਨ, "ਹੋਰ ਹੁਕਮਨਾਮੇ ਤੇਰੇ ਪਾਸ ਭੇਜੇ ਹੈਂ ਸਾਰੀ ਸੰਗਤ ਬਾਸਤੇ। ਸੋ ਤੂੰ ਸਭ ਕੋ ਸੁਣਾ ਦਿਆ ਕਰ। ਜੋ ਏਧਰ ਆਉਣ ਬਾਲੇ ਹੈਂ ਉਨ ਕੋ ਹੁਕਮਨਾਮਾ ਸੁਣਾ ਦਿਆ ਕਰੋ। ਜੇ

* ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਕਈ ਥਾਂਈਂ ਪੰਜਾਬੀ ਕਾਨਫ਼ਰੰਸਾਂ ਕਰਵਾਈਆਂ ਸਨ ਅਤੇ ਉਨ੍ਹਾਂ ਨੂੰ ਆਰਥਕ ਸਹਿਯੋਗ ਵੀ ਦਿੱਤੇ। —ਸੰਪਾਦਕ

ਆਖੇ ਮੈਨੂੰ ਹੀ ਦੇ ਦੇਵੇਂ ਹੁਕਮਨਾਮਾ, ਤਾਂ ਉਸੇ ਕੋ ਦਿੱਤਾ ਕਰੋ ਉਤਾਰ ਕਰਕੇ।"[11] ਇਥੇ "ਉਸੇ ਕੋ ਦਿੱਤਾ ਕਰੋ ਉਤਾਰ ਕਰਕੇ" ਸ਼ਬਦ ਵਧੇਰੇ ਧਿਆਨ ਮੰਗਦੇ ਹਨ। ਉਹ ਚਾਹੁੰਦੇ ਸਨ ਕਿ ਮੌਲਿਕ ਹੁਕਮਨਾਮਾ ਤਾਂ ਆਪਣੇ ਕੋਲ ਸੰਭਾਲ ਕੇ ਰਖਿਆ ਜਾਏ ਅਤੇ ਉਸਦੀ ਨਕਲ ਕਰਕੇ ਹੀ ਕਿਸੇ ਨੂੰ ਦਿੱਤੀ ਜਾਏ। ਦੇਵਿੰਦਰ ਸਿੰਘ ਗਿਲ ਅਨੁਸਾਰ "ਆਪ ਜੀ ਦੀ ਪ੍ਰੇਰਨਾ ਨਾਲ ਮਹਾਰਾਜ ਗੁਰਦਿਆਲ ਸਿੰਘ* ਜੀ ਵੀ ਨਾਮਧਾਰੀ ਇਤਿਹਾਸ ਦੀ ਸਾਂਭ ਸੰਭਾਲ ਕਰਨ ਲੱਗੇ। ਉਨ੍ਹਾਂ ਨੇ ਬੜੀ ਕਰੜੀ ਘਾਲਨਾ ਦੁਆਰਾ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਮੌਜੂਦ ਨਾਮਧਾਰੀ ਇਤਿਹਾਸ ਦੀਆਂ ਲਿਖਤਾਂ ਇਕੱਠੀਆਂ ਕੀਤੀਆਂ। ਸਤਿਗੁਰਾਂ ਦੀ ਪ੍ਰੇਰਨਾ ਨਾਲ ਸਰਦਾਰ ਨਾਹਰ ਸਿੰਘ ਨੇ ਨੈਸ਼ਨਲ ਆਰਕਾਈਵਜ਼ ਦਿੱਲੀ 'ਚੋਂ ਨਾਮਧਾਰੀਆਂ ਬਾਰੇ ਮੌਜੂਦ ਸਮਗਰੀ ਨੂੰ ਤਿੰਨ ਚਾਰ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਤ ਕਰਵਾਇਆ।" (ਦੇਵਿੰਦਰ ਸਿੰਘ ਗਿਲ—ਅਕਸ ਜੂਨ 1990, ਸਫ਼ਾ-31, 33)।

ਆਪਣੀ ਮਾਤ ਬੋਲੀ ਨਾਲ ਪਿਆਰ, ਇਤਿਹਾਸਕ ਤੱਥਾਂ ਦੀ ਜਾਣਕਾਰੀ ਅਤੇ ਆਪਣੇ ਬਜ਼ੁਰਗਾਂ ਦੀਆਂ ਕੀਤੀਆਂ ਕੁਰਬਾਨੀਆਂ ਤੋਂ ਮਿਲੀ ਪ੍ਰੇਰਨਾ ਸਦਕੇ ਹਰ ਵਿਅਕਤੀ ਦੇ ਆਚਰਨ ਅੰਦਰ ਜਿਥੇ ਮਾਤ ਬੋਲੀ ਵਿਚ ਕੀਤੇ ਵਿਚਾਰ-ਪ੍ਰਗਟਾਵੇ ਵਿਚਲੀ ਸ਼ਕਤੀ ਵਧਦੀ ਹੈ, ਉਥੇ ਉਹ ਆਪਣੇ ਵਿਰਸੇ, ਸਭਿਆਚਾਰ ਤੇ ਇਤਿਹਾਸ ਦੀ ਵਾਕਫ਼ੀ ਵੀ ਪੈਦਾ ਕਰ ਸਕਦਾ ਹੈ। ਵਤਨ ਤੋਂ ਦੂਰ ਹੋ ਜਾਣ ਸਮੇਂ ਵਤਨੀਆਂ ਤੇ ਵਤਨ-ਪਿਆਰ ਲਈ ਸਿਕ ਵੱਧ ਜਾਂਦੀ ਹੈ। ਮਹਾਰਜ ਰਾਮ ਸਿੰਘ ਜੀ ਨੇ ਬਰਮਾਂ ਦੀ ਨਜ਼ਰਬੰਦੀ ਸਮੇਂ ਜੋ ਹੁਕਮਨਾਮੇ ਜਾਰੀ ਕੀਤੇ ਸਨ, ਉਹਨਾਂ ਹੁਕਮਨਾਮਿਆਂ ਦੀ ਇਤਿਹਾਸਕ, ਸਾਹਿਤਕ ਅਤੇ ਸਭਿਆਚਾਰਕ ਮਹਾਨਤਾ ਬਹੁਤ ਹੈ। ਇਕ ਹੁਕਮਨਾਮੇ ਵਿਚ ਆਪਣੇ ਵਤਨ-ਪਿਆਰ ਦਾ ਪ੍ਰਗਟਾਵਾ ਕਰਦਿਆਂ, ਉਹ ਲਿਖਦੇ ਹਨ, "ਹੋਰ ਭਾਈ ਤੁਸੀਂ ਤਾਂ ਸਾਡੀ ਦੇਹਿ ਪ੍ਰਾਨ ਹੋ। ਸਾਨੂੰ ਤਾਂ ਪੰਜਾਬ ਦਾ ਜੇ ਭੰਗੀ ਮਿਲਦਾ ਹੈ ਤਾਂ ਉਸ ਨੂੰ ਬੀ ਬੜੀ ਚਾਹਿ ਨਾਲ ਮਿਲਦੇ ਹਾਂ। ਸਾਨੂੰ ਤਾਂ ਪੰਜਾਬ ਦੇ ਮਾਨੁੱਖ ਦਾ ਦੀਦਾਰ ਹੋਣਾ ਭੀ ਬੜਾ ਦੁਰਲੰਭ ਹੈ।"[12]

ਹਰ ਵਿਅਕਤੀ ਦੀ ਸੰਸਾਰਕ ਤੇ ਸਮਾਜਕ ਜੀਵਨ-ਜਾਚ ਉਤਨਾ ਚਿਰ ਅਧੂਰੀ ਰਹਿੰਦੀ ਹੈ ਜਿਤਨਾਂ ਚਿਰ ਉਹ ਅਧਿਆਤਮਕ ਜੀਵਨ-ਜਾਚ ਨਹੀਂ ਸਿਖ ਲੈਂਦਾ। ਅਧਿਆਤਮਕ ਜੀਵਨ-ਜਾਚ ਸਿਖਾਉਣ ਵਿਚ ਧਰਮ ਸਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਡਾਕਟਰ ਰਾਧਾ ਕਰਿਸ਼ਨਨ ਅਨੁਸਾਰ ਵੱਖੋ ਵੱਖਰੇ ਧਰਮ ਸਤਿ ਨਹੀਂ, ਸਗੋਂ ਸਤਿ ਬਾਰੇ ਵੱਖੋ ਵੱਖਰੇ ਵਿਚਾਰ ਪੇਸ਼ ਕਰਦੇ ਹਨ। ਉਹ ਵਿਸ਼ਵਵਾਦੀ ਤੇ ਅਕਾਲਇਕੋਸਤਿ ਦੇ ਵਿਕੋਲਿਤਰੇ ਇਤਿਹਾਸਕ-ਪ੍ਰਗਟਾਵੇ ਹਨ। ਸਵਾਮੀ ਸਿਵਾਨੰਦ ਦੇ ਸ਼ਬਦਾਂ ਵਿਚ 'ਧਰਮ ਕਰੱਤਵ ਨੂੰ ਸਮਝਣ ਦਾ ਉਹ ਵਿਗਿਆਨ ਹੈ ਜੋ ਮਨੁੱਖ ਨੂੰ

---

* ਮਹਾਰਾਜ ਗੁਰਦਿਆਲ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਦੇ ਛੋਟੇ ਭਰਾ ਸਨ।—ਸੰਪਾਦਕ

ਆਪਣੀ ਸ਼ਖ਼ਸੀਅਤ ਵਿਕਸਣ ਅਤੇ ਮਨੁੱਖਤਾ ਅਤੇ ਪ੍ਰਭੂ ਨਾਲ ਏਕਤਾ ਅਨੁਭਵ ਕਰਨ ਵਿਚ ਸਹਾਇਤਾ ਕਰਦਾ ਹੈ।'[13]

ਨਾਮ ਬਾਣੀ ਦਾ ਜੁੜ ਕੇ ਕੀਤਾ ਪਾਠ, ਕੀਰਤਨ ਅਤੇ ਅਧਿਐਨ ਆਤਮਕ-ਬਲ ਦੇ ਵਾਧੇ ਵਿਚ ਸਹਾਇਤਾ ਕਰਦਾ ਹੈ। ਇੰਦਰ ਸਿੰਘ ਚਕ੍ਰਵਰਤੀ ਦੇ ਸ਼ਬਦਾਂ ਵਿਚ, "ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਪੰਥ ਦੀ ਸਮਾਜਕ ਵਿਵਸਥਾ, ਕਲਾ ਕੌਸ਼ਲਤਾ, ਪੰਥਕ ਬੇਹਤਰੀ ਦੇ ਚਾਹਵਾਨਾਂ ਨੂੰ ਸਦਾ ਆਦੇਸ਼ ਦਿਆ ਕਰਦੇ ਸਨ ਕਿ ਪੰਥਕ ਉੱਨਤੀ ਦੀ ਰੀਝ ਪਗਡੰਡੀ ਤੇ ਤੁਰਨ ਵਾਲੇ ਹਰ ਇਕ ਲਈ ਇਹ ਬਹੁਤ, ਬਹੁਤ ਹੀ ਜ਼ਰੂਰੀ ਹੈ ਕਿ ਉਹ ਕਿਡਾ ਜ਼ਰੂਰੀ ਕੰਮ ਵੀ ਕਿਉਂ ਨਾ ਕਰਦਾ ਹੋਵੇ, ਭਜਨ-ਬਾਣੀ, ਨਾਮ-ਸਿਮਰਨ ਆਦਿ ਨਾਮਧਾਰੀ ਬੁਨਿਆਦੀ ਅਸੂਲ ਤੋਂ ਗਾਫ਼ਲ ਹੈ ਤਾਂ ਉਹ ਸਾਡੇ ਪਿਆਰ ਦਾ ਸਾਂਝੀਵਾਲ ਨਹੀਂ। ਅਸੀਂ ਆਪਣੇ ਪੰਥ ਦੇ ਹਰ ਇਕ ਨਾਮਧਾਰੀ ਤੋਂ ਇਹ ਆਸ ਰੱਖਦੇ ਹਾਂ ਕਿ ਉਹ ਦੇਸ਼ਭਗਤ, ਅਹਿੰਸਕ ਤੇ ਸੱਚਾ ਹੋਵੇ।"[14]

ਬਾਣੀ-ਕੀਰਤਨ ਦੀ ਪ੍ਰਥਾ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਚਲ ਪਈ ਸੀ ਜਿਸ ਨੂੰ ਆਉਣ ਵਾਲੇ ਗੁਰੂ ਸਾਹਿਬਾਨ ਨੇ ਜਾਰੀ ਰਖਿਆ। ਪੰਜਾਬੀ ਦੇ ਪ੍ਰਸਿੱਧ ਕਵੀ ਅਵਤਾਰ ਸਿੰਘ ਆਜ਼ਾਦ ਅਨੁਸਾਰ, "ਆਪ (ਸਤਿਗੁਰੂ ਪਰਤਾਪ ਸਿੰਘ) ਸਦਾ ਅੰਮ੍ਰਿਤ ਵੇਲੇ ਠੀਕ ਸਮੇਂ ਸਿਰ ਜਾਗ ਪੈਂਦੇ ਸਨ। ਕੀ ਮਜਾਲ ਆਲਸ ਜਾਂ ਸੁਸਤੀ ਨੂੰ ਆਪ ਨੇ ਨੇੜੇ ਵੀ ਆਉਣ ਦਿੱਤਾ ਹੋਵੇ। ਆਸਾ ਦੀ ਵਾਰ ਦਾ ਕੀਰਤਨ ਆਦਿ ਸਤਿਗੁਰਾਂ ਦੇ ਸਮੇਂ ਤੋਂ ਹੀ ਸਿੱਖਾਂ ਦੇ ਨਿਤਨੇਮ ਦਾ ਜ਼ਰੂਰੀ ਅੰਗ ਬਣ ਚੁਕਾ ਹੈ। ਆਸ ਦੀ ਵਾਰ ਵਿਚ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਨਿਰੰਕਾਰੀ ਸਤਿਗੁਰਾਂ ਨੇ ਅਤਿ ਸੁਨਹਿਰੇ ਰੂਪ ਵਿਚ ਗੁੰਦਿਆ ਅਤੇ ਬਿਆਨਿਆ ਹੈ। ਇਸ ਦੇ ਕੀਰਤਨ ਦੀ ਤਾਕੀਦ ਇਸ ਲਈ ਕੀਤੀ ਗਈ ਹੈ, ਤਾਂ ਜੋ ਇਹ ਬਾਣੀ ਸਾਡੇ ਅੰਮ੍ਰਿਤ ਵੇਲੇ ਦੇ ਨਿਤਨੇਮ ਤੇ ਕੀਰਤਨ ਦਾ ਜ਼ਰੂਰੀ ਅੰਗ ਬਣੀ ਰਹੇ। ਸਤਿਗੁਰੂ ਜੀ ਜਿਥੇ ਵੀ ਹੁੰਦੇ ਸਨ, ਅੰਮ੍ਰਿਤ ਵੇਲੇ ਦਾ ਦੀਵਾਨ ਉੱਥੇ ਹੀ ਲਗਦਾ ਸੀ ਤੇ ਸੂਰਜ ਦੀ ਟਿਕੀ ਚੜ੍ਹਨ ਤੋਂ ਪਹਿਲਾਂ ਸ੍ਰੀ ਆਸਾ ਦੀ ਵਾਰ ਦਾ ਭੋਗ ਪੈ ਜਾਂਦਾ ਸੀ।"[15]

'ਆਸਾ ਦੀ ਵਾਰ' ਦੇ ਕੀਰਤਨ ਉਤੇ ਉਹ ਇਸ ਕਾਰਣ ਜ਼ੋਰ ਦੇਂਦੇ ਸਨ ਕਿਉਂਕਿ ਉਹ ਜਾਣਦੇ ਸਨ ਕਿ ਆਤਮਕ ਗਜ਼ਾਂ ਬਾਣੀ ਤੇ ਉਸਦੇ ਕੀਰਤਨ ਤੋਂ ਹੀ ਮਿਲ ਸਕਦੀ ਹੈ। ਸਰੀਰ ਦੋ ਚੀਜ਼ਾਂ—ਰੂਹ ਤੇ ਜਿਸਮ—ਦਾ ਮਿਸ਼ਰਨ ਹੈ ਜਿਨ੍ਹਾਂ ਵਿਚੋਂ ਰੂਹ ਵਧੇਰੇ ਜ਼ਰੂਰੀ ਹੈ। ਰੂਹ ਬਿਨਾਂ ਜਿਸਮ ਮੁਰਦਾ ਬਣ ਜਾਂਦਾ ਹੈ ਜਿਸ ਦਾ ਕੋਈ ਮੁੱਲ ਨਹੀਂ ਰਹਿੰਦਾ ਅਤੇ ਉਸਨੂੰ ਸਾੜ ਕੇ ਜਾਂ ਦਫ਼ਨਾ ਕੇ ਖ਼ਤਮ ਕਰ ਦਿੱਤਾ ਜਾਂਦਾ ਹੈ। ਪਰ ਇਸਦਾ ਇਹ ਮਤਲਬ ਨਹੀਂ ਕਿ ਸਰੀਰ ਦਾ ਕੋਈ ਮੁੱਲ ਨਹੀਂ। ਜਿਸਮ ਬਣੇ ਬਿਨਾਂ ਰੂਹ ਇਨਸਾਨੀ ਰੂਪ ਧਾਰਨ ਨਹੀਂ ਕਰ ਸਕਦੀ।

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥

ਮਨੁੱਖੀ ਸਰੀਰ ਵੀ ਬੜੀ ਮੁਸ਼ਕਲਾਂ ਨਾਲ ਅਤੇ ਸਾਧਨਾ ਪਿਛੋਂ ਨਸੀਬ ਹੁੰਦਾ ਹੈ। ਕਬੀਰ ਜੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਦੇ ਹਨ :—

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥
ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥
ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥

ਮਹਾਰਾਜ ਪਰਤਾਪ ਸਿੰਘ ਜੀ ਆਪ ਕਸਰਤ ਕਰਦੇ ਅਤੇ ਸਾਥੀਆਂ ਨੂੰ ਵੀ ਕਸਰਤ ਕਰਨ ਸਮੇਂ ਨਾਲ ਲੈ ਲੈਂਦੇ। ਉਹ ਇਸ ਰਹੱਸ ਤੋਂ ਭਲੀ ਪ੍ਰਕਾਰ ਜਾਣੂ ਸਨ ਕਿ ਦੇਹ ਦੇ ਨਰੋਏ ਹੋਇਆਂ ਬਾਝੋਂ ਨਾ ਕੋਈ ਵਿਅਕਤੀ ਆਪਣਾ ਧਰਮ ਕਰਮ ਪੂਰਾ ਕਰ ਸਕਦਾ ਹੈ ਅਤੇ ਨਾ ਹੀ ਦੂਜੇ ਲੋੜਵੰਦਾਂ ਦੀ ਸੇਵਾ ਵਿਚ ਹਿੱਸਾ ਲੈ ਸਕਦਾ ਹੈ। ਇੰਜ ਉਹ ਸਰੀਰਕ ਲੋੜਾਂ ਅਤੇ ਆਤਮਕ ਗਰਜ਼ਾਂ—ਦੋਹਾਂ ਦਾ ਪੂਰਾ ਪੂਰਾ ਧਿਆਨ ਰੱਖਦੇ ਸਨ। ਉਹ ਜਾਣਦੇ ਸਨ ਕਿ ਅਧਿਆਤਮਕਤਾ ਜੀਵਨ ਵਿਚ ਸ਼ਾਂਤੀ, ਸ਼ਕਤੀ ਤੇ ਸੋਹਜ ਪੈਦਾ ਕਰਦੀ ਹੈ।

ਸਿੱਖ ਗੁਰੂ ਸਾਹਿਬਾਨ ਵਾਂਗ ਉਹਨਾਂ ਸਾਰਿਆਂ ਨੇ ਗ੍ਰਹਿਸਥ ਧਰਮ ਨੂੰ ਪ੍ਰਵਾਨ ਕੀਤਾ ਕਿਉਂਕਿ ਸਿੱਖ ਗੁਰੂ ਸਾਹਿਬਾਨ ਆਪ ਇਸ ਗਾਡੀ ਰਾਹ ਉਤੇ ਚਲੇ ਸਨ ਅਤੇ ਉਹਨਾਂ ਨੇ ਆਪਣੇ ਸਿੱਖਾਂ ਨੂੰ ਸਮਝਾਇਆ ਸੀ ਕਿ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ'। ਉਪਨਿਸ਼ਦਾਂ ਵਿਚ ਯਜਨਾਵਾਲਕਿਆ (Yajna Valkya) ਲਿਖਦਾ ਹੈ ਕਿ ਦੌਲਤ, ਪਤਨੀ, ਤਾਕਤ ਤੇ ਸਿਹਤ ਆਪਣੇ ਆਪ ਵਿਚ ਇਤਨਾ ਮੁੱਲ ਨਹੀਂ ਰੱਖਦੇ ਜਿਤਨਾ ਕਿ ਏਹ ਮਨੁੱਖ ਨੂੰ ਸਵੈ ਪਛਾਣ ਅਤੇ ਪ੍ਰਭੂ ਦੀ ਪ੍ਰਾਪਤੀ ਵਿਚ ਸਹਾਇਤਾ ਕਰ ਸਕਦੇ ਹਨ।[16] ਇਸਤ੍ਰੀ ਮਰਦ ਦੇ ਆਚਰਨ ਨੂੰ ਬਣਾਦੀ, ਸੰਵਾਰਦੀ ਅਤੇ ਕਾਬੂ ਵਿਚ ਰੱਖਦੀ ਹੈ। ਇਸੇ ਭਾਵ ਨੂੰ ਮੁੱਖ ਰੱਖ ਕੇ ਜ਼ੁਲੂ (Zulu) ਸ਼ਬਦਕੋਸ਼ ਵਿਚ ਲਿਖਿਆ ਹੋਇਆ ਹੈ ਕਿ ਮਰਦ ਉਹ ਜਾਨਵਰ ਹੈ ਜਿਸ ਨੂੰ ਤੀਵੀਂ ਸਿਖਾਂਦੀ ਤੇ ਸੁਧਾਰਦੀ ਹੈ। ਉਹ ਉਸ ਨੂੰ ਬਚਪਨ ਤੋਂ ਲੈ ਕੇ ਜਵਾਨੀ ਤਕ ਆਚਰਨ-ਉਸਾਰੀ ਦੀ ਸਿੱਖਿਆ ਦੇਂਦੀ ਹੈ। ਮਕਾਨ (House) ਘਰ (Home) ਉਦੋਂ ਹੀ ਬਣਦਾ ਹੈ ਜਦੋਂ ਇਸ ਵਿਚ ਇਸਤ੍ਰੀ ਪ੍ਰਵੇਸ਼ ਕਰਦੀ ਹੈ। ਮਹਾਰਾਜ ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਵਿਆਹ ਸ਼ਾਦੀਆਂ ਸਮੇਂ ਕੀਤੇ ਫਜ਼ੂਲ ਖ਼ਰਚਿਆਂ ਤੋਂ ਬਚਾਣ ਲਈ ਸੰਨ 1863 ਈਸਵੀ ਤੋਂ ਸਾਦੇ ਵਿਆਹਾਂ ਦੀ ਪ੍ਰਥਾ ਚਲਾਈ ਜੋ ਹੁਣ ਤੱਕ ਹੋਲੇ ਮੱਹਲੇ ਦੇ ਸ਼ੁਭ ਅਵਸਰ ਤੇ ਇਕੱਠੇ ਆਨੰਦ ਕਾਰਜ ਹੁੰਦੇ ਆ ਰਹੇ ਹਨ। ਵਿਆਹ ਪਿਛੋਂ ਦੰਪਤੀ ਪਿਆਰ ਵਿਚ ਪਈਆਂ ਤਿੜਕਾਂ ਨੂੰ ਦੂਰ ਕਰਨ ਲਈ ਮਹਾਰਾਜ ਪਰਤਾਪ ਸਿੰਘ ਹਜ਼ਾਰਾਂ ਜੋੜਿਆਂ ਦੇ ਅੰਤਰ-ਦੁੱਖ ਸੁਣਦੇ ਅਤੇ ਵਿਵਹਾਰਕ ਪੱਖੋਂ ਉਹਨਾਂ ਨੂੰ ਸਿੱਧੇ ਤੇ ਸਹੀ ਰਸਤੇ ਉਤੇ ਪਾ ਕੇ ਉਹਨਾਂ ਦੀ ਸੁਚੱਜੀ ਅਗਵਾਈ ਕਰਦੇ ਸਨ। ਗੁਰੂ ਨਾਨਕ ਦੇ ਅਦੁੱਤੀ ਵਿਚਾਰ

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਅਨੁਸਾਰ ਇਸਤ੍ਰੀ ਮਰਦ ਨਾਲ ਇਕੋ ਜਿਹਾ ਸਲੂਕ ਕੀਤਾ ਜਾਂਦਾ ਹੈ।

ਗ੍ਰਹਿਸਥੀ ਲਈ ਦਸਾਂ ਨੁਹਾਂ ਦੀ ਕਿਰਤ ਕਰਨੀ ਜ਼ਰੂਰੀ ਦਸੀ। ਮਹਾਰਾਜ ਰਾਮ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਆਪਣੇ ਪੈਰੋਕਾਰਾਂ ਲਈ ਜੀਵਨ-ਜਾਚ ਦਾ ਵਿਸਥਾਰ ਕਰਦਿਆਂ ਲਿਖਿਆ ਹੈ, "ਜੌ ਸਵਾ ਪਹਿਰ ਰਾਤ ਤੇ ਪਹਿਰ ਤੇ ਉਠ ਕੇ ਹਮੇਸਾਂ ਸਨਾਨੁ ਕਰਨਾ, ਬਾਣੀ ਪੜ੍ਹਨੀ, ਫੇਰ ਭਜਨ ਕਰਨਾ, ਦਿਨ ਰਾਤ ਕੰਮ ਕਾਰ ਮੇ ਜਿੰਨਾ ਹੋਇ ਆਵੈ ਅਰ ਜਥਾ ਸਕਤ ਦਾਨ ਕਰਨਾ ਅਰੁ ਕਿਸੇ ਦੀ ਕੋਈ ਬੀ ਚੀਜ ਚਕਣੀ ਚੁਰਾਉ ਨਾ।"[11] ਇੰਜ ਆਪਣੇ ਪੈਰੋਕਾਰਾਂ ਨੂੰ ਸਿੱਧੇ ਰਸਤੇ ਉਤੇ ਪਾਉਣ ਦੀ ਚਿੰਤਾ ਉਨ੍ਹਾਂ ਨੂੰ ਬਰਮਾ ਦੀ ਨਜ਼ਰਬੰਦੀ ਸਮੇਂ ਵੀ ਸੀ।

ਮਹਾਰਾਜ ਰਾਮ ਸਿੰਘ ਜੀ ਜਾਣਦੇ ਸਨ ਕਿ ਸੁਚੱਜਾ ਆਚਰਨ ਨਿਮਰਤਾ ਬਿਨਾਂ ਨਹੀਂ ਚੰਗਾ ਪ੍ਰਭਾਵ ਪਾ ਸਕਦਾ ਕਿਉਂਕਿ ਜਿਸ ਮਨੁੱਖ ਵਿਚ ਨਿਮਰਤਾ ਨਹੀਂ, ਉਸ ਵਿਚ ਹਉਮੈ ਦੀ ਬੀਮਾਰੀ ਦੇ ਆ ਜਾਣ ਦਾ ਡਰ ਹਮੇਸ਼ਾਂ ਲੱਗਾ ਰਹਿੰਦਾ ਹੈ, ਹਉਮੈ ਦੀਰਘ ਰੋਗ ਹੈ। ਉਨ੍ਹਾਂ ਪਹਿਲਾਂ ਆਪਣੇ ਆਚਰਨ ਰਾਹੀਂ ਨਿਮਰਤਾ ਦਾ ਪ੍ਰਗਟਾਵਾ ਕੀਤਾ ਆਪਣੇ ਇਕ ਹੁਕਮਨਾਮੇ ਵਿਚ ਲਿਖਦੇ ਹਨ, "ਜੇ ਓਹੁ ਨਹੀਂ ਮੇਰਾ ਸਰੀਰੁ, ਤੁਸੀਂ ਕਾਸਨੂੰ ਦੇਥੇ ਆਉਣਾ ਹੈ ਮੇਰੇ ਜਹੇ ਸੈਂਕੜੇ ਤਖਾਣ ਫਿਰਦੇ ਹੈ ਦੇਸ ਮੇਂ।" ਇਸ ਤਰ੍ਹਾਂ ਦੀ ਨਿਮਰਤਾ ਪ੍ਰਗਟਾਉਣ ਪਿਛੇ ਗੁਰੂ ਗੋਬਿੰਦ ਸਿੰਘ ਦੀ ਹੀ ਉਹ ਮਹਾਨ ਸਪਿਰਟ ਕੰਮ ਕਰ ਰਹੀ ਸੀ ਜਦੋਂ ਉਨ੍ਹਾਂ ਫ਼ੁਰਮਾਇਆ ਸੀ :

ਜੋ ਹਮ ਕੋ ਪਰਮੇਸਰ ਉਚਰਿਹੈ ॥
ਤੇ ਸਭਿ ਨਰਕਿ ਕੁੰਭ ਮਹਿ ਪਰਿ ਹੈ ॥
ਮੋ ਕੌ ਦਾਸੁ ਤਵਨ ਕਾ ਜਾਨੋ ॥
ਯਾ ਮੈ ਭੇਦੁ ਨ ਰੰਚ ਪਛਾਨੋ ॥
ਮੋਹੇ ਪਰਮ ਪੁਰਖ ਕੋ ਦਾਸਾ ॥
ਦੇਖਨਿ ਆਯੋ ਜਗਤ ਤਮਾਸਾ ॥

ਇਸੇ ਨਿਮਰਤਾ ਸਦਕੇ ਉਹ ਦੂਜਿਆਂ ਦਾ ਸਤਿਕਾਰ ਕਰਦੇ ਅਤੇ ਅਤਿ ਦਾ ਸਤਿਕਾਰ ਪ੍ਰਾਪਤ ਕਰਦੇ ਸਨ। ਪ੍ਰੀਤਮ ਸਿੰਘ ਕਵੀ ਅਨੁਸਾਰ, "ਸਤਿਗੁਰੂ ਜੀ ਨੂੰ, ਅਦਨੇ ਤੋਂ ਅਦਨੇ ਗ਼ੈਰ ਨਾਮਧਾਰੀ ਨਾਲ ਵੀ ਸਿਰੇ ਦੀ ਨਿਮਰਤਾ, ਮਿੱਠਤ ਅਤੇ ਅਦਬ ਵਰਤਦਿਆਂ ਵੇਖਿਆ ਹੈ।" ਉਹ ਬੇਗਰਜ਼ ਦੋਸਤੀ ਪਾਲਣ ਦੀ ਸਿਫਾਰਸ਼ ਕਰਦੇ ਸਨ ਕਿਉਂਕਿ ਦੋਸਤ (ਦੋ—ਸਤ) ਉਹ ਹੀ ਬਣ ਸਕਦਾ ਹੈ ਜੋ ਦੋਹਾਂ ਤਰਫ਼ਾਂ ਤੋਂ ਸਤਿ ਭਾਵ ਸੱਚਾਈ ਦਾ ਪ੍ਰਗਟਾਵਾ ਕਰੇ। ਬੱਚਿਆਂ ਅਤੇ ਪਸ਼ੂਆਂ ਵੱਲ ਉਹ ਉਚੇਚਾ ਧਿਆਨ ਦੇਂਦੇ ਸਨ ਕਿਉਂਕਿ ਏਹਨਾਂ ਬਿਨਾਂ ਮਨੁੱਖ ਦਾ ਜੀਵਨ ਅਧੂਰਾ ਹੀ ਰਹਿੰਦਾ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ, ਮਹਾਰਾਜ ਪਰਤਾਪ ਸਿੰਘ ਜੀ ਨੇ ਆਪ ਸੁਚੱਜਾ ਜੀਵਨ ਜੀਵਿਆ ਅਤੇ ਆਪਣੇ ਪੈਰੋਕਾਰਾਂ ਨੂੰ ਸੁਚੱਜੀ ਤੇ ਸੁਢੰਗੀ ਜੀਵਨ-ਜਾਚ ਸਿਖਾਈ। ਉਹਨਾਂ ਜੀਵਨ ਦਾ ਕੋਈ ਵੀ ਪਹਿਲੂ ਛੱਡਿਆ ਨਹੀਂ,

ਸਗੋਂ ਸਮੁੱਚੇ ਜੀਵਨ ਵੱਲ ਧਿਆਨ ਦਿੱਤਾ ਹੈ। ਜੀਵਨ ਨੂੰ ਧਾਰਮਕ, ਸਮਾਜਕ, ਰਾਜਨੀਤਕ, ਸਭਿਆਚਾਰਕ ਖ਼ਾਨਿਆਂ ਵਿਚ ਪੂਰੀ ਤਰ੍ਹਾਂ ਵੰਡਿਆ ਨਹੀਂ ਜਾ ਸਕਦਾ, ਹਾਂ ਸਮਝਣ ਲਈ ਇਹ ਵੰਡ ਕੀਤੀ ਜਾ ਸਕਦੀ ਹੈ।

ਦੂਜੇ ਉਹ ਇਸ ਭੇਦ ਤੋਂ ਭਲੀ ਭਾਂਤ ਜਾਣੂ ਸਨ ਕਿ ਪੈਰੋਕਾਰਾਂ ਦੀ ਜੀਵਨ-ਜਾਚ ਸਿੱਖਿਆ ਨੂੰ ਪੱਕਾ ਤੇ ਲਗਾਤਾਰਤਾ ਵਿਚ ਪਲਟਣ ਲਈ ਜ਼ਰੂਰੀ ਹੈ ਕਿ ਕੁਝ ਐਸੇ ਕੇਂਦਰ ਖੋਲ੍ਹੇ ਤੇ ਬਣਾਏ ਜਾਣ ਜਿਥੋਂ ਪੈਰੋਕਾਰਾਂ ਨੂੰ ਹਰ ਸਮੇਂ ਅਗਵਾਈ ਅਤੇ ਪ੍ਰੇਰਨਾ ਮਿਲਦੀ ਰਹੇ। ਇਸੇ ਖ਼ਿਆਲ ਨਾਲ ਭੈਣੀ ਸਾਹਿਬ ਅਤੇ ਸਰਸੇ ਦੇ ਡੇਰੇ ਉਸਾਰੇ ਗਏ ਸਨ।

ਤੀਜੇ ਉਹਨਾਂ ਦੀ ਪੂਰਨ ਸਫਲਤਾ ਦਾ ਕਾਰਣ ਇਹ ਸੀ ਕਿ ਉਹਨਾਂ ਸਿੱਖ ਗੁਰੂ ਸਾਹਿਬਾਨ ਦੇ ਕਦਮਾਂ ਉਤੇ ਚਲਦਿਆਂ ਆਪਣੇ ਪੈਰੋਕਾਰਾਂ ਨੂੰ ਉਹੋ ਕੁਝ ਹੀ ਕਰਨ ਲਈ ਕਿਹਾ ਜੋ ਉਹਨਾਂ ਆਪ ਆਪਣੇ ਜੀਵਨ ਵਿਚ ਕਰ ਵਿਖਾਇਆ ਸੀ। ਇੰਜ ਮਨ, ਬਚ, ਕਰਮ ਵਿਚ ਸਾਂਝ ਪੈਦਾ ਹੋ ਜਾਂਦੀ ਹੈ।

ਚੌਥੇ ਅਨੁਸਾਸ਼ਨ, ਲਿਬਾਸ ਏਕਤਾ, ਵਿਚਾਰ ਸਾਂਝ ਤੇ ਜੀਵਨ-ਜਾਚ ਦੀ ਇਕਸਾਰਤਾ ਵੱਲ ਉਹਨਾਂ ਪੂਰਾ ਪੂਰਾ ਧਿਆਨ ਦਿੱਤਾ ਜਿਸ ਕਾਰਣ ਨਾਮਧਾਰੀ ਸੰਗਠਨ ਏਕਤਾ ਵਿਚ ਪਰੋਇਆ ਫੁੱਲਾਂ ਦਾ ਇਕ ਹਾਰ ਲਗਦਾ ਹੈ ਜਿਸ ਦੀ ਮਹਿਕ ਲੱਖਾਂ ਲੋਕਾਂ ਨੂੰ ਮਖ਼ਮੂਰ ਕਰਦੀ ਰਹਿੰਦੀ ਹੈ।

ਹਵਾਲਾ ਪੁਸਤਕ-ਸੂਚੀ

1. **Radhakrishnan, Religion And Society Page 43.**
2. ਕਾਮਰੇਡ ਸੋਹਨ ਸਿੰਘ ਜੋਸ਼—ਮਹਾਰਾਜ ਜੀ ਦੇ ਪਾਏ ਪੂਰਨਿਆਂ ਉਤੇ ਚੱਲੋ (ਥਡ ਪਰਤਾਪੁ ਸੁਨਿਓ ਪ੍ਰਭ ਤੁਮ੍ਹਰੋ—ਸੰਪਾਦਕ ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ) ਸਫ਼ਾ-100.
3. **Jaswinder Singh—Kuka Movement, Freedom Struggle in Punjab**—ਦੂਸਰਾ ਹੁਕਮਨਾਮਾ—ਸਫ਼ਾ-333.
4. ਦੇਵਿੰਦਰ ਸਿੰਘ ਗਿਲ—ਯੁਗ ਪ੍ਰਵਰਤਕ ਸਤਿਗੁਰੂ ਪਰਤਾਪ ਸਿੰਘ ਜੀ (ਅਕਸ, ਜੂਨ 1990—ਸਫ਼ਾ-30-31.)
5. ਉਹੀ—ਸਫ਼ਾ-30.
6. ਉਹੀ—ਸਫ਼ਾ-30.
7. **Radhakrishnan—Religion And Society Page 14.**
8. ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ—ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਹਰੋ—ਸਫ਼ਾ-54.
9. **G. S. Chabra—Advanced History of the Panjab Page 404.**

10. ਬੂਟਾ ਸਿੰਘ—ਸ੍ਰੀ ਸਤਿਗੁਰ ਪਰਤਾਪ ਸਿੰਘ ਜੀ ਦੀ ਸਮਾਜਕ ਦੇਣ (ਬਡ ਪਰਤਾਪੁ ਸੁਨਿਓ ਪ੍ਰਭੁ ਤੁਮ੍ਹਰੋ—ਸਫ਼ਾ-81).

11. **Jaswinder Singh—Kuka Movement, Freedom Struggle in Punjab**—ਦੂਸਰਾ ਹੁਕਮਨਾਮਾ—ਸਫ਼ਾ-333.

12. ਉਹੀ—ਸਫ਼ਾ 335 (ਇਕ ਹੋਰ ਹੁਕਮਨਾਮਾ)

13. **Sri Swami Sivananda Studies in Western Philosophy Page XX.**

14. ਇੰਦਰ ਸਿੰਘ ਚਕ੍ਰਵਰਤੀ—ਅਵਤਾਰ-ਆਗਮਨ (ਬਡ ਪਰਤਾਪੁ ਸੁਨਿਓ ਪ੍ਰਭੁ ਤੁਮ੍ਹਰੋ—ਸਫ਼ਾ-22).

15. ਅਵਤਾਰ ਸਿੰਘ ਆਜ਼ਾਦ—ਧੰਨ ਜਣੇਦੀ ਮਾਉ ਆਏ ਸਫਲ ਸੇ (ਬਡ ਪਰਤਾਪੁ ਸੁਨਿਓ ਪ੍ਰਭੁ ਤੁਮ੍ਹਰੋ—ਸਫ਼ਾ-40).

16. **Sri Swami Sivananda—Studies in Western Philosophy Page–74.**

17. **Jaswinder Singh—Kuka Movement, Freedom Struggle in Punjab—Page 330.**

ਇਕ ਕਲਾਧਾਰੀ ਸ਼ਖ਼ਸੀਅਤ

—ਪਿਆਰਾ ਸਿੰਘ ਸਹਿਰਾਈ

ਮਹਾਰਾਜ ਪਰਤਾਪ ਸਿੰਘ ਜੀ ਇਕ ਅਦੁੱਤੀ, ਕਲਾਧਾਰੀ ਸ਼ਖ਼ਸੀਅਤ ਦੇ ਮਾਲਕ ਸਨ। ਕੌਮਾਂ ਨੂੰ ਕਮਾਲ ਮੰਜ਼ਿਲ ਦੀਆਂ ਪੌੜੀਆਂ ਚੜ੍ਹਾਉਣ ਲਈ ਅਜਿਹੇ ਮਹਾਂਪੁਰਖਾਂ ਦੀ ਹੀ ਲੋੜ ਹੁੰਦੀ ਹੈ। ਸੁਭਾਗੀ ਹੈ ਉਹ ਧਰਤੀ ਜਿਸ ਨੇ ਮਹਾਰਾਜ ਪਰਤਾਪ ਸਿੰਘ ਵਰਗੀ ਉੱਚ-ਕੁਮਾਲੜੀ ਹਸਤੀ ਨੂੰ ਜਨਮ ਦਿੱਤਾ।

ਮਹਾਰਾਜ ਜੀ ਨੇ ਭਾਈਚਾਰੇ ਤੇ ਲੋਕਾਈ ਦਾ ਆਤਮਕ ਜੀਵਨ ਉਚਿਆਣ ਲਈ ਘਾਲਣਾ ਘਾਲੀ ਅਤੇ ਏਸ ਜੀਵਨ ਨੂੰ ਦੇਸ਼ ਦੀ ਆਜ਼ਾਦੀ ਲਈ ਲੜੇ ਜਾਂਦੇ ਸੰਗਰਾਮ ਦੇ ਲੇਖੇ ਲਾਇਆ। ਇਹ ਉਨ੍ਹਾਂ ਦੀ ਵਿਲੱਖਣ ਪ੍ਰਾਪਤੀ ਹੈ।

ਮਹਾਰਾਜ ਪਰਤਾਪ ਸਿੰਘ ਜੀ ਦੇ ਜੀਵਨ ਬਾਰੇ ਕਈ ਵਿਦਵਾਨ ਲਿਖ ਰਹੇ ਹਨ, ਅਤੇ ਇਸੇ ਲਈ ਮੈਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਤ ਅਨੇਕਾਂ ਵਾਕਿਆਤ ਤੇ ਤਥਾਂ ਨੂੰ ਦੁਹਰਾਏ ਜਾਣ ਦੇ ਡਰੋਂ ਆਪਣੇ ਆਪ ਨੂੰ ਸੁਤੰਤਰਤਾ-ਸੰਗਰਾਮ ਤੇ ਅਮਨ-ਲਹਿਰ ਵਿਚ ਉਨ੍ਹਾਂ ਵਲੋਂ ਪਾਏ ਗਏ ਹਿੱਸੇ ਤਕ ਹੀ ਆਮ ਤੌਰ ਤੇ ਸੀਮਿਤ ਰੱਖ ਰਿਹਾ ਹਾਂ। ਇਹ ਗੱਲ ਵੀ ਅਰਥ-ਭਰੀ ਹੈ ਕਿ ਕੂਕਾ ਲਹਿਰ ਦਾ ਜਨਮ ਅਸਲ ਵਿਚ ਆਜ਼ਾਦੀ ਲਈ ਤੜਪ ਵਿਚੋਂ ਹੀ ਹੋਇਆ ਸੀ, ਲਹਿਰ ਜਿਸਦੇ ਆਗੂ ਬਾਬਾ ਰਾਮ ਸਿੰਘ ਜੀ ਤੇ ਮਹਾਰਾਜ ਪਰਤਾਪ ਸਿੰਘ ਜੀ ਵਰਗੇ ਮਹਾਂਪੁਰਖ ਹੋਏ ਹਨ ਜਿਨ੍ਹਾਂ ਦੇ ਨਾਂ ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਸੰਗਰਾਮ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੇ ਸ਼ੋਭਦੇ ਹਨ।

1857 ਦੀ ਬਗ਼ਾਵਤ ਦੀ ਅਸਫ਼ਲਤਾ ਤੋਂ ਪਿਛੋਂ, ਕੂਕਾ ਅਰਥਾਤ ਨਾਮਧਾਰੀ ਲਹਿਰ ਨੇ ਹੀ ਦੇਸ਼ ਦੀ ਆਜ਼ਾਦੀ ਦਾ ਡੰਕਾ ਵਜਾਇਆ, ਨਗਾਰੇ ਤੇ ਚੋਟ ਲਾਈ, ਅਤੇ ਸੁਤੰਤਰਤਾ-ਪ੍ਰਾਪਤੀ ਦੇ ਸਿਲਸਿਲੇ ਵਿਚ ਵੱਡੀਆਂ ਕੁਰਬਾਨੀਆਂ ਦਿੱਤੀਆਂ ਜੋ ਕਈ ਪੱਖਾਂ ਤੋਂ ਬੇਮਿਸਾਲ ਹਨ—ਲਹਿਰ ਜਿਸਦਾ ਬੂਟਾ ਬਾਬਾ ਰਾਮ ਸਿੰਘ ਜੀ ਨੇ ਲਾਇਆ ਅਤੇ ਮਹਾਰਾਜ ਪਰਤਾਪ ਸਿੰਘ ਜੀ ਨੇ ਸਿਦਕ ਦੀ ਖਾਦ ਪਾ ਕੇ ਪ੍ਰੇਮ ਦੇ ਪਾਣੀ ਨਾਲ ਸਿੰਜਿਆ ਅਤੇ ਸੱਚ ਦੀ ਵਾੜ ਨਾਲ ਵਲ ਕੇ ਜਿਸ ਦੀ ਸੰਭਾਲ ਕੀਤੀ ਤੇ ਪਰਵਾਨ ਚੜ੍ਹਾਇਆ, ਇਹ ਬੂਟਾ ਹਰਿਆ-ਭਰਿਆ ਰਿਹਾ ਹੈ, ਮਨੁੱਖ-ਜਾਤੀ ਲਈ

ਫਲਦਾਇਕ ਤੇ ਛਾਂਦਾਇਕ ਰਿਹਾ ਹੈ ਅਤੇ ਇਹਦੇ ਰਸੀਲੇ ਫਲ ਸਮਾਜਕ ਜੀਵਨ ਨੂੰ ਆਤਮਕ ਬਲ ਬਖਸ਼ ਕੇ ਨਰੋਆ ਤੇ ਸਿਹਤਮੰਦ ਰੱਖਣ ਵਿਚ ਸਹਾਈ ਹੁੰਦੇ ਆਏ ਹਨ ।

ਇਸ ਤਰ੍ਹਾਂ, ਮੇਰੇ ਦ੍ਰਿਸ਼ਟੀਕੋਣ ਤੋਂ, ਕੂਕਾ ਲਹਿਰ ਭਾਵੇਂ ਪੰਜਾਬ ਦੀ ਜੰਮ-ਪਲ ਹੈ, ਪਰ ਇਹ ਆਪਣੇ ਤੱਤ ਤੇ ਆਪਣੇ ਸਾਰ ਤੋਂ ਦੇਸ਼ ਨੂੰ ਵਿਦੇਸੀ, ਗੋਰੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ, ਸਮਾਜਕ ਤੇ ਆਤਮਕ ਮੁਕਤੀ ਲਈ ਚਲਾਈ ਗਈ ਇਕ ਰਾਸ਼ਟਰ-ਵਿਆਪੀ ਲਹਿਰ ਸੀ, ਅਤੇ ਉੱਚੇ-ਸੁੱਚੇ ਕਿਰਦਾਰ ਦੀ ਪ੍ਰਾਪਤੀ ਲਈ ਇਕ ਸਾਧਨ ਸੀ ।

ਬਾਬਾ ਰਾਮ ਸਿੰਘ ਜੀ ਨੇ ਆਪਣੇ ਸਹਿਜ-ਗਿਆਨ, ਆਤਮਕ ਬਲ ਅਤੇ ਦਿਭ-ਦ੍ਰਿਸ਼ਟੀ ਸਦਕਾ ਇਹ ਗੱਲ ਸਮਝ ਲਈ ਸੀ ਕਿ ਪੰਜਾਬ ਵਿਚੋਂ ਸਦਾਚਾਰਕ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਗਈਆਂ ਹਨ ਅਤੇ ਜਦੋਂ ਕੋਈ ਕੌਮ ਰੂਹਾਨੀ ਤੌਰ ਤੇ ਨਿਘਰ ਜਾਂਦੀ ਹੈ ਤਾਂ ਉਹਦਾ ਸਰਬ ਪੱਖੀ ਪਤਨ ਸ਼ੁਰੂ ਹੋ ਜਾਂਦਾ ਹੈ ਅਤੇ ਉਹਦੇ ਭਵਿੱਖ ਦਾ ਸਿਆਹ ਹੋਣਾ ਲਾਜ਼ਮੀ ਬਣ ਜਾਂਦਾ ਹੈ ।

ਬਾਬਾ ਜੀ ਨੇ ਇਹ ਵੀ ਜਾਣ ਲਿਆ ਸੀ ਕਿ ਜਦੋਂ ਮਿਸਲਾਂ ਦੇ ਸਮੇਂ, ਖ਼ਾਲਸੇ ਹੱਥੋਂ ਅਹਿਮਦਸ਼ਾਹ ਅਬਦਾਲੀ ਦਾ ਮੂੰਹ ਭੰਨ ਦਿੱਤਾ ਗਿਆ ਤੇ ਉਹਨੂੰ ਨਿਤਾਣਾ ਕਰ ਦਿੱਤਾ ਗਿਆ, ਅਤੇ ਸਿੰਘਾਂ ਸਰਦਾਰਾਂ ਨੇ ਜ਼ਮੀਨਾਂ ਮੱਲ ਕੇ ਸਰਦਾਰੀਆਂ ਥਾਪ ਲਈਆਂ ਤਾਂ ਉਹ ਸਹਿਜੇ-ਸਹਿਜੇ ਜਾਗੀਰੂ ਰੋਗਾਂ ਦਾ ਸ਼ਿਕਾਰ ਹੋਣ ਲੱਗੇ, ਭੋਗ-ਵਿਲਾਸ ਵਿਚ ਫਸਦੇ ਚਲੇ ਗਏ, ਅਤੇ ਉਹ ਸਿੱਖੀ ਕਿਰਦਾਰ ਅਲੋਪ ਹੁੰਦਾ ਚਲਿਆ ਗਿਆ ਜਿਸ ਦੀ ਸਿਰਜਣਾ ਦਾ ਅਰੰਭ ਬਾਬਾ ਨਾਨਕ ਨੇ ਕੀਤਾ ਸੀ ਤੇ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਾਣ ਚਾੜ੍ਹਿਆ ਸੀ, ਜਦੋਂ ਲੋਕਾਂ ਦੇ ਕੱਦ ਉੱਚੇ ਹੋ ਗਏ ਸਨ, ਛਾਤੀਆਂ ਚੌੜੀਆਂ ਹੋ ਗਈਆਂ ਸਨ, ਅਤੇ ਪੰਜਾਬ ਦੀ ਧਰਤੀ ਚੜ੍ਹਦੀ ਕਲਾ ਦੇ ਗੀਤ ਗਾਉਂਦੀ ਸੀ । ਪੁਰਾਣੀ ਸਿੱਖੀ ਸਪਿਰਟ ਖੰਭ ਲਾ ਕੇ ਉਡ ਪੁਡ ਗਈ ਸੀ, ਅਤੇ ਮੁੜ ਉਚ ਨੀਚ, ਜ਼ਾਤ ਪਾਤ, ਉੱਤਮ ਅੱਧਮ ਵਰਗੇ ਰੋਗ ਚਿੰਬੜ ਰਹੇ ਸਨ, ਮਹਾਰਾਜਾ ਰਣਜੀਤ ਸਿੰਘ ਇਕ ਵਧੀਆ ਸ਼ਾਸਕ ਤੇ ਸਫ਼ਲ ਮਹਾਰਾਜ ਜ਼ਰੂਰ ਸੀ, ਪਰ ਉਹਨੂੰ ਸਿੱਖੀ ਕਿਰਦਾਰ ਦਾ ਨਮੂਨਾ ਨਹੀਂ ਸਮਝਿਆ ਜਾ ਸਕਦਾ, ਉਸਦੇ ਪੂਰੇ ਹੁੰਦਿਆਂ ਹੀ, ਪੰਜਾਬ ਦੀ ਰਾਜਸੀ ਦੇਹ ਚੂਰ ਚੂਰ ਹੋ ਗਈ, ਜੀਹਨੂੰ ਅੰਦਰੋਂ ਅੰਦਰੀ ਘੁਣ ਲੱਗ ਚੁਕਿਆ ਹੋਇਆ ਸੀ, ਅਤੇ ਇਸੇ ਲਈ ਇਹ ਅੰਗਰੇਜ਼ ਦੇ ਪੇਟੇ ਜਾ ਪਿਆ । ਇਹ ਸਭ ਕੁਝ ਬਾਬਾ ਰਾਮ ਸਿੰਘ ਜੀ ਦੀਆਂ ਨਜ਼ਰਾਂ ਸਾਹਮਣੇ ਵਾਪਰਿਆ; ਇਸ ਦੀ ਭਵਿੱਖ-ਬਾਣੀ ਤਾਂ ਉਨ੍ਹਾਂ ਨੇ ਰਣਜੀਤ ਸਿੰਘ ਕਾਲ ਵਿਚ ਹੀ ਕਰ ਦਿੱਤੀ ਹੋਈ ਸੀ ।

ਬਾਬਾ ਜੀ ਇਸ ਨਿਰਣੇ ਤੇ ਪੁਜ ਚੁੱਕੇ ਸਨ ਕਿ ਸੁਤੰਤਰਤਾ-ਪ੍ਰਾਪਤੀ ਲਈ ਜ਼ਰੂਰੀ ਹੈ ਕਿ ਉੱਚੇ-ਸੁੱਚੇ ਕਿਰਦਾਰ ਵਾਲੇ ਲੋਕ ਪੈਦਾ ਕੀਤੇ ਜਾਣ, ਉਨ੍ਹਾਂ ਨੇ ਅਨੁਭਵ ਕਰ ਲਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਵਾਲਾ ਖ਼ਾਲਸਾ ਮੁੜ-ਸਿਰਜ ਕੇ

ਹੀ ਇਸ ਕਾਰਜ ਦੀ ਪੂਰਤੀ ਹੋ ਸਕਦੀ ਹੈ, ਪੰਜਾਬ ਨੂੰ ਲੋੜੀਂਦੀ ਅਗਵਾਈ ਬਖ਼ਸ਼ੀ ਜਾ ਸਕਦੀ ਹੈ।

ਪੰਜਾਬ ਵਿਚ ਕੂਕਾ ਲਹਿਰ ਦੇ ਰੂਪ ਵਿਚ ਇਕ ਨਵੀਂ ਤਾਕਤ ਨੇ ਜਨਮ ਲਿਆ ਜਿਹੜੀ ਸਦਾਚਾਰ, ਚਲਨ, ਤਿਆਗ ਤੇ ਕੁਰਬਾਨੀ ਦੇ ਪੱਖੋਂ ਇਕ ਵਿਲੱਖਣ ਸ਼ਕਤੀ ਸੀ, ਜਿਸ ਨੇ ਗੋਰੀ ਤਾਕਤ ਨੂੰ ਵੰਗਾਰਨਾ ਸੀ, ਵੰਗਾਰ ਰਹੀ ਸੀ ਅਤੇ ਵੰਗਾਰਿਆ। ਗੋਰੀ ਤਾਕਤ ਨੇ ਵੀ ਇਸ ਤਾਕਤ ਦੇ ਹੱਥੋਂ ਆਪਣੀ ਮੌਤ ਹੁੰਦੀ ਵੇਖ ਲਈ ਸੀ, ਆਪਣੀ ਮੌਤ ਦੀ ਘੰਟੀ ਵਜਦੀ ਸੁਣ ਲਈ ਸੀ, ਅਤੇ ਇਸ ਨਵੀਂ ਜੰਮੀ ਸ਼ਕਤੀ ਉੱਤੇ ਮਾਰੂ ਵਾਰ ਕਰਨ ਦੇ ਮੌਕੇ ਦੀ ਤਲਾਸ਼ ਵਿਚ ਸੀ; ਅਤੇ ਕੁਝ ਕੂਕਿਆਂ ਨੇ ਗਊ ਘਾਤਕ ਬੁਚੜਾਂ ਦਾ ਕਤਲ ਕਰਕੇ ਉਹਨੂੰ ਇਹ ਮੌਕਾ ਮੁਹੱਈਆ ਕਰਾ ਦਿੱਤਾ; ਕੂਕਾ ਲਹਿਰ ਨੂੰ ਕੁਚਲ ਸੁਟਣ ਦੇ ਜਤਨ ਤੇਜ਼ੀ ਨਾਲ ਅਰੰਭੇ ਗਏ, ਅਤੇ ਬਾਬਾ ਰਾਮ ਸਿੰਘ ਜੀ ਨੂੰ ਗਰਿਫ਼ਤਾਰ ਕਰਕੇ ਜਲਾਵਤਨ ਕਰ ਦਿੱਤਾ ਗਿਆ, ਇਸ ਸੰਖੇਪ ਜਿਹੀ ਵਾਰਤਾ ਦੀ ਜਾਣਕਾਰੀ ਮਹਾਰਾਜ ਪਰਤਾਪ ਸਿੰਘ ਜੀ ਦੇ ਜੀਵਨ-ਸੰਗਰਾਮ ਨੂੰ ਸਮਝਣ ਲਈ ਜ਼ਰੂਰੀ ਹੈ।

ਬਾਬਾ ਰਾਮ ਸਿੰਘ ਜੀ ਦੀ ਜਲਾਵਤਨੀ ਪਿਛੋਂ ਕੂਕਾ ਲਹਿਰ ਵਿਚ ਇਕ ਤਰ੍ਹਾਂ ਨਾਲ ਖੜੋਤ ਆ ਗਈ ਅਤੇ ਇਹਨੂੰ ਮੁੜ ਹਰਕਤ ਦੇਣ, ਗਤੀਸ਼ੀਲ ਕਰਨ, ਅਨੁਸ਼ਾਸਨ ਤੇ ਮਰਿਯਾਦਾ ਵਿਚ ਬੰਨ੍ਹਣ ਅਤੇ ਕਮਾਲ ਮੰਜ਼ਿਲ ਦੀ ਪ੍ਰਾਪਤੀ ਲਈ ਨਵੀਂ ਰਾਹ ਉਲੀਕਣ ਦਾ ਬਹੁਪੱਖੀ ਕਾਰਜ ਮਹਾਰਾਜ ਪਰਤਾਪ ਸਿੰਘ ਜੀ ਨੇ ਸਿਰੇ ਚੜ੍ਹਾਇਆ, ।

ਸੁਦੇਸ਼ੀ ਤੇ ਨਾ ਮਿਲਵਰਤਨ ਦੀ ਲਹਿਰ, ਜਿਸ ਨੂੰ ਸਾਡੇ ਦੇਸ਼-ਵਾਸੀ ਆਮ ਤੌਰ ਤੇ ਮਹਾਤਮਾ ਗਾਂਧੀ ਦੀ ਦੇਣ ਸਮਝਦੇ ਹਨ, ਅਸਲ ਵਿਚ ਕੂਕਾ ਲਹਿਰ ਦੀ ਹੀ ਦੇਣ ਹੈ। ਬਾਬਾ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਤੇ ਮਹਾਰਾਜ ਪਰਤਾਪ ਸਿੰਘ ਜੀ ਨੇ ਇਹ ਲਹਿਰ ਨੂੰ ਪੂਰੀ ਤਰ੍ਹਾਂ ਸਾਬਤ-ਕਦਮ ਤੇ ਨਰੋਆ ਰਖਿਆ ਜਿਸ ਦਾ ਸਾਰ ਅਸਲੋਂ ਹੀ ਆਤਮਕ ਬਲ ਸੀ। ਕੋਈ ਨਾਮਧਾਰੀ ਬਦੇਸ਼ੀ ਬਸਤਰ ਨਹੀਂ ਸੀ ਪਹਿਨਦਾ, ਸਰਕਾਰੀ ਨੌਕਰੀ ਨਹੀਂ ਸੀ ਕਰਦਾ, ਸਰਕਾਰ ਨੂੰ ਕਿਸੇ ਪ੍ਰਕਾਰ ਦੀ ਮਿਲਵਰਤਨ ਨਹੀਂ ਸੀ ਦਿੰਦਾ। ਅਤੇ ਸਰਕਾਰ ਦੀਆਂ ਨਜ਼ਰਾਂ ਵਿਚ ਹਰ ਨਾਮਧਾਰੀ ਹੀ ਖ਼ਤਰਨਾਕ ਬਾਗ਼ੀ ਸੀ।

ਮਹਾਰਾਜ ਪਰਤਾਪ ਸਿੰਘ ਜੀ ਜਾਣਦੇ ਸਨ ਕਿ ਮੂਲ ਮਨੁੱਖੀ ਕਦਰਾਂ ਕੀਮਤਾਂ ਦੀ ਰਾਖੀ ਤੋਂ ਬਿਨਾਂ ਵਿਅਕਤੀਆਂ ਤੇ ਸੰਸਥਾਵਾਂ ਦਾ ਆਤਮਕ ਬਲ ਕਾਇਮ ਨਹੀਂ ਰਹਿ ਸਕਦਾ, ਅਤੇ ਆਤਮਕ ਬਲ ਤੋਂ ਬਿਨਾਂ ਕੋਈ ਸੰਗਰਾਮ ਲੰਮੇ ਚਿਰ ਤਕ ਲੜਿਆ ਨਹੀਂ ਜਾ ਸਕਦਾ; ਸੋ ਜਿਥੇ ਨਾਮਧਾਰੀਆਂ ਨੂੰ ਨਾਮ ਜਪਣ, ਵੰਡ ਛਕਣ ਅਤੇ ਸਾਦ-ਮੁਰਾਦਾ ਜੀਵਨ ਜਿਊਣ ਲਈ ਪ੍ਰੇਰਿਆ ਗਿਆ, ਉਥੇ ਮੂਲ ਮਨੁੱਖੀ ਕਦਰਾਂ ਦਾ ਵੀ ਸੰਚਾਰ ਕੀਤਾ ਗਿਆ। ਨਾਮਧਾਰੀ ਆਪਣੇ ਵਿਚਾਰਾਂ ਦਾ ਪਰਸਾਰ ਕਰਦੇ ਹਨ ਪਰ ਕਿਸੇ ਦੇ ਵਿਰੁਧ ਨਹੀਂ ਬੋਲਦੇ, ਉਹ ਮਤਭੇਦ ਨੂੰ ਸਤਿਕਾਰਦੇ ਹਨ ਤੇ ਸਹਿਨਸ਼ੀਲ ਹਨ। ਸਹਿਨਸ਼ੀਲਤਾ ਤੇ ਰਵਾਦਾਰੀ (ਟਾਲਰੈਂਸ) ਕੂਕਾ ਲਹਿਰ ਦਾ ਇਕ ਉਚੇਚਾ

ਗੁਣ ਰਿਹਾ ਹੈ, ਇਥੋਂ ਤਕ ਕਿ ਮਹਾਰਾਜ ਪਰਤਾਪ ਸਿੰਘ ਜੀ ਤੇ (ਵਰਤਮਾਨ ਸਤਿਗੁਰੂ) ਮਹਾਰਾਜ ਜਗਜੀਤ ਸਿੰਘ ਜੀ ਨਾਸਤਕ ਕਮਿਊਨਿਸਟਾਂ ਨੂੰ ਵੀ ਨਿਵਾਜਦੇ ਰਹੇ ਹਨ। ਇਹ ਗੁਣ ਮਹਾਰਾਜ ਪਰਤਾਪ ਸਿੰਘ ਜੀ ਦੀ ਦੇਣ ਹੈ, ਉਨ੍ਹਾਂ ਨੇ ਜਾਣ-ਸਮਝ ਲਿਆ ਸੀ ਕਿ ਦੇਸ਼ ਦੀ ਆਜ਼ਾਦੀ ਲਈ ਕਮਿਊਨਿਸਟ ਅੱਗੇ ਵੱਧ ਕੇ ਜੂਝਦੇ ਹਨ ਅਤੇ ਮੂਲ ਮਨੁੱਖੀ ਕਦਰਾਂ ਦੇ ਝੰਡਾ ਬਰਦਾਰ ਹਨ। ਉਨ੍ਹਾਂ ਨੇ ਅੱਖੀਂ ਡਿੱਠਾ ਸੀ ਕਿ 1947 ਦੇ ਫਿਰਕੂ ਫਸਾਦਾਂ ਵਿਚ ਕੇਵਲ ਨਾਮਧਾਰੀਏ ਤੇ ਕਮਿਊਨਿਸਟ ਫਿਰਕੂ ਜ਼ਹਿਰ ਪੀਣੋਂ ਬਚੇ ਰਹੇ ਸਨ ਅਤੇ ਮਨੁੱਖ ਜਾਤੀ ਦੀ ਸੇਵਾ ਵਿਚ ਪੂਰੇ ਉਤਰੇ ਸਨ। ਮਹਾਰਾਜ ਪਰਤਾਪ ਸਿੰਘ ਸੁਤੰਤਰਤਾ ਸੰਗਰਾਮੀਏਂ ਸਨ, ਅਤੇ ਮਨੁੱਖ ਜਾਤੀ ਨੂੰ 'ਏਕ ਪਿਤਾ ਏਕਸ ਕੇ ਬਾਰਕ' ਸਮਝਦੇ ਤੇ ਸਭਨਾਂ ਮਤਾਂ ਨੂੰ ਹੀ ਸਤਿਕਾਰਦੇ ਸਨ, ਤੇ ਇਹਦੇ ਨਾਲ ਹੀ ਉਹ ਅਮਨ ਤੇ ਸ਼ਾਂਤੀ ਕਾਇਮ ਰੱਖਣ ਦੇ ਚਾਹਵਾਨ ਸਨ। ਇਸ ਗੱਲ ਨੇ ਵੀ ਉਨ੍ਹਾਂ ਨੂੰ ਕਮਿਊਨਿਸਟਾਂ ਦੇ ਨੇੜੇ ਲਿਆਂਦਾ ਜਿਹੜੇ ਅਮਨ ਦੀ ਸਥਾਪਤੀ ਅਤੇ ਜੰਗ ਨੂੰ ਟਾਲਣ ਲਈ ਘੁਲੇ ਜਾਂਦੇ ਘੋਲ ਵਿਚ ਮੀਰੀ ਸਨ। ਗੱਲ ਕੀ, ਮੁੱਖ ਉਦੇਸ਼—ਆਜ਼ਾਦੀ ਦੀ ਪ੍ਰਾਪਤੀ, ਫਿਰਕਾਪ੍ਰਸਤੀ ਦੀ ਮੁਖ਼ਾਲਫ਼ਤ, ਮਨੁੱਖ ਮਾਤਰ ਲਈ ਪ੍ਰੇਮ ਅਤੇ ਅਮਨ ਅਮਾਨ ਕਾਇਮ ਰੱਖਣਾ—ਉਹ ਤੰਦਾਂ ਸਨ ਜਿਨ੍ਹਾਂ ਨੇ ਦੋ ਵੱਖੋ ਵੱਖਰੇ ਧਰੂਆਂ ਨੂੰ ਇਕ ਦੂਜੇ ਨਾਲ ਜੋੜਿਆ। ਮਹਾਰਾਜ ਪਰਤਾਪ ਸਿੰਘ ਜੀ ਕਮਿਊਨਿਸਟ ਅਗਵਾਈ ਵਿਚ ਚੱਲ ਰਹੀ ਅਮਨ ਲਹਿਰ ਨੂੰ ਆਪਣੀ ਭਰਪੂਰ ਮਿਲਵਰਤਨ ਦਿੰਦੇ ਰਹੇ, ਇਥੋਂ ਤਕ ਕਿ ਜਲੰਧਰ ਵਿਖੇ ਅਮਨ-ਕਾਨਫਰੰਸ ਦੇ ਇਕ ਸਮਾਗਮ ਦੀ ਪਰਧਾਨਗੀ ਦੇ ਫ਼ਰਜ਼ ਵੀ ਉਨ੍ਹਾਂ ਨੇ ਨਿਭਾਏ। ਉਨ੍ਹਾਂ ਵਲੋਂ ਪਾਏ ਗਏ ਪੂਰਨਿਆਂ ਉਤੇ ਟੁਰਦਿਆਂ ਹੀ ਮਹਾਰਾਜ ਜਗਜੀਤ ਸਿੰਘ ਜੀ ਵੀ ਅਮਨ ਲਹਿਰ ਦੇ ਸਮਰਥਕ ਹਨ ਅਤੇ ਸੰਸਾਰ ਅਮਨ ਕਾਂਗਰਸ ਵਿਚ ਸ਼ਾਮਿਲ ਹੋਣ ਲਈ **ਹੇਲਸਿੰਕੀ** ਵੀ ਪਧਾਰੇ।

ਸਾਥੀ ਸੋਹਨ ਸਿੰਘ ਜੋਸ਼, ਸਾਥੀ ਹਰਕਿਸ਼ਨ ਸਿੰਘ ਸੁਰਜੀਤ ਤੇ ਸਾਥੀ ਜਗਜੀਤ ਸਿੰਘ ਆਨੰਦ ਨਾਲ ਤਾਂ ਮਹਾਰਾਜ ਪਰਤਾਪ ਸਿੰਘ ਜੀ ਦੇ ਬਹੁਤ ਹੀ ਸਨੇਹ-ਭਰੇ ਸੰਬੰਧ ਕਾਇਮ ਰਹੇ ਹਨ ਅਤੇ ਪ੍ਰਸਪਰ ਸਤਿਕਾਰ ਸਦਾ ਹੀ ਬਣਿਆ ਰਿਹਾ ਹੈ। ਇਸਦਾ ਇਹੋ ਕਾਰਨ ਹੈ ਕਿ ਕੂਕਾ ਲਹਿਰ ਸਿਰਫ਼ ਇਕ ਧਾਰਮਕ ਮਤ ਤਕ ਹੀ ਸੀਮਿਤ ਨਾ ਰਹਿੰਦਿਆਂ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੀ ਅਤੇ ਸਮਾਜ ਵਿਚ ਡੂੰਘਾ ਪਰਿਵਰਤਨ ਲਿਆਉਣ ਵਾਲੀ ਲਹਿਰ ਬਣ ਚੁਕੀ ਹੋਈ ਸੀ ਅਤੇ ਇਸਦਾ ਧਾਰਮਕ ਸਾਰ ਹਾਂ-ਪੱਖੀ ਹੀ ਹੋ ਨਿਬੜਿਆ ਸੀ। ਇਸ ਵਿਚ ਤਅਸਬ, ਤੰਗਨਜ਼ਰੀ ਅਤੇ ਦੂਜਿਆਂ ਲਈ ਘਿਰਣਾ ਵਾਸਤੇ ਕੋਈ ਗੁੰਜਾਇਸ਼ ਹੀ ਨਹੀਂ ਸੀ।

ਇਸੇ ਸਿਲਸਿਲੇ ਵਿਚ ਮੈਂ ਮਜ਼ਹਬ ਬਾਰੇ ਕਾਰਲ ਮਾਰਕਸ ਦਾ ਪ੍ਰਸਿੱਧ ਕਥਨ ਪਾਠਕਾਂ ਸਾਹਮਣੇ ਰੱਖਣਾ ਚਾਹਾਂਗਾ ਜਿਸਨੂੰ ਅਧੂਰੇ ਰੂਪ ਵਿਚ ਪੜ੍ਹ ਸੁਣ ਕੇ ਆਮ ਤੌਰ ਤੇ ਗ਼ਲਤ ਤਰ੍ਹਾਂ ਅਰਥਾਇਆ ਜਾਂਦਾ ਰਿਹਾ ਹੈ।

ਕਾਰਲ ਮਾਰਕਸ ਦਾ ਕਥਨ ਹੈ ਕਿ ਪੀੜਾ ਦੀ "ਧਾਰਮਕ ਵਿਆਖਿਆ ਇਹਦੇ ਨਾਲ ਹੀ ਅਸਲੀ ਪੀੜਾ ਦਾ **ਪ੍ਰਗਟਾਉ** ਹੈ ਅਤੇ ਅਸਲੀ ਪੀੜਾ ਵਿਰੁਧ **ਰੋਸ** ਵੀ ਹੈ।

ਮਜ਼ਹਬ ਤਾਂ ਪੀੜਿਤ ਜੀਵ ਦਾ ਹਉਕਾ ਹੈ, ਦਿਲ-ਰਹਿਤ ਦੁਨੀਆ ਦਾ ਦਿਲ ਹੈ, ਜਿਵੇਂ ਕਿ ਇਹ ਰੂਹ-ਹੀਣ ਹਾਲਤਾਂ ਦੀ ਰੂਹ ਹੈ। ਇਹ ਲੋਕਾਂ ਦੀ **ਅਫ਼ੀਮ ਹੈ।"**

ਕਾਰਲ ਮਾਰਕਸ ਇਹ ਵੀ ਲਿਖਦਾ ਹੈ ਕਿ "ਮਜ਼ਹਬ ਦੀ ਪੜਚੋਲ ਇਸੇ ਲਈ ਹੀ **ਭਰੂਣ ਰੂਪ ਵਿਚ ਅੱਥਰੂਆਂ ਦੀ ਵਾਦੀ ਦੀ ਹੀ ਪੜਚੋਲ ਹੈ** ਜਿਸਦਾ ਪ੍ਰਭਾ-ਮੰਡਲ ਮਜ਼ਹਬ ਹੈ।"

ਮੈਂ ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਧਾਰਣੀ ਹਾਂ। ਮਜ਼ਹਬ ਦੀ ਵਿਚਾਰਧਾਰਾ ਨਾਲ ਅਤੇ ਸ੍ਰਿਸ਼ਟੀ ਦੀ ਰਚਨਾ ਬਾਰੇ ਵਿਚਾਰਵਾਦੀਆਂ ਨਾਲ ਸਾਡੇ ਮਤਭੇਦ ਹਨ। ਪਰ ਅਰਥ ਦੇ ਕੁਅਰਥ ਕਰਨਾ ਭਿਆਨਕ ਭੁੱਲ ਹੁੰਦੀ ਹੈ ਜਿਸ ਦੇ ਮਨੁੱਖ-ਵਿਰੋਧੀ ਸਿੱਟੇ ਨਿਕਲਣੇ ਹਨ। ਕਾਰਲ ਮਾਰਕਸ ਨੇ **ਅਫ਼ੀਮ** ਸ਼ਬਦ ਨੂੰ ਤਿਰਛੇ ਅੱਖਰਾਂ ਵਿਚ ਲਿਖਿਆ ਹੈ (ਮੈਂ ਇਸ ਦੇ ਹੇਠਾਂ ਲੀਕ ਪਾ ਦਿੱਤੀ ਹੈ) ਜਿਸਦਾ ਸਾਫ਼ ਮਤਲਬ ਹੈ ਕਿ ਇਥੇ ਇਸ ਸ਼ਬਦ ਨੂੰ ਇਹਦੇ ਆਮ ਅਰਥਾਂ ਵਿਚ ਨਹੀਂ ਲੈਣਾ ਚਾਹੀਦਾ ਸਗੋਂ ਵਿਸ਼ੇਸ਼ ਅਰਥਾਂ ਵਿਚ, ਅਰਥਾਤ, ਦੁੱਖ ਤੇ ਪੀੜਾ ਨੂੰ ਭੁਲਾ ਦੇਣ ਵਾਲੀ ਔਸ਼ਧੀ ਦੇ ਅਰਥਾਂ ਵਿਚ ਹੀ ਲੈਣਾ ਚਾਹੀਦਾ ਹੈ। ਕਾਰਲ ਮਾਰਕਸ ਦਾ ਇਹ ਵੀ ਕਹਿਣਾ ਹੈ ਕਿ ਜਦ ਤਕ ਸਮਾਜ ਪੂਰਨ ਨਿਆਂ ਦੇ ਆਧਾਰ ਉਤੇ ਕਾਇਮ ਨਹੀਂ ਹੋ ਜਾਂਦਾ, ਮਜ਼ਹਬ ਦਿਲ-ਰਹਿਤ ਦੁਨੀਆ ਦਾ ਦਿਲ, ਰੂਹ-ਹੀਣ ਹਾਲਤਾਂ ਦੀ ਰੂਹ ਬਣਿਆਂ ਰਹੇਗਾ ਅਤੇ ਇਹਦੇ ਨਾਲ ਹੀ ਅਸਲੀ ਦੁੱਖ ਤੇ ਪੀੜਾ ਦਾ ਪ੍ਰਗਟਾਉ ਵੀ ਕਰਦਾ ਰਹੇਗਾ।

ਕਾਰਲ ਮਾਰਕਸ ਦਾ ਹਵਾਲਾ ਮੈਂ ਜਾਣਦਿਆਂ-ਬੁਝਦਿਆਂ ਦਿੱਤਾ ਹੈ। ਇਕ ਤਾ ਇਸ ਕਰਕੇ ਕਿ ਇਸ ਮਹਾਂਪੁਰਖ ਦਾ ਵਿਚਾਰ ਪਾਠਕਾਂ ਤਕ ਪਹੁੰਚ ਸਕੇ, ਦੂਜਾ ਇਸ ਕਰਕੇ ਵੀ ਕਿ ਨਾਮਧਾਰੀ ਸੱਜਣ ਪਰੰਪਰਾਗਤ ਤੌਰ ਤੇ ਰਵਾਦਾਰ ਹੋਣ ਸਦਕਾ ਇਸ ਕਥਨ ਨੂੰ ਵਧੇਰੇ ਸਿਹਤਮੰਦ ਤਰ੍ਹਾਂ ਸਮਝ ਸਕਣ ਦੇ ਸਮਰਥ ਹਨ। ਇਸ ਕਥਨ ਦੇ ਸਾਰ ਅਤੇ ਨਾਮਧਾਰੀ ਕਿਰਦਾਰ ਵਿਚਕਾਰ ਮੈਨੂੰ ਕੋਈ ਵਿਰੋਧਤਾਈ (ਕੰਟਰਾਡਿਕ-ਸ਼ਨ) ਨਹੀਂ ਦਿਸਦੀ। ਜਿਥੋਂ ਤਕ ਮੈਂ ਨਾਮਧਾਰੀ ਲਹਿਰ ਅਤੇ ਬਾਬਾ ਰਾਮ ਸਿੰਘ ਜੀ ਅਤੇ ਮਹਾਰਾਜ ਪਰਤਾਪ ਸਿੰਘ ਜੀ ਦੇ ਜੀਵਨ ਅਤੇ ਜੀਵਨ-ਉਦੇਸ਼ ਨੂੰ ਸਮਝਿਆ, ਪਛਾਣਿਆਂ ਹੈ, ਮੈਨੂੰ ਇਹ ਮਜ਼ਹਬ ਦੀ ਥਾਂ ਧਰਮ ਵਧੇਰੇ ਨਜ਼ਰ ਆਇਆ ਹੈ, ਧਰਮ ਜਿਹੜਾ ਸੁਤੰਤਰਤਾ-ਲਹਿਰ ਵਜੋਂ ਉਭਰਿਆ ਅਤੇ ਇਸਦਾ ਸਦਕਾ ਹੀ ਧਰਮ ਦਾ ਹਾਂਦਰੂ ਪੱਖ ਇਸ ਲਹਿਰ ਵਿਚ ਸਦਾ ਭਾਰੂ ਰਿਹਾ। ਇਸ ਦਾ ਸਦਕਾ ਹੀ ਕੂਕਾ ਲਹਿਰ ਨੇ ਕਦੇ ਵੀ ਮਨਫ਼ੀ ਵਰਤਾਰਿਆਂ ਨੂੰ ਨਹੀਂ ਉਪਜਾਇਆ ਜੋ ਅਕਸਰ ਕਟੜਪੰਥੀ ਮੱਤਾਂ ਦੀ ਉਪਜ ਹੁੰਦੇ ਹਨ। ਇਸ ਲਹਿਰ ਨੇ ਦੇਸ਼ਭਗਤ ਉਪਜਾਏ, ਗ਼ੱਦਾਰ ਨਹੀਂ ਉਪਜਾਏ; ਇਸ ਲਹਿਰ ਨੇ ਮਨੁੱਖ ਦਰਦੀ ਤੇ ਮਾਨਵਤਾਵਾਦੀ ਪੈਦਾ ਕੀਤੇ, ਮਨੁੱਖ-ਦੋਖੀ ਨਹੀ; ਇਹਨੇ ਪਿਆਰ ਦਾ ਸੰਚਾਰ ਕੀਤਾ, ਨਫ਼ਰਤ ਦਾ ਨਹੀਂ; ਇਹਨੇ ਰਵਾਦਾਰੀ ਦਾ ਮਾਰਗ ਅਪਣਾਇਆ, ਘਿਰਣਾ ਦਾ ਨਹੀਂ। ਗੱਲ ਕੀ, ਕੂਕਾ ਲਹਿਰ ਨੇ ਧਰਮ ਦੇ ਹਾਂ-ਪੱਖੀ ਰੂਪ ਨੂੰ ਹੀ ਪਰਵਾਨ ਚੜ੍ਹਾਉਣ ਦਾ ਜਤਨ ਕੀਤਾ। ਇਸੇ ਦਾ ਸਦਕਾ ਇਹਦਾ ਮੂੰਹ ਸਦਾ ਆਜ਼ਾਦੀ ਵੱਲ, ਮਨੁੱਖੀ ਕਲਿਆਣ ਵੱਲ,

ਪੀੜ੍ਹਤਾਂ ਤੇ ਭਾਈ ਲਾਲੋਆਂ ਦੇ ਹਿਤਾਂ ਵੱਲ, ਸਹਿਨਸ਼ੀਲਤਾ ਤੇ ਮੇਲ-ਮਿਲਾਪ ਵੱਲ ਰਿਹਾ ਹੈ, ਅਤੇ ਇਸ ਪ੍ਰਾਪਤੀ ਦਾ ਸਿਹਰਾ ਨਿਰਵੈਰ ਤੇ ਨਿਰਭਉ, ਮਾਨਵਤਾਵਾਦੀ ਤੇ ਲੋਕ-ਹਿਤੂ, ਸੁਤੰਤਰਤਾ-ਪ੍ਰੇਮੀ ਤੇ ਜੀਵਨ ਦੀਆਂ ਮੂਲ ਕਦਰਾਂ ਦੇ ਧਾਰਣੀ ਮਹਾਰਾਜ ਪਰਤਾਪ ਸਿੰਘ ਜੀ ਦੇ ਸਿਰ ਹੀ ਬਝਦਾ ਹੈ। ਜਿਹੜੇ ਆਤਮਕ ਉੱਚਤਾ, ਰੂਹਾਨੀਅਤ, ਸਹਿਨਸ਼ੀਲਤਾ ਅਤੇ ਦਇਆ ਦਾ ਸਾਕਾਰ ਰੂਪ ਸਨ। ਮਹਾਰਾਜ ਪਰਤਾਪ ਸਿੰਘ ਜੀ ਦੇ ਪਵਿੱਤਰ ਦਰਸ਼ਨਾਂ ਦਾ ਸੁਭਾਗ ਮੈਨੂੰ ਭਾਵੇਂ ਉਨ੍ਹਾਂ ਦੀ ਪ੍ਰੀਤ-ਨਗਰ ਫੇਰੀ ਦੇ ਦੌਰਾਨ ਕੇਵਲ ਇਕ ਵਾਰ ਹੀ ਪ੍ਰਾਪਤ ਹੋਇਆ, ਪਰ ਉਹਨਾਂ ਦੇ ਪਰਤਾਪੀ, ਜੱਲਾਲੀ, ਮਾਨਵਤਾ ਦੀ ਡਲ੍ਹਕ ਮਾਰਦੇ ਤੇਜਸਵੀ ਚਿਹਰੇ ਦਾ ਪ੍ਰਭਾਵ ਸਦਾ ਸਦਾ ਲਈ ਕਾਇਮ ਰਿਹਾ।

ਧਰਮ-ਧਵਜ
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

—ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ ।
ਕੂੜੁ ਅਮਾਵਸ ਸੱਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ ।

—ਸ੍ਰੀ ਗੁਰੂ ਨਾਨਕ ਦੇਵ ਜੀ

ਯਹੀ ਕਾਜ ਧਰਾ ਹਮ ਜਨਮੰ ।
ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ ਸੰਤ ਉਭਾਰਨ
ਦੁਸ਼ਟ ਸਭਨ ਕੋ ਮੂਲ ਉਪਾਰਨ ।

—ਗੁਰੂ ਗੋਬਿੰਦ ਸਿੰਘ ਜੀ

ਪਹਿਲਾ ਇਹ ਵਿਚਾਰ ਕਰੀਏ ਕਿ **ਧਰਮ** ਕੀ ਹੈ ? ਉਸਦਾ ਸਰੂਪ ਕੀ ਹੈ ?

ਧਰਮ ਸੰਬੰਧੀ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਵਰਨਣ ਕੀਤਾ ਹੈ ਕਿ "ਧਰਮ ਉਹ ਪਵਿੱਤਰ ਨਿਯਮ ਹਨ ਜਿਸਦੇ ਆਧਾਰ ਤੇ ਵਿਸ਼ਵ ਕਾਇਮ ਹੈ; ਸ਼ੁਭ ਕਰਮ, ਮਜ਼੍ਹਬ ਦੀਨ, ਰਿਵਾਜ, ਇਨਸਾਫ, ਪ੍ਰਕਿਰਤੀ, ਸੁਭਾਉ, ਫਰਜ਼, ਧਨੁਸ਼ ਕਮਾਨ ਆਦਿ ।

ਇਸਦੇ ਅੰਗ ਹਨ : ਧੀਰਜ, ਖਿਮਾ, ਮਨ ਦਾ ਵਸ ਕਰਨਾ, ਚੋਰੀ ਦਾ ਤਿਆਗ, ਪਵਿੱਤ੍ਰਤਾ, ਇੰਦ੍ਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਨਿਰਮਲ ਯੁਧ, ਵਿਦਿਆ ਦਾ ਅਭਿਆਸ, ਸਤਿ, ਕ੍ਰੋਧ ਦਾ ਤਿਆਗ ।

ਬੋਧ ਧਰਮ ਦੇ ਇਉਂ ਅਸੂਲ ਦ੍ਰਿੜ੍ਹਾਏ ਹਨ :—

ਸਦ ਵਿਚਾਰ, ਸਦ ਵਾਕ, ਸਦ ਵਿਸ਼ਵਾਸ,
ਸਦ ਕਰਮ, ਸਦ ਜੀਵਨ, ਸਦ ਪ੍ਰਯਤਨ
ਸਤ ਚਿੰਤਨ, ਸਦ ਧਿਆਨ ।

ਇਸਲਾਮ ਨੇ ਆਪਣੇ ਪੈਰੋਕਾਰਾਂ ਨੂੰ ਇਹ ਤਾਕੀਦ ਕੀਤੀ ਹੈ :—
ਇਕ ਖੁਦਾ ਨੂੰ ਮੰਨਣਾ, ਨਮਾਜ਼, ਰੋਜ਼ਾ, ਜ਼ਕਾਤ, ਹਜ ।

ਕੁਝ ਅੰਗਰੇਜ਼ੀਦਾਨਾਂ ਇਸਦੇ ਹਰੇਕ ਸ਼ਬਦ ਦੀ ਵੱਖ ਵੱਖ ਵਿਆਖਿਆ ਕੀਤੀ ਹੈ।—

D Divinity, H Humanity,

A Amity, R-Reliability, M Morality.

ਇਕ ਵਿਦਵਾਨ ਨੇ ਇਸਨੂੰ ਇਉਂ ਦਰਸਾਇਆ ਹੈ :—

ਖਿਮਾ, ਅਹਿੰਸਾ, ਦਇਆ ਮ੍ਰਿਧ, ਸੁਚ, ਸੰਜਮ, ਤਪਦਾਨ,
ਸੋਲ ਸੰਜਮ ਤ੍ਰਿਸ਼ਨਾਂ ਬਿਨਾਂ ਲਿੰਗ ਧਰਮ ਦਸ ਜਾਨ

ਸਾਹਿਬ ਗੁਰੂ ਨਾਨਕ ਦੇਵ ਜੀ ਥੋੜ੍ਹੇ ਸ਼ਬਦਾਂ ਰਾਹੀਂ ਇਸਦੇ ਗੁਣ ਦਰਸਾਏ ਹਨ :

ਨਾਮ ਜਪਣਾ, ਵੰਡ ਛਕਣਾ, ਧਰਮ ਦੀ ਕਿਰਤ ਕਰਨਾ।

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਵਿਧਾਨ ਨੂੰ ਹੋਰ ਸਰਲ ਕਰ ਦਰਸਾਇਆ ਹੈ :

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।

ਸੋ ਸਿਆਣੇ ਇੱਕੋ ਮਤ, ਅਨੁਸਾਰ ਸਿੱਟਾ ਇਹ ਨਿਕਲਿਆ :—

ਧਰਮ ਉਹ ਪਵਿੱਤਰ ਮਰਯਾਦਾ ਹੈ, ਜਿਸ ਨਾਲ ਪ੍ਰਾਣੀ, ਸਮਾਜ ਤੇ ਦੇਸ਼ ਖੁਸ਼ਹਾਲ ਹੁੰਦੇ ਹਨ।

ਇਹ ਉਹ ਨੂਰ ਹੈ, ਜਿਸ ਨਾਲ ਵਿਸ਼ਵ ਭਰ ਦੇ ਜੀਵ ਜੰਤੂਆਂ ਵਿਚ ਉਹ ਸਰਬ ਸ਼ਕਤੀਮਾਨ ਵਿਖਾਈ ਦੇਂਦਾ ਹੈ; ਇਹ ਉਹ ਸੁਗੰਧੀ ਹੈ ਜਿਹੜੀ ਲੋਕ ਪ੍ਰਲੋਕ ਵਿਚ ਲਪਟਾਂ ਛੱਡਦੀ ਏ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਉਸ ਧਰਮ ਨੂੰ ਉਜਾਗਰ ਕੀਤਾ ਜਿਸ ਬਾਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਮਾਤ ਲੋਕ ਤੇ ਆਉਣਾ ਦੱਸਿਆ ਸੀ। ਇਹ ਉਹੋ ਧਰਮ ਹੈ ਜਿਹੜਾ ਕਲਿਜੁਗੀ ਤੀਰਾਂ ਦੀ ਮਾਰ ਖਾ ਲਹੂ ਲੁਹਾਨ ਹੋਇਆ ਆਕਾਸ਼ ਵਿਚ ਭਟਕ ਰਿਹਾ ਸੀ ਤੇ ਟਿਕਾਣਾ ਲਭ ਰਿਹਾ ਸੀ। ਅੰਤ ਜਿਸ ਨੂੰ ਪੰਜਾਬ ਦੀ ਭੌ ਹੀਣ-ਧਰਤੀ ਦੇ ਬ੍ਰਾਜਮਾਨ ਮਾਲਿਕ, ਜਿਸਦੀਆਂ ਲੰਮੀਆਂ ਭੁਜਾਵਾਂ ਸਨ, ਉਸਦੇ ਕਰ ਕਮਲਾਂ ਸੰਭਾਲ, ਉਸਦੇ ਜ਼ਖਮ ਧੋਤੇ, ਮ੍ਰਹੱਮ ਪੱਟੀ ਕੀਤੀ, ਅੰਮ੍ਰਿਤ ਦਾ ਛਿਟਾ ਮਾਰ, ਉਸ ਹੱਡੀਆਂ ਦੀ ਮੁਠ ਵਿਚ ਸਾਹਸ ਭਰਿਆ।

ਉਸ ਪਰਮ ਜੋਤੀ ਸਤਿਗੁਰੂ ਪਰਤਾਪ ਸਿੰਘ ਜੀ ਧਰਮ ਨੇ ਪਵਿੱਤਰ ਨਿਯਮਾਂ ਨੂੰ ਆਪਣੇ ਜੀਵਨ ਕਾਲ ਵਿਚ ਅਪਨਾਇਆ, ਉਨ੍ਹਾਂ ਤੇ ਅਮਲ ਕੀਤਾ, ਮੁੜ ਉਨ੍ਹਾਂ ਦਾ ਪ੍ਰਚਾਰਨ ਕੀਤਾ। ਆਪ ਕਹਿਣੀ ਨਾਲੋਂ ਕਰਨੀ ਨੂੰ ਪ੍ਰਧਾਨਤਾ ਦੇਂਦੇ ਸਨ। ਉਹ ਕਹਿੰਦੇ 'ਕਹਿਣੀ' ਵਿਚ 'ਹ' ਦਾ ਮੂੰਹ ਖੁਲ੍ਹਾ ਹੋਣ ਕਾਰਨ, ਗੁਣ ਹਵਾ ਹੋ ਜਾਂਦੇ ਹਨ ਜਦ ਕਿ ਕਰਨੀ ਕਾਰਨ ਉਹ ਵਧਦੇ ਫੁਲਦੇ ਤੇ ਅਸਰ-ਦਾਇਕ ਹੁੰਦੇ ਹਨ। ਰੱਬੀ ਬਾਣੀ ਵਿਚ ਆਇਆ ਹੈ :

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ।

ਸੱਚੇ ਪਾਤਸ਼ਾਹ ਆਪ ਅੰਮ੍ਰਿਤ ਵੇਲੇ ਉਠਦੇ, ਗੜਵਾ ਜਲ ਦਾ ਲੈ ਜੰਗਲ ਮੈਦਾਨ ਜਾਂਦੇ, ਦਾਤਨ ਕਰਦੇ ਤੇ ਮੁੜ ਸਿਮਰਨ ਵਿਚ ਲੀਨ ਹੁੰਦੇ। ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਵਿਚ ਦਰਸ਼ਨ ਦੇਂਦੇ। ਸਾਰਾ ਵਾਤਾਵਰਨ ਰੱਬੀ ਰੰਗ ਵਿਚ ਰੰਗਿਆ ਜਾਂਦਾ। ਸੂਰਜ ਦੀ ਟਿਕੀ ਨਿਕਲਣ ਨਾਲ ਹੀ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਪਾ ਸਵੇਰ ਦੇ ਕ੍ਰਮ ਤੋਂ ਫਾਰਗ ਹੁੰਦੇ। ਜਲ ਪ੍ਰਸ਼ਾਦ ਛੱਕਦੇ ਤੇ ਸੰਗਤਾਂ ਨੂੰ ਦਰਸ਼ਨ ਦੇਂਦੇ। ਸਭ ਨੂੰ ਅੰਮ੍ਰਿਤ ਵੇਲੇ ਜਾਗਣ ਤੇ ਨਾਮ ਸਿਮਰਨ ਦਾ ਉਪਦੇਸ਼ ਦੇਂਦੇ, ਜਿਸਦਾ ਸਦਕਾ ਉਨ੍ਹਾਂ ਦੇ ਸੁੰਦਰ ਮੁਖੜੇ ਦੀ ਤਾਬ ਨ ਲਾਂਦਿਆ ਉਨ੍ਹਾਂ ਦੀ ਰਸਨਾ ਦਾ ਬਾਣ ਖਾਲੀ ਨਾ ਜਾਂਦਾ। ਜਿਵੇਂ ਕਬੀਰ ਜੀ ਆਖਿਆ ਹੈ :—

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ।
ਲਾਗਤਿ ਹੀ ਭੁਇ ਗਿਰਿ ਪਰਿਆ, ਪਰਾ ਕਰੇਜੇ ਛੇਕੁ।

ਜਿਹੜੇ ਇਨ੍ਹਾਂ ਬਾਣਾਂ ਨਾਲ ਵਿੰਨੇ ਗਏ, ਉਹ ਆਪਾ ਭੁੱਲ ਗਏ। ਉਨ੍ਹਾਂ ਦੀ ਸ਼ਰਾਬ ਦੀ ਲਾਹਣਾਂ ਡੁਲ ਗਈਆਂ, ਕੁਕੜਾਂ ਦੇ ਡਾਲੇ ਭਜ ਗਏ। ਉਨ੍ਹਾਂ ਵਾਸਤੇ ਬਗਾਨੀ ਅੰਸ ਗਊ ਸਮਾਨ ਸੀ। ਉਨ੍ਹਾਂ ਦੀ ਕਾਇਆ ਪਲਟ ਦਿੱਤੀ, ਉਹ ਫਰਸ਼ਾਂ ਤੋਂ ਉਠ ਅਰਸ਼ਾਂ ਤੇ ਉਡਾਰੀਆਂ ਮਾਰਨ ਲੱਗੇ। ਉਹ ਰਾਖਸ਼ ਬੁਧੀ ਤਿਆਗ, ਦੇਵ ਗਣਾਂ ਦੀ ਮਾਲਾ ਵਿਚ ਪੁਜੇ।

ਨਾਮ ਸਿਮਰਨ :—

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦੇ ਅਲਮ ਬ੍ਰਦਾਰ ਸਨ। ਉਨ੍ਹਾਂ ਲੋਕਾਂ ਦੇ ਜੀਵਨ ਨੂੰ ਸਫਲ ਬਨਾਣ ਹਿਤ **ਨਾਮ** ਦੀ ਹੱਟੀ ਖੋਲੀ। ਬਾਣੀ ਦਸਦੀ ਹੈ, ਕਿ ਨਾਮ ਇਕ ਅਮੋਲਕ ਰਤਨ ਹੈ, ਜਿਸਦੇ ਬਰਾਬਰ ਹੋਰ ਕੋਈ ਵਸਤੂ ਨਹੀਂ।

ਨਾਮੁ ਅਮੋਲਕ ਰਤਨੁ ਹੈ ਪੂਰੇ ਸਤਿਗੁਰ ਪਾਸਿ।

ਇਹ ਨਾਮ ਸਾਰੇ ਦੁਖਾਂ ਦਾ ਇਲਾਜ ਹੈ :—

ਸਰਬ ਰੋਗ ਕਾ ਅਉਖਦੁ ਨਾਮੁ।
ਕਲਿਆਣ ਰੂਪ ਮੰਗਲ ਗੁਣ ਗਾਮ।

ਇਹੋ ਨਾਮ ਉਥੇ ਸਹਾਇਤਾ ਕਰਦਾ ਹੈ, ਜਿਥੇ ਕੋਈ ਮਿੱਤਰ, ਬੇਲੀ, ਪਿਤਾ, ਮਾਤਾ, ਭਰਾ ਨਹੀਂ ਪੁਜ ਸਕਦੇ—

ਜਹ ਮਾਤ ਪਿਤਾ ਸੁਤ ਮੀਤ ਨ ਭਾਈ,
ਮਨ ਊਹਾਂ ਨਾਮੁ ਤੇਰੈ ਸੰਗਿ ਸਹਾਈ।
ਜਹ ਮਹਾ ਭਇਆਨ ਦੂਤ ਜਮ ਦਲੈ,
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ।
ਜਹ ਮੁਸਕਲ ਹੋਵੈ ਅਤਿ ਭਾਰੀ,
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ।

ਇਸੇ ਨਾਮ ਦੀ ਗੁਰੂ ਜੀ ਹੋਰ ਉਪਮਾ ਦਰਸਾਈ ਹੈ :—

ਬੂਡਤ ਕਉ ਜੈਸੇ ਬੇੜੀ ਮਿਲਤ ।
ਬੂਝਤ ਦੀਪਕ ਮਿਲਤ ਤਿਲਤ ।
ਜਲਤ ਅਗਨੀ ਮਿਲਤ ਨੀਰ ।
ਜੈਸੇ ਬਾਰਿਕ ਮੁਖਹਿ ਖੀਰ ।
ਜੈਸੇ ਰਣ ਮਹਿ ਸਖਾ ਭ੍ਰਾਤ ।
ਜੈਸੇ ਭੂਖੇ ਭੋਜਨ ਮਾਤ ।
ਜੈਸੇ ਕਿਰਖਹਿ ਬਰਸ ਮੇਘ ।
ਜੈਸੇ ਪਾਲਨ ਸਰਨਿ ਸੇਂਘ ।
ਗਰੁੜ ਮੁਖਿ ਨਹੀਂ ਸਰਪ ਤ੍ਰਾਸ ।
ਸੂਆ ਪਿੰਜਰਿ ਨਹੀਂ ਖਾਇ ਬਿਲਾਸੁ ।
ਜੈਸੋ ਆਂਡੋ ਹਿਰਦੇ ਮਾਹਿ
ਜੈਸੋ ਦਾਨੋ ਚੱਕੀ ਦਰਾਹਿ ।
ਬਹੁਤੁ ਓਪਮਾ ਥੋਰ ਕਹੀ ।
ਹਰਿ ਅਗਮ ਅਗਮ ਅਗਾਧਿ ਤੁਹੀ ।

ਇਸ ਨਾਮ ਜਪਣ ਨਾਲ, ਕਾਮ, ਕ੍ਰੋਧ, ਲੋਭ, ਮੋਹ ਆਦਿ ਦੀ ਅਗਨੀ ਸ਼ਾਂਤ ਹੋ ਜਾਂਦੀ ਹੈ ਤੇ ਭਟਕਣਾ ਦਾ ਭੋਗ ਪੈ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਮ ਦੇ ਜਪਣ ਵਾਲਿਆਂ ਨੂੰ ਇਹ ਸਰਟੀਫੀਕੇਟ ਦਿੱਤਾ ਹੈ :—

ਇਕ ਨਾਮ ਬਿਨਾ ਨਹੀ ਕੋਟ ਬ੍ਰਤੀ ।
ਇਮ ਬੇਦ ਉਚਾਰਤ ਸਾਰੁਸਤੀ
ਜੋਊ ਵਾ ਰਸਕੇ ਚਸਕੇ ਰਸ ਹੈ ।
ਤੇਊ ਭੂਲ ਨ ਕਾਲ ਫਧਾ ਫਸ ਹੈ ।

—ਅਕਾਲ ਉਸਤਤ

ਬਾਣੀ ਪ੍ਰਵਾਹ :—

ਆਪ ਇਸ ਇਲਾਹ ਬਾਣੀ ਦਾ ਕੇਵਲ ਪਾਠ ਹੀ ਨਹੀਂ ਕਰਦੇ ਸਨ, ਸਗੋਂ ਇਸਦੇ ਅੱਖਰ ਅੱਖਰ ਤੇ ਚਲਣ ਦਾ ਉਪਦੇਸ਼ ਦੇਂਦੇ ਸਨ। ਬਾਣੀ ਕੀ ਕਹਿੰਦੀ ਹੈ ?

ਪਉੜੀ : ਵਵਾ ਵੈਰੁ ਨ ਕਰੀਐ ਕਾਹੂ । ਘਟ ਘਟ ਅੰਤਰਿ ਬ੍ਰਹਮ ਸਮਾਹੂ ।
ਵਾਸੁਦੇਵ ਜਲ ਥਲ ਮਹਿ ਰਵਿਆ । ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ।
ਵੈਰ ਵਿਰੋਧ ਮਿਟੇ ਤਿਹ ਮਨ ਤੇ । ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ।

—ਬਾਵਨ ਅਖਰੀ

(ਅ) ਫ਼ਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨ ਨ ਹਢਾਇ,
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ।

(ੲ) ਮ: ੧ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।
ਗੁਰੁ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ।

(ਸ) ਸਭੈ ਘਟਿ ਰਾਮੁ ਬੋਲੈ, ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ ।
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ, ਬਹੁ ਨਾਨਾ ਰੇ ।

—ਨਾਮਦੇਵ 988

(ਹ) ਸਤਿਗੁਰ ਵਿਟਹੁ ਵਾਰਿਆ, ਜਿਤੁ ਮਿਲਿਐ ਖਸਮੁ ਸਮਾਲਿਆ ।
ਜਿਨਿ ਕਰਿ ਉਪਦੇਸੁ ਗਿਆਨੁ ਅੰਜਨੁ ਦੀਆ,
ਇਨੀ ਨੇਤ੍ਰੀ ਜਗਤੁ ਨਿਹਾਲਿਆ ।
ਖਸਮ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ।
ਸਤਿਗੁਰੂ ਹੈ ਬੋਹਥਾ ਵਿਰਲੈ ਕਿਨੈ ਵੀਚਾਰਿਆ ।
ਕਰਿ ਕਿਰਪਾ ਪਾਰਿ ਉਤਾਰਿਆ ।

(ਕ) ਬਿਨੁ ਸਤਿਗੁਰ ਕਿਨੈ ਨ ਪਾਇਓ,
ਬਿਨ ਸਤਿਗੁਰ ਕਿਨੈ ਨ ਪਾਇਆ
ਸਤਿਗੁਰ ਵਿਚ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ।

ਇਹ ਬਾਣੀ ਰਤਨਾਂ ਦੀ ਖਾਣ ਹੈ । ਆਪ ਜੀ ਨੇ ਦੋਨੋਂ ਗ੍ਰੰਥ, ਸ੍ਰੀ ਆਦਿ ਗ੍ਰੰਥ ਤੇ ਦਸਮ ਗ੍ਰੰਥ ਸਾਹਿਬਾਂ ਨੇ ਪਾਠ ਕਰਨ ਦੀ ਤਾਕੀਦ ਕੀਤੀ ਕਿਉਂਕਿ ਪਾਠ ਕਰਨ ਨਾਲ ਮਨ ਨਿਰਮਲ ਹੁੰਦਾ, ਬਾਣੀ ਦੀ ਸੂਝ ਪੈਂਦੀ ਹੈ । ਜੀਵਨ ਜੁਗਤੀ ਦਾ ਮਾਰਗ ਮਿਲਦਾ ਹੈ । ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਆਦਿ ਗ੍ਰੰਥ ਸਾਹਿਬ ਦੇ ਦਸ ਹਜ਼ਾਰ ਅਖੰਡ ਪਾਠ, ਛੇ ਲੱਖ ਦੇ ਕਰੀਬ ਸਾਧਾਰਨ ਪਾਠਾਂ ਦੇ ਭੋਗ ਤੇ ਇਸੇ ਤਰ੍ਹਾਂ ਇਕ ਹਜ਼ਾਰ ਦੇ ਕਰੀਬ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਏ ।

ਆਪ ਜੀ ਨੇ ਨਾਮ ਬਾਣੀ ਦੇ ਅਭਿਆਸ ਖਾਤਰ ਰੋਜ਼ ਦੇ ਨਿਤਨੇਮ ਤੋਂ ਵੱਖ ਸੰਮਤ 1997/1940 ਈ. ਵਿਚ ਇਕ ਘੰਟਾ ਰੋਜ਼ ਨਾਮ ਸਿਮਰਨ ਦਾ ਹੁਕਮ ਦਿੱਤਾ । ਇਸ ਨਾਮ ਦੀ ਵਰਨੀ ਜਿਸ ਵਿਚੋਂ ਘਿਉ ਦੀ ਜੋਤ ਜਗਦੀ ਹੈ ਤੇ ਹਵਨ ਹੀ ਹੁੰਦਾ ਹੈ ਸੰਮਤ 1990/1933 ਈ. ਵਿਚ ਸ੍ਰੀ ਭੈਣੀ ਸਾਹਿਬ ਤੇ ਸੰਮਤ 2004/ 1947 ਈ. ਸ੍ਰੀ ਜੀਵਨ ਨਗਰ ਚਾਲੂ ਕੀਤੀ, ਜਿਹੜੀਆਂ ਨਿਰੰਤਰ ਚਲ ਰਹੀਆਂ ਹਨ ।

ਸੁਚ ਸੋਧ :—

ਜਲ ਪ੍ਰਸਾਦ ਸੁਚ ਸੋਧ ਦਾ ਛੱਕਣ ਇਹ ਨਾ ਸਮਝਣ ਏਥੇ ਬੈਠਾ ਕਾਲੇ ਪਾਣੀ ਦੀਆਂ ਲੀਕਾਂ ਕੱਢੀ ਜਾਂਦਾ ਹੈ । (ਹੁਕਮਨਾਮਾ, ਸਤਿਗੁਰੂ ਰਾਮ ਸਿੰਘ)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ :

'ਸੁਚਿ ਹੋਵੈ ਤਾ ਸਚੁ ਪਾਈਐ'

ਇਸਦੇ ਨਾਲ ਹੀ ਗੁਰੂ ਜੀ ਸਚ ਦੀ ਪ੍ਰਾਪਤੀ ਦਾ ਰਾਹ ਵਖਾਂਦੇ ਹਨ :

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ।

ਸ੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ :

ਜੀਅਹੁ ਮੈਲੇ ਬਾਹਰਹੁ ਨਿਰਮਲ ।
ਬਾਹਰਹੁ ਨਿਰਮਲ ਜੀਅਹੁ ਮੈਲੇ
ਤਿਨੀ ਜਨਮੁ ਜੂਐ ਹਾਰਿਆ ।

ਭਾਵ ਹਿਰਦੇ ਦੀ ਸੁਚਮਤਾ ਵਾਸਤੇ ਸੱਚ ਦੀ ਲੋੜ ਹੈ ਤੇ ਸੱਚ ਦੀ ਘਾਟ ਸੁਚ ਤੋਂ ਪ੍ਰਾਪਤ ਹੁੰਦੀ ਹੈ । ਸੱਚੇ ਪਾਤਸ਼ਾਹ ਜੀ ਕੇਵਲ ਉਨ੍ਹਾਂ ਗੁਰਸਿੱਖਾਂ ਦਾ ਲੰਗਰ ਪ੍ਰਵਾਨ ਕਰਦੇ ਸਨ, ਜਿਨ੍ਹਾਂ ਭਜਨ ਪੁਛਿ, ਮਾਸ, ਸ਼ਰਾਬ ਦਾ ਤਿਆਗ ਕਰ ਦਸਾਂ ਨਵਾਂ ਦੀ ਕਿਰਤ ਕਰਦੇ ਸਨ । ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਪ੍ਰਵਾਨ ਕੀਤੀ ਸੀ ਤੇ ਮਲਕ ਭਾਗੋ ਦੇ ਕੜਾਹ ਪੂੜੀਆਂ ਤੋਂ ਸੰਕੋਚ ਕੀਤਾ । ਆਮ ਪ੍ਰਸਿੱਧ ਹੈ :

ਜੈਸਾ ਅੰਨ ਵੈਸਾ ਮੰਨ ।
ਜੈਸਾ ਪਾਣੀ ਵੈਸੀ ਬਾਣੀ ।
ਜੈਸਾ ਦੁੱਧ ਵੈਸੀ ਬੁਧ ।

ਪਰ ਸੋਧ ਦਾ ਭਾਵ ਇਹ ਵੀ ਹੈ ਕਿ ਅੰਦਰ ਦੀ ਸੋਧ ਵੀ ਹੋਵੇ ਜੇ ਅੰਦਰਲੀ ਸੋਧ ਨਹੀਂ ਤਾਂ ਮਨ ਨਿਰਮਲ ਨਹੀਂ । ਸਤਿਗੁਰੂ ਰਾਮ ਸਿੰਘ ਜੀ ਇਕ ਸੋਧੀ ਨੂੰ ਇਸ ਵਾਸਤੇ ਡੰਨ ਲਾਇਆ ਸੀ ਕਿ ਉਸਨੇ ਗੜਵਾ ਮਾਂਜਣ ਦੇ ਡਰ ਤੋਂ ਇਕੋ ਖੁਲੇ ਸਿੱਖ ਨੂੰ ਖੂਹ ਤੇ ਖਲੋਤੇ ਜਲ ਨਹੀਂ ਛਕਾਇਆ ਸੀ । ਏਸੇ ਵਾਸਤੇ ਬਾਣੀ ਕਹਿੰਦੀ ਹੈ :

ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ।
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ । ਮ: 4—822

ਸੋਧੀ ਦਾ ਮਨ ਬਲਵਾਨ ਹੁੰਦਾ ਹੈ । ਭੁਖ ਪਿਆਸ ਉਸਨੂੰ ਢਾਹ ਨਹੀਂ ਸਕਦੀ । ਉਹ ਥਾਂ ਥਾਂ ਬੁਰਕ ਨਹੀਂ ਮਾਰਦੇ, ਜਿਸ ਕਾਰਨ ਉਹ ਬੀਮਾਰੀਆਂ ਦਾ ਘਟ ਸ਼ਿਕਾਰ ਹੁੰਦਾ ਹੈ । ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹੋ ਆਦੇਸ਼ ਹੈ :—

ਜਹਾਂ ਤਹਾਂ ਕਾ ਛਕੈ ਪ੍ਰਸਾਦ,
ਸਿੱਖ ਨਹੀਂ ਮੇਰਾ ਆਦਿ ਜੁਗਾਦਿ ।

ਉਦਾਰਤਾ :—

ਭੁਖੇ ਨੂੰ ਰੋਟੀ, ਨੰਗੇ ਨੂੰ ਕੱਪੜਾ ਜ਼ਰੂਰ...ਜੇ ਗਊ ਦੀ ਰਤ ਦੀ ਭਿਜੀ ਛੁਰੀ

ਵਾਲਾ ਆਵੇ ਤਾਂ ਵੀ ਖਾਲੀ ਨਹੀਂ ਮੋੜਨਾ (ਸਤਿਗੁਰੂ ਰਾਮ ਸਿੰਘ ਜੀ)।

ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ 24 ਘੰਟੇ ਦਾ ਲੰਗਰ ਜਾਰੀ ਕਰ ਮਹਾਨ ਕਾਰਜ ਅਰੰਭਿਆ, ਜਿਥੋਂ ਅਤਿਥੀ ਨੂੰ ਅੱਧੀ ਰਾਤੀਂ ਵੀ ਪ੍ਰਸ਼ਾਦ ਮਿਲਦਾ ਹੈ। ਸਤਿਗੁਰੂ ਹਰੀ ਸਿੰਘ ਜੀ 1899 ਈ. ਵਿਚ ਹਜ਼ਾਰਾਂ ਕਾਲ ਪੀੜਤ ਬਾਗੜੀਆਂ ਨੂੰ 6 ਮਹੀਨੇ ਤੱਕ ਪ੍ਰਸ਼ਾਦ ਛਕਾਇਆ। ਉਸ ਸਮੇਂ ਅੰਗਰੇਜ਼ੀ ਸਰਕਾਰ ਕੂਕਿਆਂ ਨੂੰ ਕਾਬੂ ਕਰਨ ਹਿਤ ਲੰਗਰ ਦੇ ਨਾਉਂ 100 ਮੁਰੱਬੇ ਦੀ ਪੇਸ਼ਕਸ਼ ਕੀਤੀ, ਪਰ ਗੁਰੂ ਜੀ ਨੇ ਠੁਕਰਾ ਦਿੱਤੀ ਕਿ ਇਹ ਲੰਗਰ ਮੁਰੱਬਿਆਂ ਨਾਲ ਨਹੀਂ ਚਲਦੇ ਇਸਨੂੰ ਮੇਰਾ ਸਤਿਗੁਰੂ ਰਾਮ ਸਿੰਘ ਚਲਾ ਰਿਹਾ ਹੈ। ਗ਼ਰੀਬਾਂ ਨੂੰ ਖੁਆਣ ਨਾਲ ਕਮੀ ਨਹੀਂ ਹੁੰਦੀ। ਸਤਿਗੁਰੂ ਰਾਮ ਸਿੰਘ ਜੀ ਦਾ ਕਥਨ ਹੈ ਕਿ... "ਧਨ ਕੁਚਾਲ ਚਲਣ ਨਾਲ ਘਟਦਾ ਹੈ, ਪੁੰਨ ਦਾਨ ਨਾਲ ਨਹੀਂ ਘਟਦਾ।"

ਸਤਿਗੁਰੂ ਪਰਤਾਪ ਸਿੰਘ ਜੀ ਉਸੇ ਲੰਗਰ ਨੂੰ ਚਾਲੂ ਰਖਿਆ ਸਗੋਂ 1947 ਵਿਚ ਚੁਚਾਲ ਕੋਟਲੀ, ਜਿਸਦਾ ਨਾਉਂ ਮਾਤਾ ਜੀਵਨ ਕੌਰ ਦੇ ਨਾਉਂ ਤੇ ਰਖਿਆ, ਤੇ ਲੰਗਰ ਵੀ ਜਾਰੀ ਕਰ ਦਿੱਤਾ। ਇਨ੍ਹਾਂ ਲੰਗਰਾਂ ਤੋਂ ਜਿਥੋਂ ਆਮ ਨੂੰ ਪ੍ਰਸ਼ਾਦ ਮਿਲਦਾ ਸੀ ਉਥੇ ਆਜ਼ਾਦੀ ਦੇ ਘੋਲ ਸਮੇਂ ਅੰਡਰ ਗ੍ਰਾਊਂਡ ਸਿਆਸੀ ਵਰਕਰਾਂ ਨੂੰ ਹਰ ਪ੍ਰਕਾਰ ਦੀ ਸਹੂਲਤ ਵੀ ਮਿਲਦੀ ਸੀ।

ਆਪ ਜੀ ਨੇ ਬਟਵਾਰੇ ਸਮੇਂ 9 ਮਹੀਨੇ ਤਕ ਉਜੜ ਕੇ ਆਏ ਲੋਕਾਂ ਦੇ ਲੰਗਰ ਦਾ ਪ੍ਰਬੰਧ ਕੀਤਾ। ਪੰਦਰਾਂ ਸੋਲ੍ਹਾਂ ਸੌ ਦੇ ਕਰੀਬ ਰਜ਼ਾਈਆਂ ਵਰਤਾਈਆਂ। ਬੈਲ ਗਊਆਂ, ਮੱਝਾਂ ਸਰਕਾਰੋਂ ਨੀਲਾਮੀ 'ਚ ਖ਼ਰੀਦ ਉਖੜੇ ਸਿੱਖਾਂ ਨੂੰ ਦਿੱਤੀਆਂ। ਹੋਰ ਦਵਾ ਦਾਰੂ ਵੱਖਰਾ। ਇਲਾਕੇ ਦੀ ਅਬਾਦੀ ਵਾਸਤੇ 20-25 ਖੂਹ ਲਵਾਏ। ਗ਼ਰੀਬ ਕਿਸਾਨਾਂ ਨੂੰ 4 ਤੋਂ ਲੈ ਕੇ 8 ਏਕੜ ਜ਼ਮੀਨ ਦੇ ਕੇ ਬਾਦਸ਼ਾਹਾਂ ਵਾਂਗ ਬਣਾ ਦਿੱਤਾ। ਇਸ ਤਰ੍ਹਾਂ ਨਾਲ ਕੋਈ 2,000 ਏਕੜ ਜ਼ਮੀਨ ਤਕਸੀਮ ਕੀਤੀ। ਜਿਹੜੀ ਇਕ ਲਾ ਮਿਸਾਲ ਹੈ।

ਬਿਹਾਰ ਵਿਚ ਕਾਲ ਪਿਆ। ਡਾਕਟਰ ਰਾਜਿੰਦਰ ਪ੍ਰਸ਼ਾਦ ਜੀ ਸ੍ਰੀ ਭੈਣੀ ਸਾਹਿਬ ਆਏ ਤਾਂ ਸੈਂਕੜੇ ਬੋਰੀਆਂ ਕਣਕ ਤੇ ਕੱਪੜਾ ਕਾਲ-ਪੀੜਤਾਂ ਵਾਸਤੇ ਸਤਿਗੁਰੂ ਜੀ ਨੇ ਦਿੱਤਾ। ਜੋ ਬੰਗਾਲ ਦੇ ਕਾਲ ਦੌਰਾਨ ਪੰਡਿਤ ਜਵਾਹਰ ਲਾਲ ਨਹਿਰੂ ਪਧਾਰੇ ਤਾਂ ਉਨ੍ਹਾਂ ਨੂੰ ਚਾਵਲਾਂ ਦੀਆਂ ਬੋਰੀਆਂ ਦੇ ਕੇ ਪੀੜ੍ਹਤਾਂ ਦੀ ਸਹਾਇਤਾ ਕੀਤੀ।

ਇਕ ਸਮੇਂ ਆਪ ਸੰਗਤਾਂ ਵਿਚ ਸ੍ਰੀ ਜੀਵਨ ਨਗਰ ਬੈਠੇ ਸਨ ਕਿ ਦੋ ਬ੍ਰਾਹਮਣ ਹਰਦੇਵ ਦਤ ਤੇ ਕੁੰਦਨ ਲਾਲ ਬਰਾਨ ਪੁਰ ਤੇ ਭੋੜਕਿਆਂ ਤੋਂ ਆਏ। ਸੱਚੇ ਪਾਤਸ਼ਾਹ ਬਚਨ ਕੀਤਾ "ਦੇਵਤਾ ਜੀ ਆਓ, ਕਿਵੇਂ ਦਰਸ਼ਨ ਦਿੱਤੇ ਹਨ।" ਤਾਂ ਕੁੰਦਨ ਲਾਲ ਖੜਾ ਹੋ ਢਾਹ ਮਾਰ ਰੋਣ ਲੱਗਾ। ਸੱਚੇ ਪਾਤਸ਼ਾਹ ਜੀ ਹੌਸਲਾ ਦੇਂਦਿਆਂ ਕਿਹਾ, "ਪੰਡਿਤ ਜੀ ਧੀਰਜ ਨਾਲ ਗੱਲ ਕਰੋ।" ਤਾਂ ਕੁੰਦਨ ਲਾਲ ਅੱਖਾਂ ਪੂੰਝਦਿਆਂ ਕਿਹਾ, ਮਹਾਰਾਜ! ਬੂਹੇ ਤੇ 17 ਸਾਲਾਂ ਦੀ ਲੜਕੀ ਬੈਠੀ ਹੈ। ਸ਼ਾਸਤਰ ਦਾ ਮਤ ਹੈ, ਕਿ ਜਦ ਧੀ ਵਰ ਜੋਗ ਹੋਵੇ ਤਾਂ ਉਸਨੂੰ ਵਿਆਹ ਦਿੱਤਾ ਜਾਵੇ। ਉਸ ਹੱਥੋਂ ਜਲਪਾਨ ਕਰਨਾ ਧਰਮ ਨਹੀਂ। ਸੰਕੇ ਮਾਰ ਘਤਿਆ ਹੈ ਵਾਹ ਕੋਈ ਨਹੀਂ, ਆਤਮ ਹੱਤਿਆ

ਦਾ ਸੰਕਲਪ ਧਾਰ ਲਿਆ ਸੀ। ਹਰਦੇਵ ਦਤ ਸਹਾਰਾ ਦੇ ਲੈ ਆਇਆ ਹੈ ਏਥੇ। ਇਹ ਕਰੁਣਾ ਭਰੀ ਵਿਥਿਆ ਸੁਣ ਸੰਗਤ ਵਿਚ ਖਾਮੋਸ਼ੀ ਛਾ ਗਈ। ਸੱਚੇ ਪਾਤਸ਼ਾਹ ਜੀ ਖ਼ਜ਼ਾਨਚੀ ਨੂੰ ਆਗਿਆ ਕੀਤੀ ਕਿ ਇਸ ਦੇਵਤੇ ਨੂੰ 2,000/-ਰੁਪਏ ਦੇ ਦਿਉ, ਪਰ ਨਾਲ ਹੀ ਇਹ ਕਹਿ ਦਿੱਤਾ ਹੁਕੀ ਬੀੜੀ ਨਹੀਂ ਪੀਣੀ। ਦੋਵੇਂ ਬ੍ਰਾਹਮਣ ਭਾਰੇ ਪੈਰੀਂ ਆਏ ਸਨ। ਹੌਲੇ ਫੁੱਲ ਹੋ ਮੁੜੇ।

ਸੰਸਾਰ ਭਰ ਦੇ ਵਿਉਪਾਰੀ ਮਾਲ ਘੱਟ ਮੁੱਲ ਤੇ ਖ੍ਰੀਦਣ ਤੇ ਵੱਧ ਮੁੱਲ ਲੈਣ ਦੇ ਜਤਨਾਂ ਵਿਚ ਹੁੰਦੇ ਹਨ। ਸਰਗੋਧੇ (ਪਾਕਿਸਤਾਨ) ਸਰਕਾਰ ਵਲੋਂ ਘੋੜੇ ਪਾਲਣ ਤੇ ਜ਼ਿਮੀਂਦਾਰਾਂ ਨੂੰ ਮੁਰੱਬੇ ਮਿਲੇ ਹੋਏ ਸਨ। ਜ਼ਿਮੀਂਦਾਰ ਘੋੜੇ ਪਾਲਦੇ ਤੇ ਗੌਰਮਿੰਟ ਖਰੀਦਦੀ। ਇਕ ਸਮੇਂ ਇਕ ਡਾਕਟਰ ਨੇ ਇਕ ਘੋੜੇ ਦੀ ਲੱਤ ਵਿਚ ਕੁਝ ਨੁਕਸ ਵੇਖ ਗੋਲੀ ਮਾਰ ਦੇਣ ਦਾ ਫ਼ੈਸਲਾ ਦਿੱਤਾ। ਮਾਲਿਕ ਮਾਯੂਸ ਹੋ ਗਿਆ। ਸੱਚੇ ਪਾਤਸ਼ਾਹ ਦੀ ਪਾਰਖੂ ਅੱਖ ਨੇ ਘੋੜੇ ਨੂੰ ਵੇਖਿਆ ਤਾਂ ਡਾਕਟਰ ਨੂੰ ਕਿਹਾ ਕਿ ਇਸ ਘੋੜੇ ਨੂੰ ਮਾਰਿਆ ਨਾ ਜਾਵੇ, ਮੈਂ ਖਰੀਦ ਲੈਂਦਾ ਹਾਂ। ਡਾਕਟਰ ਮੰਨ ਗਿਆ ਤੇ ਮਾਲਕ ਖੁਸ਼ ਹੋ ਗਿਆ। ਸੱਚੇ ਪਾਤਸ਼ਾਹ ਮਾਲਿਕ ਪਾਸੋਂ ਕੀਮਤ ਪੁੱਛੀ ਉਸ 60 ਰੁਪਏ ਮੰਗੇ, ਸਤਿਗੁਰਾਂ ਉਸ ਨੂੰ 90/- ਰੁਪਏ ਦੇ ਕੇ ਘੋੜਾ ਲੈ ਲਿਆ* ਅਤੇ ਆਪਣੀ ਨਿਗਰਾਨੀ ਹੇਠ ਉਸਦਾ ਦਵਾ ਦਾਰੂ ਕਰਵਾਇਆ ਤੇ ਲੱਤ ਠੀਕ ਹੋ ਗਈ। ਉਸ ਘੋੜੇ ਨੇ ਕਈ ਰੇਸਾਂ ਵਿਚ ਮੱਲਾਂ ਮਾਰੀਆਂ। ਵੇਖਣ ਸੁਣਨ ਵਾਲੇ ਹੈਰਾਨ।

ਸੰਗੀਤ :—

ਰਾਗ ਰੂਹ ਦੀ ਖੁਰਾਕ ਹੈ। ਇਸਦਾ ਪ੍ਰਭਾਵ ਸਭ ਤੇ ਪੈਂਦਾ ਹੈ। ਗਊਆਂ ਵਿਚ ਰਾਗ ਕੀਤਾ ਜਾਵੇ ਤਾਂ ਗਊਆਂ ਦਾ ਦੁੱਧ ਵੱਧ ਜਾਂਦਾ ਹੈ। ਭਗਵਾਨ ਕ੍ਰਿਸਨ ਦੀ ਬਾਂਸਰੀ ਪ੍ਰਸਿੱਧ ਹੈ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸੰਗੀਤ ਦੇ ਮਹਾਨ ਚਾਹਵਾਨ ਸਨ। ਆਪ ਬਾਣੀ ਪੜ੍ਹਦੇ, ਗਾਉਂਦੇ ਤੇ ਦੂਸਰਿਆਂ ਨੂੰ ਪੜ੍ਹਨ ਗਾਉਣ ਦਾ ਉਪਦੇਸ਼ ਦੇਂਦੇ। ਆਪ ਸੰਗੀਤ ਦੇ ਮਹਾਨ ਕਲਾਕਾਰ ਸਨ। ਜਦ ਆਪ ਤਾਊਸ ਨੂੰ ਸੁਰ ਕਰ ਗਜ ਫੇਰਦੇ ਤਾਂ ਕੁਦਰਤ ਵਜਦ ਵਿਚ ਆ ਜਾਂਦੀ। ਆਪ ਜੀ ਨੇ 1933 ਈ. ਸ੍ਰੀ ਭੈਣੀ ਸਾਹਿਬ ਗੁਰਮਤ ਸੰਗੀਤ ਸੰਮੇਲਨ ਕੀਤਾ ਜਿਸ ਵਿਚ ਮਹਾਨ ਕਲਾਕਾਰਾਂ ਭਾਗ ਲਿਆ। ਇਸ ਸੰਮੇਲਨ ਦੇ ਜੱਜ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ, ਸ: ਮੁਕੰਦ ਸਿੰਘ, ਸੰਤ ਹੀਰਾ ਸਿੰਘ ਤੇ ਬਾਬਾ ਨਿਹਾਲ ਸਿੰਘ ਸਨ। ਪਹਿਲੇ, ਦੂਜੇ ਤੇ ਤੀਜੇ ਦਰਜੇ ਦੇ ਕਲਾਕਾਰਾਂ ਨੂੰ ਇਨਾਮ ਤਾਂ ਮਿਲਣੇ ਹੀ ਸਨ। ਆਪ ਜੀ ਨੇ ਆਏ ਸਮੂਹ ਕਲਾਕਾਰਾਂ ਨੂੰ ਕਿਸੇ ਨੂੰ ਗਊ, ਕਿਸੇ ਨੂੰ ਘੋੜੀ ਦੇ ਨਵਾਜਿਆ।

---

* ਸਰਗੋਧਾ ਸਟੱਡ ਫਾਰਮ ਨੇ ਘੋੜਾ ਪੈਰ ਵਿਚ ਨੁਕਸ ਹੋਣ ਕਾਰਨ ਰੇਸਾਂ ਲਈ ਰੱਦੀ ਕਰਾਰ ਦਿੱਤਾ ਸੀ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸਨੂੰ 100 ਰੁਪੈ ਵਿਚ ਖਰੀਦਿਆ ਸੀ।

ਹੱਵਨ :—

> ਵੁਠੇ ਘਾਹ ਚਰਹਿ ਨਿਤ ਸੁਰਹੀ, ਸਾਧਨ ਦਹੀ ਵਿਲੋਵੈ।
> ਤਿਤ ਘਿਇ ਹੋਮ ਜਗ ਸਦ ਪੂਜਾ, ਪਇਐ ਕਾਰਜੁ ਸੋਹੈ॥
>
> ਸ੍ਰੀ ਗੁਰੂ ਨਾਨਕ ਦੇਵ ਜੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਦੀ ਸਾਜਨਾ ਤੋਂ ਲਗ ਪਗ ਇਕ ਸਾਲ ਪਹਿਲਾਂ ਨੈਨਾਂ ਦੇਵੀ ਪਹਾੜ ਤੇ ਹਵਨ ਕੀਤਾ। ਉਸ ਵਿਚ ਸਵਾ ਲੱਖ ਰੁਪਏ ਦੀ ਸਾਮਗ੍ਰੀ ਖਰਚ ਹੋਈ। ਸੱਚੇ ਪਾਤਸ਼ਾਹ ਜੀ ਸ੍ਰੀ ਭੈਣੀ ਸਾਹਿਬ ਵਿਚ ਸੰਮਤ 1994/1937 ਈ. ਵਿਚ ਮਹਾਨ ਹਵਨ ਯੱਗ ਕੀਤਾ, ਜਿਸ ਵਿਚ ਇਕ ਘੰਟੇ ਅੰਦਰ ਇਕ ਟੀਨ ਘਿਉ ਸਮੇਤ ਸਮਗਰੀ ਪੈਂਦੀ ਸੀ। ਉਸ ਹਵਨ ਸਮੇਂ 125000 ਤੋਂ ਵੱਧ ਚੰਡੀ ਦੀ ਵਾਰ ਦੇ ਪਾਠਾਂ ਦੇ ਭੋਗ ਪਾਏ ਗਏ। ਉਨ੍ਹੀਂ ਦਿਨੀਂ ਅੰਗਰੇਜ਼ੀ ਸਰਕਾਰ ਵਲੋਂ ਲਾਹੌਰ ਵਿਚ ਮਾਡਰਨ ਢੰਗ ਦੇ ਬੁਚੜ ਖਾਨੇ ਦੀ ਸਕੀਮ ਸੀ। ਜਿਸ ਕਾਰਨ ਹਿੰਦੂ ਸੰਸਾਰ ਅਤੀ ਦੁੱਖੀ ਸੀ। ਮੁਖੀ ਲੀਡਰਾਂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ ਕੀਤੀ ਤਾਂ ਸੱਚੇ ਪਾਤਸ਼ਾਹ ਬਚਨ ਕੀਤਾ, ਅਸੀਂ ਹਵਨ ਕਰ ਅਰਦਾਸ ਕਰਾਂਗੇ, ਅਗੋਂ ਅਕਾਲ ਪੁਰਖ ਦੀ ਰਜ਼ਾ। ਪਰ ਇਹ ਗੱਲ ਬੜੀ ਪ੍ਰਸੰਨਤਾ ਨਾਲ ਕੀਤੀ ਜਾਂਦੀ ਹੈ ਕਿ ਜਦ ਪ੍ਰਯੋਗ ਦੀ ਅੰਤਮ ਅਹੂਤੀ ਨਾਲ ਅਰਦਾਸਾ ਸੋਧਿਆ ਗਿਆ ਤਾਂ ਬੁਚੜ ਖਾਨੇ ਦੀ ਸਕੀਮ ਦੇ ਕੈਂਸਲ ਹੋਣ ਦਾ ਐਲਾਨ ਹੋ ਗਿਆ। ਸੱਚੇ ਪਾਤਸ਼ਾਹ ਨੂੰ ਵਧਾਈਆਂ ਮਿਲੀਆਂ।

ਗਊ ਪਾਲਕ :—

ਹਰ ਨਾਮਧਾਰੀ ਸਵੇਰੇ ਸ਼ਾਮ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਕਿ ਹੇ ਸੱਚੇ ਪਾਤਸ਼ਾਹ ! ਆਪਣੇ ਸਰਗੁਣ ਸਰੂਪ ਦਾ ਦਰਸ਼ਨ ਬਖਸ਼ੋ; ਗਊ-ਗ਼ਰੀਬ ਦੀ ਰੱਖਿਆ ਕਰੋ; ਬੰਦੀ ਖਾਨੇ ਦੀ ਬੰਦ ਖਲਾਸ ਕਰੋ, ਮਹਾਂ ਮਲੇਛਤਾ ਦਾ ਨਾਸ ਕਰੋ, ਸੰਤ ਖਾਲਸੇ ਦਾ ਪ੍ਰਕਾਸ਼ ਕਰੋ !

ਸਿੱਖ ਧਰਮ ਦੀ ਪ੍ਰੰਪਰਾ ਵਿਚ ਗਊ-ਗ਼ਰੀਬ ਦੀ ਰੱਖਿਆ ਦਾ ਕਾਫ਼ੀ ਵਰਨਣ ਹੈ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਇਕ ਗਊ ਮਾਰੀ ਦੀ ਖਬਰ ਪੁਜੀ ਤਾਂ ਸੱਚੇ ਪਾਤਸ਼ਾਹ ਪ੍ਰਸ਼ਾਦਾ ਵਿਚੇ ਛੱਡ ਗਊ ਕਾਤਲਾਂ ਨੂੰ ਡੰਨ ਦਿੱਤਾ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਇਹ ਲਾਲਸਾ ਰੱਖਦੇ ਹਨ :—

> ਯਹੀ ਬੇਨਤੀ ਖਾਸ ਹਮਰੀ ਸੁਣੀਜੈ
> ਅਸੁਰ ਮਾਰ ਕਰ ਰਛ ਗਊਅਨ ਕਰੀਜੈ।

ਸਤਿਗੁਰੂ ਪਰਤਾਪ ਸਿੰਘ ਜੀ ਗਊ-ਉੱਨਤੀ ਵਾਸਤੇ ਪਹਿਲਾਂ ਸ੍ਰੀ ਭੈਣੀ ਸਾਹਿਬ, ਮੁੜ ਸ੍ਰੀ ਜੀਵਨ ਨਗਰ ਗਊ ਸ਼ਾਲਾਵਾਂ ਕਾਇਮ ਕੀਤੀਆਂ, ਜਿਨ੍ਹਾਂ ਨੇ ਆਲ ਇੰਡੀਆ ਮਿਲਕ ਮੁਕਾਬਲਿਆਂ ਵਿਚ ਪਹਿਲੇ ਦਰਜੇ ਪ੍ਰਾਪਤ ਕੀਤੇ। ਹਰਿਆਣੇ ਦੀ ਪੁਤਲੀ ਗਊ

ਰੋਜ਼ ਦਾ 64 ਪੌਂਡ ਦੁੱਧ ਦੇ ਕੇ ਤੇ ਸਾਹੀਵਾਲ ਨਸਲ ਨੇ 74 ਪੌਂਡ ਦੁੱਧ ਦੇ ਸਾਰੇ ਭਾਰਤ ਵਰਸ਼ ਦੇ ਸਰਕਾਰੀ ਤੇ ਗ਼ੈਰ ਸਰਕਾਰੀ ਫ਼ਾਰਮਾਂ ਨੂੰ ਮਾਤ ਪਾ ਦਿੱਤਾ। ਨੌ ਲੱਖੀ ਗਊ ਨੇ 35 ਸੇਰ ਪੱਕੇ ਰੋਜ਼ ਦਾ ਦੁੱਧ, ਜਿਸ ਤੋਂ ਦੋ ਸੇਰ ਮੱਖਣ ਅਥਵਾ ਇਕ ਸੇਰ ਦਸ ਛਟਾਂਕ ਘਿਉ ਦੇ ਕੇ ਫ਼ਾਰਮ ਨੂੰ ਚਾਰ ਚੰਨ ਲਾਏ। ਇਸੇ ਗਊ ਦਾ 300 ਦਿਨਾਂ ਦਾ ਦੁੱਧ 14140 ਪੌਂਡ ਸੀ, ਜਦ ਕਿ ਪੂਸਾ ਫ਼ਾਰਮ ਦਿੱਲੀ ਦੀ ਸਰਕਾਰੀ ਫ਼ਾਰਮ ਦੀ ਗਊ ਨੇ 13004 ਪੌਂਡ ਦੁੱਧ ਦਿੱਤਾ ਸੀ। ਜਦ ਆਪ ਸਤਿ ਧਰਮ ਉਪਦੇਸ਼ ਖਾਤਰ ਅਫ਼ਰੀਕਾ ਨੂੰ ਭਾਗ ਲਾਏ ਤਾਂ ਓਥੋਂ ਜਰਸੀ ਨਸਲ (ਗੋਰੀ ਕਾਲੀ) ਨੂੰ ਭਾਰਤ ਮੰਗਵਾਣ ਦਾ ਪ੍ਰਬੰਧ ਕੀਤਾ। ਦੁਰਭਾਗ ਆਪ ਭਾਦਰੋਂ ਵਿਚ ਸੱਚਖੰਡ ਪਧਾਰ ਗਏ ਤਾਂ ਗਊਆਂ ਲਿਆਉਣ ਵਾਲੀ ਸਕੀਮ ਵੀ ਨਾਲ ਹੀ ਥੁਜ ਗਈ। ਆਪ ਗਊ-ਹੱਤਿਆ ਬੰਦ ਕਰਾਉਣ ਖਾਤਰ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲਦੇ ਰਹਿੰਦੇ।

ਆਪ ਜੀ ਨੇ ਪੰਜਾਹ ਦੇ ਦਹਾਕੇ ਮਹਾਰਾਜ ਬੀਰ ਸਿੰਘ ਜੀ ਨੂੰ ਕਲਕੱਤੇ ਡਾਕਟਰਾਂ ਵਲੋਂ ਕੰਡਮ ਕੀਤੀਆਂ ਗਊਆਂ ਬੁਚੜਖਾਨੇ ਜਾ ਰਹੀਆਂ ਨੂੰ ਖਰੀਦ ਕਰਨ ਹਿਤ ਭੇਜਿਆ ਤੇ ਉਹ ਦੋ ਵੈਗਨਾ ਭਰਾ ਸ੍ਰੀ ਜੀਵਨ ਨਗਰ ਲਿਆਏ। ਉਨ੍ਹਾਂ ਵਿਚੋਂ ਕਈਆਂ 12-12 ਸੇਰ ਦੁੱਧ ਦੇ ਆਪਣਾ ਕਰਜ਼ਾ ਮੋੜਿਆ। ਉਨ੍ਹਾਂ ਦੇ ਪੂਰਨਿਆਂ ਤੇ ਚਲਦਿਆਂ ਛੇਵੇਂ ਦਹਾਕੜੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਗਊਆਂ ਮੰਗਵਾ ਕਤਲ ਹੋਣੋਂ ਬਚਾਈਆਂ। ਆਪ ਇਲਾਕੇ ਵਿਚ ਮਾਲਕਾਂ ਵਲੋਂ ਨਕਾਰਾ ਸਮਝਦੀਆਂ ਜਾਂਦੀਆਂ ਤੇ ਡੰਡੇ ਮਾਰ ਕੇ ਕੱਢੀਆਂ ਲਾਵਾਰਸ ਗਊਆਂ ਨੂੰ ਆਪਣੇ ਫਾਰਮ ਵਿਚ ਥਾਂ ਦੇਂਦੇ ਤੇ ਸੇਵਾ ਕਰਦੇ ਹਨ।

ਗ਼ਰੀਬ ਤੇ ਅਮੀਰ ਵਿਚਾਲੇ ਫ਼ਰਕ ਨੂੰ ਦੂਰ ਕਰਨ ਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 1963 ਜੂਨ ਦੀ ਚਲਾਈ ਅਨੰਦ ਰੀਤੀ ਵਿਚ ਹੋਰ ਸੁਧਾਰ ਕੀਤਾ ਤੇ ਵਿਵਾਹ ਸ਼ਾਦੀਆਂ ਵਿਚੋਂ ਮਠਿਆਈਆਂ ਵਰਤਾਣਾਂ, ਜੰਞਾਂ ਚੜ੍ਹਨੀਆਂ ਨੂੰ ਬੰਦ ਕਰ ਸਾਧ ਸੰਗਤ ਦੇ ਮੇਲਿਆਂ ਵਿਚ ਅਨੰਦ ਦੀ ਮਰਯਾਦਾ ਤੋਰੀ। ਮਿਲਣੀ, ਮੁਕਲਾਵੇ ਸਮੇਂ ਕੇਵਲ ਪੰਜ ਸੱਜਣ ਲੜਕੀ ਵਾਲਿਆਂ ਦੇ ਘਰ ਜਾਣ।* ਲੜਕੀ ਘਟੋ ਘਟ ਪੰਦਰਾਂ ਦਿਨ ਪਹਿਲੇ ਫੇਰੇ ਸਹੁਰੇ ਘਰ ਰਹੇ। ਪਰ ਸਤਿਗੁਰੂ ਜਗਜੀਤ ਸਿੰਘ ਜੀ ਛੁਹਾਰਾ, ਠਾਕਾ, ਮਿਲਣੀ, ਮੁਕਲਾਵਾ ਲੈਣ ਦੇਣ ਸਭ ਤੇ ਰੋਕ ਲਾ ਦਿੱਤੀ ਹੈ।

ਇਸਤਰੀ ਜਾਤੀ :

ਵੇਖ ਪਰਾਈਆਂ ਚੰਗੀਆਂ ਮਾਵਾਂ, ਭੈਣਾਂ, ਧੀਆਂ ਜਾਣੇ। ਜੀਵਨ ਗੱਡੀ ਤਦ ਸਫਲਤਾ ਨਾਲ ਰਿੜ੍ਹਦੀ ਹੈ ਜੇ ਪਤੀ ਪਤਨੀ ਵਿਚ ਇਕਸੁਰਤਾ ਹੋਵੇ। ਆਪ ਗ੍ਰਿਸਤੀ

---

* ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਧਾਰ ਪੰਜ ਸੱਜਣ ਵੀ ਜਾਣੇ ਬੰਦ ਕਰ ਦਿੱਤੇ ਗਏ ਹਨ।—ਸੰਪਾਦਕ

ਜੀਵਨ ਸੁਖੀ ਰੱਖਣ ਵਾਸਤੇ ਪਤੀ ਬ੍ਰਤ ਧਰਮ ਤੇ ਇਸਤਰੀ ਬ੍ਰਤ ਧਰਮ ਨੂੰ ਉੱਤਮ ਦਸਦੇ ਸਨ । ਆਪ ਆਖਿਆ ਕਰਦੇ ਸਨ ਕਿ ਇਹ ਗ੍ਰਿਸਤੀ ਧਰਮ ਕੇਵਲ ਸੰਸਾਰ ਦੀ ਮਰਯਾਦਾ ਕਾਇਮ ਰੱਖਣ ਖਾਤਰ ਹੈ, ਨਿਰਾ ਭੋਗ ਵਲਾਸ ਨਹੀਂ । ਆਪ ਉਪਦੇਸ਼ ਕੀਤਾ ਕਰਦੇ ਸਨ ਕਿ ਸੰਤਾਨ ਪੈਦਾ ਕਰਨ ਹਿਤ ਇਹ ਨਿਸ਼ਾਨਾ ਹੋਣਾ ਚਾਹੀਦਾ ਹੈ, ਜੇਹਾ ਕਿ :

ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ
ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ ।

ਆਪ ਪ੍ਰਵਾਰ ਕਲਿਆਣ ਦੇ ਇੱਛਕ ਸਨ, ਅਤੇ ਸਦਾ ਬ੍ਰਹਮ-ਚਾਰਜ ਨੂੰ ਪ੍ਰਧਾਨਗੀ ਦੇਂਦੇ । ਸਫਲ ਜੀਵਨ ਉਹ ਹੈ ਕਿ ਪੁਰਸ਼ ਇਸਤਰੀ ਦਾ ਮਾਨ ਸਤਿਕਾਰ ਕਰੇ ਤੇ ਪਤਨੀ ਪਤੀ ਦੀ ਆਗਿਆ ਵਿਚ ਰਹੇ । ਇਹ ਹੀ ਸਫ਼ਲ ਗ੍ਰਿਸਤ-ਜੀਵਨ ਦੀ ਕੁੰਜੀ ਹੈ ।

ਕੌਮੀ ਏਕਤਾ :

ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ
ਲਾਗਉ ਪਾਇ ਜੀਉ ॥ ਮ: 5—763

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਭਰ ਨੂੰ ਸ਼ਾਂਤੀ ਦਾ ਪੈਗਾਮ ਸੁਨਾਇਆ ਸੀ । ਉਸੇ ਉਦੇਸ਼ ਨੂੰ ਮੁਖ ਰੱਖਦਿਆਂ ਸਤਿਗੁਰੂ ਪਰਤਾਪ ਸਿੰਘ ਜੀ ਸਮੂੰਹ ਸਿੱਖਾਂ ਨੂੰ ਇਕ ਪਲੇਟ ਫਾਰਮ ਤੇ ਲਿਆਉਣ ਹਿਤ ਗੁਰੂ ਨਾਨਕ ਸਰਬ ਸੰਪ੍ਰਦਾਏ ਕਾਨਫ਼ੰਸ 1991/1934 ਵਿਚ ਸ੍ਰੀ ਭੈਣੀ ਸਾਹਿਬ ਬੁਲਾਈ, ਜਿਸ ਵਿਚ ਪੰਥ ਦੇ ਮੁੱਖੀ ਮਾ: ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਸ: ਸੁੰਦਰ ਸਿੰਘ ਮਜੀਠਾ, ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਆਦਿ ਨੂੰ ਸੱਦੇ ਪੱਤਰ ਭੇਜੇ । ਇਸ ਵਿਚ ਪ੍ਰੋ: ਗੰਗਾ ਸਿੰਘ, ਭਾਈ ਜੋਧ ਸਿੰਘ ਵੀ ਦਰਸ਼ਨ ਦਿੱਤੇ । ਉਸ ਸਮੇਂ ਬਾਬਾ ਸਾਵਣ ਸਿੰਘ ਜੀ ਵੀ ਉਪਸਥਿਤ ਸਨ ।

ਇਸ ਕਾਨਫਰੰਸ ਦੇ ਪ੍ਰਧਾਨ ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ ਸਨ । ਇਸ ਕਾਨਫਰੰਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਮੰਨਣ ਵਾਲੀਆਂ ਸੰਪ੍ਰਦਾਵਾਂ ਆਪਣੇ ਅਸੂਲਾਂ ਦਾ ਪ੍ਰੇਮ ਸਹਿਤ ਮੰਡਨ ਰੂਪ ਵਿਚ ਪ੍ਰਚਾਰ ਕਰਨ ਅਤੇ ਦੂਜੇ ਦੇ ਸਿਧਾਂਤਾਂ ਦੇ ਖੰਡਨ ਕਰਨ ਵਾਲੀ ਪ੍ਰਾਪਟੀ ਬੰਦ ਕਰਨ ।

ਮਿਲਬੇ ਕੀ ਮਹਿਮਾ ਬਰਨਿ ਨ ਸਾਕਉ
ਨਾਨਕ ਪਰੈ ਪਰੀਲਾ ॥ ਮ: 5—498

ਇਸ ਤਰ੍ਹਾਂ ਆਪ ਜੀ ਨੇ ਸੰਮਤ 2000/1943 ਈ. ਵਿਚ ਹਿੰਦੂ-ਸਿੱਖ ਏਕਤਾ ਖਾਤਰ ਸੇਠ ਜੁਗਲ ਕਿਸ਼ੋਰ ਬਿਰਲਾ ਦੀ ਪ੍ਰਧਾਨਗੀ ਹੇਠ ਹਿੰਦੂ-ਸਿੱਖ ਏਕਤਾ ਕਾਨਫਰੰਸ ਬੁਲਾਈ—ਇਸੇ ਤਰ੍ਹਾਂ ਹਿੰਦੂ-ਮੁਸਲਿਮ ਏਕਤਾ ਖਾਤਰ ਕਾਨਫ਼ਰੰਸ ਰਚੀ ।

ਸਤਿਗੁਰੂ ਜੀ ਦੇ ਖਿਆਲਾ ਅਨੁਸਾਰ ਹਿੰਦੂ ਧਰਮ ਇਕ ਬੋੜ੍ਹ ਦੇ ਬ੍ਰਿਛ ਵਾਂਗੂੰ ਹੈ, ਜਿਸਦੀਆਂ ਜੈਨੀ, ਬੋਧੀ ਅਤੇ ਸਿੱਖ ਸ਼ਾਖਾਂ ਹਨ ।

ਆਪ 1947 ਉਪ੍ਰੰਤ ਭਾਸ਼ਾ ਦੇ ਆਧਾਰ ਦੇ ਝਗੜਿਆਂ ਨੂੰ ਪਸੰਦ ਨਹੀਂ ਕਰਦੇ ਸਨ ਤੇ ਆਖਦੇ ਸਨ—ਮੈਂ ਬਹੁਤ ਚਿਰ ਤੋਂ ਅਰਜ ਕਰ ਰਿਹਾ ਹਾਂ, ਕਿ ਹਿੰਦੂ ਸਿੱਖਾਂ ਨੂੰ ਦੋ ਜਗ੍ਹਾ ਨਹੀਂ ਹੋਣਾ ਚਾਹੀਦਾ, ਨਹੀਂ ਇਹ ਮਾਰੇ ਜਾਣਗੇ । ਕਾਨਫਰੰਸਾਂ ਬੁਲਾਈਆਂ, ਸਭ ਕੁਝ ਕੀਤਾ, ਅਜੇ ਵੀ ਉਹ ਅੰਗਰੇਜ਼ ਜਿਹੜੀ ਵਿਉਹ ਸਿਟ ਗਿਆ ਏ ਨਾ, ਉਹ ਅਜੇ ਵੀ ਹੈ ਭਾਈ ਕਿਸੇ ਤਰ੍ਹਾਂ ਨਾਲ । ਇਸੇ ਤਰ੍ਹਾਂ ਹੀ ਦੋ ਹੱਥਾਂ ਨਾਲ ਤਾੜੀ ਵਜਦੀ ਏ, ਕਿਸੇ ਵੇਲੇ ਮੈਂ ਗ਼ਲਤੀ ਕਰਾਂ, ਤੁਸੀਂ ਮੈਨੂੰ ਆਖੋ ਕਿਉਂ ਬਈ ਇਹ ਗੱਲ ਕਹਿੰਦਾ, ਤੂੰ ਆਹ ਕਿਉਂ ਕਰਦਾ ਏਂ, ਕਿਸੇ ਵੇਲੇ ਮੈਂ ਤੁਹਾਨੂੰ ਆਖਾਂ ਇਉਂ ਨ ਬੁਰਾ ਕਹਿ ਕੇ ਨਹੀਂ, ਕਿਸੇ ਨੂੰ ਗਾਲ ਕੱਢ ਕੇ ਨਹੀਂ, ਕਿਸੇ ਤੇ ਨਫ਼ਰਤ ਕਰਕੇ ਨਹੀਂ, ਪਿਆਰ ਨਾਲ ।

ਦੇਸ਼ ਦਾ ਵੰਡਾਰਾ ਹੋਇਆ । ਆਬਾਦੀਆਂ ਦੀ ਅਦਲਾ ਬਦਲੀ ਹੋਈ । ਗੁਆਂਢੀ ਲਹੂ ਪੀਣੇ ਬਘਿਆੜ ਬਣ ਗਏ । ਵਾਹ ਸਤਿਗੁਰੂ ਪਰਤਾਪ ਸਿੰਘ ਜੀ ਆਪ ਦਾ ਕਰੋੜ ਵਾਰੀ ਧੰਨਵਾਦ, ਜਿਨ੍ਹਾਂ ਨਾਮਧਾਰੀਆ ਨੂੰ ਉਪਦੇਸ਼ ਦਿੱਤਾ ਕਿ ਕਿਸੇ ਮੁਹਾਜਰ ਨੂੰ ਤੰਗ ਨਾ ਕੀਤਾ ਜਾਵੇ । ਨਾਮਧਾਰੀਆਂ ਉਸ ਫ਼ਰਮਾਨ ਅੱਗੇ ਸਿਰ ਝੁਕਾਇਆ । ਸ੍ਰੀ ਜੀਵਨ ਨਗਰ ਦੇ ਲਾਗਿਉਂ ਬੋਗਤ ਦਾ ਕਾਫਲਾ ਜਾ ਰਿਹਾ ਸੀ । ਉਸਦੇ ਭੁੱਖੇ ਤਿਹਾਇਆਂ ਨੂੰ ਲੰਗਰੋ ਪ੍ਰਸ਼ਾਦਾ ਛਕਣੋਂ ਨਹੀਂ ਵਰਜਿਆ । ਉਹ ਲੋਕ ਅਸੀਸਾਂ ਦੇਂਦੇ ਬਾਰਡਰ ਪਾਰ ਕਰ ਗਏ । ਇਸੇ ਤਰ੍ਹਾਂ ਸ੍ਰੀ ਭੈਣੀ ਸਾਹਿਬ ਦੇ ਲਾਗੇ ਬੇਟ ਦੇ ਮੁਸਲਮਾਨ ਨਿਸਚਿੰਤ ਹੋ ਨਵੇਂ ਦੇਸ਼ ਪੁਜੇ । ਉਸ ਵੇਲੇ ਅੱਬਦਲ ਗ਼ਨੀ, ਪ੍ਰਸਿੱਧ ਨੇਤਾ, ਸਤਿਗੁਰੂ ਜੀ ਦਾ ਧੰਨਵਾਦ ਕਰਦਿਆਂ ਕਿਹਾ, ਕਿ ਜੇ ਏਥੇ ਨਾਮਧਾਰੀਆਂ ਦਾ ਡੇਰਾ ਨਾ ਹੁੰਦਾ ਤਾਂ ਇਸ ਇਲਾਕੇ ਦਾ ਇਕ ਮੁਸਲਮਾਨ ਬਚ ਕੇ ਨਾ ਜਾਂਦਾ ।

ਆਪ ਕਿਸੇ ਦਾ ਖ਼ੂਨ ਡੁਲ੍ਹਦਾ ਵੇਖ ਸਹਾਰ ਨਹੀਂ ਸਕਦੇ ਸਨ । ਸਤਿਗੁਰੂ ਰਾਮ ਸਿੰਘ ਜੀ ਦਾ ਫ਼ਰਮਾਨ ਹੈ ਕਿ ਸੱਪ ਤਕ ਵੀ ਨਾ ਮਾਰੋ । ਜੇ ਘਰ ਵਿਚ ਕਿਤੇ ਨਜ਼ਰੀਂ ਆਵੇ ਤਾਂ ਉਸ ਨੂੰ ਸਿਆਣਪ ਨਾਲ ਘੜੇ ਵਿਚ ਪਾ ਬਾਹਰ ਛੱਡ ਆਵੋ । ਦੁੱਖ ਨਾ ਦੇਵੋ ! ਸਤਿਗੁਰੂ ਪਰਤਾਪ ਸਿੰਘ ਜੀ ਸਿੱਖਾਂ ਪ੍ਰਤੀ ਆਖਿਆ ਕਰਦੇ ਸਨ ਕਿ ਨੋਹਾਂ ਨੂੰ ਕਟ ਕੇ ਧਰਤੀ ਵਿਚ ਦਬਾ ਦਿਓ ਤਾਕਿ ਚਿੜੀਆਂ ਚੋਲ ਜਾਣ ਚੁਗ ਨਾ ਲੈਣ ਤੇ ਮਰ ਨਾ ਜਾਣ । ਜਾਂ ਦੁੱਖੀ ਨਾ ਹੋਣ ।

ਨਿਸ਼ਕਾਮ ਸੇਵਾ :—

ਰਾਜਨੀਤੀ ਨੇ ਮੁੱਢ ਕਦੀਮਾਂ ਤੋਂ ਕਈ ਘਰ ਤਬਾਹ ਕੀਤੇ । ਇਸ ਨੂੰ ਹਲਕ ਕੁਦ ਪਵੇ ਤਾਂ ਇਹ ਮਾਂ, ਪੁੱਤ, ਭਰਾ, ਭਤਰੀਏ ਨੂੰ ਵੀ ਨਹੀਂ ਬਖਸ਼ਦੀ । ਇਹ ਵੱਢ ਵੱਢੂ ਪੈਂਦੀਂ ਏ; ਇਹ ਉਹ ਨਾਗਨ ਹੈ, ਜਿਹੜੀ ਦਿੱਤੇ

ਜਾਇਆਂ ਨੂੰ ਮਾਫ਼ ਨਹੀਂ ਕਰਦੀ । ਇਹ ਨਿਰੀ ਸਵਾਰਥ ਦੀ ਪੁਤਲੀ । ਪਰ ਸਤਿਗੁਰੂ ਪਰਤਾਪ ਸਿੰਘ ਜੀ ਸਦਾ ਰਾਜਨੀਤੀ ਨੂੰ ਧਰਮ ਦੇ ਅਧੀਨ ਵੇਖਣ ਦੇ ਚਾਹਵਾਨ ਸਨ । ਉਹ ਇਸ ਨੂੰ ਧਰਮ ਨਾਲੋਂ ਵੱਖ ਕਰਨ ਨੂੰ ਪਸੰਦ ਨਹੀਂ ਕਰਦੇ ਸਨ । ਕਿਉਂਕਿ ਧਰਮ ਤੋਂ ਵੱਖ ਹੋ ਮਨੁੱਖ ਮਨੁੱਖ ਨਹੀਂ ਰਹਿੰਦਾ । ਉਹ ਜਾਂਗਲੀ ਹੋ ਜਾਂਦਾ ਹੈ, ਜਿਹੜਾ ਸਿੱਧੇ ਰਾਹ ਜਾਂਦਿਆਂ ਨੂੰ ਸਵਾਰਥ ਵਸ ਨਿਗਲਣੋਂ ਸੰਕੋਚ ਨਹੀਂ ਕਰਦੀ ।

ਨਾਮਧਾਰੀਆਂ ਦੇਸ਼ ਹਿਤ 90 ਸਾਲ ਆਜ਼ਾਦੀ ਦੀ ਲੜਾਈ ਲੜੀ । ਸਿੰਘ ਤੋਪਾਂ ਨਾਲ ਉਡੇ, ਫਾਂਸੀਆਂ ਤੇ ਲਟਕੇ, ਕਾਲੇ ਪਾਣੀ ਗਏ, ਕਈਆਂ ਨੂੰ ਪਾਣੀ ਵਿਚ ਡੋਬ ਮਾਰਿਆ । ਕਈਆਂ ਦੇ ਘਰ ਬਾਹਰ ਜਬਤ ਹੋਏ ਪਰ ਬਦੇਸ਼ੀ ਸਰਕਾਰ ਨਾਲ ਹੱਥ ਨਹੀਂ ਮਿਲਾਇਆ । 1945 ਈ. ਵਿਚ ਸ਼ਿਮਲੇ ਵੇਵਲ ਕਾਨਫਰੰਸ ਹੋਈ । ਸਭ ਪਾਰਟੀਆਂ ਮੰਗਾਂ ਦਾ ਕਚਕੌਲ ਲੈ, ਉਥੇ ਪੁਜੀਆਂ, ਸਤਿਗੁਰੂ ਪਰਤਾਪ ਸਿੰਘ ਜੀ ਇਸ ਨਾਟਕ ਨੂੰ ਵੇਖਣ ਖਾਤਰ ਸ਼ਿਮਲੇ ਗਏ ਤੇ ਭਗਤ ਜਸਵੰਤ ਸਿੰਘ ਦੇ ਬੰਗਲੇ ਰੁਕੇ । ਬਾਰਸ਼ ਕਾਰਨ ਰਾਹ ਲੰਘਦਿਆਂ ਪੰਡਿਤ ਜਵਾਹਰ ਲਾਲ ਤੇ ਅਖਬਾਰਾਂ ਦੇ ਐਡੀਟਰਾਂ ਸਹਿਤ, ਸਤਿਗੁਰਾਂ ਦੇ ਦਰਸ਼ਨ ਕਰ ਉਥੇ ਹੀ ਰੁਕ ਗਏ । ਤਾਂ ਪੰਡਿਤ ਜੀ ਸਹਿਜ ਸੁਭਾਏ ਪੁੱਛਿਆ, ਗੁਰੂ ਜੀ ਕੋਈ ਆਪ ਕੀ ਡੀਮਾਂਡ ! ਤਾਂ ਸਤਿਗੁਰੂ ਜੀ ਵਲੋਂ ਉੱਤਰ ਸੀ, ਸਾਡੀ ਇਕ ਮੰਗ ਹੈ ਕਿ ਦੇਸ਼ ਆਜ਼ਾਦ ਹੋਵੇ, ਹੋਰ ਕੋਈ ਮੰਗ ਨਹੀਂ । ਮੈਂ ਕੋਰੇ ਕਾਗ਼ਜ਼ ਤੇ ਦਸਤਖ਼ਤ ਕਰਕੇ ਦੇਂਦਾ ਹਾਂ ਤੁਸੀਂ ਜੋ ਚਾਹੋ ਲਿਖ ਲਵੋ । ਪਰ ਇਕ ਗੱਲ ਯਾਦ ਰੱਖਣਾ ਕਿ ਜਦ ਬਰਸਰੇ ਇਕਤਦਾਰ ਆਵੋ ਤਾਂ ਭੁੱਲ ਨਾ ਜਾਣਾ । ਤਾਂ ਪੰਡਿਤ ਜੀ ਦਾ ਉੱਤਰ ਸੀ, "ਗੁਰੂ ਜੀ ਯਹਿ ਭੀ ਕੋਈ ਕਹਿਨੇ ਕੀ ਬਾਤ ਹੈ ।"

ਸੱਚਾ ਦਰਬਾਰ :—

ਸਤਿਗੁਰੂ ਜੀ ਤਕਰੀਬਨ ਹਰ ਰੋਜ਼ ਕਿਸੇ ਵੇਲੇ ਸਾਧ ਸੰਗਤ ਦੇ ਝਗੜੇ ਨਿਬੇੜਨ ਬੈਠਦੇ । ਉਸ ਸਾਦਗੀ ਦੀ ਮੂਰਤ ਦੇ ਚਿਹਰੇ ਦਾ ਜਲਾਲ ਝਲਿਆ ਨਹੀਂ ਸੀ ਜਾਂਦਾ । ਉਸ ਅਦਾਲਤ ਵਿਚ ਕੁੜੀਆਂ ਮਾਰਨ ਵੇਲੇ, ਲਹਿਣੇ ਦੇਣੇ ਦੇ ਝਗੜਿਆਂ ਵਾਲੇ, ਬੈਲਾਂ ਨੂੰ ਖਸੀ ਕਰਨ ਵਾਲੇ ਆਪ ਹੀ ਉਠ ਉਠ ਆਪਣੇ ਗੁਨਾਹ ਕਬੂਲਦੇ । ਨਾ ਕੋਈ ਵਕੀਲ, ਨਾ ਗਵਾਹ । ਸੱਚੇ ਪਾਤਸ਼ਾਹ ਵੀ ਕਿਸੇ ਨੂੰ ਪਾਠ, ਕਿਸੇ ਨੂੰ ਅਖੰਡ ਪਾਠ, ਕਿਸੇ ਨੂੰ ਭਜਨ ਦੀ ਮਾਲਾ ਦਾ ਡੰਨ ਲਾ ਖਿਮਾ ਕਰ ਦੇਂਦੇ । ਇਕ ਸਮੇਂ ਕਿਸੇ ਸਰਕਾਰੀ ਕਰਮਚਾਰੀ ਨੇ ਪੁੱਛਿਆ, ਮਹਾਰਾਜ ਜੀ ! ਪੁਲੀਸ ਦੋਸ਼ੀਆਂ ਨੂੰ ਕੁੱਟ ਕੁੱਟ ਫਾਵੇ ਹੋ ਜਾਂਦੀ ਹੈ, ਉਹ ਮੰਨਦੇ ਨਹੀਂ, ਤੁਹਾਡੇ ਕੋਲ ਮੁਜਰਮ ਆਪ ਹੀ ਇਕਬਾਲੇ ਜੁਰਮ ਕਰੀ ਜਾਂਦੇ ਹਨ । ਸੱਚੇ ਪਾਤਸ਼ਾਹ ਕਿਹਾ, ਸਾਧ ਸੰਗਤ 'ਚ ਆ ਉਨ੍ਹਾਂ ਦੇ ਮਨ ਨਿਰਮਲ ਹੋ ਜਾਂਦੇ ਹਨ । ਅੱਗੋਂ ਤੋਂ ਉਹ ਪਾਪ ਕਰਨ ਜੋਗ ਨਹੀਂ ਰਹਿੰਦੇ । ਤੁਹਾਡੇ

ਵਕੀਲ ਝੂਠੇ ਬਿਆਨ ਲਈ ਕਹਿੰਦੇ ਹਨ। ਉਹ ਉਸੇ ਰਾਹ ਟੁਰ ਪੈਂਦੇ ਹਨ। ਇਸੇ ਵਾਸਤੇ ਝਗੜੇ ਲਮਕਦੇ ਹਨ।

ਇਕ ਵਾਰ ਮੁਹੰਮਦ ਅਕਬਰ ਜਿਹੜਾ ਦੇਸ਼ ਵੰਡਾਰੇ ਉਪ੍ਰੰਤ ਪਾਕਿਸਤਾਨ ਦਾ ਬ੍ਰਗੇਡੀਅਰ ਬਣਿਆ ਸੀ, ਉਹ ਵਲੈਤ ਗਿਆ ਤੇ ਸਿਗਰਟ ਪੀ ਆਇਆ ਸੀ। ਜਦ ਵਾਪਸ ਮੁੜਿਆ, ਅਤੇ ਸਤਿਗੁਰੂ ਜੀ ਦੇ ਜਲੰਧਰ ਦਰਸ਼ਨ ਹੋਏ ਤਾਂ ਹੱਥ ਜੋੜ ਖਲੋ ਗਿਆ। ਪਾਤਸ਼ਾਹ ਜੀ ਪੁੱਛਿਆ, ਅਕਬਰ ਕੀ ਗੱਲ ਏ ? ਤਾਂ ਉਸ ਨਿਮ੍ਰਤਾ ਨਾਲ ਕਿਹਾ, ਜੀ ਵਲੈਤ ਗਿਆ ਸਾਂ, ਤੁਹਾਡਾ ਫੁਰਮਾਨ ਭੁੱਲ ਸਿਗਰਟ ਪੀ ਆਇਆ ਹਾਂ, ਮੁਆਫ਼ ਕਰ ਦਿਓ। ਸੱਚੇ ਪਾਤਸ਼ਾਹ ਜੀ ਪਿਆਰ ਭਰੀ ਚਪੇੜ ਮਾਰ ਕਿਹਾ, ਜਾ ਅਗੋਂ ਨਾ ਪੀਵੀਂ।

ਸਤਿਗੁਰੂ ਪਰਤਾਪ ਸਿੰਘ ਜੀ ਇਨ੍ਹਾਂ ਪਵਿੱਤਰ ਅਸੂਲਾਂ ਦੇ ਪ੍ਰਚਾਰ ਹਿਤ ਪੰਜਾਬ ਦੇ ਪਿੰਡ ਪਿੰਡ ਦਾ ਦੌਰਾ ਕੀਤਾ। ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੇ ਪਸ਼ੌਰ ਤੋਂ ਲੈ ਢਾਕੇ ਤਕ ਮੁਰਦਿਆਂ ਤਕ ਜਾਨ ਪਾਈ। ਉਹ ਮਾਸ, ਸ਼ਰਾਬ ਚੋਰੀ ਛੱਡ ਦੇਵਤੇ ਬਣ ਗਏ। ਇਸੇ ਤਰ੍ਹਾਂ ਥਾਈਲੈਂਡ 22, ਸਿੰਘਾਪੁਰ 1 ਤੇ ਅਫ਼ਰੀਕਾ ਵਰਗੀ ਧਰਤੀ ਨੂੰ ਚਾਰ ਵਾਰੀ ਤਾਰਿਆ। ਇਨ੍ਹਾਂ ਦੌਰਿਆਂ ਤੋਂ ਪ੍ਰਭਾਵਤ ਹੋ Sunday Post ਨੇ ਕਮੈਂਟ ਕਰਦਿਆਂ ਮੋਟੇ ਮੋਟੇ ਹੈਡਿੰਗ ਜਮਾਏ ਤੇ ਲਿਖਿਆ :—

Believe it or not there are Sikhs, who don't eat meat, there are Sikhs, who don't drink. It is not a fairy tale but a fact.

ਇਸ ਸਮੇਂ ਬਹੁਤ ਸਾਰੇ ਕੰਮਾਂ ਵਾਸਤੇ ਰੀਫਰੈਸ਼ਰ ਕੋਰਸ ਹੁੰਦੇ ਹਨ। ਸਤਿਗੁਰੂ ਪਰਤਾਪ ਸਿੰਘ ਜੀ ਇਨ੍ਹਾਂ ਸਤੋਂ ਗੁਣੀ ਉਪਦੇਸ਼ਾਂ ਖਾਤਰ ਸਾਲ ਵਿਚ ਮਹੀਨਾ ਜਾਂ ਚਾਲੀ ਦਿਨ ਦਾ ਜੱਪ ਪ੍ਰਯੋਗ ਕਰਦੇ। ਮਾਈਆਂ ਅੱਡ ਭਾਈ ਅੱਡ। ਸਭ ਸੌਂਧ ਮਰਯਾਦਾ। ਪੂਰਨ ਬ੍ਰਹਮਚਾਰੀ। ਸੱਚੇ ਪਾਤਸ਼ਾਹ ਆਪ ਕੋਈ ਇਕ ਵਜੇ ਇਸ਼ਨਾਨਪਾਨ ਕਰ ਧੂਪ ਦੀਪ ਸਹਿਤ ਜਪ ਕਰਦੇ। ਸੰਗਤਾਂ ਇਸ਼ਨਾਨ ਪਾਨ ਕਰ ਸ੍ਰੀ ਆਸਾ ਜੀ ਦੀ ਵਾਰ ਦਾ ਰੰਗ ਮਾਣਦੀਆਂ। ਸਾਰਾ ਦਿਨ ਕਥਾ ਕੀਰਤਨ, ਨਾਮ ਸਿਮਰਨ ਅਤੇ ਸ਼ੁਭ ਵਿਚਾਰਾਂ ਵਿਚ ਬੀਤਦਾ। ਨਿਯਮਬਧ ਪ੍ਰਸ਼ਾਦ ਮਿਲਦਾ ਇਹ ਪ੍ਰਯੋਗ ਆਪ ਜੀ ਗੱਦੀ ਤੇ ਸ਼ਸ਼ੋਭਤ ਹੁੰਦਿਆਂ ਈ ਨਹਿਰ ਦੇ ਕੰਢੇ ਸਰਕੰਡੇ ਦੀਆਂ ਕੁਟੀਆ ਪਾ 40 ਦਿਨ—ਅਲਪ ਅਹਾਰ ਸੁਲਪ ਸੀ ਨਿੰਦਰਾ—ਮੱਛਰ ਦੀ ਘੂਕਰਾਂ ਤੇ ਸੱਪਾਂ ਦੀਆਂ ਫੂੰਕਾਰਾਂ ਦੀ ਪ੍ਰਵਾਹ ਨਾ ਕਰਦਿਆਂ ਪੂਰਾ ਕੀਤਾ। ਚਿਹਰੇ ਦਾ ਜਲਾਲ ਝਲਿਆ ਨਾ ਜਾਵੇ। ਤਦੋਂ ਤੋਂ ਨਿਰੰਤਰ ਜੋਤੀ ਜੋਤ ਸਮਾਣ ਤਕ ਚਲਦਾ ਰਿਹਾ। ਆਪ ਸਦਾ ਸਦ ਉਪਦੇਸ਼ ਕਰਦੇ :—

ਭਾਈ ! ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ, ਸੱਚੇ ਪਾਤਸ਼ਾਹ ਸਾਨੂੰ ਬਖਸ਼ਸ ਕਰੋ, ਜਿਹੜਾ ਤੇਰਾ ਹੁਕਮ ਹੈ ਤੇਰਾ ਨਾਮ ਜਪੀਐ, ਤੇਰੀ ਬਾਣੀ ਪੜ੍ਹੀਏ, ਜਿਹੜਾ ਨਾਮ ਨੂੰ ਕਿਸੇ ਸਵਾਸ ਨਹੀਂ ਵਸਾਰਦਾ ਉਹ ਸੁਖੀ ਰਹਿੰਦਾ ਐ....

ਮਾਸ ਨਹੀਂ ਖਾਣਾ, ਸ਼ਰਾਬ ਨਹੀਂ ਪੀਣੀ, ਠੱਗੀ ਨਹੀਂ ਕਰਨੀ, ਝੂਠ ਨਹੀਂ ਬੋਲਣਾ, ਕਿਸੇ ਦੀ ਚੀਜ਼ ਨਹੀਂ ਚੁਕਣੀ। ਜੇ ਡਿੱਗੀ ਪਈ ਹੋਵੇ ਤਾਂ ਵੀ ਹੋਕਾ ਦੇ ਕੇ ਦੇ ਦੇਣੀ।...

ਜਿਥੇ ਨਾਮ ਹੈ, ਸਭ ਸੁਖ ਆ ਜਾਂਦੇ ਹਨ। ਭਜਨ ਕਰੋਗੇ, ਬਾਣੀ ਪੜ੍ਹੋਗੇ, ਮਨ ਸ਼ੁਧ ਹੋਵੇਗਾ।...

ਤੁਸੀਂ ਜਿਸ ਰਸਤੇ ਟੁਰੇ ਹੋਏ ਓ, ਜਿਹੜੀ ਬੇੜੀ ਚੜ੍ਹੇ ਹੋਏ ਓ, ਓਸੇ ਤੇ ਸਵਾਰ ਰਹੋ, ਪਰ ਇਕ ਘੰਟਾ ਸਮਾਂ ਜ਼ਰੂਰ ਕਢੋ, ਭਜਨ ਕਰੋ, ਪਰ ਕਿਸੇ ਮਹਾਂ ਪੁਰਸ਼ ਪਾਸੋਂ ਪੁਛ ਕੇ, ਦਾਨ ਕਰੋ, ਭੁੱਖੇ ਨੂੰ ਰੋਟੀ ਜ਼ਰੂਰ ਦਿਓ।

ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸੰਗੀਤ

—ਪ੍ਰੀਤਮ ਸਿੰਘ ਕਵੀ

ਸੰਗੀਤ ਦੀ ਵਿਆਪਕਤਾ

ਸੰਗੀਤ ਦਾ ਵਿਚਾਰ ਮਨ ਵਿਚ ਆਉਂਦਿਆਂ ਹੀ ਇਹ ਨਾਸਮਾਨ, ਰੇਤ ਕਿਣਕੇ ਦੇ ਕਰੋੜਵੇਂ ਹਿੱਸੇ ਦੀ ਬਰਾਬਰੀ ਵੀ ਨਾ ਕਰਨ ਵਾਲਾ ਜੀਵ ਅਨੰਤ ਬ੍ਰਹਿਮੰਡ ਵਿਚ ਜਿਵੇਂ ਰਮ ਜਾਂਦਾ ਹੈ। ਸਾਰੀ ਸ੍ਰਿਸ਼ਟੀ ਹੀ ਤਾਂ ਇਕ ਅਨਹਦ ਅਤੇ ਅਨਹਤ ਸੰਗੀਤ ਹੈ। ਸੰਸਾਰਕ ਝਮੇਲਿਆਂ ਵਿਚੋਂ ਜ਼ਰਾ ਇਕਾਂਤ ਲੈ ਅੰਤਹਕਰਨ ਦੀ ਧੁਰ ਗਹਿਰਾਈਆਂ ਨਾਲ ਏਕਾਕਾਰ ਹੋਇਆਂ ਅਸੀਂ ਉਸ ਈਸ਼ਵਰੀ ਮਹਾਂ ਸੰਗੀਤ ਦੀਆਂ ਸੁਰਾਂ ਨੂੰ ਸਰਵਣ ਕਰ ਸਕਾਂਗੇ ਜਿਸ ਦੀ ਲੈਅ ਤਾਰ ਵਿਚ ਸਾਡਾ ਨਸ਼ਵਰ ਸਰੀਰ ਸਵਾਸ-ਪਰ ਸਵਾਸ ਦਾ ਆਵਾਗਮਨ ਲੈਂਦਾ, ਸੂਖਮ ਤੋਂ ਸੂਖਮ ਤੰਤੂਆਂ ਨੂੰ ਹਰਕਤ ਵਿਚ ਰੱਖਦਾ ਹੈ। ਭਲਾ ਸਾਡੇ ਲਹੂ-ਕਣ ਦੀ ਥਰਕਣ ਬੇ-ਆਵਾਜ਼ ਹੋਵੇਗੀ ? ਅਤੇ ਕੀ ਉਹ ਇਕ ਲੈਅ, ਇਕ ਰਿਦਮ ਵਿਚ ਨਹੀਂ ? ਬਾਰੀਕ ਤੋਂ ਬਾਰੀਕ ਨਸਾਂ ਵੀ ਆਪਣੀ ਹੋਂਦ ਜੈਸੀ ਹਲਚਲ ਵਿਚ ਹਨ, ਉਹਨਾਂ ਨੂੰ ਅਸੀਂ ਬਾਹਰੀ ਸ੍ਰਵਣ-ਸ਼ਕਤੀ ਨਾਲ ਕਦੋਂ ਸੁਣ ਸਕਦੇ ਹਾਂ ? ਸਾਡਾ ਮਨ ਮਸਤਕ ਜੁ ਸਾਨੂੰ ਇਕ ਨਸ-ਪੁੰਜ ਵਾਂਗ ਬੇਹਰਕਤ ਜਾਪਦਾ ਹੈ, ਜੇ ਕੁਛ ਵੀ ਨਾ ਕਰਦਾ ਹੋਵੇ ਤਾਂ ਅਸੀਂ ਨਿਕੜੇ ਜੀਵ ਕਿਵੇਂ ਅਸਮਾਨੀ ਘੋੜੇ ਭਜਾ ਸਕੀਏ ?

ਗਿਆਨ ਨੇ, ਸਾਡੀ ਸਮਝ ਵਿਚ ਜੋ ਕੁਛ ਸਮਾ ਸਕਦਾ ਹੈ ਉਸਦਾ ਸੰਖੇਪ ਤੋਂ ਸੰਖੇਪ ਵਿਸ਼ਲੇਸ਼ਣ ਕਰਕੇ ਸੰਸਾਰ ਦੇ ਮਹਾ ਆਕਾਰ ਦੀ ਵਿਆਖਿਆ ਕੀਤੀ ਹੈ, ਪਰ, ਵਿਗਿਆਨ ਨੇ ਤਾਂ ਸਾਡੀ ਅ-ਮੰਨ ਬੁੱਧੀ ਨੂੰ ਇਸ ਮਹਾਨਾਂ ਮਹਾਨ ਸ਼ਕਤੀ ਦੇ ਸਨਮੁਖ ਹੀ ਲਿਆ ਖੜਾ ਕੀਤਾ ਹੈ ਜਿਥੇ ਜਾ ਕੇ ਸਾਨੂੰ ਬਾਰੀਕ ਬਿੰਦੂ ਜਿੰਨਾ ਵੀ ਗੁਮਾਨ ਨਹੀਂ ਰਹਿ ਜਾਂਦਾ। ਸੂਰਜ, ਚੰਨ, ਸਿਤਾਰੇ, ਗ੍ਰਹਿ, ਉਪਗ੍ਰਹਿ ਅਤੇ 'ਧਰਤੀ ਹੋਰ ਪਰੈ ਹੋਰ ਹੋਰ' ਨੂੰ 'ਆਕਾਸਾ ਆਕਾਸ ਲੱਖ, ਪਾਤਾਲਾ ਪਾਤਾਲ' ਤਕ ਲਿਜਾ ਕੇ ਮਹਾਂ ਬਲਵਾਨ ਮਨੁੱਖ ਨੂੰ ਵੀ ਉਹਦੀ ਤੁੱਛਤਾ ਦਾ ਆਭਾਸ ਕਰਵਾ ਦਿੱਤਾ ਹੈ। ਇਕ ਪਾਸੇ ਪਰਸੋਂ ਦੀਆਂ ਅਪਹੁੰਚ ਮੰਜ਼ਲਾਂ ਸਾਡੇ ਪੈਰਾਂ ਹੇਠ ਹਨ, ਦੂਜੇ ਪਾਸੇ ਸਰਵਸ਼ਕਤੀ-ਮਾਨਤਾ ਸਾਡੇ ਹੱਥੋਂ ਨਿਕਲ ਅੱਗੇ ਤੋਂ ਅੱਗੇ ਜਾ ਰਹੀ ਹੈ !

ਇਹੋ ਮਹਾ ਸੰਗੀਤ ਹੈ। ਜੋ ਮਨੁੱਖ ਇਸ ਨੂੰ ਅਨੁਭਵ ਕਰ ਲੈਂਦਾ ਹੈ ਗੁਰੂ ਗੋਬਿੰਦ ਸਿੰਘ ਜੀ ਵਾਂਗ ਮਸਤ ਹੋ ਜਾਂਦਾ ਹੈ ਅਤੇ ਕੂਕ ਉਠਦਾ ਹੈ : ਤੂੰ ਹੀ, ਤੂੰ ਹੀ, ਤੂ ਹੀ, ਤੂੰ ਹੀ...ਦਸਮੇਸ਼ ਜੀ ਦਾ ਪੜ-ਪਿਤਾਮਾ ਵੀ ਤੇਰਾਂ ਤੇਰਾਂ ਕਰਦਿਆਂ 'ਤੇਰਾ' ਵਿਚ ਗੁਆਚ ਗਿਆ ਸੀ। ਇਹਨਾਂ ਤੋਂ ਵੀ ਸਹੰਸਰਾਂ ਸਦੀਆਂ ਪਹਿਲਾਂ ਵੇਦਾਂ ਦੇ ਰਿਸ਼ੀ "ਨੇਤੀ ਨੇਤੀ" ਕਰਦਿਆਂ ਉਸੇ ਅਨੰਤ ਸੰਗੀਤ ਵਿਚ ਸਮਾ ਗਏ ਸਨ।

ਅਸੀਂ ਨਿਰੰਤਰ ਉਸ ਸੰਗੀਤ ਦੀ ਸੁਰਤਾਲ ਵਿਚ ਖੱਝੇ, ਜਾਣੇ ਅਣ ਜਾਣੇ ਦੈਵੀ ਤਾਨਪੂਰੇ ਦੇ ਸ਼ੜਜ (ਸਾ) ਵਿਚ ਸਮਾਂਦੇ ਚਲੇ ਜਾਂਦੇ ਹਾਂ। ਸਾਡੇ ਵਿਚੋਂ ਉਹ ਮਹਾਭਾਗ ਹਨ ਜਿਹੜੇ ਇਸ ਅਗਮ, ਅਗਾਧ, ਅਨੰਤ ਸੰਗੀਤ ਦੀ, ਕਿਸੇ ਤਰ੍ਹਾਂ, ਥੋੜ੍ਹੀ ਜਿਹੀ ਵੀ ਪਛਾਣ ਪਾ ਲੈਂਦੇ ਹਨ।

ਸੰਗੀਤ ਦੀ ਉਤਪਤੀ

ਸ਼ਾਸਤਰਕਾਰ ਕਹਿੰਦੇ ਹਨ ਪ੍ਰਲੈਕਾਰੀ ਸਕਤੀ, ਸਮੁਚੇ ਵਿਸ਼ਵ ਨੂੰ ਲੈ ਕਰਨ ਅਰਥਾਤ ਸਮਾਪਤ ਕਰਨ ਵਾਲੇ ਭਗਵਾਨ ਸ਼ਿਵ ਦੇ ਡਮਰੂ ਦੀ ਖਣਕ ਵਿਚੋਂ ਸੰਗੀਤ ਦੇ ਮਹਾ ਸੱਵਰ ਸ਼ੜਜ-ਸਾ-ਦੀ ਉਤਪਤੀ ਹੋਈ। ਇਸੇ ਭੂਮੀ ਸਾ (ਸ਼ੜਜ) ਤੋਂ ਪ੍ਰਕਾਰਾਂਤਰ ਨਾਲ ਰੇ (ਰਿਸ਼ਭ), ਗਾ (ਗੰਧਾਰ) ਮਾ (ਮੱਧਮ) ਪਾ (ਪੰਚਮ) ਧਾ (ਧਵੈਤ) ਅਤੇ ਨੀ (ਨਿਸ਼ਾਦ) ਪੈਦਾ ਹੋਏ। ਇਹਨਾਂ ਸੁਰਾਂ ਕੋਮਲ ਤੀਵਰ ਦੇ ਭੇਦ ਪਰਗਟ ਹੋਏ ਅਤੇ ਹੋਰ ਬਾਰੀਕੀਆਂ ਨੂੰ ਸ਼ੁਤੀਆਂ ਨੇ ਸਮੇਟਿਆ! ਕਿੰਨੀ ਅਚਰਜਤਾ ਹੈ, ਵਿਨਾਸ਼ ਦਾ ਦੇਵਤਾ ਜ਼ਿੰਦਗੀ ਦੇ ਸੁਰ ¯ ਸਿਰਜ ਰਿਹਾ ਹੈ। ਉਹਦਾ ਡਮਰੂ ਅਤੇ ਉਹ ਆਪ ਗਾਇਨ, ਵਾਦਨ ਅਤੇ ਨ੍ਰਿਤ ਦਾ ਰੱਚਿਅਤਾ ਹੈ। ਬਸ ਇਹ ਸਾਰੀ ਸ਼ੜਜ, ਭਾਵ ਸੰਗੀਤ ਦੇ ਪਹਿਲੇ ਸੁਰ 'ਸਾ' ਦੀ ਹੀ ਕਰਾਮਾਤ ਹੈ!

ਜਿਵੇਂ ਗਣਤਕਾਰ ਕੇਵਲ ਨੌਂ ਹਿੰਦਸਿਆਂ ਤੋਂ ਹੀ, ਅਰਬਾਂ, ਖਰਬਾਂ, ਨੀਲਾਂ, ਪਦਮਾਂ ਬਣਾ ਧਰਤੀਓਂ ਚੰਦ-ਸੂਰਜ, ਗ੍ਰਹਿਆਂ-ਉਪਗ੍ਰਹਿਆਂ ਅਤੇ ਆਕਾਸ਼ ਗੰਗਾਵਾਂ ਦੇ ਫਾਸਲੇ ਮਾਪ ਲੈਂਦੇ ਹਨ ਤਿਵੇਂ ਹੀ ਸੰਗੀਤ ਦੀਆਂ ਪ੍ਰਮੁੱਖ ਸੱਤ ਸੁਰਾਂ ਨੇ ਸਹੰਸਰਾਂ ਰਾਗਾਂ ਦੀ ਸਿਰਜਣਾ ਕਰਕੇ ਸ੍ਰਵਣ ਇੰਦਰੇ ਨੂੰ ਹੀ ਨਹੀਂ, ਸਗੋਂ ਮਾਨਵੀ ਹਿਰਦੇ ਦੀਆਂ ਅਤਲ ਡੂੰਘਾਈਆਂ ਤਕ ਆਨੰਦ ਪੁਚਾਣ ਦੇ ਮਾਰਗ ਪ੍ਰਸ਼ਸਤ ਕਰ ਦਿੱਤੇ ਹਨ। ਅਤੇ ਸੰਸਾਰ ਨੂੰ ਇਕ ਐਸਾ ਅਨਾਸਮਾਨ ਅਮੁਲ ਖਜ਼ਾਨਾ ਪ੍ਰਦਾਨ ਕਰ ਦਿੱਤਾ ਹੈ ਕਿ 'ਤੋਟ ਨ ਆਵੈ ਵਧਦੋ ਜਾਈ' ਵਾਲੀ ਗੱਲ ਬਣ ਗਈ ਹੈ।

ਚੋਥੇ ਸਤਿਗੁਰੂ ਰਾਮਦਾਸ ਜੀ ਦਾ ਕਥਨ ਹੈ : 'ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੋ ਬਿਨੁ ਹਰਿ ਜਾਪਤ ਹੈ ਨਹੀਂ ਹੋਰ।' ਇੰਜ ਹੀ, ਜੋ ਕੁਛ ਵੀ ਆਵਾਜ਼ ਰਾਹੀਂ ਵਿਅਕਤ ਕੀਤਾ ਜਾ ਸਕਦਾ ਹੈ, ਉਹ ਸੰਗੀਤ ਦੀ ਸਪਤਕ (ਸੱਤ ਸੁਰਾਂ) ਤੋਂ ਬਾਹਰਾ ਨਹੀਂ ਹੋ ਸਕਦਾ।

ਪੌਰਾਣਿਕ ਰਿਸ਼ੀਆਂ ਦੀ ਸੰਗੀਤ ਪ੍ਰਤੀ ਸ਼ਾਸਤਰੀ ਵਿਆਖਿਆ ਵਿਚ ਨਾ

ਜਾਂਦਿਆਂ, ਸਾਡੇ ਸਮਝਣ ਵਾਲੀ ਮੋਟੀ ਜਿਹੀ ਗੱਲ ਇਹ ਹੈ ਕਿ ਕਿਸੇ ਮਧੁਰ ਕੰਠ ਚੋਂ ਨਿਕਲੀ ਹੋਈ ਕੋਮਲ ਆਵਾਜ਼ ਸਾਡੇ ਕੰਨਾਂ ਥਾਣੀ ਅੰਦਰ ਜਾਂਦੀ, ਸਾਡੇ ਮਸਤਕ ਅਤੇ ਹਿਰਦੇ ਨੂੰ ਇਕ ਸੁਆਦ ਜਿਹੇ ਵਿਚ ਅੰਦੋਲਿਤ ਕਰ ਜਾਂਦੀ ਹੈ, ਅਪਾਰ ਅਤੇ ਅਕਹਿ ਆਨੰਦ ਬਖ਼ਸ਼ਦੀ ਹੈ। ਜੇ ਸਾਨੂੰ ਉਹਦੇ ਸ਼ਬਦਾਂ ਅਤੇ ਭਾਵਾਂ ਦੀ ਵੀ ਸਮਝ ਪੈ ਜਾਏ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ, ਪਰ ਜੇ ਕੇਵਲ ਮਿੱਠੀ ਮਿੱਠੀ ਸੁਰ ਹੀ ਨਵਿੱਝਿਆਂ ਹੋ ਕੇ ਸੁਣ ਲਈਏ ਤਾਂ ਵੀ ਮਸਤੀ ਦਾ ਆਲਮ ਤਾਰੀ ਹੋ ਸਕਦਾ ਹੈ।

ਵੇਦਾਂ ਦੇ ਰਿਸ਼ੀ ਵੀ ਰਿਚਾਂ ਗਾਉਂਦੇ ਸਨ। ਸਾਡੇ ਦੇਸ਼ ਦੀ ਕੁਲ ਪਰੰਪਰਾ ਨੇ ਹਜ਼ਾਰਾਂ ਸਾਲਾਂ ਦੇ ਬੀਤਣ ਬਾਦ ਵੀ ਉਸੇ ਖ਼ੂਬਸੂਰਤੀ ਨਾਲ ਉਨ੍ਹਾਂ ਸੁਰਾਂ ਨੂੰ ਸੰਜੋਇਆ ਹੋਇਆ ਹੈ ਜਿਹੜੀਆਂ ਮੁਨੀ ਮੁਨੀਸ਼ਵਰਾਂ, ਤਪੀ ਤਪੀਸ਼ਵਰਾਂ ਨੂੰ ਪਰਮ ਆਨੰਦ ਨਾਲ ਜੋੜ ਦਿੰਦੀਆਂ ਸਨ, ਪਰਮ ਬ੍ਰਹਮ ਨਾਲ ਏਕਾਕਾਰ ਕਰ ਦਿੰਦੀਆਂ ਸਨ।

ਸਿੱਖ ਜਗਤ ਵਿਚ ਸੰਗੀਤ

ਇਸ ਰਾਜ਼ ਨੂੰ ਸਿੱਖ ਜਗਤ ਦੇ ਪਰਮ ਪ੍ਰਣੇਤਾ ਗੁਰੂ ਨਾਨਕ ਦੇਵ ਕਿਵੇਂ ਜਾਣ ਗਏ ? ਇਹਦਾ ਉੱਤਰ ਆਦਿ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਦਿੱਤਾ ਹੈ : ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ। ਅਤੇ ਜੇ ਬਾਬੇ ਨੂੰ ਵੇਈਂ ਨਦੀ ਵਿਚ ਟੁੱਭੀ ਮਾਰ ਕੇ ਕਰਨ ਕਾਰਨ ਕਰਤਾਰ ਦੇ ਦਰਬਾਰ ਵਿਚ ਪਹੁੰਚਿਆ ਵੀ ਮੰਨ ਲਈਏ ਤਾਂ ਵੀ ਬਾਬਾ—ਸਾਡਾ ਪਰਮ ਗੁਰੂ, ਪ੍ਰਥਮ ਗੁਰੂ ਇਕ ਚੀਜ਼ ਜ਼ਰੂਰ ਲੈ ਆਇਆ—ਕਰ ਤਾਰ।

ਸਤਿ ਕਰਤਾਰ ਨਾਲ ਜੁੜਨ ਲਈ ਉਹਨੂੰ ਭਾਵੇਂ ਕਿਸੇ ਹੋਰ ਵਸੀਲੇ ਦੀ ਲੋੜ ਨਹੀਂ ਸੀ, ਪਰ ਅਸਾਂ ਅਨੁਗਾਮੀਆਂ ਵਾਸਤੇ ਉਸਨੇ ਲੱਭ ਲਿਆ ਇਕ ਅਨਾਥ ਅਤੇ ਯਤੀਮ ਮਿਰਾਸੀ ਮਰਦਾਨਾ। ਮਰਦਾਨਾ ਦੋ ਗੱਲਾਂ ਦਾ ਲਖਾਇਕ ਹੈ, ਪ੍ਰਥਮ ਸੰਗੀਤ ਦਾ ਦੂਜੇ ਗ਼ਰੀਬੀ ਗਦਾ ਹਮਾਰੀ (ਸੋਰਠਿ ਮ: 5) ਦਾ। ਚੇਤੇ ਰਹੇ ਇਹ ਪਦਾਰਥਕ ਗ਼ਰੀਬੀ ਨਹੀਂ, ਮਨ ਦੀ ਗ਼ਰੀਬੀ ਅਰਥਾਤ ਨੰਮਰਤਾ ਹੈ। ਇਹ ਦੋਵੇਂ ਗੁਰੂ ਨਾਨਕ ਦੇਵ ਜੀ ਦੇ ਮਹਾ ਅਸਤਰ ਸਨ। ਜਦੋਂ ਵੀ ਨਿਰੰਕਾਰ ਨਾਲ ਨਿਰ ਆਕਾਰ ਹੋਣਾ ਹੁੰਦਾ ਮਰਦਾਨੇ ਦੀ ਰਬਾਬ ਵਿਸਮਾਦੀ ਮੰਡਲ ਰਚ ਦਿੰਦੀ। ਸਤਿਗੁਰੂ ਉਹਦੀ ਤਾਰ ਦੇ ਸਵੱਰ ਤੇ ਸਵਾਰ ਹੋ ਅਲੰਘ ਲੰਘ ਜਾਂਦੇ, ਅਛੂਹ ਛੂਹ ਲੈਂਦੇ। ਆਪਣੇ ਜਗਿਆਸੂਆਂ ਨੂੰ ਸਤਿਗੁਰਾਂ ਇਹ ਰਮਜ਼ ਸਮਝਾਈ ਹੈ ਕਿ ਰੱਬ ਦੀ ਬਹੁਮੁੱਲੀ ਜਾਂ ਕਹੋ ਉਹਦੀ ਰੁਚੀ ਦੀ ਖ਼ੁਰਾਕ ਸੰਗੀਤ ਹੈ, ਰਾਗ ਹੈ। ਰੱਬ ਖਾਂਦਾ ਰਾਗ ਨਿਆਮਤਾਂ !

ਅ-ਨਾਸਮਾਨ ਸੰਗੀਤ

ਜਿਵੇਂ ਕਿ ਅਸੀਂ ਜਾਣ ਆਏ ਹਾਂ, ਸੰਸਾਰ ਤੇ ਸੰਗੀਤ ਬਿਨਾ ਕੋਈ ਆਵਾਜ਼

ਨਹੀਂ ਅਤੇ ਦੁਨੀਆਂ ਦਾ ਪ੍ਰਤਖ ਅ-ਪ੍ਰਤਖ ਨਜ਼ਮਾ ਇਕ ਲੈਅ ਵਿਚ ਹੈ, ਇਕ ਰਿਦਮ ਵਿਚ ਹੈ। ਇਹ ਲੈਅ ਅਤੇ ਇਹ ਸੰਗੀਤ ਕਦੇ ਸਮ-ਪਤ ਨਹੀਂ ਹੋਵੇਗਾ। ਅਸੀਂ ਮਰਣਸ਼ੀਲ ਜੀਵ ਹੀ ਸੁਰਾਂ ਦੇ ਸਹਾਰੇ ਅਕਾਲ ਪੁਰਖ ਵਿਚ ਆਵਾਗਮਨ ਰਖਾਂਗੇ। ਉਂਜ, ਸ੍ਰਿਸ਼ਟੀ ਤੇ ਆਇਆ ਮਨੁੱਖ ਵੀ ਸਰਵ ਸ਼ਕਤੀ ਮਾਨਤਾ ਦਾ ਇਕ ਜਵੱਲੰਤ ਪ੍ਰਮਾਣ ਹੈ। ਅੱਜ ਮਾਨਵ ਸਿਰਜੀ ਸਮੱਗਰੀ ਨੂੰ ਧਰਤੀ ਦੇ ਗੋਲੇ ਤੋਂ ਇਕ ਪਾਸੇ ਕਰ ਦੇਈਏ ਤਾਂ "ਅੰਤਰ ਸੁੰਨੰ, ਬਾਹਰ ਸੁੰਨੰ, ਤ੍ਰਿਭਵ ਸੁਨਮਸੁੰਨੰ" ਹੋ ਜਾਇਗਾ।

ਜੁੱਗਾਂ ਤੋਂ ਤੁਰੇ ਆਉਂਦੇ ਮਨੁੱਖ ਨੇ ਸਵੱਇਅਮ ਸਿਰਜੇ ਗਿਆਨ ਵਿਗਿਆਨ, ਦੀ ਬਾਤੀ, ਪਿੱਛੋਂ ਆਉਣ ਵਾਲਿਆਂ ਲਈ ਬਣਾਈ ਅਤੇ ਸੰਜੋਈ, ਅਤੇ ਅੱਜ ਦੇ ਜੁਗ ਤਕ ਉਸ ਦੀ ਇਹੋ ਪ੍ਰਾਪਤੀ ਅਲਾਦੀਨ ਦੇ ਚਿਰਾਗ ਵਾਂਗ ਸਮੱਸਿਆਵਾਂ ਦੇ ਅਨੇਕਾਂ ਜਿੰਨ ਪੈਦਾ ਕਰੀ ਖਲੀ ਹੈ। ਅਸੀਂ ਗੱਲ ਵਿਨਾਸ਼ਕ ਸ਼ਕਤੀਆਂ ਦੀ ਨਹੀਂ ਕਰਦੇ, ਅਸੀਂ ਕਰਦੇ ਹਾਂ ਜੀਵਨ ਦਾਤੇ ਸੰਗੀਤ ਦੀ, ਖ਼ੂਬਸੂਰਤੀ ਅਤੇ ਵਿਸਮਾਦ ਦੀ ਦੁਨੀਆਂ ਵਿਚ ਲੈ ਜਾਣ ਵਾਲੇ ਸੁਰ ਗਿਆਨ ਦੀ, ਉਹਦੇ ਅੱਜ ਤਕ ਦੇ ਰਚੇ ਅਨੇਕਾ ਨੇਕ ਸੁਰ ਲੈਅ ਦੇ ਆਧਾਰ ਸਾਜ਼ਾਂ ਦੀ, ਅਜਿਹੇ ਉਪਕਰਣਾਂ ਦੀ ਜਿਨ੍ਹਾਂ ਦੇ ਸਹਾਰੇ ਅਨੰਤ ਸੁਰ ਸਿਰਜੇ ਜਾ ਸਕਦੇ ਹਨ। ਅੱਜ ਸੰਸਾਰ ਦੀ ਸੁਹਜ ਸਮਰਿਧ ਕਲਾਵਾਂ ਵਿਚ ਸੰਗੀਤ ਦੇ ਮਹਤੀ ਸਥਾਨ ਨੂੰ ਕੌਣ ਨਕਾਰ ਸਕਦਾ ਹੈ ?

ਜ਼ਿੰਦਗੀ ਨੇ ਸਦਾ ਹੀ ਮਿਰਤੂ ਤੇ ਫ਼ਤਹ ਪਾਈ ਹੈ। ਮਨੁੱਖ ਦਾ ਜ਼ਿੰਦਗੀ ਵਿਚ ਅਟਲ ਵਿਸ਼ਵਾਸ ਹੀ ਹੈ ਕਿ ਮਹਾ ਵਿਨਾਸ਼ਕਾਰੀ ਜੰਗਾਂ ਜੁਧਾਂ ਤੋਂ ਪਿੱਛੋਂ ਵੀ, ਸਦਾ ਹੀ ਜੀਵਨ ਦੇ ਪੁਸ਼ਪ ਹਰ ਜਗ੍ਹਾ ਖਿੜੇ ਹਨ ਅਤੇ ਵਿਵਧ ਰੰਗਾਂ ਦਾ ਨਿਖਾਰ ਲੈ ਕੇ ਪਹਿਲਾਂ ਤੋਂ ਵੀ ਦੁਨੀਆਂ ਨੂੰ ਵਧੇਰੇ ਮਹਿਕਵੀਂ ਅਤੇ ਸੁੰਦਰ ਮਨਮੋਹਣੀ ਬਣਾਇਆ ਹੈ। ਜਿਥੇ ਫੁੱਲ ਹਨ, ਉਥੇ ਖੇੜਾ ਹੈ, ਉਥੇ ਸੰਗੀਤ ਹੈ, ਜ਼ਿੰਦਗੀ ਹੈ !

ਯੁਗ ਸ੍ਰਸ਼ਟਾ, ਯੁਗ ਦ੍ਰਸ਼ਟਾ, ਵਿਚਾਰਕ, ਵਿਧਾਨਕ, ਮਨੀਸ਼ੀ, ਪ੍ਰਬੁਧ ਲੋਕਾਂ ਦੁਆਰਾ ਹੀ ਇਹ ਮਾਨਵੀ ਨਜ਼ਾਮ ਅੱਜ ਤਕ ਵਿਗਸਦਾ ਚਲਾ ਆਇਆ ਹੈ। ਜ਼ਿੰਦਗੀ ਆਪਣਾ ਕੰਮ ਕਰੀ ਜਾਂਦੀ ਹੈ। ਦਾਰਸ਼ਨਿਕ ਇਹਦੀ ਵਿਆਖਿਆ ਕਰਦੇ ਰਹਿੰਦੇ ਹਨ ਅਤੇ ਵਿਧਾਨਕਾਰ ਇਹਦਾ ਮਾਰਗ ਨਿਸਚਿਤ ਕਰਦੇ ਰਹਿੰਦੇ ਹਨ। ਭਲਾ ਜੁਗਾਂ ਤੋਂ ਚਲੇ ਆਉਂਦੇ ਸੰਗੀਤ ਨੂੰ ਵਿਧਾਨਕਾਰ ਕਿਵੇਂ ਨਾ ਮਿਲਦੇ ? ਉਹਨਾਂ ਨੇ ਇਹਦੀ ਸ਼ਾਸਤ੍ਰੀਅਤਾ ਨਿਸਚਿਤ ਕਰ ਦਿੱਤੀ। ਇਸਨੂੰ ਕਿੰਨੇ ਪਰਕਾਰਾਂ ਨਾਲ ਗੰਵਿਆਂ ਜਾ ਸਕਦਾ ਹੈ। ਕਿਹੜੀ ਕਿਹੜੀ ਕਲਾ ਇਸ ਵਿਚ ਹੋਰ ਸਮੋਅ ਸਕਦੀ ਹੈ।

ਅਤੇ ਅੱਜ ਸੰਗੀਤ ਤੋਂ ਮੁਰਾਦ ਹੈ ਸੰਗਤ, ਇਕੱਠ—ਗਾਇਨ, ਵਾਦਨ ਅਤੇ ਨ੍ਰਿਤ ਦਾ। ਸੰਗੀਤ ਭਲੀ ਪਰਕਾਰ ਗੰਵਿਆਂ ਜਾਣ ਵਾਲਾ ਗੀਤ ਵੀ ਹੈ। ਪਰ ਸੰਗੀਤ ਸੰਬੰਧ ਦੋਹ ਚੀਜ਼ਾਂ ਦਾ ਸੰਜੋਗ ਹੀ ਆਨੰਦ ਸਿਰਜਕ ਹੁੰਦਾ ਹੈ ਜਿਵੇਂ ਗਾਉਣ ਨਾਲ ਵਜਾਉਣ, ਨ੍ਰਿਤ ਨਾਲ ਵਜਾਉਣ। ਪ੍ਰੰਤੂ ਤ੍ਰੈਵਾਂ ਦਾ ਸੰਜੋਗ ਤਾਂ ਦੁਨੀਆਂ ਭੁਲਾ ਦੇਣ ਵਾਲਾ ਹੁੰਦਾ ਹੈ। ਇਕ ਸੂਖਮ ਕਲਾ ਇਸ ਨਾਲ ਹੋਰ ਵੀ ਸੰਬੰਧਤ ਹੈ ਅਤੇ ਉਹ ਹੈ

ਕਾਵਿ। ਸ਼ਬਦਾਂ ਦੇ ਚੋਲੇ ਬਿਨਾ ਸੰਗੀਤ ਸਾਨੂੰ ਕਿਸੇ ਵਿਸ਼ੇਸ਼ ਸੇਧ ਵੱਲ ਆਕਰਸ਼ਤ ਨਹੀਂ ਕਰ ਸਕਦਾ। ਸ਼ਬਦਾਂ ਦੀ ਆਪਣੀ ਦੁਨੀਆ ਹੈ। ਇਹ ਸਾਨੂੰ ਪ੍ਰਭੂ ਨਾਲ ਜੋੜ ਵੀ ਦਿੰਦੇ ਹਨ ਅਤੇ ਵਿਛੋੜ ਵੀ। ਸ਼ਬਦਾਂ ਨੂੰ ਸਾਡੇ ਹਿਰਦੇ ਦੇ ਧੁਰ ਤਕ ਲੈ ਜਾਣ ਵਾਲਾ ਸ੍ਰੇਸ਼ਟ ਵਾਹਣ ਸੁਰ ਹੀ ਹੈ। ਸੰਗੀਤ ਹੀ ਹੈ, ਅਮਰ ਸੰਗੀਤ।

ਸੰਗੀਤ ਕਿੰਨੀ ਪਰਕਾਰ ਦਾ

ਗੱਲ ਮੁਕਾਉਣ ਦੀ ਖ਼ਾਤਰ, ਏਥੇ ਏਨਾ ਕਹਿਣਾ ਹੀ ਕਾਫ਼ੀ ਹੈ ਕਿ ਗੁਰਬਾਣੀ ਦੇ ਸ਼ਬਦ, ਭਜਨ, ਬਿਸ਼ਨਪਦੇ, ਰੱਬੀ ਉਸਤਤ ਦੇ ਗੀਤ ਜਦੋਂ ਸੁਰਾਂ ਤੇ ਸਵਾਰੀ ਕਰਾ ਸਾਨੂੰ ਆਪਣੇ ਨਾਲ ਉਡਾ ਖੜਦੇ ਹਨ ਤਾਂ ਅਸੀਂ ਸਰਬ ਵਿਆਪਕ ਮਹਾ ਸ਼ਕਤੀ ਵਿਚ ਆਪਣੇ ਆਪ ਨੂੰ ਗੁਆਚਿਆ ਪਾਉਂਦੇ ਹਾਂ। ਪਰ ਜੇ ਇਨ੍ਹਾਂ ਤੋਂ ਇਲਾਵਾ ਲੋਕ ਧੁਨਾਂ, ਲੋਕ ਗੀਤਾਂ ਅਤੇ ਸੰਸਾਰੀ ਪ੍ਰੇਮ ਪਿਆਰ ਦੇ ਕਿੱਸਿਆਂ ਵਿਚ ਹੀ ਸੰਗੀਤ ਨੂੰ ਡੋਬ ਲਈਏ ਤਾਂ ਦੁਨੀਆਵੀ ਆਨੰਦ ਦੀਆਂ ਪੀਘਾਂ ਤਾਂ ਝੂਟ ਦੀਆਂ ਹਨ ਪਰ ਪਰਮ ਸੁਖ ਦੀ ਪ੍ਰਾਪਤੀ ਕੋਹਾਂ ਦੂਰ ਚਲੀ ਜਾਂਦੀ ਹੈ। ਅਸ਼ਲੀਲਤਾ ਭਰੇ ਟੱਪੇ, ਦੂਹੜੇ ਅਤੇ ਬੋਲੀਆਂ ਤਾਂ ਸਗੋਂ ਉਬਲੇ, ਚੰਚਲ ਅਤੇ ਝੂਠੀ ਮੌਜ ਮਸਤੀ ਵਿਚ ਥੋੜ੍ਹਾ ਚਿਰ ਆਪਾ ਭੁਲਾਈ ਰੱਖਦੇ ਹਨ, ਅੰਤ ਇਹਨਾਂ ਦਾ ਸਮਾਜਿਕ ਪਰੇਸ਼ਾਨੀਆਂ ਹੀ ਪੈਦਾ ਕਰਦਾ ਹੈ।

ਸਵੱਰ ਤਾਂ ਸ਼ਕਤੀਮਾਨਤਾ ਹੈ, ਇਸ ਨਾਲ ਜੋ ਚਾਹੋ ਰਚ ਧਰੋ।

ਏਸੇ ਵਾਸਤੇ ਸ਼ਾਸਤਰਕਾਰਾਂ ਨੇ ਸੰਗੀਤ ਦੇ ਪਰਕਾਰ ਨਿਖੇੜਨ ਲਈ ਮੋਟੇ ਰੂਪ ਵਿਚ ਦੋ ਨਾਮ ਦੇ ਦਿੱਤੇ ਹਨ 'ਮਾਰਗੀ' ਅਤੇ 'ਦੇਸ਼ੀ'। ਮਾਰਗੀ ਅਰਥਾਤ ਸ਼ਾਸਤਰੀ ਤਰੀਕੇ ਨਾਲ ਗਾਉਣਾ ਜਿਸਦੀਆਂ ਰੀਤਾਂ ਬੰਦਸ਼ਾਂ ਜੁਗਾਂ ਤੋਂ ਚਲੀਆਂ ਆ ਰਹੀਆਂ ਹਨ। 'ਦੇਸੀ' ਜਿਸ ਦੁਆਰਾ ਆਮ ਆਦਮੀ ਆਪਣੇ ਮਨ ਦੇ ਆਨੰਦ ਜਾਂ ਵਿਥਿਆ ਨੂੰ ਸਿੱਧੇ ਸਾਦੇ ਤਰੀਕੇ ਨਾਲ ਗਊਂ ਕੇ ਪਰਗਟ ਕਰ ਸਕਦਾ ਹੈ।

ਗੁਰੂ ਘਰ ਵਿਚ ਸੰਗੀਤ

ਅਸੀਂ ਆਪਣੀ ਵਾਰਤਾ ਵਿਚ ਸ਼ਾਸਤਰੀ ਗਾਇਨ ਅਤੇ ਗੁਰਬਾਣੀ ਆਧਾਰਤ ਸੰਗੀਤ ਦੀ ਹੀ ਚਰਚਾ ਕਰਾਂਗੇ।

ਇਹ ਲੰਮੀ ਚੌੜੀ ਵਿਆਖਿਆ ਸੰਗੀਤ ਨਾਲ ਆਪ ਜੀ ਦੀ ਜਾਣਕਾਰੀ ਵਾਸਤੇ ਸੀ। ਅਸੀਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਸੰਗੀਤ ਨਾਲ ਸੰਬੰਧ ਦੱਸਣ ਲਈ ਗੁਰੂ ਪਰੰਪਰਾ ਨੂੰ ਮੁੱਖ ਰੱਖਣਾ ਹੈ। ਸਿੱਖ ਜਗਤ ਦੇ ਪਰਵਰਤਕ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਭਾਵੇਂ ਕਿਸੇ ਵਿਸ਼ੇਸ਼ ਮਜ਼ਹਬ ਦੀ ਨੀਂਹ ਨਹੀਂ ਸੀ ਰੱਖੀ ਪਰ ਉਨ੍ਹਾਂ ਦੇ ਦ੍ਰਿੜ੍ਹਾਏ ਮਤ ਨੂੰ ਜਿਸ ਜਿਸ ਵੀ ਸਵੀਕਾਰ ਕੀਤਾ ਉਹ ਸਹਿਜੇ ਸਹਿਜੇ ਇਕ ਲੜੀ ਵਿਚ ਪਹੁੰਚਦਾ ਗਿਆ। ਅੰਤ ਗੁਰੂ ਨਾਨਕ ਦੇਵ ਜੀ ਨੂੰ ਆਪਣਾ

ਜਾ-ਨਸ਼ੀਨ ਸਥਾਪਤ ਕਰਨਾ ਪਿਆ—ਭਾਈ ਲਹਿਣਾ। ਸਤਿਗੁਰਾਂ ਦਾ ਬਖਸ਼ਿਆ ਨਾਮ ਅੰਗਦ।

ਸਤਿਗੁਰੂ ਜੀ ਨਾਨਕ ਦੇਵ ਆਪ ਕਿੰਨਾ ਕੁ ਗਾਉਂਦੇ ਸਨ ਇਹ ਤਾਂ ਸਪੱਸ਼ਟ ਨਹੀਂ ਪਰ ਮਰਦਾਨੇ ਦੀ ਰਬਾਬ ਟੁਣਕਾਰ ਰਾਹੀਂ ਪਰਮ ਪਿਤਾ ਦੀ ਪੂਰਣ ਬ੍ਰਹਮ ਨਾਲ ਲੀਨਤਾ ਦੱਸਦੀ ਹੈ ਕਿ ਆਪ ਜੀ ਮਹਾਨ ਸੰਗੀਤ ਪ੍ਰੇਮੀ ਸਨ, ਅਰਥਾਤ ਰਾਗੀ ਸਨ। ਆਪ ਜੀ ਨੇ ਹੀ ਸਿੱਖ ਜਗਤ ਨੂੰ ਰਾਗ ਨਾਲ—ਸੰਗੀਤ ਨਾਲ—ਸਿੱਧੇ ਤੌਰ ਤੇ ਜੋੜਿਆ। ਉਂਜ, ਇਸ ਗੱਲੋਂ ਸਿੱਖ ਇਤਿਹਾਸ ਅਸਲੋਂ ਚੁੱਪ ਸਾਧੀ ਬੈਠਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੇ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਫੇਰ ਵੀ ਜਦ ਕਦੇ ਸਤਿਗੁਰੂ ਮਰਦਾਨੇ ਨੂੰ ਰਬਾਬ ਵਜਾਣ ਲਈ ਆਦੇਸ਼ ਕਰਦੇ, ਸ਼ਬਦ ਪ੍ਰਸਤੁਤੀ ਰਾਗ ਦੁਆਰਾ ਹੀ ਹੁੰਦੀ।

ਰਾਗ ਅਥਵਾ ਸੰਗੀਤ ਬਾਰੇ ਏਨੀ ਕੁ ਗੱਲ ਹੋਰ ਕਰ ਲਈਏ ਕਿ ਸ਼ਾਸਤਰੀ ਸੰਗੀਤ ਤੋਂ ਬਾਹਰਾ ਕੁਛ ਵੀ ਨਹੀਂ। ਜਿਥੇ ਸੁਰ ਅਤੇ ਲੈਅ ਹੈ ਉਥੇ ਸੰਗੀਤ ਹੀ ਹੈ। ਸ਼ਾਸਤਰੀ ਸੰਗੀਤ ਤੋਂ ਅਜੋਕਾ ਭਾਵ ਉਹ ਗਾਇਨ ਢੰਗ ਹੈ, ਜੁ ਨੇਮ ਬੱਧ ਰਾਗਾਂ ਵਿਚ ਧਰੁਵਪਦ, ਖਿਆਲ, ਠੁਮਰੀ ਆਦਿ ਨੂੰ ਆਲਾਪ ਤੋਂ ਆਰੰਭ ਕਰ, ਮੰਦ, ਵਿਲੰਬਤ, ਦ੍ਰੁਤ ਅਤੇ ਦ੍ਰੁਤ-ਤਰ ਲੈਆਂ ਦੁਆਰਾ ਇਕ ਵਿਸ਼ੇਸ਼ ਪਰਿਪਾਟੀ ਨਾਲ ਉਚਾਰਿਆ ਜਾਵੇ। ਇਸ ਵਿਚ ਸਰਗਮਾਂ, ਤਾਨਾਂ ਆਦਿ ਦੀ ਪ੍ਰਯੁਕਤੀ, ਇਸ ਪੱਧਤੀ ਨੂੰ ਹੋਰ ਵੀ ਉਤਕ੍ਰਿਸ਼ਟ ਕਰਦੀ ਹੈ।

ਦੇਸੀ ਅਥਵਾ ਆਮ ਗਾਇਕੀ ਵਿਚ ਸਭ ਕੁਝ ਆ ਜਾਂਦਾ ਹੈ ਜਿਸ ਨਾਲ ਜਨ ਜੀਵਨ ਆਨੰਦ ਉਠਾਂਦਾ ਹੈ।

ਈਸ਼ਵਰ ਪ੍ਰੇਮੀ, ਭਗਤੀ ਮੁੱਖੀ ਸਾਧੂ-ਸੰਤ, ਪੀਰ-ਫਕੀਰ ਆਦਿ ਆਪਣੀਆਂ ਰਚਨਾਵਾਂ ਨੂੰ ਪਹਿਲਾਂ ਤਾਂ ਛੰਦ-ਬੱਧ ਕਰਦੇ ਫਿਰ ਰਾਗ-ਬੱਧ। ਅਜਿਹੀਆਂ ਅੰਦਰੋਂ ਉਪਜੀਆਂ ਕਾਵਿ ਪੰਗਤੀਆਂ ਸਹਿਜੇ ਹੀ ਮਨ ਨੂੰ ਚੰਚਲਤਾ ਤੋਂ ਲਾਂਭ ਕਰ ਪਰਮ ਬ੍ਰਹਮ ਨਾਲ ਜੋੜਨ ਵਾਲੀਆਂ ਹੋ ਨਿਬੜਦੀਆਂ। ਇਨ੍ਹਾਂ ਨੂੰ ਸੰਗੀਤ ਸੋਨੇ ਵਿਚ ਸੁਗੰਧੀ ਵਾਲੀ ਉਤਮਤਾ ਪ੍ਰਦਾਨ ਕਰਦਾ।

ਆਦਿ ਗ੍ਰੰਥ ਸਾਹਿਬ ਜੀ ਵਿਚ ਸਤਿਗੁਰੂਆਂ ਅਤੇ ਭਗਤਾਂ ਦੁਆਰਾ ਪ੍ਰਸਥਾਪਿਤ 65 ਰਾਗਾਂ ਤੋਂ ਬਿਨਾ ਸੰਗੀਤ ਦੀ ਅਨੰਤਤਾ ਦਾ ਇਹ ਉਦਾਹਰਣ ਵੀ ਯੁਕਤੀ ਸੰਗਤ ਹੋਵੇਗਾ ਕਿ ਇਕ ਵਾਰ ਮੀਆਂ ਤਾਨਸੈਨ ਸ਼ਾਹਿਨਸ਼ਾਹ ਅਕਬਰ ਨਾਲ ਸਰੀਂ ਵਗਦੀ ਜਮਨਾ ਵਿਚ ਨੌਕਾ ਸਵਾਰ ਸਨ ਕਿ ਅਕਬਰ ਨੇ ਸ਼ਾਹੀ ਗਾਇਕ ਤਾਨਸੈਨ ਦੀ ਬੇਸ਼ੁਮਾਰ ਸੰਗੀਤ ਨਿਧੀ ਦੀ ਪ੍ਰਸ਼ੰਸਾ ਕਰਦਿਆਂ ਆਖਿਆ : ਤੂੰ ਤਾਂ ਸਾਰੇ ਹੀ ਸੰਗੀਤ ਜਗਤ ਦਾ ਗਿਆਤਾ ਹੈਂ। ਤਾਨਸੈਨ ਨੇ ਨੰਗੀ ਤਲਵਾਰ ਨੂੰ ਜਮਨਾ ਜਲ ਵਿਚ ਡੋਬ ਡਿਗਦੇ ਕਤਰਿਆਂ ਵੱਲ ਅਕਬਰ ਦਾ ਧਿਆਨ ਕਰਵਾ ਉੱਤਰ ਦਿੱਤਾ : ਬਾਦਸ਼ਾਹ ਸਲਾਮਤ, ਸੰਗੀਤ ਦੀ ਇਸ ਭਰਪੂਰ ਵਹਿੰਦੀ ਸਰਿਤਾ ਵਿਚੋਂ ਮੈਂ ਤਾਂ ਇਹਨਾਂ ਬੂੰਦਾਂ ਜਿੰਨਾ ਹੀ ਜਾਣਕਾਰ ਹਾਂ।

ਇਸ ਲਈ ਗੱਲ ਜਦੋਂ ਸੰਗੀਤ ਦੀ ਤੁਰਦੀ ਹੈ, ਈਸ਼ਵਰੀ ਅਨੰਤਤਾ ਦਾ

ਜਾਣਕਾਰਾਂ ਨੂੰ ਤਦੋਂ ਹੀ ਅਹਿਸਾਸ ਹੋ ਜਾਂਦਾ ਹੈ, ਜਿਸ ਦੀ ਉਸਤਤੀ ਵਿਚ ਸੰਗੀਤ ਗਾਉਣਾ ਹੈ ਉਹ ਵੀ "ਅਗਮ ਅਗਾਧ ਅਨੰਤ ਅੰਤ ਜਿਸ ਕੋਈ ਨ ਜਾਣੈ" ਅਤੇ ਜਿਸ ਮਾਧਿਅਮ ਦੁਆਰਾ ਉਸਨੂੰ ਸਲਾਹੁਣਾ ਹੈ ਉਹਦਾ ਵੀ ਅੰਤ ਪਾਰਾਵਾਰ ਕੋਈ ਨ !

ਸਤਿਗੁਰੂ ਨਾਨਕ ਦੇਵ ਜੀ ਨੇ ਏਸੇ ਲਈ ਰੱਬ ਦੀ ਗੱਲ ਰਾਗ ਵਿਚ ਆਖੀ ।

ਸਤਿਗੁਰੂਆਂ ਦੀ ਲੰਮੀ ਸ੍ਰਿੰਖਲਾ ਗੁਰੂ ਨਾਨਕ ਦੇਵ ਜੀ ਤੋਂ ਸੰਗੀਤ ਨਿਧੀ ਲੈ ਕੇ ਤੁਰੀ । ਪਰੰਤੂ ਸਾਰੇ ਗੁਰੂ ਗਾਇਕ ਨਹੀਂ ਰਹੇ । ਉਹਨਾਂ ਦੁਆਰਾ ਦੋ ਵੇਲੇ ਦੇ ਕੀਰਤਨ-ਦੀਵਾਨਾਂ ਰਾਹੀਂ ਇਹ ਬਾਤੀ ਅੱਗੇ ਤੋਂ ਅੱਗੇ ਚਲਦੀ ਰਹੀ । ਜਿਹੜੀ ਸਹਿਜੇ ਸਹਿਜੇ ਪਰੰਪਰਾ ਦੇ ਰੂਪ ਵਿਚ ਪਰਣਿਤ ਹੋ ਗਈ ।

ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਇੱਕੋ ਹੀ ਐਸੇ ਸਨ ਜਿਨ੍ਹਾਂ "ਸਰੰਦਾ" ਨਾਮੀ ਸਾਜ਼ ਆਪ ਰਚ-ਬਣਾ, ਹੱਥ ਵਿਚ ਲੈ ਜਦੋਂ ਗਜ਼ ਖਿੱਚ ਕੇ ਗੰਵਿਆਂ : ਧੰਨ ਸਿਰੰਦਾ ਸੱਚਾ ਪਾਤਿਸਾਹੁ ਜਿਨ ਜਗੁ ਧੰਧੜੇ ਲਾਇਆ (ਮ: 1) ਤਾਂ ਉਸ ਵੇਲੇ ਦੀ ਸੰਗਤ ਪਰਮ ਵਿਸਮਾਦ ਵਿਚ ਚਲੀ ਗਈ ।

ਇਹ ਵੀ ਗੁਰੂ ਅਰਜਨ ਦੇਵ ਜੀ ਦੇ ਗਾਇਨ ਦੀ ਕਰਾਮਾਤ ਸੀ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਸਪੁੱਤਰ ਸ੍ਰੀ ਮੋਹਨ ਨੇ, ਹੋਰ ਹਰੇਕ ਗੁਰੂ ਘਰ ਵਿਚ ਜ਼ਿੰਮੇਵਾਰ ਵਿਅਕਤੀ ਨੂੰ, ਗੁਰਬਾਣੀ ਦੀਆਂ ਸੈਂਚੀਆਂ ਦੇਣ ਤੋਂ ਇਨਕਾਰ ਕਰ ਦਿੱਤਾ, ਉਦੋਂ ਪੰਜਵੇਂ ਪਾਤਸ਼ਾਹ ਤਾਨਪੂਰਾ ਲੈ, ਨੰਗੇ ਚਰਨੀਂ ਗੋਇੰਦਵਾਲ ਪਧਾਰੇ ਅਤੇ ਬਾਬਾ ਮੋਹਨ ਦੇ ਚੁਬਾਰੇ ਹੇਠ ਬੈਠੇ ਸ਼ਬਦ, "ਮੋਹਨ ਤੇਰੇ ਉਚੇ ਮੰਦਰ ਮਹਲ ਅਪਾਰਾ" ਸਤੁਤੀ ਗਾ ਕੇ ਉਨ੍ਹਾਂ ਨੂੰ ਰੀਝਾਇਆ ਅਤੇ ਆਦਿ ਬਾਣੀ ਦੇ ਸੰਕਲਨ ਸੰਪਾਦਨ ਵਾਸਤੇ ਦੁਰਲਭ ਬਾਣੀ ਪੂਰਵ ਸਤਿਗੁਰੂ ਘਰੋਂ ਲੈ ਆਂਦੀ ।

ਆਮ ਕਰਕੇ ਮੁਸਲਮਾਨ ਮਿਰਾਜ਼ੀ, ਜਿਨ੍ਹਾਂ ਨੂੰ ਗੁਰਸਿੱਖੀ ਵਿਚ 'ਰਬਾਬੀ' ਸੰਗਿਆ ਦਿੱਤੀ ਗਈ (ਰਬਾਬ ਵਜਾਣ ਕਰਕੇ ਅਤੇ ਸਿੱਖ ਪਰੰਪਰਾ ਦੇ ਪ੍ਰਥਮ ਵਾਦਕ ਭਾਈ ਮਰਦਾਨੇ ਦੀ ਯਾਦ ਕਾਇਮ ਰੱਖਣ ਵਜੋਂ) । ਇਹ ਰਬਾਬੀ ਗੁਰੂ ਕੇ ਦਰਬਾਰ ਵਿਚ ਦੋ ਵੇਲੇ, ਸਵੇਰੇ ਅਤੇ ਸ਼ਾਮ, ਕੀਰਤਨ ਕਰਦੇ ।

ਜਦੋਂ ਕਦੇ ਮਾਇਆ ਮੁੱਖੀ ਹੋ, ਘੁਮੰਡ ਵਿਚ ਆ, ਰਬਾਬੀ ਜਨ ਗਾਉਣੋਂ ਆਨਾਕਾਨੀ ਜਾਂ ਇਨਕਾਰ ਕਰਦੇ ਉਦੋਂ ਲੋੜ ਪ੍ਰਤੀਤ ਹੁੰਦੀ ਸਿੱਖ ਗਾਇਕਾਂ ਦੀ, ਸਿੱਖ ਕੀਰਤਨਕਾਰਾਂ ਦੀ । ਸੱਤੇ, ਬਲਵੰਡ ਆਦਿ ਡੂੰਮਾਂ ਨੇ ਵਿਸ਼ੇਸ਼ ਰੁਸੇਵਾਂ ਜਿਤਾ ਕੇ ਗੁਰੂ ਘਰ ਵਿਚ ਸਿੱਖ ਰਾਗੀਆਂ ਲਈ ਥਾਂ ਬਣਾ ਦਿੱਤਾ ਅਤੇ ਸਤਿਗੁਰੂਆਂ ਨੂੰ ਵੀ ਸਿੱਧਾ ਸੰਗੀਤ ਨਾਲ ਜੋੜ ਦਿੱਤਾ ।

ਗੁਰਸਿੱਖ ਪਰੰਪਰਾ ਵਿਚ ਭਾਵੇਂ ਸੰਗੀਤ ਦੀ ਕਿੰਨੀ ਵੀ ਮਹੱਤਤਾ ਰਹੀ ਆਪ ਵਜਾਉਣ ਜਾਂ ਗਾਉਣ ਵਾਲੇ ਪੰਜਵੇਂ ਸਤਿਗੁਰੂ, ਗੁਰੂ ਅਰਜਨ ਹੀ ਹੋਏ ।

ਸਥਾਪਤੀ ਦਾ ਜੁਗ ਵੀ ਚੌਥੇ ਗੁਰੂ ਰਾਮਦਾਸ ਜੀ ਅਤੇ ਪੰਜਵੇਂ ਸਤਿਗੁਰਾਂ ਤੋਂ ਸ਼ੁਰੂ ਹੁੰਦਾ ਹੈ ਜਦੋਂ ਸ਼ਹਿਰ ਅੰਮ੍ਰਿਤਸਰ ਦਾ ਵਸੇਬਾ, ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਸਥਾਪਨਾ ਹੋ ਗਈ । ਛੇਵੇਂ ਸਤਿਗੁਰਾਂ ਸਿੱਖ ਇਤਿਹਾਸ ਨੂੰ ਨਵਾਂ ਮੋੜ

ਦਿੱਤਾ । ਉਹਨਾਂ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ । ਪਿਤਾ ਸਤਿਗੁਰੂ ਦਾ ਬਲੀਦਾਨ ਉਹਨਾਂ ਨੂੰ ਭਗਤੀ ਦੇ ਨਾਲ-ਨਾਲ ਸ਼ਕਤੀ ਵੱਲ ਪ੍ਰੇਰ ਲੈ ਗਿਆ । ਉਂਜ, ਇਸ ਦੌਰ ਦੀ ਇਹਨਾਂ ਦੇ ਨਾਲ ਹੀ ਸਮਾਪਤੀ ਹੋ ਗਈ । ਭਗਤੀ ਮਾਰਗ ਦਾ ਆਧਾਰ ਸਭ ਕੁਛ ਪ੍ਰਭੂ ਆਸਰੇ ਹੋਣ ਕਾਰਨ ਤਿੰਨ ਸਤਿਗੁਰੂ ਫਿਰ ਪਹਿਲੀਆਂ ਲੀਹਾਂ ਤੇ ਸਥਿਰ ਹੋ ਗਏ, ਪ੍ਰੰਤੂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਮੁੜ ਸ਼ਕਤੀ ਦੀ ਪ੍ਰਮੁੱਖਤਾ ਲਈ ਪਾਸਾ ਪਰਤਣ ਵਾਸਤੇ ਦਸ੍ਵੇਂ ਸਤਿਗੁਰਾਂ ਨੂੰ ਲੈ ਆਂਦਾ !

ਕੌਣ ਨਹੀਂ ਜਾਣਦਾ ਕਿ ਗੁਰੂ ਨਾਨਕ ਦਾ ਪੰਥ ਈਸ਼ਵਰ ਆਰਾਧਨਾ ਅਤੇ ਪ੍ਰਾਰਥਨਾ ਤਕ ਹੀ ਸੀਮਿਤ ਸੀ । ਇਸ ਪਰੰਪਰਾ ਦੇ ਵਾਰਿਸ ਬਣੇ ਰਹਿਣ ਲਈ ਦੋ ਵੇਲੇ ਦੇ ਭਜਨ-ਕੀਰਤਨ, ਜਾਪ-ਤਾਪ ਚਲਦਿਆਂ ਹੀ ਸਿੱਖ ਸਮਾਜ ਨੂੰ ਨਾਲ ਲਿਆ ਜਾ ਸਕਦਾ ਸੀ । ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਚਰਿਤਰ ਵਿਚ ਇਨਕਲਾਬੀ ਤਬਦੀਲੀਆਂ ਲਿਆ ਸਕੇ ! ਭਗਤੀ ਮੁੱਖੀ ਵਿਅਕਤੀ ਅਤੇ ਪਰੰਪਰਾ ਜੁਝਾਰੂ ਸ਼ਕਲ ਅਖਤਿਆਰ ਕਰ ਗਏ ! ਤਾਂ ਵੀ, ਦਸਵੇਂ ਪਾਤਸ਼ਾਹ ਜੰਗਾਂ-ਜੁੱਧਾਂ ਦੇ ਭਰਪੂਰ ਵਾਤਾਵਰਣ ਵਿਚ ਵੀ ਆਸਾ ਦੀ ਵਾਰ ਦਾ, ਸਵੇਰ ਸਮੇਂ ਦਾ, ਕੀਰਤਨ ਨਾ ਖੁੰਝਣ ਦਿੰਦੇ !

ਸ੍ਰੀ ਦਸਮੇਸ਼ ਜੀ ਦੇ ਨੰਦੇੜ (ਮਹਾਰਾਸ਼ਟਰ) ਵਿਖੇ ਰਚੇ ਚਲਾਣੇ ਦੇ ਨਾਟਕ ਪਿੱਛੋਂ ਸਮੁੱਚਾ ਸਿੱਖ ਸਮਾਜ ਆਪ ਹੁਦਰੇਪਨ ਦਾ ਸ਼ਿਕਾਰ ਹੋ ਗਿਆ । ਭਾਵੇਂ ਸਰਹੱਦੀ ਪੰਜਾਬ ਵਿਚ ਸਿੱਖੀ ਆਸਥਾ ਨੂੰ ਸੁਦ੍ਰਿੜ੍ਹ ਰੱਖਣ ਵਾਲੇ ਤੱਤ ਮੌਜੂਦ ਸਨ ਪਰ ਗੁਰੂ ਰਾਮ ਸਿੰਘ ਜੀ ਨੇ ਆਪਣੇ ਸਮੇਂ ਹੀ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਮੁੜ ਤੋਂ ਗੁਰ ਸਿੱਖੀ ਦੀ ਮਾਣ ਮਰਿਆਦਾ ਸਥਾਪਤ ਕੀਤੀ । ਇਸ ਮਰਿਆਦਾ ਵਿਚ, ਗੁਰੂ ਕੇ ਸਨਮੁੱਖ ਦੋ ਵੇਲੇ ਦੇ ਕੀਰਤਨ ਦੀਵਾਨ ਸੱਜਦੇ । ਸੰਗਤ ਦਾ ਏਨਾ ਸਮਾ ਸਤਿਗੁਰੂ ਜੀ ਦੇ ਦੀਦਾਰੇ ਸਾਹਵੇਂ ਕਰਦਿਆਂ ਭਜਨ ਸਿਮਰਨ ਵਿਚ ਬਤੀਤ ਹੋਣ ਲੱਗਾ । ਅਤੇ ਗੁਆਚੀ ਪ੍ਰਥਾ ਮੁੜ ਤੋਂ ਰਾਇਜ ਹੋ ਗਈ । ਜਿਸ ਨੇ ਅੱਗੇ ਚਲ ਕੇ ਬਹੁਤ ਵਿਕਾਸ ਕੀਤਾ ।

ਗੁਰੂ ਰਾਮ ਸਿੰਘ ਜੀ ਤੇ ਪਿੱਛੋਂ ਦਾ ਸਮਾਂ

ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਦੌਰਿਆਂ ਅਤੇ ਉਸ ਵਿਚ ਦੋ ਵੇਲੇ ਦੇ ਸੰਗੀਤ ਗੁਧੇ ਕੀਰਤਨ ਦੀਵਾਨਾਂ ਨੇ ਆਮ ਜਨਤਾ ਨੂੰ ਬਹੁਤ ਪ੍ਰਭਾਵਤ ਕੀਤਾ । ਪਤਿਤ ਹੋ ਚੁਕੀ ਸਿੱਖੀ ਵਿਚੋਂ, ਲੱਖਾਂ ਲੋਕ ਨਵੇਂ ਉਤਸਾਹ ਉਮਾਹ ਨਾਲ ਸਿੰਘ ਸਜੇ । ਗੁਰੂ ਕੀ ਹਜ਼ੂਰੀ ਵਿਖੇ ਹੁੰਦੇ ਕੀਰਤਨ ਵਿਚ ਗਾਇਕ ਪੁਰਾਤਨ-ਸਨਾਤਨ ਬੰਦਸ਼ਾਂ ਅਤੇ ਰੀਤਾਂ ਉਤੇ ਆਧਾਰਤ ਹੀ ਸ਼ਬਦ ਗਾਉਂਦੇ । ਰਾਗ ਦੀ ਸ਼ੁਧੀ ਅਤੇ ਲੈਅ ਤਾਲ ਦਾ ਧਿਆਨ ਰਖਿਆ ਜਾਂਦਾ । ਇਸ ਵੇਲੇ ਦੇ ਕੀਰਤਨਕਾਰ, ਜਿਨ੍ਹਾਂ ਦਾ ਨਾਮ ਇਤਿਹਾਸ ਦੇ ਪੁਰਾਣੇ ਪੱਤਰੇ ਘੱਖਿਆਂ, ਦੋ ਹੀ ਲੱਭੇ ਹਨ, ਭਾਈ ਗੁਰਦਿਤ ਸਿੰਘ ਅਤੇ ਭਾਈ ਲਾਭ

ਸਿੰਘ । ਰਾਗੀ ਤਾਂ ਹੋਰ ਵੀ ਹੋਣਗੇ ਪਰ ਉਨ੍ਹਾਂ ਦੇ ਨਾਮ ਠਾਮ ਸੰਭਾਲੇ ਨਹੀਂ ਜਾ ਸਕੇ ।

ਸਤਿਗੁਰੂ ਰਾਮ ਸਿੰਘ ਜੀ ਤਾਂ ਦੇਸ਼ ਸੁਤੰਤਰ ਕਰਵਾਣ ਦਾ ਮਨੋਰਥ ਰੱਖਦਿਆਂ, ਬਰਤਾਨਵੀ ਸਾਮਰਾਜ ਦੁਆਰਾ 18 ਜਨਵਰੀ 1872 ਨੂੰ ਜਲਾਵਤਨ ਕਰ ਦਿੱਤੇ ਗਏ । ਨਾਮਧਾਰੀਆਂ ਤੇ ਸਖਤੀਆਂ ਦਾ ਦੌਰ ਚੱਲਿਆ ਅਤੇ ਇਸਦਾ ਸਿੱਟਾ 1872 ਤੋਂ ਸਿਦਕੀਆਂ, ਸਿਰੜੀਆਂ ਨੂੰ ਯਾਤਨਾਵਾਂ ਅਤੇ ਤਸੀਹਿਆਂ ਦੀ ਲੰਮੀ ਅਨ੍ਹੇਰੀ ਗਲੀ ਵਿਚੋਂ ਲੰਘਣਾ ਪਿਆ । ਪਰ ਸਤਿਗੁਰੂ ਹਰੀ ਸਿੰਘ ਜੀ ਦੇ ਕਰਮਠ, ਸੁਚੇਤ ਅਤੇ ਸੁਦ੍ਰਿੜ ਜਤਨਾਂ ਨੇ ਟੁੱਟੀ ਮੇਲ ਲਈ । ਫੇਰ ਨਾਮਧਾਰੀ ਸਮਾਜ ਆਪਣੀ ਪਰੰਪਰਾ ਦੀ ਤੰਦ ਪਕੜਨ ਵਿਚ ਸਫ਼ਲ ਹੋ ਗਿਆ ।

ਸਤਿਗੁਰੂ ਹਰੀ ਸਿੰਘ ਜੀ ਭਾਵੇਂ ਦੋ ਵੇਲੇ ਦੇ ਕੀਰਤਨ ਦੀਵਾਨਾਂ ਦੀ ਨਿਰੰਤਰਤਾ ਕਾਇਮ ਰੱਖ ਸਕੇ ਪਰ ਇਹ ਨਹੀਂ ਸੀ ਕਿ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਗੀਤ ਦੀ ਧਰੋਹਰ ਵਿਰਸੇ ਵਿਚ ਪ੍ਰਾਪਤ ਕੀਤੀ । ਵਿਰਸੇ ਵਿਚ ਮਿਲਿਆ ਦੋ ਵੇਲੇ ਗੁਰਬਾਣੀ ਸੁਣਨ ।

ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸੰਗੀਤ

ਸਤਿਗੁਰੂ ਪਰਤਾਪ ਸਿੰਘ ਜੀ ਅਲਪ ਬਾਲ ਕਾਲ ਵਿਚ ਹੀ, ਉਨ੍ਹਾਂ ਦੇ ਮਾਤਾ, ਪਰਮ ਸਤਿਕਾਰ ਯੋਗ ਮਾਤਾ ਜੀਉਣ ਕੌਰ ਜੀ ਅੰਮ੍ਰਿਤ ਵੇਲੇ ਦਾ ਇਸ਼ਨਾਨ ਅਤੇ ਕੁਛ ਬਾਣੀਆਂ ਕੰਠ ਕਰਵਾ, ਉਨ੍ਹਾਂ ਦਾ ਪਾਠ ਕਰਵਾਂਦੇ । ਪਿਤਾ ਸਤਿਗੁਰੂ ਹਰੀ ਸਿੰਘ ਜੀ 75 ਸਾਲ ਦੇ ਹੋਣਗੇ ਜਦੋਂ ਉਨ੍ਹਾਂ ਦੇ ਪਰਤਾਪੀ ਪੁੱਤਰ ਜੀ ਇਸ਼ਨਾਨ ਸਾਧ, ਇਹਨਾਂ ਦੇ ਪਿੱਛੇ ਆ ਬੈਠ, ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਅਤੇ ਸ਼ਾਮ ਨੂੰ ਦੀਵਾਨ ਵਿਚ ਸ਼ਬਦ ਕੀਰਤਨ ਦੀਆਂ ਚੌਕੀਆਂ ਦਾ ਆਨੰਦ ਮਾਣਦੇ ।

ਸਤਿਗੁਰੂ ਪਰਤਾਪ ਸਿੰਘ ਜੀ ਮੁੱਢ ਤੋਂ ਹੀ ਬੜੇ ਜ਼ਹੀਨ, ਪ੍ਰਬੁਧ ਅਤੇ ਵਧੀਆ ਯਾਦਦਾਸ਼ਤ ਦੇ ਧਨੀ ਸਨ । ਅਨ-ਹੋਣੀਆਂ ਕਰ ਗੁਜ਼ਰਨ ਵਾਲੀ ਸ਼ਕਤੀ ਉਨ੍ਹਾਂ ਨੂੰ ਆਪਣੇ ਤਾਇਆ-ਸਤਿਗੁਰੂ ਜੀ ਤੋਂ ਪ੍ਰਾਪਤ ਸੀ । ਸੁੰਦਰ ਸਰੂਪ, ਭਰਵਾਂ ਸਰੀਰ, ਦੂਰ ਤਕ ਟੋਹ ਲਾਉਣ ਵਾਲੇ ਨੇਤਰ ਅਤੇ ਅਸਮਾਨੀ ਉਚਾਈਆਂ ਤਕ ਰਸਾਈ ਰੱਖਦਾ ਪ੍ਰਖਰ ਮਸਤਕ । ਇਹ ਸਾਰੀ ਸਮੱਗਰੀ ਐਸੀ ਸੀ ਜੁ ਸੰਗੀਤ ਵਰਗੇ ਮਹਾ ਅੰਮ੍ਰਿਤ ਤੋਂ ਆਪ ਜੀ ਨੂੰ ਅਣ ਭਿੱਜ ਨਹੀਂ ਸੀ ਰਹਿਣ ਦੇ ਸਕਦੀ । ਜਿਉਂ ਜਿਉਂ ਆਯੂ ਦੇ ਵਰ੍ਹੇ ਉਪਰਲੇ ਅੰਕਾਂ ਵੱਲ ਵਧੇ ਸ੍ਰੀ ਸਤਿਗੁਰੂ ਜੀ ਦੀ ਸੰਗੀਤ ਪ੍ਰਤੀ ਲਗਨ ਵੀ ਪ੍ਰਗਾਢ ਹੁੰਦੀ ਚਲੀ ਗਈ ।

ਰਾਗੀਆਂ ਰਬਾਬੀਆਂ ਤੋਂ ਦੋ ਵਾਰ ਸੁਣਿਆਂ ਸ਼ਬਦ ਹੀ ਉਨ੍ਹਾਂ ਦੀ ਪਕੜ ਲਈ ਕਾਫ਼ੀ ਸੀ । ਸੋਲ੍ਹਵੇਂ ਸਾਲ ਵਿਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ ਅਤੇ ਨਾਲ ਹੀ ਮਿਲ ਗਈਆਂ ਸਮਾਜ-ਸੰਭਾਲ ਦੀਆਂ ਕਠਿਨ ਜ਼ਿੰਮੇਵਾਰੀਆਂ । ਅਜੇ ਸ੍ਰੀ ਭੈਣੀ ਸਾਹਿਬ ਵਿਚ ਵਿਦੇਸ਼ੀ ਸ਼ਾਸਕਾਂ—ਅੰਗਰੇਜ਼ਾਂ—ਵਲੋਂ

ਕਾਇਮ ਪੁਲਿਸ ਚੌਕੀ ਮੌਜੂਦ ਸੀ। ਰਾਜਨੀਤਕ ਤੌਰ ਤੇ ਭਾਰਤ ਦੇਸ਼ ਗ਼ੁਲਾਮ ਸੀ ਅਤੇ 1857 ਦੀ ਗਦਰ ਦੀ ਜਵਾਲਾ ਦੇ ਸੁਅਲਿਆਂ ਵਿਚੋਂ ਉਭਰੀ ਕੂਕਾ ਤਹਿਰੀਕ ਅਤੇ ਇਸਦੇ ਪ੍ਰਣੇਤਾ ਗੁਰੂ ਰਾਮ ਸਿੰਘ ਜੀ ਦੀ ਮੁੜ ਦੇਸ਼-ਵਾਪਸੀ ਦੀਆਂ ਉਮੀਦਾਂ ਵੀ ਨਾਮਧਾਰੀਆਂ ਵਿਚ ਲਹਿਰਦੀਆਂ ਸਨ।

ਸਤਿਗੁਰੂ ਪਰਤਾਪ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਸੁਆਮੀ ਸਨ। ਉਨ੍ਹਾਂ ਦੀ ਸ਼ਖ਼ਸੀਅਤ ਹੀ ਐਸੀ ਜ਼ੋਰਦਾਰ ਸੀ ਕਿ ਜਿਥੇ ਜਾ ਬਹਿੰਦੇ ਸਥਾਨ ਸ਼ੋਭਾਵਾਨ ਹੋ ਜਾਂਦਾ, ਜਿਥੋਂ ਉਠ ਆਉਂਦੇ ਭਰੀ ਸਭਾ ਖਾਲੀ-ਖਾਲੀ ਲਗਦੀ। ਚੰਗੀਆਂ ਖ਼ੁਰਾਕਾਂ, ਵਧੀਆ ਆਚਰਣ ਅਤੇ ਵਿਵਧ ਵਰਜ਼ਸ਼ਾਂ ਦੁਆਰਾ ਸਾਧਿਆ ਸਰੀਰ ਇਕ ਐਸੀ ਖ਼ੂਬਸੂਰਤੀ ਸੀ ਜਿਸ ਤੋਂ ਅੱਖਾਂ ਨਹੀਂ ਸਨ ਉਠਦੀਆਂ। ਪਰ ਉਹ ਗੁਣ ਗ੍ਰਾਹਕ ਅਤੇ ਗੁਣ ਨਿਧਾਨ ਵੀ ਸਨ, ਜਿਧਰ ਨੂੰ ਧਿਆਨ ਕੀਤਾ, ਉਹੋ ਗੁਣ ਆ ਪ੍ਰਗਟ ਹੋਇਆ। ਚੰਗੇ ਵਕਤਾ, ਵਧੀਆ ਵੈਦ, ਅਛੇ ਮਹੀਪਾਲ-ਗੋਪਾਲ, ਉਮਦਾ ਦੌੜਾਕ, ਸ਼ਾਹ ਸਵਾਰ, ਕੁਸ਼ਲ ਪ੍ਰਬੰਧਕ, ਮੁਮਤਾਜ਼ ਆਗੂ, ਪਰਮ ਭਗਤ, ਮਹਾ ਪ੍ਰੇਮੀ, ਸ਼ਾਹੀ ਸਰੋਤੇ, ਬਾਰੀਕ ਬੁਧ ਜਾਣਕਾਰ, ਠੇਠ ਕਿਸਾਨ, ਉਨ੍ਹਾਂ ਦੀਆਂ ਕਿੰਨੀਆਂ ਕੁ ਸਿਫਤਾਂ ਗਿਣੀਏ। ਗੱਲ ਕੀ ਉਨ੍ਹਾਂ ਦੀ ਜਗਿਆਸਾ ਉਨ੍ਹਾਂ ਨੂੰ ਕਿਸੇ ਵੀ ਖੇਤਰ ਦੇ ਸਿਖ਼ਰ ਤਕ ਲੈ ਜਾਂਦੀ। ਭਲਾ ਸੰਗੀਤ, ਜੁ ਉਹਨਾਂ ਦੇ ਰੂਹ ਦੀ ਖ਼ੁਰਾਕ ਸੀ, ਉਹਨਾਂ ਦੀ ਪਕੜੋਂ ਦੂਰ ਕਿਵੇਂ ਰਹਿ ਸਕਦਾ!

ਸਵੇਰੇ, ਅੰਮ੍ਰਿਤ ਵੇਲੇ ਤੋਂ ਢਾਈ ਤਿੰਨ ਘੰਟੇ ਦਾ ਆਸਾ ਦੀ ਵਾਰ ਦਾ ਕੀਰਤਨ, ਜਿਸ ਵਿਚ ਦੁਪਹਿਰ ਤਕ ਦੇ ਸਾਰੇ ਹੀ ਰਾਗ ਰਾਗੀਆਂ ਰਬਾਬੀਆਂ ਵਲੋਂ ਗੰਵੇਂ ਜਾਂਦੇ ਜਿਵੇਂ, ਆਸਾ, ਬਿਲਾਵਲ, ਭੈਰਉ, ਲਲਿਤ, ਭੈਰਵੀ, ਟੋਡੀ, ਜੋਗੀਆ ਅਤੇ ਇਨ੍ਹਾਂ ਦੇ ਪਰਕਾਰ—ਇਹ ਇਕ ਤਰ੍ਹਾਂ ਦਾ ਅਭਿਆਸ ਕਾਲ ਹੀ ਹੁੰਦਾ। ਸ਼ਾਮ ਦਾ ਦੀਵਾਨ ਜਿਹੜਾ ਸੂਰਜ ਅਸਤ ਤੋਂ ਦੋ ਘੰਟੇ ਪਹਿਲਾਂ ਤੋਂ ਜਾਰੀ ਹੁੰਦਾ ਦੋ ਘੰਟੇ ਤਕ ਰਹਿੰਦਾ ਹੀ ਰਹਿੰਦਾ, ਇਸ ਵਿਚ ਸ਼ਾਮ ਦੇ ਸਾਰੇ ਰਾਗ ਗੰਵੇਂ ਜਾ ਸਕਦੇ, ਜਿਵੇਂ ਸਾਰੰਗ, ਤਿਲੰਗ, ਮਲ੍ਹਾਰ, ਬਸੰਤ, ਕਲਿਆਣ, ਜੈਜਾਵੰਤੀ ਮਧੁਵੰਤੀ, ਸੋਰਠ, ਦੇਸ, ਸੂਹਣੀ, ਪਹਾੜੀ, ਭੀਮ ਪਲਾਸੀ, ਭੂਪਾਲੀ, ਬਿਹਾਗ ਅਤੇ ਇਨ੍ਹਾਂ ਦੇ ਪਰਕਾਰ।

ਸਾ ਰੇ ਗਾ ਮਾ ਪਾ ਧਾ ਨੀ ਸੋ

1928-29 ਈ. ਦੇ ਵਿਚਾਲੇ ਜਿਹੇ, ਮੈਂ ਪਹਿਲੀ ਵਾਰ ਸ੍ਰੀ ਭੈਣੀ ਸਾਹਿਬ, ਨਾਮਧਾਰੀ ਕੇਂਦਰ ਦੇ ਦਰਸ਼ਨ ਕੀਤੇ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਵਲੋਂ ਦੁਹਾਂ ਸਾਹਿਬਜ਼ਾਦਿਆਂ ਦੀ ਸੰਸਾਰ ਯਾਤਰਾ ਦੀ ਤਿਆਰੀ ਹਿਤ "ਨਾਮਧਾਰੀ ਮਹਾ ਵਿਦਿਆਲਾ" ਸਥਾਪਤ ਹੋ ਚੁਕਾ ਸੀ। ਸੰਗੀਤ ਨੂੰ ਤਦ ਤੋਂ ਹੀ ਪ੍ਰਮੁੱਖਤਾ ਹਾਸਲ ਸੀ। ਮੇਰੇ ਕੰਨੀਂ ਬੱਚਿਆਂ ਦੇ ਮਧੁਰ ਕੰਠਾਂ ਦੁਆਰਾ ਗਾਈਆਂ ਜਾਂਦੀਆਂ ਸਰਗਮਾਂ ਦੀ ਧੁਨੀ ਪਈ ਤਾਂ ਮੈਨੂੰ ਅਦਭੁਤ ਅਨੰਦ ਦੀ ਅਨੁਭੂਤੀ ਹੋਈ। ਸਾ ਸਾ, ਰੇ ਰੇ, ਗਾ ਗਾ, ਮਾ ਮਾ, ਭਾਵੇਂ ਮੈਨੂੰ ਇਹਨਾਂ ਬੋਲਾਂ ਦੇ ਅਰਥ ਨਹੀਂ ਸਨ ਆਉਂਦੇ ਪਰ

ਇਹਨਾਂ ਦੀ ਇਕਸੁਰਤਾ ਅਤੇ ਲੈਅ ਬੱਧਤਾ ਨੇ ਆਨੰਦ ਵਿਭੋਰ ਕਰ ਦਿੱਤਾ। ਸ਼ਾਸਤਰੀ ਸੰਗੀਤ ਨਾਲ ਮੇਰੀ ਇਹ ਪਹਿਲੀ ਪਛਾਣ ਸੀ। ਅਤੇ ਫਿਰ, ਛੇਤੀ ਹੀ ਮੈਨੂੰ ਵੀ ਉਸਤਾਦ ਹਰਨਾਮ ਸਿੰਘ ਜੀ ਚਵਿੰਡਾ ਵਾਲਿਆਂ ਦਾ ਸ਼ਾਗਿਰਦ ਬੈਠਣ ਦਾ ਮਾਣ ਹਾਸਲ ਹੋ ਗਿਆ।

ਅੱਜ ਵੀ ਮੈਂ ਆਪਣੀਆਂ ਅਨੇਕਾਂ ਚੰਗੀਆਂ ਆਦਤਾਂ ਵਿਚ ਆਪਣੇ ਪੂਜਿਆ ਉਸਤਾਦ ਦੀ ਕਿਰਪਾ ਦਾ ਅਨੁਭਵ ਕਰਦਾ ਹਾਂ। ਏਥੇ ਭਾਵੇਂ ਆਪਣੇ ਉਸਤਾਦ ਦੇ ਗੁਣਗਾਣ ਦਾ ਸਥਾਨ ਨਹੀਂ, ਤਾਂ ਵੀ, ਲੋਭ ਹੋ ਆਉਂਦਾ ਹੈ ਉਸ ਜੱਟ ਗਵੱਯੇ ਦੀਆਂ ਕੁਛ ਗੱਲਾਂ ਕਰਨ ਦਾ ਜਿਸ ਨੇ 19ਵੀਂ ਸਦੀ ਦੇ ਅੰਤਲੇ ਅਤੇ ਵੀਹਵੀਂ ਦੇ ਮੁਢਲੇ ਦਹਾਕਿਆਂ ਵਿਚ ਆਪਣੀ ਮਿੱਠੀ, ਰਸੀਲੀ ਅਤੇ ਜ਼ੋਰਦਾਰ ਆਵਾਜ਼ ਨਾਲ ਨਾਮਧਾਰੀ ਦੀਵਾਨਾਂ ਦੀ ਸ਼ੋਭਾ ਵਧਾਈ ਅਤੇ ਪਿੰਡਾਂ ਦੇ ਪਿੰਡ ਆਪਣੀ ਹੇਕ ਨਾਲ ਬੰਨ੍ਹ ਰੱਖੇ। ਬੜੇ ਸੁੱਚੇ ਜੀਵਨ ਵਾਲਾ ਇਹ ਵਿਅਕਤੀ ਜਦੋਂ ਸਾਡਾ ਰਾਗ-ਉਸਤਾਦ ਬਣਿਆ ਇਹ ਆਯੂ ਦੀ ਅੱਧੀ ਸਦੀ ਪਾਰ ਕਰ ਚੁਕਾ ਸੀ। ਇਹ ਫ਼ੌਜੀ ਤਰੀਕੇ ਦੀ ਨੇਮ ਬੱਧਤਾ ਅਤੇ ਸਫਾਈ ਪਸੰਦੀ ਦਾ ਸ਼ੌਕੀਨ ਸੀ ਕਿ ਇਸ ਵਿਚ ਕਦੇ ਉਕਾਈ-ਘੁਸਾਈ ਨਹੀਂ ਸੀ ਹੋ ਸਕਦੀ। ਇਸ ਨੇ ਜੀਵਨ ਸੂਤਰ ਵਜੋਂ ਤਿੰਨ ਗੁਰ ਸਿਖਾਏ :

1. ਕੋਸ਼ਸ਼ ਕਰੋ ਕਿ ਕਿਸੇ ਨਾਲ ਝਗੜਾ ਲੜਾਈ ਨਾ ਹੋਵੇ, ਵੱਧ ਤੋਂ ਵੱਧ ਟਾਲੋ, ਪਰ ਜੇ ਨਾ ਹੀ ਟਲਦੀ ਦਿੱਸੇ ਤਾਂ ਵਾਰ ਪਹਿਲਾਂ ਕਰੋ।
2. ਆਪਣੇ ਪਿੰਡੇ ਨੂੰ ਨਾ ਕਿਸੇ ਨੂੰ ਹੱਥ ਲਾਣ ਦਿਓ ਅਤੇ ਨਾ ਹੀ ਆਪ ਕਿਸੇ ਦੇ ਸਰੀਰ ਨੂੰ ਛੂਹੋ।
3. ਹਰ ਕਾਰਜ ਪੂਰੇ ਧਿਆਨ ਨਾਲ ਅਤੇ ਸੋਚ ਵਿਚਾਰ ਕੇ ਕਰੋ।

ਸਾਨੂੰ ਸੰਗੀਤ ਸਿਖਾਂਦੇ ਦਹਾਕੇ ਵਿਚ ਹੀ ਆਪ ਨੇ ਪਰਮ ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ—ਕੇਸਰ ਕਿੱਲੀ—ਦਾ ਜੀਵਨ ਚਰਿੱਤਰ ਵੀ, ਦਰਬਾਰ ਸਾਹਿਬ ਦੇ ਆਕਾਰ ਦਾ ਲਿਖਿਆ। (ਪਤਾ ਨਹੀਂ ਉਹ ਦੁਰਲਭ ਵਸਤੂ ਹੁਣ ਕਿਥੇ ਤੇ ਕਿਵੇਂ ਹੋਵੇ !) ਉਸਤਾਦ ਹਰਨਾਮ ਸਿੰਘ ਜੀ ਰਾਗੀ ਸੰਤ ਕੇਸਰ ਕਿੱਲੀ ਜੀ ਦੇ ਚਰਿੱਤਰ ਤੋਂ ਬੜੇ ਪ੍ਰਭਾਵਤ ਸਨ।

ਸਤਿਗੁਰੂ ਜੀ ਦਾ ਉਸਤਾਦ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਤਾਂ ਸੰਗੀਤ ਸਿੱਖਿਆ ਭਾਈ ਸਾਹਿਬ ਸੰਤ ਮਸਤਾਨ ਸਿੰਘ ਜੀ ਪਟਿਆਲੇ ਵਾਲਿਆਂ ਤੋਂ ਪ੍ਰਾਪਤ ਕੀਤੀ। ਇਹ ਉਹਨੀਂ ਦਿਨੀਂ ਮਹਾਰਾਜਾ ਪਟਿਆਲਾ ਦੇ ਨਿਜੀ ਸੰਗੀਤਕਾਰ ਸਨ। ਉਨ੍ਹਾਂ ਦਾ ਦਿਲਰੁਬਾ, ਜੁ ਤਾਊਸ (ਮੋਰ) ਦੀ ਸ਼ਕਲ ਦਾ ਹੁੰਦਾ, ਵਜਾਣਾ ਏਡਾ ਅੰਤਰ ਖਿੱਚਾਂ ਪਾਉਣ ਵਾਲਾ ਸੀ ਅਤੇ ਏਨਾ ਸੂਖਮ ਤੋਂ ਸੂਖਮ ਹੁੰਦਾ ਚਮਜਮੇ, ਮੁਰਕੀਆਂ, ਗਮਕਾਂ ਪੈਦਾ ਕਰਦਾ ਕਿ ਸਰੋਤੇ ਮੁੱਠੇ ਦੇ ਮੁੱਠੇ ਰਹਿ ਜਾਂਦੇ। ਇਕ ਵਾਰ ਤਾਂ ਸਤਿਗੁਰੂ ਜੀ ਆਪਣੇ ਉਸਤਾਦ

ਦੀ ਕਲਾਕਾਰੀ ਤੋਂ ਏਨੇ ਮੁਤਾਸਰ ਹੋਏ ਕਿ ਕਹਿ ਕੇ ਦਿਲਰੁਬਾ ਵਜਾਣਾ ਬੰਦ ਕਰਵਾਇਆ, ਹੋਰ ਸੁਣਨ ਅਤੇ ਸਹਿਨ ਕਰਨ ਦੀ ਸ਼ਕਤੀ ਨਹੀਂ ਸੀ ਰਹੀ।

ਸਤਿਗੁਰੂ ਜੀ ਨੇ ਜਦੋਂ ਕਿਤੇ ਚਾਰ ਦਿਨ ਭੈਣੀ ਸਾਹਿਬ ਵਿਖੇ ਨਵਿੱਥਿਆਂ ਹੋ ਕੇ ਬੈਠਣਾ ਹੁੰਦਾ ਭਾਈ ਸਾਹਿਬ ਨੂੰ ਪਟਿਆਲਿਓਂ ਬੁਲਵਾ ਲਿਆ ਜਾਂਦਾ। ਖ਼ਾਸ ਖ਼ਾਸ ਥਾਵਾਂ ਤੇ ਜਾ, ਖ਼ਾਸ ਖ਼ਾਸ ਗੁਣੀਆਂ ਨੂੰ ਅਤੇ ਉੱਚੇ ਮਜ਼ਾਕ ਵਾਲੇ ਪੁਰਸ਼ਾਂ ਨੂੰ ਭਾਈ ਮਸਤਾਨ ਸਿੰਘ ਜੀ ਦਾ ਦਿਲਰੁਬਾ ਸੁਣਵਾਇਆ ਜਾਂਦਾ। ਏਸੇ ਤਰ੍ਹਾਂ ਇਕ ਵਾਰ ਖ਼ਤ ਲਿਖ ਕੇ ਭਾਈ ਸਾਹਿਬ ਨੂੰ ਸ਼ਿਮਲੇ ਬੁਲਾਇਆ ਗਿਆ। ਸ਼ਿਮਲੇ ਪਹੁੰਚ ਉਸਤਾਦ ਜੀ ਦੱਸੇ ਹੋਏ ਟਿਕਾਣੇ ਦਾ ਪਤਾ ਭੁੱਲ ਗਏ ਤਾਂ ਦੈਵੀ ਸ਼ਾਗਿਰਦ ਸਤਿਗੁਰੂ ਜੀ ਨੇ ਅੱਗਲਵਾਂਢੀ ਹੋ ਉਨ੍ਹਾਂ ਦਾ ਮਾਰਗ ਪ੍ਰਸ਼ਸਤ ਕੀਤਾ। ਭਾਈ ਜੀ ਸਤਿਗੁਰੂ ਜੀ ਦੇ ਉਸਤਾਦ ਤਾਂ ਸਨ ਪਰ ਉਹ ਕਦੇ ਵੀ ਆਪਣੇ ਗੁਰਸਿੱਖੀ ਦੇ ਰਿਸ਼ਤੇ ਨੂੰ ਨਹੀਂ ਸਨ ਭੁਲਦੇ। ਅੱਜ ਤਾਂ 'ਭੂਲੇ ਕਉ ਗੁਰਿ ਮਾਰਗਿ ਪਾਇਆ।' ਅਮਲੀ ਤੌਰ ਤੇ ਵਾਪਰ ਗਿਆ ਸੀ। ਸਤਿਗੁਰੂ ਜੀ ਆਪਣੇ ਸਿੱਖ ਦੀਆਂ, ਉਸਤਾਦ ਦੀਆਂ, ਕਦੇ ਵੀ ਪੈਦਾ ਹੋਈਆਂ ਆਰਥਕ ਮੁਸ਼ਕਲਾਂ ਵਿਚ ਪੂਰੀ ਸੁਹਿਰਦਤਾ ਨਾਲ ਸਹਾਈ ਹੁੰਦੇ।

ਮਸਤਾਨ ਸਿੰਘ ਜੀ ਪਿੰਡ ਰਾਜਾ ਜ਼ਿਲਾ ਗੁਜਰਾਂਵਾਲਾ (ਹੁਣ ਪਾਕਿਸਤਾਨ) ਦੇ ਨਾਮਧਾਰੀ ਸਿੰਘਾਂ ਦੇ ਖ਼ਾਨਦਾਨ ਵਿਚੋਂ ਸਨ। ਤਾਊਸ ਵਜਾਣ ਦਾ ਰਿਆਜ਼ ਭਾਈ ਸਾਹਿਬ ਨੇ ਏਨੀ ਇਕਾਗਰਤਾ ਨਾਲ ਕੀਤਾ ਕਿ ਗੁਣ ਭੰਡਾਰ ਦੇਵੀ ਸਰਸਵਤੀ ਉਂਗਲਾਂ ਦੇ ਪੋਟਿਆਂ ਵਿਚ ਆ ਬੈਠੀ। ਕਿਹਾ ਜਾਂਦਾ ਹੈ ਤਾਰ ਦੀ ਇਹ ਮਿੱਠਤ, ਏਦੂੰ ਪਹਿਲਾਂ, ਇਹਨਾਂ ਦੇ ਉਸਤਾਦ ਭਾਈ ਗੱਜਾ ਸਿੰਘ ਜੀ ਦੇ ਦਿਲਰੁਬਾ ਵਿਚ ਸੀ, ਜਿਸ ਨੇ ਮਹਾਰਾਜਾ ਪਟਿਆਲਾ ਦੇ ਸ਼ੌਕ ਦੀ ਪੂਰਤੀ ਹਿਤ ਕਲਕੱਤੇ ਦੀ ਰੁੱਸੀ ਹੋਈ ਇਕ ਗਾਇਕਾ ਗੌਹਰਜਾਨ ਨੂੰ ਇਹ ਤੰਤੂ ਸਾਜ਼ ਵਜਾ ਕੇ ਮੋਹ ਲਿਆ ਸੀ। ਗੌਹਰਜਾਨ ਇਸ ਗੁਣੀ ਕਲਾਕਾਰ ਅੱਗੇ ਪਾਣੀ ਵਾਂਗ ਤਰਲ ਹੋਈ ਫਿਰਦੀ ਸੀ।

ਸੰਗੀਤ ਸਿਖਦੇ ਬੱਚਿਆਂ ਲਈ ਉਸਤਾਦ

ਆਪਣੇ ਬੱਚਿਆਂ ਨੂੰ ਇਸ ਦੈਵੀ ਅਤੇ ਸ਼ਾਹੀ ਵਿੱਦਿਆ ਦੀ ਪ੍ਰਾਪਤੀ ਕਰਵਾਣ ਹਿਤ ਪਹਿਲੇ ਉਸਤਾਦ ਭਾਈ ਹਰਨਾਮ ਸਿੰਘ ਜੀ ਚਵਿੰਡਾ ਨਿਸਚਿਤ ਕੀਤੇ। ਜਦੋਂ ਬੱਚਿਆਂ ਦੀ ਜ਼ਿਹਨੀ ਮਿੱਟੀ ਹੋਰ ਬਾਰੀਕੀਆਂ ਲਈ ਤਿਆਰ ਹੋ ਗਈ ਤਾਂ ਤਲਵੰਡੀ ਘਰਾਣੇ ਦੇ ਕਲਾਵੰਤ ਗਾਇਕ ਉਸਤਾਦ ਉਧੋ ਖਾਂ ਸਾਹਿਬ ਅਤੇ ਇਨ੍ਹਾਂ ਦੇ ਸਪੁੱਤਰ ਉਸਤਾਦ ਰਹੀਮ ਬਖ਼ਸ਼ ਪਿੰਡ ਰਾਮਪੁਰ (ਕਟਾਣੀ) ਇਸ ਸੰਗੀਤ ਸਕੂਲ ਵਿਚ ਸਿੱਖਿਆ ਲਈ ਨਿਸਚਿਤ ਕਰ ਦਿੱਤੇ ਗਏ। ਸਾਹਿਬਜ਼ਾਦਿਆਂ-ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਦੇ 16-18 ਦੇ ਕਰੀਬ ਸਹਿਭਾਗੀਆਂ ਨੂੰ ਇਹ ਦੁਰਲਭ ਅਤੇ ਅਮੋਲ ਸਿੱਖਿਆ ਬਿਨਾ ਕਿਸੇ ਖਰਚ ਖੇਚਲ ਤੋਂ ਮਿਲ ਰਹੀ ਸੀ।

ਸਤਿਗੁਰੂ ਜੀ ਨੇ ਸੰਗੀਤ ਦੀ ਸ਼ਾਸਤ੍ਰੀਅਤਾ ਅਤੇ ਕੀਰਤਨਕਾਰੀ ਦੀਆਂ ਸਨਾਤਨ ਰੀਤਾਂ ਨੂੰ ਵੱਖ ਵੱਖ ਵੀ ਰਖਿਆ ਅਤੇ ਇਕ ਦੂਜੀ ਵਿਚ ਸੰਜੋਇਆ ਵੀ। ਪੰਜਵੇਂ ਸਤਿਗੁਰੂ ਜੀ ਦੇ ਸਮੇਂ ਤੋਂ ਹੀ ਸੀਨੇ-ਬ-ਸੀਨੇ ਚਲੀਆਂ ਆਉਂਦੀਆਂ ਸ਼ਬਦ ਰੀਤਾਂ ਨੂੰ ਸੰਭਾਲਿਆ ਅਤੇ ਰਾਗਾਂ ਦੇ ਸ਼ੁਧ ਸਰੂਪਾਂ ਵਿਚ ਸਥਾਪਤ ਧਰੂਵਪਦਾਂ ਨੂੰ ਵੀ ਗੁਰਬਾਣੀ ਸ਼ਬਦਾਂ ਦੇ ਬਸਤਰ ਦੇ ਕੇ ਸੰਜੋਇਆ। ਇਹ ਕਾਰਜ ਭਾਈ ਹਰਨਾਮ ਸਿੰਘ ਜੀ ਖ਼ੂਬ ਕਰਦੇ। ਸਨਾਤਨੀ ਕੀਰਤਨ ਦੀਆਂ ਬੰਦਸ਼ਾਂ ਨੂੰ ਆਪਣੇ ਖਜ਼ਾਨੇ ਦੀ ਭਰਪੂਰਤਾ ਹਿਤ, ਭਾਈ ਤਾਬਾ ਅੰਮ੍ਰਿਤਸਰੀ ਦੀਆਂ ਸੇਵਾਵਾਂ ਹਾਸਲ ਕੀਤੀਆਂ। ਹੋਰ ਤਾਂ ਹੋਰ, ਪੰਜਾਬੀ ਅੰਗ ਦੇ ਤਬਲੇ ਦੇ ਬੋਲਾਂ ਦੀ ਸੁਰੱਖਿਆ ਲਈ ਆਪਣੇ ਛੋਟੇ ਸਪੁੱਤਰ ਮਹਾਰਾਜ ਬੀਰ ਸਿੰਘ ਜੀ ਨੂੰ ਭਾਈ ਸਾਹਿਬ ਨਸੀਰ ਅੰਮ੍ਰਿਤਸਰੀ ਦੇ ਸ਼ਾਗਿਰਦ ਵੀ ਬੈਠਾਇਆ।

ਭਾਈ ਤਾਬਾ ਅਤੇ ਭਾਈ ਨਸੀਰ, 1947 ਦੀ ਦੇਸ਼ ਵੰਡ ਤੋਂ ਪਹਿਲਾਂ, ਹਰ ਮਹੀਨੇ, ਕੁਛ ਦਿਨਾਂ ਲਈ ਅੰਮ੍ਰਿਤਸਰੋਂ ਭੈਣੀ ਸਾਹਿਬ ਆਉਂਦੇ ਅਤੇ ਸ਼ਾਹੀ ਸ਼ਾਗਿਰਦਾਂ ਨੂੰ ਪੂਰੇ ਦਿਲ ਨਾਲ ਸਿਖਾਉਂਦੇ। ਉਹਨਾਂ ਨੂੰ ਮਾਲੂਮ ਸੀ ਕਿ ਇਹ ਅਮੁਲ ਨਿੱਧੀ ਗੁਰੂ ਘਰ ਵਿਚ ਹੀ ਸੰਭਾਲੀ ਰਹਿ ਸਕਦੀ ਹੈ।

ਸ੍ਰੀ ਸਤਿਗੁਰੂ ਜੀ ਜਦੋਂ ਵੀ ਦੇਸ਼ ਰਟਨ ਤੋਂ ਵਿਹਲੇ ਹੋ ਘਰ ਪਰਤਦੇ ਸੰਗੀਤ ਸਿਖਦੇ ਬੱਚਿਆਂ ਦੇ ਗਰੁਪਾਂ ਨੂੰ ਪੂਰਾ ਸਮਾਂ ਅਤੇ ਧਿਆਨ ਦੇ ਕੇ ਸੁਣਦੇ ਅਤੇ ਪਿਛਲੇ ਸਮੇਂ ਵਿਚ ਸਿੱਖੀਆਂ ਬੰਦਸ਼ਾਂ ਤੋਂ ਆਪ ਜਾਇਜ਼ਾ ਲੈਂਦੇ।

ਸੰਗੀਤ ਦੁਆਰਾ ਸਵੈ ਤੋਂ ਪਰ ਤਕ ਦੀ ਯਾਤਰਾ

ਸਤਿਗੁਰੂ ਪਰਤਾਪ ਸਿੰਘ ਜੀ ਜਿਸ ਗੱਦੀ ਤੇ ਵਿਰਾਜਮਾਨ ਸਨ ਉਹਦਾ ਪ੍ਰਮੁੱਖ ਮਨੋਰਥ ਸੀ ਵਿਅਕਤੀ ਦਾ ਵਿਸ਼ਵਾਤਮਾ ਨਾਲ ਏਕਾਕਾਰ ਕਰਵਾਣਾ ਅਤੇ ਸੰਗੀਤ ਹੀ ਉਹ ਮਾਧਿਅਮ ਹੈ ਜਿਹੜਾ ਰੱਬੀ ਦਰਬਾਰ ਤਕ ਸਹਿਜ ਸੁਖਾਲੀ ਪਹੁੰਚ ਰੱਖਦਾ ਹੈ। ਗੁਰੂ ਘਰ ਦਰਵੇਸ਼ੀ ਦਾ ਕੇਂਦਰ ਹੈ—ਕੇਵਲ ਦਰਵੇਸ਼ੀ ਹੀ ਨਹੀਂ ਸ਼ਹਿਨ-ਸ਼ਾਹੀਅਤ ਦਾ ਵੀ ਏਥੇ ਝਲਕਾਰਾ ਮਿਲਦਾ ਹੈ। ਸੰਗੀਤ ਇਹਨਾਂ ਦੋਹਾਂ ਮੁਤਜ਼ਾਦ ਸ਼ੋਅਬਿਆਂ ਵਿਚ ਰਸਾਈ ਰੱਖਦਾ ਹੈ। ਕਲਾ ਕਦੋਂ ਪਰਗਟ ਹੁੰਦੀ ਹੈ ? ਜਦੋਂ ਮਨੁੱਖ ਸੰਸਾਰ ਨਾਲੋਂ ਟੁਟ ਕੇ ਆਪਣੇ ਆਪ ਦੀ ਪਛਾਣ ਲਈ ਤੜਫੇ। ਕਲਾ ਦੀ ਯਾਤਰਾ ਸਵਇਨਾਮ ਤੋਂ ਤੁਰ ਕੇ ਸਮੂਹ ਤਕ ਜਾਂਦੀ ਹੈ ਅਤੇ ਇਸ ਤੋਂ ਅੱਗੇ ਜਿਵੇਂ ਧਰਤੀ ਦੀ ਪਰਿਧੀ ਖ਼ਤਮ ਹੋ ਜਾਂਦੀ ਹੈ। ਫਿਰ ਕਲਾ ਯਾਤਰੀ ਨਿਰੰਕਾਰ ਨਿਰਾਕਾਰ ਵੱਲ ਵਧਦਾ ਹੈ! ਫ਼ੱਕਰ ਲੋਕ ਸੰਗੀਤ ਦੁਆਰਾ ਅਕਾਲ ਪੁਰਖ ਦੇ ਚਰਨਾਂ ਵਿਚ ਇਕਾਗਰ ਹੁੰਦੇ ਹਨ ਜਦੋਂ ਕਿ ਰਾਜੇ-ਮਹਾਰਾਜੇ, ਸ਼ਾਹ-ਬਾਦਸ਼ਾਹ ਸੰਗੀਤ ਦੇ ਸੂਹਜ ਸੁਆਦ ਤੋਂ ਮੁਤਾਸਰ ਹੋ ਕੇ ਸੰਸਾਰ ਖੱਚਤ ਰੂਹ ਨੂੰ ਕੁਛ ਸਕੂਨ ਦੇ ਪਾਂਦੇ ਹਨ। ਕਲਾ ਅਰਾਧਨਾ ਅਤੇ ਕਲਾ ਸਿਰਜਨ ਵੀ ਓਦੋਂ ਹੀ ਹੋ ਪਾਂਦਾ ਹੈ ਜਦੋਂ ਵਿਅਕਤੀ ਅੰਦਰਲੇ ਹੁਸਨ ਨੂੰ

ਪ੍ਰਗਟਾਣ ਲਈ ਬਾਹਰਮੁਖੀ ਜਤਨ ਕਰਦਾ ਹੈ। ਕਲਾ ਪਾਰਖੀ ਵੀ ਉਹੀ ਬਣ ਸਕਦੇ ਹਨ ਅੰਦਰਲੀ ਪਛਾਣ ਰੱਖਦੇ ਹੋਣ।

ਤ੍ਰਿਪਤੀ ਲਈ ਸੰਗੀਤ ਵਿਧਾ

ਸਤਿਗੁਰੂ ਪਰਤਾਪ ਸਿੰਘ ਜੀ ਦਰਵੇਸ਼ਾਨਾ ਤੌਰ ਤੇ ਸੰਗੀਤ ਨਾਲ ਜੁੜੇ ਹੋਏ ਸਨ। ਉਨ੍ਹਾਂ ਦੇ ਮਨ ਦੀ ਪਿਆਸ ਦੀ ਤ੍ਰਿਪਤੀ ਲਈ ਸੰਗੀਤ ਦੀ ਧਰੁਵਪਦ ਅਤੇ ਧਮਾਰ ਦੀ ਵਿਧੀ ਹੀ ਪਰਵਾਨਤ ਸੀ। ਧਰੁਵਪਦ ਮੰਦ ਵਿਲੰਬਤ ਲੈਅ ਵਿਚ ਗਾਉਣ ਦੀ ਸ਼ੈਲੀ ਦਾ ਨਾਮ ਹੈ। ਚਹੁੰ ਤੁਕਾਂ ਦਾ ਕੋਈ ਪਦਾ, ਸ਼ਬਦ ਜਾਂ ਰਚਨਾ ਸਥਾਈ, ਅੰਤਰਾ, ਸੰਚਾਰੀ, ਆਭੋਗ ਦੁਆਰਾ ਪਰਵਾਨ ਚੜ੍ਹਦਾ ਹੈ। ਪਰ ਕਿਤੇ ਕਿਤੇ ਸਥਾਈ ਅਤੇ ਅੰਤਰੇ ਨਾਲ ਵੀ ਬੁੱਤਾ ਸਾਰ ਲਿਆ ਜਾਂਦਾ ਹੈ। ਚੇਤੇ ਰਹੇ ਰਾਗ ਦੇ ਸੁਰਾਂ ਦੇ ਸੁਧ ਸਰੂਪ ਨੂੰ ਹੀ ਏਥੇ ਮਾਸਟਰੀ ਦਾ ਦਰਜਾ ਦਿੱਤਾ ਜਾਂਦਾ ਹੈ। ਸਤਿਗੁਰੂ ਜੀ ਭਗਤੀ ਮੁੱਖ ਵਿਅਕਤੀ ਹੋਣ ਕਾਰਨ ਸੁਰਾਂ ਦੀ ਸ਼ੁਧਤਾ, ਮਧੁਰਤਾ ਅਤੇ ਸ਼ਬਦ ਸਪੱਸ਼ਟਤਾ ਤਾਂ ਮੰਗਦੇ ਹੀ ਸਨ ਪਰ ਇਸ ਵਿਚ ਤੇਜ਼ੀ, ਤਾਨਬਾਜ਼ੀ ਜਾਂ ਮੁਰਕੀਆਂ ਆਦਿ ਰਾਗ ਅੰਗਾਂ ਨੂੰ ਤਰਜੀਹ ਨਹੀਂ ਸਨ ਦਿੰਦੇ।

ਸਾਡੇ ਸੰਗੀਤ ਸਿੱਖਿਆ ਦੇ ਦਿਨਾਂ ਵਿਚ ਹੀ ਸਤਿਗੁਰੂ ਜੀ ਨੇ ਆਪਣੇ ਇਕ ਪਿਆਰੇ ਮਿਸਤਰੀ ਨੂੰ ਐਸਾ ਸੁਝਾਉ ਦਿੱਤਾ ਜਿਸ ਨਾਲ ਲੈਅ ਅੱਧੀ ਮਾਤਰਾ ਤਕ ਵੀ ਏਧਰ ਓਧਰ ਨਾ ਹੋ ਸਕੇ। ਯੰਤਰ ਬਣ ਕੇ ਆ ਗਿਆ। ਇਹ ਗ੍ਰਾਮੋਫੋਨ ਮਸ਼ੀਨ ਦੁਆਰਾ ਸਿਰਜਿਆ ਯੰਤਰ ਸੀ ਜਿਸ ਦੇ ਉੱਤੇ ਖੜ੍ਹੇ ਰੁਖ ਰਿਕਾਰਡ ਵਾਂਗੂੰ ਤਾਲ ਦੀ ਪਲੇਟ ਲਗਾ ਦਿੱਤੀ ਜਾਂਦੀ ਸੀ। ਇਸ ਵਿਚ 7, 10, 12, 14, 16 ਆਦਿ ਮਾਤਰਾਂ ਦੇ ਤਾਲੀ ਨਿਸ਼ਾਨ ਲੱਗੇ ਅੰਕ ਮੌਜੂਦ ਸਨ। ਮਸ਼ੀਨ ਦੀ 'ਟੰਨ', ਤਿੰਨ ਤਾਲ ਵਾਸਤੇ, ਇਕ ਮਾਤਰ ਤੇ ਸਮ ਦੀ, ਪੰਜਵੀਂ ਤੇ ਦੂਜੀ ਤਾਲੀ ਦੀ, ਨੌਵੀਂ ਮਾਤਰ ਤੇ ਖਾਲੀ ਦੀ 'ਟੱਕ' ਅਤੇ ਫੇਰ ਤੇਰ੍ਹਵੀਂ ਮਾਤਰ ਤੇ 'ਟੰਨ' ਖੜਕ ਸਮ ਦਾ ਨਿਰਦੇਸ਼ ਦੇ ਜਾਂਦੀ। ਇਹ ਐਸਾ ਅ-ਪ੍ਰਭਾਵਤ ਯੰਤਰ ਸੀ ਜਿਹੜਾ ਸਾਡੇ ਕਿਸੇ ਪਰਕਾਰ ਦੇ ਸੁਆਦ ਬੇਸੁਆਦੀ ਤੋਂ ਬੇਨਿਆਜ਼ ਸੀ। ਇਸ ਵਿਚ ਇਕ ਸੈਕਿੰਡ ਦਾ ਵੀ ਫ਼ਰਕ ਨਹੀਂ ਸੀ ਪੈਂਦਾ, ਇਸਨੇ ਆਪਣੀ ਬੱਧੀ ਲੈਅ ਤੇ ਹੀ ਤਾਲੀ ਲਗਾਣੀ ਸੀ।

ਅਸੀਂ ਸੰਗੀਤ ਵਿਦਿਆਰਥੀ ਤਾਂ ਕੁਛ ਚਿਰ ਦੇ ਲੈਅ ਅਭਿਆਸ ਦੁਆਰਾ ਇਸ ਨਾਲ ਸਹੀ ਤਰ੍ਹਾਂ ਪੂਰੇ ਉਤਰਣ ਲੱਗ ਪਏ ਪਰ ਕਦੇ ਕਦੇ ਵੱਡੇ ਕਲਾਕਾਰਾਂ ਦਾ ਸਹਿਜੇ ਹੀ ਨਿਰਾਦਰ ਹੋ ਜਾਣਾ। ਸਤਿਗੁਰਾਂ ਰੋਕਣਾ ਕਿ ਮਸ਼ੀਨ ਨੇ ਨਾ ਤੁਹਾਡੇ ਪਿੱਛੇ ਤੁਰਨਾ ਹੈ ਨਾ ਲਿਹਾਜ਼ ਕਰਨਾ ਹੈ ਪਰੰਤੂ ਉਸਤਾਦਾਂ ਨੂੰ ਆਪਣੀ ਲੈਅਕਾਰੀ ਉਤੇ ਮਾਣ ਹੋਣਾ। ਸਾਨੂੰ ਬੱਚਿਆਂ ਨੂੰ ਕੱਛਾਂ ਅਤੇ ਕਨੱਖੀਆਂ ਬਾਣੀ ਹਾਸੀ ਦਾ ਅਵਸਰ ਮਿਲ ਜਾਣਾ।

ਸਵਾਲ, ਜਿਦ੍ਹਾ ਜਵਾਬ ਨਹੀਂ

ਸੱਚੇ ਪਾਤਸ਼ਾਹ ਜੀ ਦੀ ਸੰਗੀਤ ਪ੍ਰਤੀ ਜਗਿਆਸਾ ਦੀ ਇਹ ਪਰਾਕਾਸਠਾ ਸੀ ਕਿ

ਜਿਸਨੂੰ ਵੀ ਸ਼ਾਸਤਰੀ ਸੰਗੀਤ ਦਾ ਗਿਆਨ ਹੁੰਦਾ, ਉਸੇ ਪਾਸ ਇਕ ਪ੍ਰਸ਼ਨ ਖੜਾ ਕਰ ਦੇਣਾ ਅਤੇ ਸਾਡੇ ਇਸ ਲੇਖ ਦੇ ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਉਸਦਾ ਉੱਤਰ ਸਾਧਾਰਨ ਕਲਾਕਾਰ ਨੇ ਤਾਂ ਕੀ ਦੇਣਾ ਸੀ, ਉਸ ਸਮੇਂ ਦੇ ਸਰੋਵਤਮ ਕਲਾਕਾਰ ਵੀ ਨਹੀਂ ਦੇ ਸਕੇ । ਅਜੇ ਵੀ ਇਹ ਪ੍ਰਸ਼ਨ ਅਨ-ਉੱਤਰਿਤ ਹੈ ਜਦੋਂ ਕਿ ਸੰਗੀਤ ਦੀਆਂ ਅਨੇਕਾਂ ਚੋਟੀਆਂ ਤੇ ਗੰਭੀਰ ਪ੍ਰਕਿਰਤੀ ਦੇ ਵਿਦਵਾਨ ਖਲੋਤੇ ਹੋਏ ਹਨ । ਸਵਾਲ ਬੜਾ ਸਿੱਧਾ ਅਤੇ ਹਰੇਕ ਦੇ ਸਮਝ ਆਉਣ ਵਾਲਾ ਹੈ । ਸਵਾਲ ਹੈ : ਜਿਵੇਂ ਅਸੀਂ ਕਿਸੇ ਵੀ ਤੁਰੇ ਜਾਂਦੇ ਮਾਨਵ ਸਰੂਪ ਨੂੰ ਇਸਤਰੀ ਪੁਰਸ਼ ਵਿਚ ਨਿਖੇੜਾ ਕਰ ਸਕਦੇ ਹਾਂ । ਸਾਨੂੰ ਕਿਸੇ ਦੇ ਧਰਮ, ਜਾਤੀ, ਦੇਸ਼, ਪ੍ਰਦੇਸ਼ ਦਾ ਨਾ ਪਤਾ ਹੁੰਦਿਆਂ ਵੀ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਨਾਰੀ ਹੈ ਜਾਂ ਨਰ ਹੈ ਤਿਵੇਂ ਹੀ ਸੰਗੀਤ ਵਿਚ ਕੋਈ ਸੁਰ ਤਾਂ ਐਸਾ ਹੋਵੇਗਾ ਹੀ, ਜੇ ਸੁਰ ਨਹੀਂ ਤਾਂ ਕੋਈ ਹੋਰ ਸਪੱਸ਼ਟ ਲੱਛਣ ਹੋਵੇਗਾ ਜਿਸ ਤੋਂ ਅਸੀਂ ਗਾਈ ਜਾ ਰਹੀ ਬੰਦਸ਼ ਅਥਵਾ ਰਾਗ ਤੋਂ ਇਹ ਸਮਝ ਸਕੀਏ ਕਿ ਇਹ ਰਾਗ ਹੈ ਜਾਂ ਰਾਗਣੀ ।

ਸ਼ਾਸਤਰੀ ਸੰਗੀਤ ਵਿਚ ਕੁਛ ਗਾਉਣ ਵਾਲੇ ਰਾਗਾਂ ਅਤੇ ਕੁਛ ਨੂੰ ਰਾਗਣੀਆਂ ਦੇ ਨਾਮ ਦਿੱਤੇ ਗਏ ਹਨ ।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ 'ਰਾਗ' ਨਾਮ ਹੇਠ ਇਹ ਵਿਆਖਿਆ ਦਿੱਤੀ ਗਈ ਹੈ : 11. ਸੰਗੀਤ ਵਿਦਿਆ ਅਨੁਸਾਰ ਸੁਰ ਪ੍ਰਬੰਧ, ਜਿਸਦੇ ਸੁਣਨ ਤੋਂ ਮਨ ਵਿਚ ਰਾਗ (ਪ੍ਰੇਮ) ਉਪਜੇ । ਰਾਗ ਦਾ ਮੂਲ ਸ਼ੜਜ, ਰਿਸ਼ਭ, ਗਾਂਧਾਰ, ਮੱਧਿਅਮ, ਪੰਚਮ, ਧੈਵਤ ਅਤੇ ਨਿਸ਼ਾਦ ਇਹ ਸੱਤ ਸੁਰ ਹਨ ।

'ਰਾਗਿਣੀ' ਦੀ ਵਿਆਖਿਆ ਇੰਜ ਕੀਤੀ ਹੈ : ਸੰਗਿਆ-ਰਾਗ ਦੀ ਇਸਤ੍ਰੀ । ਇਸਤ੍ਰੀ ਲਿੰਗ ਵਾਚਕ ਰਾਗ । ਸੰਗੀਤ ਵਿੱਦਿਆ ਵਾਲਿਆਂ ਨੇ ਸੁਰਾਂ ਦੇ ਮੇਲ ਅਨੁਸਾਰ ਕਲਪਨਾ ਕਰਕੇ ਰਾਗਾਂ ਦੀਆਂ ਇਸਤ੍ਰੀਆਂ ਅਤੇ ਪੁੱਤਰ ਥਾਪ ਲਏ ਹਨ ।

ਬਨਾਰਸ ਦੇ ਗਿਆਨ ਮੰਡਲ ਲਿਮਿਟਿਡ ਦੁਆਰਾ ਰੱਚਿਤ 'ਬ੍ਰਿਹਤ ਹਿੰਦੀ ਕੋਸ਼' ਵਿਚ 'ਰਾਗ' ਸ਼ਬਦ ਦੇ ਹੋਰ ਅਰਥ ਕਰਦਿਆਂ ਇਹ ਲਿਖਿਆ ਹੈ, "ਵਿਸ਼ਸ਼ਟ ਤਾਲ-ਲੈਅ-ਯੁਕਤ ਧਵਨੀ (ਧੁਨੀ) । (ਸੁਰ ਭੇਦ ਨਾਲ ਰਾਗ ਦੇ ਤਿੰਨ ਪਰਕਾਰ ਹੁੰਦੇ ਹਨ, ਸੰਪੂਰਣ-ਸੱਤਾਂ ਸੁਰਾਂ ਵਾਲਾ । ਖਾੜਵ-ਛੇ ਸੁਰਾਂ ਵਾਲਾ ਅਤੇ ਔੜਵ-ਪੰਜ ਸੁਰਾਂ ਵਾਲਾ) 'ਰਾਗਿਨੀ' ਸ਼ਬਦ ਇੰਜ ਪੇਸ਼ ਕੀਤਾ ਹੈ : ਇਸਤ੍ਰੀ (ਸੰ:) ਰਾਗ ਕੀ ਪਤਨੀ (ਕੁਲ ਛੱਤੀਸ ਰਾਗਿਨੀਆਂ ਮੰਨੀਆਂ ਜਾਂਦੀਆਂ ਹਨ—ਸੰਗੀਤ) ।

ਇਹ ਸਵਾਲੀਆ ਚਿੰਨ੍ਹ ਸਾਰੇ ਸੰਗੀਤ ਵਿਦਵਾਨਾਂ ਨੂੰ ਸਨੱਮਰ ਸੋਚ-ਬੁਲਾਵਾ ਹੈ ।

ਮਸਤਾਂ ਭਰੇ ਦੀਵਾਨ

ਮੈਨੂੰ ਯਾਦ ਆਏ ਹਨ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮਿਆਂ ਦੇ ਤੇ ਸਾਡੀ ਕਿਸ਼ੋਰ ਅਵਸਥਾ ਵੇਲੇ ਦੇ ਦੀਵਾਨ । ਜਦੋਂ ਕਿਤੇ ਭੈਣੀ ਸਾਹਿਬ ਵਿਖੇ ਹੋਲੇ ਜਾਂ ਵਿਸ਼ੇਸ਼ ਮੇਲਿਆਂ ਦੇ ਦੀਵਾਨ ਸਜਣੇ ਹੁੰਦੇ ਤਾਂ ਨਿਸਚਿਤ ਸਥਾਨ ਤੇ 40-50 ਫੁੱਟ ਡਾਇਆ

ਮੀਟਰ ਦਾ ਘੇਰਾ ਨਿਸ਼ਾਨਿਆਂ ਜਾਂਦਾ। ਸ. ਦਇਆ ਸਿੰਘ ਕੱਕੜ, ਲਾਹੌਰ ਵਾਲੇ ਇਹ ਲੀਕ ਕੇਂਦਰ ਵਿਚ ਕਿੱਲੀ ਗੱਡ ਉਸ ਨਾਲ ਰੱਸੀ ਬੰਨ੍ਹ ਦੋ ਚੱਕਰ ਬਣਾਂਦੇ। ਪਹਿਲਾ ਅੰਦਰ ਵਾਰ ਦੂਜਾ ਬਾਹਰ, ਵਿਚਕਾਰ ਫਾਸਲਾ 3 ਤੋਂ 4 ਫੁੱਟ ਦਾ। ਇਹਨਾਂ ਲੀਕਾਂ ਵਿਚ ਖੜੇ ਰੁਖ ਟੇਢੀਆਂ ਕਰਕੇ ਇੱਟਾਂ ਗੱਡੀਆਂ ਜਾਂਦੀਆਂ ਜਿਸ ਵਿਚ ਲਾਂਘੇ ਲਈ ਰਾਹ ਹੁੰਦੇ। ਪੂਰਬ ਮੁੱਖੀ ਸਤਿਗੁਰੂ ਜੀ ਦਾ ਆਸਣ ਹੁੰਦਾ, ਸਤਿਗੁਰੂ ਮੁੱਖੀ ਰਾਗੀ ਜਨ ਬੈਠਦੇ। ਸੱਜੇ ਹੱਥ ਬੀਬੀਆਂ ਬੈਠਦੀਆਂ ਖੱਬੇ ਪਾਸੇ ਪੁਰਸ਼। ਨਾਮਧਾਰੀਆਂ ਅੰਦਰ ਉਹਨੀਂ ਦਿਨੀਂ ਵਧੇਰੇ ਭਜਨ ਬੰਦਗੀ ਕਾਰਨ ਮਸਤੀ ਦੀਆਂ ਲਹਿਰਾਂ ਉਠਦੀਆਂ ਰਹਿੰਦੀਆਂ ਸਨ। ਹੋਲੇ ਜਾਂ ਮੇਲਿਆਂ ਦੇ ਦੀਵਾਨਾਂ ਵਿਚ, ਵਿਚਲੇ ਚੱਕਰ ਦੇ ਅੰਦਰ, ਰਾਗੀਆਂ ਦੀ ਸ਼ਬਦਾਂ ਦੀ ਹੇਕ ਨਾਲ 20-30 ਮਸਤਾਨੇ ਤਾਂ ਸੁਧ ਬੁਧ ਖੋਈ "ਨਾਚੁ ਰੇ ਮਨ ਗੁਰ ਕੈ ਆਗੈ। ਗੁਰ ਕੇ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ।" (ਗੂਜਰੀ ਮਹਲਾ 3) ਦੀਆਂ ਤੁਕਾਂ ਨੂੰ ਰੂਪਮਾਨ ਕਰਦੇ। ਭਾਈ ਕਾਲੂ, ਸੰਤ ਨਿਧਾਨ ਸਿੰਘ ਜੀ ਆਲਿਮ ਦੇ ਦੀਵਾਨਾਂ ਵਿਚ ਕੌਣ ਸੀ ਜੁ ਮਸਤੀ ਦੇ ਘੁੱਟ ਨਹੀਂ ਸੀ ਪੀਂਦਾ। ਇਕ ਵਾਰ ਕਿਸੇ ਮਸਤਾਨੇ ਦੀ ਕੂਕ "ਵਾਹਵਾ !" ਸਾਰੇ ਸਰੋਤਿਆਂ ਦੇ ਹਿਰਦਿਆਂ ਵਿਚ ਇਕ ਲਹਿਰ ਛੇੜ ਜਾਂਦੀ ਸੀ।

ਮਸਤੀ ਦਾ ਜ਼ਿਕਰ ਛਿੜਿਆਂ ਇਕ ਘਟਨਾ ਹੋਰ ਯਾਦ ਆ ਗਈ ਹੈ। ਕਿਸੇ ਮੰਦਰ ਵਿਚ ਕ੍ਰਿਸ਼ਣ ਜਨਮ ਅਸ਼ਟਮੀ ਸਮੇਂ ਪਰਮ ਵਿਦਵਾਨ ਸੰਤ ਨਿਧਾਨ ਸਿੰਘ ਜੀ ਆਲਿਮ ਦਾ ਕੀਰਤਨ ਸੀ। ਉਹ ਆਪ ਤਾਂ ਮਸਤੀ ਦੇ ਰੰਗ ਵਿਚ ਸਰਾਬੋਰ ਸਨ ਹੀ, ਢਾਈ ਹਜ਼ਾਰ ਦੇ ਕਰੀਬ ਸ਼ਰੋਤਿਆਂ ਨੂੰ ਵੀ ਮਸਤ ਬਣਾ, ਨੱਚਣ ਲਾ ਦਿੱਤਾ। ਇਸ ਵਿਚ ਸੁਰ ਹੋਏ ਸੰਗੀਤ ਦਾ ਵੀ ਸੁਆਦ ਸੀ ਅਤੇ ਸਤਿਗੁਰਾਂ ਦੀ ਮਹਾਨ ਕਿਰਪਾ ਵੀ ਸੀ ਜਿਸ ਕਾਰਨ ਨਾਮਧਾਰੀਆਂ ਨੂੰ ਭਗਤੀ ਅਤੇ ਮਸਤੀ ਦੇ ਜਲਵੇ ਪ੍ਰਾਪਤ ਹੁੰਦੇ ਸਨ।

ਗੋਲ ਦਾਇਰੇ ਦੀਵਾਨਾਂ ਸਮੇਂ ਕਦੇ ਕਦੇ ਰਾਗੀਆਂ ਰਬਾਬੀਆਂ ਦੇ ਤਿੰਨ ਤਿੰਨ ਜੁਟ ਵੀ ਬੈਠ ਜਾਣੇ। ਕੀਰਤਨ ਕਦੇ ਇਕ ਦੀ ਅਗਵਾਈ ਵਿਚ ਸਮੂੰਚਿਆਂ ਕਰਨਾ ਕਦੇ ਵੱਖ ਵੱਖ ਚੌਕੀਆਂ ਦੁਆਰਾ ਹੋ ਜਾਣਾ। ਇਉਂ ਲਗਿਆ ਕਰਦਾ ਜਿਵੇਂ ਸੰਗਤ ਰੂਪ ਵਿਚ ਜੁੜੇ ਸਰੋਤੇ ਤਨ ਮਨ ਨਾਲ ਇਸ ਅੰਮ੍ਰਿਤ ਰਸ ਨੂੰ ਡੀਕ ਰਹੇ ਹੁੰਦੇ ! ਸਤਿਗੁਰੂ ਪਰਤਾਪ ਸਿੰਘ ਜੀ ਆਯੂ ਪ੍ਰਯੰਤ ਮਸਤੀ ਨਾਲ ਸੰਬੰਧਤ ਰਹੇ ਹਨ। ਕਿਸੇ ਨਾ ਕਿਸੇ ਦਿਨ ਦੀਵਾਨ ਵਿਚ ਕੀਰਤਨ ਦਾ ਐਸਾ ਰਸ ਬੱਝਣਾ ਕਿ ਵਕਤ ਦੀਆਂ ਪਾਬੰਦੀਆਂ ਨੇੜੇ ਨਾ ਫਟਕ ਸਕਣੀਆਂ। ਇੰਜ ਹੀ ਆਸਾ ਦੀ ਵਾਰ ਦਾ ਕੀਰਤਨ ਜੁ ਆਮ ਕਰਕੇ ਸੂਰਜ ਉਦੈ ਨਾਲ ਹੀ ਸਮਾਪਤ ਹੋ ਜਾਂਦਾ ਹੈ, ਇਸ ਨੇ ਘੰਟਾ ਡੇਢ ਘੰਟਾ ਬਾਅਦ ਤਕ ਵੀ ਜਾਰੀ ਰਹਿਣਾ। ਸੰਗੀਤ ਨਾਲ ਜੁੜੇ ਸਤਿਗੁਰੂ ਦੁਨੀਆਂ ਵਲੋਂ ਉੱਕਾ ਵਿਰੱਕਤ ਹੋ ਜਾਂਦੇ।

ਯਾਦਗਾਰੀ ਰਾਗੀ ਰਬਾਬੀ

ਜਿਨ੍ਹਾਂ ਰਾਗੀ ਰਬਾਬੀਆਂ ਦੇ ਨਾਮ ਮੈਂ ਏਥੇ ਸੰਭਾਲਣ ਲਗਾ ਹਾਂ ਇਹਨਾਂ 'ਚੋਂ ਬਹੁਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਚਲੇ ਆਉਂਦੇ ਸਨ, ਸਤਿਗੁਰੂ ਪਰਤਾਪ ਸਿੰਘ ਜੀ ਦੇ ਜਵਾਨੀ ਦੇ ਸਮੇਂ ਦੇ ਰਾਗੀਆਂ ਰਬਾਬੀਆਂ ਦਾ ਨਿਖੇੜਾ ਨਹੀਂ ਹੋ ਸਕਣਾ। ਤਾਂ ਵੀ ਨਾਵਾਂ ਦੀ ਤਰਤੀਬ ਸਮੇਂ ਦੀ ਅਨੁਸਾਰਤਾ ਨੂੰ ਮੁੱਖ ਰੱਖ ਕੇ ਦਿੱਤੀ ਗਈ ਹੈ : ਭਾਈ ਦਿਤੂ ਅਤੇ ਭਾਈ ਫਕੀਰੀਆ ਪਿੰਡ ਧੁਲੇਤਾ ਜ਼ਿਲਾ ਜਲੰਧਰ, ਭਾਈ ਕਾਲੂ ਅਤੇ ਭਾਈ ਤਾਬਾ; ਭਾਈ ਸੁੰਦਰ, ਭਾਈ ਸੰਦਲ ਅਤੇ ਭਾਈ ਸੋਹਣਾ ਪਿੰਡ ਕੋਟਲੀ ਰਾਮਦਾਸ, ਜ਼ਿ: ਸਿਆਲਕੋਟ; ਭਾਈ ਫੱਤੂ ਅਤੇ ਭਾਈ ਮੱਤੂ ਪਿੰਡ ਬੋਲਾ [illegible] ਜ਼ਿ. ਸਿਆਲਕੋਟ; ਭਾਈ ਜੈ ਸਿੰਘ ਪਿੰਡ ਮੋਲੀ; ਜ਼ਿ: ਜਲੰਧਰ, ਭਾਈ ਗੁਰਮੁੱਖ ਸਿ[illegible]– ਭਾਈ ਸਰਮੁੱਖ ਸਿੰਘ ਪਿੰਡ ਮੁਹਾਵਾ ਜ਼ਿ: ਅੰਮ੍ਰਿਤਸਰ।

ਭਾਈ ਲਾਭ ਸਿੰਘ ਸਤਿਗੁਰੂ ਹਰੀ ਸਿੰਘ ਜੀ ਤੋਂ ਸਤਿਗੁਰੂ ਪਰਤਾਪ ਸਿੰਘ ... ਦੀ ਪਹਿਲੀ ਅੱਧੀ ਸਦੀ ਦਾ ਢਾਡੀ, ਜੁ ਰਬਾਬ ਦੀ ਟੰਕਾਰ ਨਾਲ ਗੁਰੂ ਹਰਿਗੋਬਿੰਦ ਜੀ ਅਤੇ ਕਲਗੀਧਰ ਪਾਤਸ਼ਾਹ ਦੇ ਸਮੇਂ ਦੇ ਜੰਗਾਂ ਜੁੱਧਾਂ ਦਾ ਐਸਾ ਸਜੀਵ ਵਰਣਨ ਕਰਦਾ ਜਿਵੇਂ ਪ੍ਰਤਖ ਦਰਸ਼ੀ ਹੋਵੇ ! ਉਹ ਨਾਲ ਨਾਲ ਵਾਰਾਂ ਦੀਆਂ ਪੌੜੀਆਂ ਵੀ ਸੁਰ ਵਿਚ ਗਾ ਸੁਣਾਂਦਾ।

ਉੱਪਰ ਸਭ ਨਾਮ ਰਬਾਬੀਆਂ ਦੇ ਸਨ। ਪਰਮ ਪਰਤਾਪੀ ਸਤਿਗੁਰੂ ਜੀ ਦੇ ਸਮੇਂ ਦੇ ਰਾਗੀ ਸਨ : ਸੰਤ ਲਾਲ ਸਿੰਘ ਜੀ ਪਿੰਡ ਭੂਰੇ ਗਿੱਲ, ਜ਼ਿ: ਅੰਮ੍ਰਿਤਸਰ; ਭਾਈ ਹਰਨਾਮ ਸਿੰਘ ਜੀ ਪਿੰਡ ਚਵਿੰਡਾ ਜ਼ਿ: ਅੰਮ੍ਰਿਤਸਰ, ਸੰਤ ਨਿਧਾਨ ਸਿੰਘ ਜੀ ਆਲਿਮ, ਪਿੰਡ ਲੋਪੋਕੇ ਜ਼ਿ: ਅੰਮ੍ਰਿਤਸਰ ਵਾਸੀ ਬਾਬੇ ਦੀ ਭੁਗੀ, ਗੁਜਰਾਂਵਾਲਾ ਭਾਈ ਗਣੇਸ਼ਾ ਸਿੰਘ; ਭਾਈ ਬਸੰਤ ਸਿੰਘ–ਭਾਈ ਹਰਨਾਮ ਸਿੰਘ (ਬੀਬੀ ਨੰਦਾਂ ਸਪੁੱਤਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਪੁੱਤਰ); ਭਾਈ ਗੁਰਬਖ਼ਸ਼ ਸਿੰਘ—ਭਾਈ ਨਿਰਮਲ ਸਿੰਘ ਲੁਧਿਆਣਾ (ਬੀਬੀ ਨੰਦਾਂ ਦੇ ਪੋਤਰੇ)। ਪਹਿਲੇ ਚਾਰ ਨਾਮ ਜੱਟ ਰਾਗੀਆਂ ਦੇ ਹਨ।

ਅੰਤਲੇ ਸਾਲਾਂ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਜ਼ੂਰ ਜਿਨ੍ਹਾਂ ਹੋਰ ਦੋ ਜੱਟ ਭਰਾਵਾਂ ਨੂੰ ਸਮਾਂ ਮਿਲਿਆ ਉਹਨਾਂ ਦੇ ਨਾਮ ਹਨ : ਸੰਤ ਦਰਸ਼ਨ ਸਿੰਘ ਅਤੇ ਸੰਤ ਖਜ਼ਾਨ ਸਿੰਘ ਪਿੰਡ ਚੀਚਾ ਭਕਨਾ, ਜ਼ਿ: ਅੰਮ੍ਰਿਤਸਰ। ਇਹ ਦੋਵੇਂ ਹੋਣਹਾਰ ਕਿਸ਼ੋਰ ਸਤਿਗੁਰੂ ਜੀ ਨੂੰ ਐਸੇ ਜਚੇ ਕਿ ਫਿਰ ਕਿਸੇ ਹੋਰ ਰਾਗੀ ਦੀ ਲੋੜ ਨਾ ਰਹੀ। ਪਹਿਲਾ ਬਹੁਤ ਮਿੱਠਾ ਅਤੇ ਸ਼ਬਦ ਸੁਧੀ ਦਾ ਖ਼ਿਆਲ ਰੱਖ ਕੇ ਗਾਉਂਦਾ ਸੀ, ਦੂਜਾ ਇੰਨਾ ਨਿਖਰਵਾਂ ਅਤੇ ਠਿੱਪੜਵਾਂ ਤਬਲਾ ਵਜਾਉਂਦਾ ਕਿ ਸ਼ਰੋਤੇ ਅਸ਼ ਅਸ਼ ਕਰ ਉਠਦੇ। ਖਜ਼ਾਨ ਸਿੰਘ ਦੀ ਇਹ ਵੀ ਖ਼ੂਬੀ ਸੀ ਕਿ ਭਰਪੂਰ ਤਬਲਾ ਵਜਾਉਂਦਿਆਂ ਉਹ ਭਰਵੇਂ ਸਾਥ ਵਾਲਾ ਗਉਂ ਵੀ ਲੈਂਦਾ ਸੀ। ਇਹੋ ਕੀਰਤਨ ਜੋੜੀ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵਿਰਸੇ ਵਿਚ ਮਿਲੀ। ਮੌਜੂਦਾ ਦੌਰ ਵਿਚ ਸੰਤ ਦਰਸ਼ਨ ਸਿੰਘ ਰਾਗੀ ਤਾਂ ਨਹੀਂ ਰਹੇ ਪਰ ਉਹਨਾਂ ਦਾ ਸਪੁੱਤਰ ਸੰਤ ਹਰਬੰਸ ਸਿੰਘ



ਹਰਨਾਮ ਸਿੰਘ ਚਵਿੰਡੇਵਾਲੇ (ਤਾਊਸ ਵਜਾਉਂਦੇ ਹੋਏ) ਆਪਣੇ
ਕੀਰਤਨੀ ਜਥੇ ਨਾਲ ।



ਸੰਗੀਤ ਦੀ ਇਕ ਬੈਠਕ : ਖੱਬਿਓਂ ਹਾਰਮੋਨੀਅਮ ਉੱਤੇ ਭਾਈ ਤਾਬਾ ਜੀ, ਪੰਡਤ
ਪੰਨਾ ਲਾਲ ਕੱਥਕ, ਮਹਾਰਾਜ ਬੀਰ ਸਿੰਘ ਜੀ ਅਤੇ ਜੋੜੀ ਤੇ ਭਾਈ ਨਸੀਰ ਜੀ ।
ਪਿਛੇ ਤਾਨਪੂਰੇ ਤੇ ਸੰਤ ਹਜ਼ੂਰ ਸਿੰਘ ਜੀ ਚੰਦ੍ਹਾਸ ।




ਸੰਗੀਤ ਦੇ ਉਸਤਾਦ ਊਧੋ ਖਾਂ ਜੀ ਸੱਜੇ
ਅਤੇ ਉਨ੍ਹਾਂ ਦੇ ਸਪੁੱਤਰ ਰਹੀਮ ਬਖ਼ਸ਼ ।



ਸ਼ਾਸਤ੍ਰੀ ਸੰਗੀਤ ਦੇ ਮਹਾਨ ਪੰਡਤ
ਮਹਾਂਦੇਵ ਪ੍ਰਸਾਦ ਜੀ (ਕੱਥਕ) ।




ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਜੀ
ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਸੁਆਗਤ ਕਰਦੇ ਹੋਏ ।



ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਸ੍ਰੀ ਭੈਣੀ ਸਾਹਿਬ ਆਏ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਹਿਰੂ ਜੀ ਨੂੰ 'ਜੀ ਆਇਆਂ' ਕਹਿੰਦੇ ਹੋਏ ।


ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਮਹਾਰਾਜਾ ਪਟਿਆਲਾ
ਯਾਦਵੇਂਦਰ ਸਿੰਘ ਅਤੇ ਦੇਸ ਵਿਦੇਸ਼ ਦੇ ਹੋਰ ਪਤਵੰਤੇ।





ਦੀਵਾਨ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਨਿਜੀ ਸੇਵਕ ਭਾਈ ਰਤਨ ਸਿੰਘ, ਪੰਡਤ ਗੋਪਾਲ ਸਿੰਘ ਜੀ ਅਤੇ ਸੰਤ ਪ੍ਰੀਤਮ ਸਿੰਘ ਜੀ ਪੱਦੀਵਾਲੇ ।





ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਲ
ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ
ਸਿੰਘ ਚੱਕਰਵਰਤੀ ਅਤੇ ਹੋਰ ਸੰਤ ਜਨ ।



ਲੰਗਰ ਵਰਤਾਉਂਦੇ ਹੋਏ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ।

ਘੁੱਲਾ ਅਤਿਅੰਤ ਲੋਚ ਪੂਰਣ ਗਲੇ ਦਾ ਮਾਲਿਕ ਹੈ। ਇਹ ਸ਼ਾਸਤਰੀ ਗਾਇਕੀ ਨੂੰ ਸ਼ਬਦਾਂ ਨਾਲ ਸੰਜੋਅ ਕੇ ਗਾਉਂਦਾ ਅਤੇ ਵੱਧ ਤੋਂ ਵੱਧ ਸ਼ਬਦ ਸ਼ੁੱਧੀ ਦਾ ਖਿਆਲ ਰੱਖਦਾ ਹੈ ਜਦੋਂ ਕਿ ਉਹਦੇ ਚਾਚਾ ਜੀ ਸੰਤ ਖਜ਼ਾਨ ਸਿੰਘ ਆਯੂ ਦੇ 70ਵੇਂ ਸਾਲ ਵਿਚ ਵੀ ਪੂਰੇ ਦਮਖ਼ਮ ਨਾਲ ਗਾ-ਵਜਾ ਕੇ ਕੀਰਤਨ ਵਿਚ ਸਾਥ ਦਿੰਦੇ ਹਨ।

ਨੌਂ ਪਰਕਾਰ ਦਾ ਕਾਨ੍ਹੜਾ

ਮੇਰਾ ਵਿਸ਼ਵਾਸ ਹੈ ਕਿ ਸਤਿਗੁਰੂ ਜਨਮਜਾਤ ਹੀ ਇਕਾਗਰ ਚਿਤੱਤਾ ਦੇ ਸੁਆਮੀ ਹੁੰਦੇ ਹਨ। ਇਨ੍ਹਾਂ ਦੀ ਇਕਾਗਰਤਾ ਹੀ ਅਨੇਕਾਂ ਚਮਤਕਾਰ ਕਰ ਦਿੰਦੀ ਹੈ। ਇਸ ਇਕਾਗਰਤਾ ਵਿਚੋਂ ਹੀ ਆਉਂਦੀ ਹੈ ਇਹਨਾਂ ਦੀ ਸਰਬਸ਼ਕਤੀ ਮਾਨਤਾ। ਗੱਲ ਨਿੱਕੀ ਜਿਹੀ ਹੈ ਪਰ ਅਰਥ ਵੱਡੇ ਰੱਖਦੀ ਹੈ।

ਸਿਆਲਕੋਟ ਦੇ ਇਕ ਪਿੰਡ ਬੱਦੋ ਮੱਲੀ ਵਿਖੇ ਰਾਤ ਦੀ ਚੌਕੀ ਸਮੇਂ ਭਾਈ ਨਿਹਾਲ ਰਬਾਬੀ ਨੇ ਸੂਖਮ ਜਿਹੀ ਤਿੜ ਮਾਰੀ : ਦੀਨ ਦਿਆਲ, ਮੈਂ ਚਾਰ ਪਰਕਾਰ ਦਾ ਕਾਨ੍ਹੜਾ ਗਾ ਜਾਣਦਾ ਹਾਂ। ਸਤਿਗੁਰੂ ਪਰਤਾਪ ਸਿੰਘ ਜੀ ਵਿਗਸੇ, ਮੁਸਕਰਾਏ : ਭਾਈ ਨਿਹਾਲ, ਤੁਸੀਂ ਤਾਂ ਗਾਉਣ-ਵਜਾਉਣ ਦਾ ਕਾਰੋਬਾਰ ਕਰਦੇ ਹੋ, ਤੁਸੀਂ ਸਿਰਫ਼ ਚਹੁੰ ਤਰ੍ਹਾਂ ਦੇ ਕਾਨ੍ਹੜੇ ਦੇ ਹੀ ਜਾਣਕਾਰ ਹੋ; ਮੈਨੂੰ ਕੀ ਕਹੋਗੇ ਜੋ ਗਾਇਕ ਵੀ ਨਹੀਂ ਤੁਹਾਡੇ ਵਾਂਗ ਪਰ 9 ਪਰਕਾਰ ਦਾ ਕਾਨ੍ਹੜਾ ਗਾ ਕੇ ਸੁਣਾ ਸਕਦਾ ਹਾਂ।

ਇਹ ਕਰਾਮਾਤ ਧਿਆਨ ਦੀ ਹੈ। ਅਸੀਂ ਅਨੇਕਾਂ ਗੱਲਾਂ ਰੋਜ਼ ਬੇਧਿਆਨੀ ਵਿਚ ਕਰਦੇ ਹਾਂ, ਅਨੇਕਾਂ ਥਾਵਾਂ ਬੇਧਿਆਨੀ ਨਾਲ ਵੇਖਦੇ ਹਾਂ, ਪਰ ਮਹਾਂ ਪੁਰਖ ਕੋਈ ਵੀ ਗੱਲ ਬੇਧਿਆਨੀ ਵਿਚ ਨਹੀਂ ਕਰਦੇ।

ਸੰਗੀਤ ਦੀ ਪਨੀਰੀ

ਉਸ ਵੇਲੇ ਦੇ ਸੰਗੀਤ ਸਕੂਲ ਦੇ ਰਾਗ ਸਿਖਦੇ ਬੱਚੇ, ਅਰਥਾਤ, ਸਤਿਗੁਰੂ ਪਰਤਾਪ ਸਿੰਘ ਜੀ ਦੀ ਹੱਥੀਂ ਲਾਈ ਪਨੀਰੀ : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ, ਸ. ਰਾਜਿੰਦਰ ਸਿੰਘ ਪੰਡਿਤ, ਸੁਖਦੇਵ ਭੁਪਿੰਦਰ ਸਿੰਘ (ਦੋਵੇਂ ਪਿੰਡ ਗੱਦਾਂ ਡੋਬ ਜ਼ਿ: ਫੀਰੋਜ਼ਪੁਰ (ਹੁਣ ਫਰੀਦਕੋਟ) ਦੇ, ਵਰਤਮਾਨ ਸਤਿਗੁਰੂ ਜੀ ਦੇ ਮਾਮਿਆਂ ਦੇ ਪੁੱਤ ਭਰਾ); ਭਾਈ ਤਾਰਾ ਸਿੰਘ ਸਪੁੱਤਰ ਭਾਈ ਸੁੰਦਰ ਸਿੰਘ ਪੁਜਾਰੀ ਤਰਨ ਤਾਰਨ; ਸ. ਕੁੰਦਨ ਸਿੰਘ ਨਕਈ ਸਪੁੱਤਰ ਸੰਤ ਧਾਰਾ ਸਿੰਘ (ਪਿੰਡ ਸਹਾਰੀ, ਜ਼ਿ: ਲਾਹੌਰ) ਹੁਣ ਕਰੀਵਾਲਾ ਜ਼ਿ: ਸਰਸਾ (ਹਰਿਆਣਾ) ਸ੍ਰੀ ਤਰਲੋਕ ਸਿੰਘ, ਸ੍ਰੀ ਦਲੀਪ ਸਿੰਘ ਪ੍ਰ ਸਪੁੱਤਰ ਸੰਤ ਗੁਰਬਖ਼ਸ਼ ਸਿੰਘ (ਪਿੰਡ ਕੋਟਲੀ, ਜ਼ਿਲਾ ਗੁਜਰਾਂ ਵਾਲਾ) ਹੁਣ ਮੰਡੀ ਸੁਕੇਤ (ਹਿਮਾਚਲ); ਸ੍ਰੀ ਹਜ਼ੂਰ ਸਿੰਘ ਚੰਦਰਹਾਂਸ ਸਪੁੱਤਰ ਸੰਤ ਭਗਤ ਸਿੰਘ ਪਿੰਡ ਕੋਟਲੀ, ਹੁਣ ਵਸੇਥਾ ਸਰਸਾ; ਸ੍ਰੀ ਬਲਵੰਤ ਸਿੰਘ ਸਪੁੱਤਰ ਸ. ਸੰਤਾ ਸਿੰਘ ਪਿੰਡ ਬੀੜ (ਨਾਭਾ); ਪ੍ਰੀਤਮ ਸਿੰਘ ਕਵੀ ਪਿੰਡ ਡਫਰਕੇ, ਜ਼ਿ: ਲਾਹੌਰ ਹੁਣ ਦਿੱਲੀ।

ਉਪ੍ਰੋਕਤ ਸਾਰੇ ਜੁੱਟ ਵਿਚੋਂ ਸੰਗੀਤ ਨਾਲ ਸੰਬੰਧਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ, ਰਾਜਿੰਦਰ ਸਿੰਘ ਪੰਡਿਤ ਅਤੇ ਸਵਰਗਵਾਸੀ 'ਚੰਦਰਹਾਂਸ' ਹੀ ਰਹਿ ਸਕੇ। ਇਸ ਗੱਲ ਦਾ ਗਿਲਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਇਕ ਟੇਪ ਭਾਸ਼ਣ ਵਿਚ ਵੀ ਕੀਤਾ ਹੈ ਕਿ ਉਹਨੀਂ ਦਿਨੀਂ 18,000/= ਸੰਗੀਤ ਦੀ ਮੱਦ ਤੇ ਹੀ ਖਰਚ ਕੀਤਾ, ਪਰ ਸਿੱਖਣ ਵਾਲਿਆਂ ਨੇ ਸੰਗੀਤ ਵਲੋਂ ਪਰੋਖੇ ਹੋਣ ਵਿਚ ਢਿੱਲ ਨਹੀਂ ਕੀਤੀ।

ਕਲਾਕਾਰਾਂ ਦੀ ਕਦਰ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਮ ਦੀ ਚਰਚਾ ਸਮਾਜਕ ਸੰਸਥਾਵਾਂ 'ਚੋਂ ਨਿਕਲ ਵਧੇਰੇ ਖੇਤਰ ਵਿਚ ਜਾ, ਘੋੜ ਦੌੜ ਦੇ ਸ਼ੌਕੀਨਾਂ ਵਿਚ ਆਮ ਰਹਿੰਦੀ ਕਿਉਂਕਿ ਸਤਿਗੁਰੂ ਜੀ ਆਪਣੀ ਸੂਝ ਸਿਆਣਪ ਨਾਲ ਸਾਧਾਰਣ ਘੋੜਿਆਂ ਨੂੰ ਸਿਖਾ-ਸਿਧਾ ਉਹ ਰੇਸਾਂ ਜਿਤਵਾ ਦਿੰਦੇ ਜਿਨ੍ਹਾਂ ਵਿਚ ਸ਼ਾਹੀ ਅਸਤਬਲਾਂ ਨੇ ਭਾਗ ਲਿਆ ਹੁੰਦਾ। ਪਰ, ਸੰਗੀਤਕਾਰਾਂ ਦਾ ਉਪਰਲਾ ਮੰਡਲ ਵੀ ਸ੍ਰੀ ਸਤਿਗੁਰੂ ਜੀ ਦੀ ਉਦਾਰਤਾ, ਸੰਗੀਤ ਗਿਆਨ ਅਤੇ ਪ੍ਰਤਿਭਾ ਤੋਂ ਮੁਤਾਸਰ ਰਹਿੰਦਾ।

ਉਹਨੀਂ ਦਿਨੀਂ ਗੁਰੂ ਘਰ ਵਿਚ ਅੱਜ ਵਾਂਗ ਪੈਸੇ ਦੀ ਅਪਰੰਪਾਰਤਾ ਨਹੀਂ ਸੀ, ਤਾਂ ਵੀ, ਸੱਚੇ ਪਾਤਸ਼ਾਹ ਕਲਾ ਪਿਆਸੀ ਆਤਮਾ ਦੀ ਤ੍ਰਿਪਤੀ ਲਈ, ਆਮ ਕਰਕੇ ਸੰਗੀਤ ਦੇ ਪ੍ਰਗਾਢ ਪੰਡਿਤਾਂ ਅਤੇ ਤੰਤੂ ਸਾਜ਼ਾਂ ਦੇ ਮਾਹਰ ਵਜੰਤਰੀਆਂ ਪਾਸ, ਵਿਸ਼ੇਸ਼ ਸਮਾਂ ਕੱਢ ਕੇ ਪਹੁੰਚਦੇ, ਇਕ ਚਿੱਤ ਹੋ ਸੰਗੀਤ ਸੁਣਦੇ ਅਤੇ ਆਉਂਦੇ ਹੋਏ ਅ-ਸੋਚੀਆਂ ਰਕਮਾਂ ਬਖ਼ਸ਼ ਦਿੰਦੇ। ਦਿਲਰੁਬਾ ਦੇ ਧਨੀ ਭਾਈ ਸਾਹਿਬ ਗੱਜਾ ਸਿੰਘ ਜੀ ਪਟਿਆਲੇ ਵਾਲਿਆਂ ਦਾ ਹੋਏ ਹੁਲਸਾਉ ਵਜਾਉਣਾ ਕਦੇ ਕਦੇ ਜਾ ਸੁਣਦੇ। ਗੱਜਾ ਸਿੰਘ ਜੀ ਦੀ ਖੁਸ਼ਬੂ ਵਾਲਾ ਉਹਨਾਂ ਦਾ ਸ਼ਾਗਿਰਦ ਭਾਈ ਮਸਤਾਨ ਸਿੰਘ ਤਾਂ ਸ੍ਰੀ ਸਤਿਗੁਰੂ ਜੀ ਦਾ ਉਸਤਾਦ ਹੀ ਸੀ। ਜਦੋਂ ਸਮਾਂ ਮਿਲਦਾ ਉਸ ਤੋਂ ਆਨੰਦ ਲੁੱਟ ਲੈਂਦੇ। ਪੰ: ਵਿਸ਼ਣੂ ਦਿਗੰਬਰ, ਪੰ: ਓਅੰਕਾਰ ਨਾਥ ਠਾਕੁਰ, ਸ੍ਰੀ ਕ੍ਰਿਸ਼ਨਾ ਰਾਓ ਪੰਡਿਤ, ਬੜੇ-ਛੋਟੇ ਉਸਤਾਦ ਗ਼ੁਲਾਮ ਅਲੀ ਖਾਂ ਵੀ ਆਪ ਜੀ ਦੇ ਪਸੰਦੀਦਾ ਕਲਾਕਾਰਾਂ ਵਿਚੋਂ ਸਨ। ਹੋਰ ਕਿੰਨਿਆਂ ਕੁ ਤੇ ਆਪ ਜੀ ਕਿਰਪਾ ਕਰਦੇ ਸਾਨੂੰ ਅਜੇ ਪਤਾ ਨਹੀਂ ਲੱਗ ਸਕਿਆ। ਇਕੋ ਗੱਲ ਨਿਸਚੇ ਆਤਮਕ ਕਹੀ ਸਕਦੀ ਹੈ ਕਿ ਆਪ ਜੀ ਦੀ ਅਤ੍ਰਿਪਤ ਸੰਗੀਤ ਜਗਿਆਸਾ ਅੰਤਮ ਵਰ੍ਹਿਆਂ ਤਕ ਵੀ ਜਿਉਂ ਕੀ ਤਿਉਂ ਬਣੀ ਰਹੀ।

ਵਿਰਲਾ ਕੋ ਦਰਵੇਸ਼

ਤੰਤੂ ਸਾਜ਼ਾਂ ਦਾ ਇਕ ਕਾਰੀਗਰ, ਜਿਦ੍ਹੇ ਹੱਥਾਂ ਦੇ ਬਣੇ ਦਿਲਰੁਬਾ ਭਾਈ ਗੱਜਾ ਸਿੰਘ—ਮਸਤਾਨ ਸਿੰਘ ਹੁਰਾਂ ਦੇ ਮਨ ਦੀਆਂ ਤਰੰਗਾਂ ਅਤੇ ਮਸਤੀ ਨੂੰ ਤਾਲ ਦੁਆਰਾ ਨਿਰੂਪਤ ਹੋ ਸਰੋਤਿਆਂ ਨੂੰ 'ਮਾਰ ਮੁਕਾਣ' ਤਕ ਜਾਂਦੇ, ਉਹ ਮਹਾਂ ਦਸਤਕਾਰ ਮੌਲਵੀ ਫ਼ਜ਼ਲ ਮੁਹੰਮਦ ਪਟਿਆਲੇ ਵਿਚ ਦੁਕਾਨ ਕਰਦਾ ਸੀ। ਇਹ ਇਕ ਤਰ੍ਹਾਂ ਦਾ ਸੂਫ਼ੀ

ਫਕੀਰ ਸੀ। ਏਧਰ ਸਤਿਗੁਰੂ ਜੀ ਵੀ ਤਾਂ ਸੂਫੀਆਂ ਦੇ ਸਿਰਮੌਰ ਸਨ, ਪਟਿਆਲੇ ਗਿਆਂ ਮੌਲਵੀ ਫ਼ਜ਼ਲ ਮੁਹੰਮਦ ਨੂੰ ਦਰਸ਼ਨ ਦੇਣਾ ਨਾ ਭੁਲਦੇ। ਮੌਲਵੀ ਸਾਹਿਬ ਆਪ ਵਧੀਆ ਵਜੰਤਰੀ ਤਾਂ ਸਨ ਹੀ ਸੰਗੀਤ ਦੀਆਂ ਘਰੋਗੀ ਮਜਲਿਸਾਂ ਦੇ ਮੁਖਰਿਤ ਗਾਇਕ ਵੀ ਸਨ। ਉਨ੍ਹਾਂ ਦੇ ਬੋਲ ਯਾਦ ਆਏ ਹਨ :

"ਹੈ ਸਨਾ ਬਸ਼ਰ ਕੇ ਲੀਏ
ਤੂੰ ਹੈ ਬਸ਼ਰ ਸਨਾ ਕੇ ਲੀਏ।"

ਇਹਨਾਂ ਮਹਿਫਲਾਂ ਦਾ ਰੰਗ ਸੂਫੀਆਨਾ ਅਤੇ ਸ਼ਰੋਤੇ ਇਣੇ ਗਿਣੇ। ਮੌਲਵੀ ਫ਼ਜ਼ਲ ਮੁਹੰਮਦ ਨੇ ਕਦੇ ਕਦੇ ਵੱਜਦ ਵਿਚ ਆਏ ਆਖਣਾ : ਹਜ਼ਰਤ, ਆਪ ਜੀ ਸਾਡੇ ਪੀਰ ਹੋ। ਇਕ ਵਾਰ ਵਸਾਲ ਪਾ ਲਈਦਾ ਹੈ ਤਾਂ ਅਗਲੀ ਮੁਲਾਕਾਤ ਤਕ ਮਸਤੀ ਦਾ ਆਲਮ ਤਾਰੀ ਰਹਿੰਦਾ ਹੈ। ਜਦ ਤਕ ਇਸ ਖ਼ਾਕੀ ਜਿਸਮ ਵਿਚ ਰੂਹ ਟਿਕੀ ਹੋਈ ਹੈ ਆਪ ਨੇ ਨੂਰੀ ਦਰਸ਼ਨਾਂ ਦਾ ਝਲਾਕਾਰਾ ਬਖ਼ਸ਼ ਨਿਵਾਜਦੇ ਰਹਿਣਾ।

ਵੰਡਾਰੇ ਸਮੇਂ ਪਾਕਿਸਤਾਨ ਜਾਣ ਤੋਂ ਪਹਿਲਾਂ ਕੁਛ ਸਾਲ ਮੌਲਵੀ ਸਾਹਿਬ ਸ੍ਰੀ ਭੈਣੀ ਸਾਹਿਬ ਵੀ ਰਹੇ।

ਅੱਲਾ ਤੋਂ ਵਰੋਸਾਏ ਇਸ ਫ਼ਜ਼ਲ ਮੁਹੰਮਦ ਨੂੰ ਪਾਕਿਸਤਾਨ ਗਿਆਂ, ਜ਼ਿੰਦਗੀ ਦੀਆਂ ਆਖ਼ਰੀ ਘੜੀਆਂ ਤਕ ਸਤਿਗੁਰੂ ਜਗਜੀਤ ਸਿੰਘ ਜੀ ਨੇ ਭੀ ਨੂਰਾਨੀ ਦਰਸ਼ਨਾਂ ਨਾਲ ਨਿਵਾਜਿਆ ਅਤੇ ਉਸਨੂੰ ਹਰ ਤਰ੍ਹਾਂ ਰਾਹਤ ਪੁਚਾਈ ਹੈ।

ਨਿੱਕਾ ਜਿਹਾ ਸਲਾਮਤ ਵੱਡਾ ਸਾਰਾ ਉਸਤਾਦ

ਪਾਕਿਸਤਾਨ ਦੇ ਪ੍ਰਸਿਧ ਸ਼ਾਸਤਰੀ ਸੰਗੀਤ ਗਾਇਕ ਉਸਤਾਦ ਸਲਾਮਤ-ਨਜ਼ਾਕਤ ਦੇ ਅਸਲੋਂ ਮੁਢਲੇ ਦਿਨ ਯਾਦ ਆਏ ਹਨ। ਸ਼ਾਮ ਚੁਰਾਸੀ ਜ਼ਿ: ਹੁਸ਼ਿਆਰਪੁਰ ਦੇ ਇਹਨਾਂ ਬੱਚਿਆਂ ਦਾ ਪਿਤਾ, ਇਕ ਦਿਨ ਇਸ ਜੋੜੀ ਨੂੰ ਗੁਰੂ ਚਰਨਾਂ ਵਿਚ ਲੈ ਆਇਆ। ਉਸਨੂੰ ਕਿਤੋਂ ਮਾਲੂਮ ਹੋ ਗਿਆ ਸੀ ਕਿ ਹਫਤਾ ਭਰ ਸਤਿਗੁਰੂ ਪਰਤਾਪ ਸਿੰਘ ਜੀ ਭੈਣੀ ਸਾਹਿਬ ਦਰਸ਼ਨ ਦੇਣਗੇ।

ਗੋਲ ਮੰਦਰ (ਸਤਿਗੁਰਾਂ ਦਾ ਅੰਤਮ ਨਿਵਾਸ) ਕੋਲ, ਇਕ ਦਿਨ, ਸਵੇਰ ਅਤੇ ਸ਼ਾਮ ਦੀਆਂ ਬੈਠਕਾਂ ਹੋਈਆਂ। ਪਿਤਾ ਹਰਮੋਨੀਅਮ ਦੀਆਂ ਸੁਰਾਂ ਛੇੜਨ ਵਾਲਾ, ਗਾਇਕ ਬੱਚਾ ਸਲਾਮਤ ਕੇਵਲ 11 ਸਾਲ ਦਾ, ਨਜ਼ਾਕਤ 15-16 ਸਾਲ ਦਾ, ਇਹਦੀ ਆਵਾਜ਼ ਘੰਡੀ ਵਿਚ ਆਈ ਹੋਣੀ। ਪਰ ਸਲਾਮਤ ਨੇ ਭੈਰਵੀ, ਭੈਰਉਂ ਅਤੇ ਇਕ ਦੋ ਹੋਰ ਰਾਗ ਏਨੀ ਉੱਤਮਤਾ ਨਾਲ ਗੰਵੇਂ ਕਿ ਸਾਰੇ ਵਾਤਾਵਰਣ ਵਿਚ ਸਲਾਮਤ ਦੀ ਸੁਰ ਦਾ ਜਾਦੂ ਸੀ, ਹੋਰ ਕੁਛ ਦਿਸਦਾ ਹੀ ਨਹੀਂ ਸੀ। ਬੱਚਾ 'ਹੱਥਾਂ ਦੇ ਇਸ਼ਾਰਿਆਂ' ਨੂੰ ਸੁਰਾਂ ਅਨੁਸਾਰ ਅੱਗੇ ਪਿਛੇ ਕਰਦਾ ਜਿਵੇਂ ਸਰੋਤਿਆਂ ਨੂੰ ਵੀ ਉਂਗਲਾਂ ਤੇ ਨਚਾ ਰਿਹਾ ਸੀ। ਰਾਤ ਦੀ ਸਭਾ ਵਿਚ ਮਾਲਕੌਂਸ, ਪਹਾੜੀ, ਕਲਿਆਣ ਆਦਿ ਦਾ ਗਾਇਨ ਹੋਇਆ। 'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ' ਵਾਲੀ ਗੱਲ ਸੀ। ਮੈਂ ਆਤਮ ਵਿਭੋਰ ਹੋਏ ਨੇ ਸਲਾਮਤ ਦੀ ਪ੍ਰਸੰਸਾ ਵਜੋਂ ਸਤਿਗੁਰੂ ਜੀ ਨੂੰ ਆਖਿਆ :

ਦੀਨ ਦਿਆਲ, ਐਉਂ ਲਗਦਾ ਹੈ ਜਿਵੇਂ ਸਲਾਮਤ ਦੇ ਮਾਪੇ ਕਿਤੇ ਬਹੁਤੇ ਹੀ ਸੰਗੀਤ-ਮਈ ਹੋ ਮਿਲੇ ਨੇ, ਇਹ ਤਾਂ ਜੰਮ ਹੀ ਸੰਗੀਤ ਪਿਆ ਹੈ।

ਰਾਗ ਰਾਗਣੀਆਂ ਦੇ ਪਤੀ

ਏਥੇ ਇਹ ਦੱਸਣਾ ਵੀ ਕੁ-ਥਾਂ ਨਹੀਂ ਹੋਵੇਗਾ ਕਿ ਸਤਿਗੁਰੂ ਪਰਤਾਪ ਸਿੰਘ ਜੀ ਦੂੰਹ ਤਿੰਨਾਂ ਰਾਗਾਂ ਨਾਲ ਤਾਂ ਏਨਾ ਅੰਤਰੀਵ ਤੌਰ ਤੇ ਜੁੜੇ ਹੋਏ ਸਨ ਕਿ ਇਹ ਸੰਬੰਧ ਪੂਰਬ ਸੰਜੋਗੀ ਲਗਦੇ ਸਨ। ਸੋਰਠ, ਦੇਸ, ਪੀਲੋ, ਸੋਹਣੀ ਅਤੇ ਪਹਾੜੀ ਦੀਆਂ ਸੁਰਾਂ ਛਿੜਦਿਆਂ ਹੀ ਸੱਚੇ ਪਾਤਸ਼ਾਹ ਜਿਵੇਂ ਖਿੜ-ਖਿੜ ਜਾਂਦੇ। ਸੰਗੀਤ ਕਲਾਕਾਰਾਂ ਪਾਸੋਂ, ਕਈ ਵਾਰ, ਕਹਿ-ਕਹਿ ਸੁਣਦੇ ਅਤੇ ਆਮ ਗਾਇਕ ਨੂੰ ਚੱਕਰ ਵਿਚ ਵੀ ਪਾ ਜਾਂਦੇ ਜਦੋਂ ਸੋਰਠ ਅਤੇ ਦੇਸ਼ ਵਿਚਲੇ ਸੂਖਮ ਨਿਖੇੜੇ ਦੀ ਗੱਲ ਕਰਦੇ। ਪਾਠਕ ਅੰਦਾਜ਼ਾ ਕਰ ਸਕਦੇ ਹਨ ਜੋ ਦੂੰਹਾਂ ਰਾਗਾਂ ਨੂੰ ਇਕੋ ਤਰ੍ਹਾਂ ਦੀਆਂ ਕੋਮਲ ਤੀਵਰ ਸੁਰਾਂ ਲੱਗਦੀਆਂ ਹੋਣ ਤਾਂ ਵਿਸ਼ਸ਼ਟ ਬੁਧੀ ਗਵਈਏ ਬਿਨਾ ਕੋਣ ਵਿਭਾਜਨ ਰੇਖਾ ਨੂੰ ਬਣਾਈ ਰੱਖ ਸਕਦਾ ਹੈ। ਏਥੇ ਰਾਗਾਂ ਦੇ ਵਾਦੀ ਸੰਵਾਦੀ ਸੁਰ ਅਤੇ ਉਤਰ-ਅੰਗੀ ਪੂਰਵ-ਅੰਗੀ ਗਾਇਨ ਨਾਲ ਹੀ ਰਾਗ ਦੀ ਸ਼ੁਧਤਾ ਦਰਸਾਈ ਜਾ ਸਕਦੀ ਹੈ।

ਸਤਿਗੁਰੂ ਜੀ ਦੇ ਪਿਆਰ ਵਿਚ ਰਹਿੰਦਿਆਂ ਮੈਂ ਕਦੇ ਕਦੇ ਅਵੇਂੜੀ ਗੱਲ ਵੀ ਕਰ ਜਾਂਦਾ ਸਾਂ। ਇਕ ਸ਼ਾਮੀਂ ਦੀਨ ਦਿਆਲ ਜਦੋਂ ਸੋਰਠ ਰਾਗ ਵਿਚ ਮਸਤ ਹੋ ਗਾ ਹਟੇ ਤਾਂ ਮੈਂ ਸਹਿਜ-ਭਾ ਕਹਿ ਦਿੱਤਾ : ਇੰਜ ਲੱਗਦਾ ਹੈ ਗ਼ਰੀਬ ਨਿਵਾਜ ਜਿਵੇਂ ਆਪ ਜੀ ਇਨ੍ਹਾਂ ਦੋ ਤਿੰਨ ਰਾਗਣੀਆਂ ਨਾਲ ਤਾਂ ਵਿਆਹੇ ਹੀ ਹੁੰਦੇ ਓ! ਸਤਿਗੁਰੂ ਜੀ ਪ੍ਰਸੰਨ ਹੋਏ। ਬਚਨ ਕੀਤਾ : ਹਾਂ ਭਾਈ, ਜੇ ਮੇਰੀ ਪਤਨੀ ਨਹੀਂ ਤਾਂ ਦਿਲ ਤਾਂ ਮੈਂ ਵੀ ਕਿਤੇ ਲਾਣਾ-ਪਰਚਾਣਾ ਹੈ ਨਾ!

ਮੈਨੂੰ ਮੇਰੇ ਵਰਗਾ ਜਵਾਬ—ਸਤਿਗੁਰੂ ਜੀ ਦੀ ਹਾਜ਼ਰ ਜਵਾਬੀ ਦੀਆਂ ਕੀ ਰੀਸਾਂ!

ਸੁਹਿਰਦ ਸਰੋਤਾ

ਇਕ ਧਰਮ ਦੇ ਰਾਹਨੁਮਾ ਹੁੰਦਿਆਂ ਅੰਨ-ਧਰਮੀਆਂ ਵੱਲ ਪਹੁੰਚ, ਸਤਿਗੁਰੂ ਜੀ ਦੀ, ਕਦੇ ਕੱਟੜ ਨਹੀਂ ਹੋਈ। ਸੰਗੀਤ ਤਾਂ ਵੈਸੇ ਵੀ ਕੱਟੜਤਾ ਨੂੰ ਪਰਵਾਨ ਨਹੀਂ ਕਰਦਾ। ਕਿਨ੍ਹਾਂ ਰਾਗਾਂ ਨੂੰ ਹਿੰਦੂ, ਮੁਸਲਿਮ, ਸਿੱਖ ਜਾਂ ਈਸਾਈ ਕਹੋਗੇ—ਕਿਨ੍ਹਾਂ ਸੁਰਾਂ ਨੂੰ ਅਛੂਤ ਕਹਿ ਤਿਆਗ ਦਿਓਗੇ। ਸਤਿਗੁਰੂ ਤਾਂ ਭਲਾ ਹੁੰਦੇ ਹੀ ਸਭ ਦੇ ਹਨ : ਸਤਿਗੁਰ ਸਭਨਾ ਦਾ ਭਲਾ ਮਨਾਇਦਾ...

ਸੱਚੇ ਪਾਤਸ਼ਾਹ ਇਕ ਵਾਰ ਸੰਗੀਤ-ਛੁਧਾ ਮਿਟਾਣ ਖ਼ਾਤਰ ਦਿੱਲੀ ਇਕ ਦਿਲਰੁਬਾ ਵਾਦਕ ਕੋਲ ਗਏ। ਉਹ ਇਕ ਦਰਵੇਸ਼ ਪਰ ਬਾਦਸ਼ਾਹ ਕਦਰਦਾਨ ਦੇ ਆਇਆਂ ਸਾਜ਼ ਸੁਰ ਕਰ ਵਜਾਣ ਲੱਗਾ ਤਾਂ ਉਹਨੂੰ ਪ੍ਰਤੀਤ ਹੋਇਆ ਕਿ ਗੱਲ ਬਣ ਨਹੀਂ ਰਹੀ। ਸ਼ਰਾਬ ਦਾ ਆਦੀ ਸੀ। ਗੁਸਤਾਖ਼ੀ ਦੀ ਖਿਮਾ ਮੰਗਦਿਆਂ ਉਸ ਘੁੱਟ ਮੂੰਹ

ਨੂੰ ਲਾਈ ਤਾਂ ਦੋ ਮਿੰਟ ਬਾਅਦ ਇਲਾਹੀ ਰੰਗ ਨਾਲ ਇਕਸੁਰ ਹੋ ਵਜਾਣ ਲੱਗਾ। ਦੋ ਘੰਟੇ ਸਮਾਂ ਕਿਵੇਂ ਬਤੀਤ ਹੋ ਗਿਆ, ਨਾ ਸੇਵਕਾਂ ਨੂੰ ਸੁਧ ਸੀ ਨਾ ਸੁਆਮੀ ਨੂੰ ਚੇਤਾ ਸੀ।

ਮਰਿਆਦਾ-ਜੁੜੇ ਵਿਅਕਤੀਆਂ ਇਸ ਉਦਾਰਤਾ ਦਾ ਕਾਰਣ ਪੁੱਛਿਆ ਤਾਂ ਜਵਾਬ ਬੜਾ ਸਟੀਕ ਸੀ : ਉਹ ਸਾਡੀ ਮਰਿਆਦਾ ਵਾਲਾ ਨਹੀਂ। ਨਿੱਤ ਦਾ ਪਿਅੱਕੜ ਹੈ। ਅਸਾਂ ਉਸ ਤੋਂ ਪੀਣਾ ਨਹੀਂ ਲਿਆ, ਸਗੋਂ, ਉਹਦੀ ਇਸ ਕਮਜ਼ੋਰੀ ਤੇ ਤਰਸ ਆਇਆ ਹੈ ਕਿ ਰਾਗ ਵਿਚ ਰਹਿੰਦਿਆਂ ਉਹਨੂੰ ਰਾਗ ਦਾ ਨਸ਼ਾ ਨਹੀਂ। ਝੂਠੇ ਨਸ਼ੇ ਦੀ ਪਉੜੀ ਚੜ੍ਹ ਕੇ ਹੀ ਉਹ ਰਾਗ ਦੇ ਨਸ਼ੇ ਤਕ ਪਹੁੰਚ ਸਕਿਆ ਹੈ। ਅਸੀਂ ਤਾਂ ਗੁਣ-ਗਰਾਹੀ ਹਾਂ : ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ। ਗੁਣ ਕਾ ਗਾਹਕ ਨਾਨਕਾ ਵਿਰਲਾ ਕੋਈ ਹੋਇ।

ਗੁਰਬਾਣੀ ਸੰਗੀਤ ਦੀ ਗੱਲ

ਹੁਣ ਆਈਏ ਗੁਰਬਾਣੀ ਸੰਗੀਤ ਵੱਲ, ਅਰਥਾਤ ਸ਼ਬਦ-ਕੀਰਤਨ ਦੇ ਸੰਗੀਤ ਵੱਲ। ਗੁਰਬਾਣੀ ਸੰਗੀਤ ਵੱਲ ਸਤਿਗੁਰੂ ਪਰਤਾਪ ਸਿੰਘ ਜੀ ਦੀ ਵਿਸ਼ੇਸ਼ ਪ੍ਰਤੀਬੱਧਤਾ ਸੀ। ਆਪ ਜੀ ਸਮੇਂ ਦੇ ਸਤਿਗੁਰੂ ਸਨ। ਖ਼ਤਮ ਹੋ ਚੁਕੀ ਗੁਰਸਿੱਖੀ ਦੀ ਚਾਲ ਟਕਸਾਲ ਨੂੰ ਮੁੜ ਤੋਂ ਬਹਾਲ ਕੀਤਾ ਜਾ ਚੁਕਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਇਸਦੇ ਤੀਸਰੇ ਵਾਰਸ ਸਨ। ਆਪ ਜੀ ਦੇ ਸਨਮੁੱਖ ਵਿਧਾਨ ਦੀ ਪੁਸਤਕ ਮੌਜੂਦ ਸੀ—1430 ਪੰਨੇ ਦਾ ਆਦਿ ਸ੍ਰੀ ਗ੍ਰੰਥ ਸਾਹਿਬ। ਆਪ ਜੀ ਨੇ ਬਾਲ ਵਰੇਸ ਅਰਥਾਤ ਜੀਵਨ ਦੇ ਸੱਤਵੇਂ ਵਰ੍ਹੇ ਵਿਚ ਹੀ ਸੰਥਾ ਨਾਲ ਪਾਠ ਕਰਕੇ ਇਸਦੇ ਸਾਰ ਤੱਤ ਨੂੰ ਅੰਗੀਕਾਰ ਕਰ ਲਿਆ ਸੀ। ਸੋਲ੍ਹਵੇਂ ਸਾਲ ਵਿਚ ਗੁਰਗੱਦੀ ਸੁਭਾਇਮਾਨ ਹੋਣ ਤੋਂ, ਸਿੱਖ ਸਤਿਗੁਰੂਆਂ ਦੇ ਅਮਲੀ ਜੀਵਨ ਦੀ ਕਠਿਨਕਾਰ ਆਪ ਜੀ ਦੇ ਸਾਹਵੇਂ ਸੀ : ਗੁਰਸਿੱਖੀ ਦੀ ਸੰਭਾਲ ਪ੍ਰਤੀਪਾਲ ਦੇ ਨਾਲ ਨਾਲ ਆਪਣਾ ਆਦਰਸ਼ ਜੀਵਨ ਵਿਸ਼ਾਲ ਸਿੱਖੀ ਦੇ ਸਨਮੁੱਖ ਜੀਉਣਾ। ਏਥੇ, "ਗਗਾ ਗੋਬਿੰਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ। ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ।" ਮੰਨ ਕੇ ਭਜਨ ਸਿਮਰਨ ਕਰਨਾ ਅਤੇ ਕਰਵਾਣਾ ਸੀ। ਨਾਲ ਹੀ "ਸਗਲ ਧਰਮ ਮਹਿ ਗ੍ਰਿਹਸਤ ਪ੍ਰਧਾਨ" ਦੀਆਂ ਸੰਸਾਰਕ ਜ਼ਿੰਮੇਵਾਰੀਆਂ ਨੂੰ ਕੁਸ਼ਲਤਾ ਪੂਰਵਕ ਨਜਿੱਠਣਾ ਸੀ। ਚਾਰ ਵਾਰ ਤਾਂ ਨਾਮਧਾਰੀਆਂ ਤੋਂ ਆਪ ਜੀ ਨੇ ਆਦਿ ਗ੍ਰੰਥ ਜੀ ਦੇ ਸਵਾ ਸਵਾ ਲੱਖ ਪਾਠ ਕਰਵਾਏ। ਇਕੱੜ-ਦੁੱਕੜ ਪਾਠਾਂ ਦੀ ਸੰਖਿਆ ਵੀ ਲੱਖਾਂ ਤੀਕ ਪਹੁੰਚ ਗਈ।

ਏਨੇ ਪਾਠਾਂ ਸਮੇਂ ਇਹ ਗੱਲ ਕਿਵੇਂ ਭੁਲ ਜਾਂਦੀ ਕਿ 'ਜਪੁਜੀ' ਤੋਂ ਅੱਗੇ ਗੱਲ ਰਾਗਾਂ ਨਾਲ ਹੀ ਤੁਰਦੀ ਹੈ : 'ਸੋਦਰੁ' ਰਾਗੁ ਆਸਾ ਮਹਲਾ 1, ਚੌਥੇ ਸਤਿਗੁਰਾਂ ਦੀ ਬਾਣੀ, 'ਸੋ ਪੁਰਖੁ' ਵੀ ਆਸਾ ਰਾਗ ਵਿਚ, ਅੱਗੇ 'ਸੋਹਿਲਾ' ਰਾਗ ਗਉੜੀ ਦੀਪ ਕੀ ਵਿਚ ਪਹਿਲੇ ਸਤਿਗੁਰਾਂ ਦੀ ਬਾਣੀ ਆ ਗਈ। ਨਿਤਨੇਮ ਦੀਆਂ ਬਾਣੀਆਂ ਤੋਂ ਅੱਗੇ ਵੱਖਰੇ ਸਿਰਲੇਖ ਨਾਲ 'ਰਾਗੁ ਸਿਰੀ ਰਾਗੁ ਮਹਲਾ ਪਹਿਲਾ ਘਰੁ 1' ਤੋਂ ਹੀ

'ਮੋਤੀ ਤ ਮੰਦਰ ਊਸਰਹਿ' ਤੁਰਦਾ ਹੈ, ਤਾਂ ਕੋਈ ਸਤਿਗੁਰੂ ਆਪਣੀ ਇਸ ਧਰੋਹਰ ਤੋਂ ਬੇਪਛਾਣ ਕਿਵੇਂ ਰਹਿ ਸਕਦਾ ਹੈ।

20–22 ਸਾਲ ਦੀ ਆਯੂ ਤੋਂ ਹੀ ਸਤਿਗੁਰੂ ਪਰਤਾਪ ਸਿੰਘ ਜੀ ਰਾਗਦਾਰੀ ਵੱਲ ਗੰਭੀਰ ਤੌਰ ਤੇ ਰੁਚਿਤ ਹੋ ਗਏ। ਆਉਂਦੇ ਦੋ ਚਾਰ ਸਾਲਾਂ ਵਿਚ ਨਿਤ ਗੰਵੇਂ ਜਾਣ ਵਾਲੇ ਰਾਗਾਂ ਦੀ ਪਹਿਚਾਣ ਆਪ ਜੀ ਨੂੰ ਹੋ ਗਈ। ਫੇਰ, ਰਾਗੀਆਂ ਰਬਾਬੀਆਂ ਨਾਲ ਕਿਉਂ ਕਿੰਤੂ ਵੀ ਹੋਣ ਲੱਗ ਪਈ।

ਸ਼ਬਦ ਸ਼ੁਧੀ ਨੂੰ ਪ੍ਰਮੁਖਤਾ

ਅੱਜ ਡੇਢ ਕਰੋੜ ਤੱਕ ਦੀ ਗਿਣਤੀ ਦਾ ਸਿੱਖ ਗੁਰਬਾਣੀ ਸ਼ਬਦਾਂ ਦੇ ਸ਼ੁਧ ਉਚਾਰਣ ਵੱਲ ਬਹੁਤ ਘੱਟ ਧਿਆਨ ਦਿੰਦਾ ਹੈ। ਜਦੋਂ ਵੀ ਕਦੇ ਗੁਰਦੁਆਰਿਆਂ ਵਿਖੇ ਵਿਆਹਾਂ ਸ਼ਾਦੀਆਂ ਸਮੇਂ ਆਉਣ ਜਾਣ ਹੁੰਦਾ ਹੈ ਤਾਂ ਸ਼ਬਦ-ਪਾਠ ਦੀ ਅਸ਼ੁਧਤਾ ਬੜੀ ਰੜਕਦੀ ਹੈ। ਪਾਠੀ ਜਨ ਬੇਫਿਕਰੀ ਨਾਲ ਲੱਗ ਮਾਤਰਾ ਰਹਿਤ ਪਾਠ ਕਰਕੇ ਸਰੋਤਿਆਂ ਨੂੰ ਸੰਤੁਸ਼ਟੀ ਬਖ਼ਸ਼ਦੇ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਨਾਮਧਾਰੀ ਮਹਾ-ਵਿਦਿਆਲਾ ਸਥਾਪਤ (1928 ਈ:) ਕਰਕੇ, ਉਸਦੇ ਵਿੱਦਿਆਰਥੀਆਂ ਨੂੰ ਸ਼ੁਧ ਪਾਠ ਅਰਥਾਤ ਲੱਗ ਮਾਤਰ ਦੇ ਪੂਰੇ ਉਚਾਰਨ ਦੁਆਰਾ ਪਾਠ ਵਿਧੀ ਸਿਖਲਾਈ। ਹੁਣ ਸੁਆਲ ਪੈਦਾ ਹੋ ਗਿਆ ਕਿ ਰਾਗਾਂ ਦੀ ਸੁਰ ਸ਼ੁਧਤਾ ਦਾ ਖਿਆਲ ਰੱਖਦਿਆਂ ਕੀਰਤਨ ਸਮੇਂ ਗੁਰਬਾਣੀ ਦੇ ਸ਼ਬਦ ਸਲੋਕਾਂ ਦਾ ਉਚਾਰਣ ਵੀ ਸਾਫ਼, ਸਪੱਸ਼ਟ ਅਤੇ ਸਹੀ ਹੋਵੇ!

ਭੈਣੀ ਸਾਹਿਬ ਨਾਮਧਾਰੀ ਮਹਾਵਿਦਿਆਲਾ ਦੇ ਸੰਗੀਤ ਵਿਦਿਆਰਥੀਆਂ ਨੂੰ ਤਿੰਨ ਸ਼ੁਧੀਆਂ ਦਾ ਇਕੋ ਵੇਲੇ ਧਿਆਨ ਰੱਖਣਾ ਪੈਂਦਾ। ਪਹਿਲੇ ਰਾਗ ਸ਼ੁਧੀ, ਦੂਜੇ ਸ਼ਬਦ ਸ਼ੁਧੀ ਅਤੇ ਤੀਜੇ ਲੈਅ ਤਾਲ ਦੀ ਸ਼ੁਧੀ। ਅਰਥਾਤ ਜਿਸ ਲੈਅ ਤੋਂ ਸਥਾਈ ਸ਼ੁਰੂ ਕੀਤੀ ਸੀ, ਆਭੋਗ ਤੋਂ ਉਤਰ ਕੇ ਮੁੜ ਸਥਾਈ ਪਹਿਲੇ ਵਾਲੀ ਲੈਅ ਵਿਚ ਹੋਵੇ। ਮਿਸਤਰੀ ਗੰਡਾ ਸਿੰਘ ਗੁਜਰਾਂਵਾਲੇ ਵਲੋਂ ਤਿਆਰ ਕੀਤੀ ਗਈ ਮਸ਼ੀਨ ਨੇ ਸਾਨੂੰ ਇਸ ਲੈਅ ਸ਼ੁਧਤਾ, ਅਰਥਾਤ ਲੈਅ ਇਕਸਾਰਤਾ ਵਿਚ ਵੀ ਪਾਰੰਗਤ ਕਰ ਦਿੱਤਾ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਿਆ ਹੈ, ਸ੍ਰੀ ਸਤਿਗੁਰੂ ਜੀ ਜਦੋਂ ਵੀ ਭੈਣੀ ਸਾਹਿਬ ਦਰਸ਼ਨ ਦਿੰਦੇ, ਇਕ ਵੇਲੇ ਦਾ ਕੀਰਤਨ ਜਾਂ ਉਹਦਾ ਆਰੰਭ ਸੰਗੀਤ ਸਿਖਦੇ ਬੱਚਿਆਂ ਵਲੋਂ ਹੁੰਦਾ। ਸ੍ਰੀ ਸਤਿਗੁਰੂ ਜੀ ਨੂੰ ਅਤੇ ਸਾਨੂੰ ਵੀ ਆਮ ਰਾਗੀਆਂ ਦੁਆਰਾ ਉਚਾਰੇ ਜਾਂਦੇ ਅਸ਼ੁਧ ਸ਼ਬਦ ਬੜੇ ਰੜਕਦੇ। ਹੁਣ ਤਕ ਇਕ ਗੱਲ ਤਾਂ ਹੋ ਹੀ ਗਈ ਹੈ ਕਿ ਕੀਰਤਨ ਦੀ ਲੈਅ ਤਾਲ ਦੀ ਪੂਰਤੀ ਹਿਤ ਵਰਤੇ ਜਾਂਦੇ ਅਨਉਪ-ਯੋਗੀ ਸ਼ਬਦ ਅਲੋਪ ਹੋ ਗਏ ਹਨ।

ਨਾਮਧਾਰੀ ਵਿਦਿਆਲਾ ਇਕ ਆਸ਼ਰਮ

ਨਾਮਧਾਰੀ ਮਹਾ ਵਿਦਿਆਲਾ ਸ੍ਰੀ ਭੈਣੀ ਸਾਹਿਬ ਪੌਰਾਣਿਕ ਸਮਿਆਂ ਵਾਲਾ ਇਕ ਆਸ਼ਰਮ ਹੀ ਸੀ। ਇਸ ਦੇ ਵਿਦਿਆਰਥੀਆਂ ਨੂੰ ਬਾਰਾਂ ਸਾਲਾਂ ਵਾਸਤੇ ਨਾ ਆਪਣੇ ਪਿੰਡਾਂ ਘਰਾਂ ਨੂੰ ਜਾਣ ਦੀ ਆਗਿਆ ਸੀ ਅਤੇ ਨਾ ਹੀ ਇਹ ਸਕੂਲ ਖੇਤਰ 'ਚੋਂ ਨਿਕਲ ਭੈਣੀ ਸਾਹਿਬ ਡੇਰੇ ਜਾਂ ਪਿੰਡ ਵਿਚ ਜਾ ਸਕਦੇ ਸਨ। ਭੈਣੀ ਸਾਹਿਬ ਦੀ ਉੱਤਰੀ ਬਾਹੀ ਅਤੇ ਰਾਮ ਸਰੋਵਰ ਤੋਂ ਅੱਗੇ ਵਿਦਿਆਲੇ ਦਾ ਇਲਾਕਾ ਸ਼ੁਰੂ ਹੁੰਦਾ ਸੀ, ਜਿਹੜਾ ਪਿੰਡ ਦੇ ਖੇਤਾਂ ਤਕ ਜਾ ਕੇ ਹੀ ਮੁਕਦਾ। ਇਲਾਕਾ ਬੰਦੀ ਦਾ ਨੇਮ ਸੰਗੀਤ ਸਿਖਦੇ ਬੱਚਿਆਂ ਤੇ ਵੀ ਲਾਗੂ ਹੋਣ ਕਰਕੇ, ਬਾਹਰ ਦੇ ਗਵੱਈਆਂ ਜਾਂ ਸ਼ਬਦ-ਕੀਰਤਨ ਕਰਨ ਵਾਲਿਆਂ ਨਾਲ ਨਾ ਮੁਕਾਬਲਾ ਹੋ ਸਕਦਾ ਅਤੇ ਨਾ ਹੀ ਉਨ੍ਹਾਂ ਨੂੰ ਸੁਣਿਆ ਜਾ ਸਕਦਾ ਸੀ। ਇਸ ਗੱਲ ਨੂੰ ਉਸਤਾਦ ਭਾਈ ਹਰਨਾਮ ਜੀ ਚਵਿੰਡਾ ਕਾਫ਼ੀ ਮਹਿਸੂਸ ਕਰਦੇ, ਪਰ ਨੇਮ ਤਾਂ ਨੇਮ ਹੀ ਸੀ।

ਇਸ ਸਕੂਲ ਦੇ ਬੱਚੇ ਉਸਤਾਦ ਹਰਨਾਮ ਸਿੰਘ ਜੀ ਤੋਂ ਪ੍ਰਮੁਖ ਰੂਪ ਵਿਚ ਸ਼ਬਦ ਗਾਇਨ ਸਿਖਦੇ। ਉਸਤਾਦ ਊਧੋ ਖਾਂ ਸਾਹਿਬ ਅਤੇ ਇਹਨਾਂ ਦੇ ਵੱਡੇ ਲੜਕੇ ਉਸਤਾਦ ਰਹੀਮ ਬਖ਼ਸ਼ ਤੋਂ ਸ਼ਾਸਤਰੀ ਸੰਗੀਤ ਦੀਆਂ ਬੰਦਸ਼ਾਂ ਹਾਸਲ ਕਰਦੇ। ਇਹ ਦੋਵੇਂ ਪਿਤਾ ਪੁੱਤਰ ਗਾਇਕੀ ਦੇ ਤਲਵੰਡੀ ਘਰਾਣੇ ਨਾਲ ਸੰਬੰਧਤ ਸਨ। ਧੁਰਪਦੀ, ਖਿਆਲ, ਠੁਮਰੀ ਆਦਿ ਗਾਇਨ ਅੰਗ ਵੀ ਇਹੋ ਸਿਖਾਂਦੇ।

ਜਦੋਂ ਕੋਈ ਵਿਸ਼ੇਸ਼ ਵਿਅਕਤੀ, ਰਾਗ ਦਾ ਜਾਣਕਾਰ ਜਾਂ ਨੀਤੀਵੇਤਾ ਤਕ ਵੀ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਆਉਂਦਾ ਤਾਂ ਬੱਚਿਆਂ ਦਾ ਸੰਗੀਤ ਉਸਨੂੰ ਜ਼ਰੂਰ ਸੁਣਾਇਆ ਜਾਂਦਾ ਪਰ ਸਾਡੇ ਪ੍ਰਮੁੱਖ ਉਸਤਾਦ ਨੂੰ ਏਨੇ ਨਾਲ ਤ੍ਰਿਪਤੀ ਨਹੀਂ ਸੀ ਹੁੰਦੀ।

ਗੁਰਮਤ ਸੰਗੀਤ ਸਮੇਲਨ

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੋ ਪ੍ਰਮੁੱਖ ਨਾਮਧਾਰੀ ਲੀਡਰ ਸਨ। ਸੰਤ ਇੰਦ੍ਰ ਸਿੰਘ ਚੱਕ੍ਰਵਰਤੀ ਅਤੇ ਸੰਤ ਨਿਧਾਨ ਸਿੰਘ ਆਲਿਮ। ਪਹਿਲਾ ਵਿਅਕਤੀ ਸਮੁਚੇ ਸਿੱਖ ਸਮਾਜ ਦੀਆਂ ਪਾਰਟੀਆਂ ਅਤੇ ਸੰਸਥਾਵਾਂ ਨਾਲ ਜੁੜਿਆ ਰਹਿੰਦਾ, ਦੂਜਾ ਵਿਦਵਾਨ ਤਾਂ ਡਾਢਾ ਸੀ ਅਤੇ ਗਾਇਨ ਕਲਾ ਦੇ ਨਾਲ ਨਾਲ ਵਕਤਾ ਵੀ ਉੱਤਮ ਕਿਸਮ ਦਾ ਸੀ ਪਰ ਉਹ ਆਮ ਕਰਕੇ ਜਨ ਸੰਪਰਕ ਤੋਂ ਦੂਰ ਰਹਿੰਦਾ। ਚੱਕ੍ਰਵਰਤੀ ਜੀ ਸਤਿਗੁਰੂ ਜੀ ਨੂੰ ਰੱਜਵਾਂ ਸਹਿਯੋਗ ਦਿੰਦੇ ਅਤੇ ਆਪ ਜੀ ਨੂੰ ਸਿੱਖ ਸਮਾਜ, ਹਿੰਦੂ ਜਗਤ ਅਤੇ ਮੁਸਲਿਮ ਨੇਤਾਵਾਂ ਨਾਲ ਸਾਂਝੇ ਸੂਤਰ ਉਪਲਬਧ ਕਰ, ਉਨ੍ਹਾਂ ਨਾਲ ਮਿਲਾਂਦੇ ਰਹਿੰਦੇ। ਉਹ ਅਨੇਕਾਂ ਸਮੇਲਨ, ਕਾਨਫਰੰਸਾਂ ਦਾ ਆਯੋਜਨ ਵੀ ਕਰਦੇ ਕਰਵਾਂਦੇ ਰਹਿੰਦੇ।

1933 ਵਿਚ, ਇਹਨਾਂ ਜਤਨਾਂ 'ਚੋਂ ਹੀ ਵਿਸ਼ੇਸ਼ ਗੁਰਮਤ ਸੰਗੀਤ ਸਮੇਲਨ ਸੀ। ਮੂਲ ਰੂਪ ਵਿਚ ਇਹ ਨਾਮਧਾਰੀ ਮਹਾਵਿਦਿਆਲਾ ਦੀਆਂ ਪ੍ਰਾਪਤੀਆਂ ਨੂੰ ਉੱਚ ਕੋਟੀ

ਦੇ ਗੁਣੀਆਂ, ਵਿਦਵਾਨਾਂ, ਗਾਇਕਾਂ ਅਤੇ ਨੇਤਾਵਾਂ ਸਾਹਵੇਂ ਰੱਖਣ ਦਾ ਉਪਰਾਲਾ ਸੀ। ਚੱਕ੍ਰਵਰਤੀ ਜੀ, ਮੇਰੇ ਕਲਮ ਗੁਰੂ, ਲੋਕ ਸੰਪਰਕ ਦੇ ਸਾਰੇ ਗੁਰ ਜਾਣਦੇ ਸਨ। ਵਿਸ਼ਾਲ ਪੰਜਾਬ (ਦਿੱਲੀ ਤੋਂ ਪਸ਼ੌਰ ਤਕ) ਦੇ ਸਮੁਚੇ ਸਮਾਚਾਰ ਪੱਤਰਾਂ ਨੇ ਗੁਰਮਤ ਸੰਗੀਤ ਸਮੇਲਨ ਦਾ ਖ਼ੂਬ ਪਰਚਾਰ-ਪਰਸਾਰ ਕੀਤਾ। ਇਸ ਨਾਲ ਭੈਣੀ ਸਾਹਿਬ ਦੀ ਇਨਕਲਾਬੀ ਧਰਤੀ ਦੀ ਵੀ ਆਮ ਲੋਕਾਂ ਨੂੰ ਪਛਾਣ ਹੋਈ। ਸੋ ਨਿਸਚਿਤ ਤਾਰੀਖਾਂ ਤੇ ਗੁਰਮਤ ਸੰਗੀਤ ਨੂੰ ਸੁਣਨ ਸਮਝਣ ਲਈ ਹਜ਼ਾਰਾਂ ਲੋਕ ਉਮਡ ਆਏ।

ਮੁਕਾਬਲੇ ਇਨਾਮੀ ਸਨ। ਵੱਡੀ ਮਹਾਨਤਾ ਇਸ ਗੱਲ ਦੀ ਸੀ ਕਿ ਗੁਰਬਾਣੀ ਦੇ ਗਾਇਨ ਨੂੰ ਤੁਕ ਸਿਰ ਅਤੇ ਨੇਮ ਬੱਧ ਕਿਵੇਂ ਕੀਤਾ ਜਾਵੇ। ਕਿਸ ਆਧਾਰ ਨੂੰ ਮੁੱਖ ਰੱਖ ਗੈਵਿਆ ਜਾਵੇ। ਗੁਣੀ ਵਿਦਵਾਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਸੁਝਾਵਾਂ ਤੇ ਹੇਠ ਲਿਖੇ ਆਧਾਰ ਨਿਸਚਿਤ ਕੀਤੇ :

1. ਜਿਸ ਰਾਗ ਵਿਚ ਕੋਈ ਸ਼ਬਦ, ਸਤਿਗੁਰਾਂ ਨੇ ਲਿਖਿਆ ਹੈ, ਉਸਨੂੰ ਉਸੇ ਰਾਗ ਵਿਚ, ਅਤੇ ਉਹਦੇ ਸੁਧ ਸਰੂਪ ਵਿਚ ਗੇਵਿਆ ਜਾਵੇ। ਜਿਵੇਂ, 'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।' ਸਿਰੀ ਰਾਗ ਵਿਚ ਹੀ ਸੁਣਾਇਆ ਜਾਵੇ। ਕਿਸੇ ਹੋਰ ਰਾਗ ਵਿਚ ਗਾਉਣਾ ਨੰਬਰ ਕਟਾਣ ਦੇ ਬਰਾਬਰ ਹੋਵੇਗਾ।
2. ਗੁਰਬਾਣੀ ਦਾ ਸ਼ਬਦ ਲਗ-ਮਾਤਰ ਦੀ ਸਹੀ ਵਰਤੋਂ ਕਰਦਿਆਂ ਉਚਾਰਿਆ ਜਾਵੇ। ਜਿਵੇਂ 'ਸਤਿਨਾਮੁ ਕਰਤਾ ਪੁਰਖੁ' ਨੂੰ 'ਸਤਨਾਮ ਕਰਤਾ ਪੁਰਖ' ਕਹਿਣਾ ਗ਼ਲਤ ਹੋਵੇਗਾ।
3. ਟਿਕਵੀਂ ਅਤੇ ਇਕਸਾਰ ਲੈਅ ਵਿਚ ਗਾਉਣਾ।
4. ਸ਼ਬਦ ਧੁਰਪਦ ਅੰਗ ਵਿਚ ਹੀ ਗਾਏ ਜਾਣ।
5. ਗਾਇਆ ਜਾਣ ਵਾਲਾ ਸ਼ਬਦ ਪਹਿਲਾਂ ਸੁਧ ਰੂਪ ਵਿਚ ਜ਼ਬਾਨੀ ਪੜ੍ਹਿਆ ਜਾਵੇ।
6. ਗਾਇਕੀ ਤੰਤ੍ਰ ਸਾਜ਼ਾਂ ਨਾਲ ਹੋਵੇ।

ਪ੍ਰਮੁੱਖ ਨੇਮ ਇਹੋ ਸਨ, ਹੋਰ ਨਿਕੇ ਮੋਟੇ ਇਸ ਸਮੇਂ ਧਿਆਨ ਵਿਚ ਨਹੀਂ।

ਗੁਰਮਤ ਸੰਗੀਤ ਸਮੇਲਨ ਦੇ ਜੱਜ ਸਾਹਿਬਾਨ ਪਹਿਲਾਂ ਤੋਂ ਹੀ ਨਿਸਚਿਤ ਸਨ :

1. ਭਾਈ ਕਾਨ੍ਹ ਸਿੰਘ ਨਾਭਾ, ਸੰਗੀਤ ਦੇ ਅੱਛੇ ਜਾਣਕਾਰ ਅਤੇ ਸਿੱਖ ਜਗਤ ਦੇ ਮਹਾਨ ਵਿਦਵਾਨ।
2. ਸ. ਮੁਕੰਦ ਸਿੰਘ, ਅੰਬਾਲਾ—ਸ਼ਾਸਤਰੀ ਗਾਇਨ ਅਤੇ ਗੁਰਮਤ ਦੇ ਅੱਛੇ ਜਾਣਕਾਰ।
3. ਸੰਤ ਹੀਰਾ ਸਿੰਘ ਜੀ ਅਤੇ
4. ਬਾਬਾ ਨਿਹਾਲ ਸਿੰਘ ਜੀ।

ਸਤਿਗੁਰੂ ਜੀ ਨੇ ਜਿਹੜੇ ਪਹਿਲੇ, ਦੂਜੇ, ਤੀਜੇ ਦਰਜੇ ਦੇ ਇਨਾਮ ਰੱਖੇ ਉਹ ਵੀ ਯਾਦਗਾਰੀ ਨੌਈਅਤ ਰੱਖਦੇ ਸਨ। ਪਹਿਲਾ ਇਨਾਮ : ਇਕ ਵਧੀਆ ਘੋੜਾ; ਦੂਜਾ :

ਨੀਲੀ ਰਾਵੀ ਕਿਸਮ ਦੀ ਮਹਿੰ ਜੋ ਰੋਜ਼ਾਨਾ 12-14 ਕਿਲੋ ਦੁੱਧ ਦਿੰਦੀ ਸੀ। ਤੀਜਾ : ਸਾਹੀਵਾਲ ਨਸਲ ਦੀ ਇਕ ਚੰਗੀ ਦੁਧੈਲ ਗਊ।

ਅੱਜ ਇਹ ਨਹੀਂ ਯਾਦ ਕਿ ਇਸ ਇਨਾਮੀ ਮੁਕਾਬਲੇ ਵਿਚ ਕਿੰਨੇ ਕੀਰਤਨਕਾਰ ਭਾਗ ਲੈਣ ਹਿਤ ਪਹੁੰਚੇ। ਪਰ, ਤਿੰਨ ਦਿਨਾਂ ਤਕ ਚਲੇ ਮੁਕਾਬਲੇ ਵਿਚ ਜ਼ਰੂਰ ਦਰਜਨਾਂ ਵਿਅਕਤੀਆਂ ਨੇ ਭਾਗ ਲਿਆ ਹੋਵੇਗਾ। ਸਤਿਗੁਰੂ ਜੀ ਦੀ ਸੁਹਿਰਦਤਾ ਦਾ ਇਹ ਹਾਲ ਕਿ ਜੱਜਾਂ ਸਾਹਵੇਂ ਗਾਉਣ ਆਏ ਹਰੇਕ ਜੋੜੇ ਨੂੰ ਇਕ ਇਕ ਲਵੇਰੀ ਗਾਂ ਬਖਸ਼ ਕੇ ਕਿਰਤਾਰਥ ਕੀਤਾ।

ਕੌਣ ਜਿੱਤਿਆ

ਆਮ ਸ਼ਰੋਤੇ ਅਤੇ ਰਾਗਾਂ ਦੇ ਜਾਣਕਾਰ ਕੀਰਤਨਕਾਰਾਂ ਦੇ ਮਿੱਠੇ ਸੁਰਾਂ ਜਾਂ ਵਿਸ਼ਵਾਸ ਨਾਲ ਗਾਉਣ ਨੂੰ ਆਪਣੇ ਵਲੋਂ 'ਫਸਟ, ਸੈਕਿੰਡ', ਕਰਦੇ ਰਹੇ ਪਰ ਜਦੋਂ ਨਤੀਜਿਆਂ ਦਾ ਐਲਾਨ ਹੋਇਆ ਤਾਂ ਸਭ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਅਸਾਂ ਬੱਚਾ ਸੰਗੀਤਕਾਰਾਂ ਪਾਸ ਬੈਠੇ ਇਕ ਪਿਉ ਪੁਤ ਨੇ ਮਾਲੀ ਜਿੱਤ ਲਈ। ਪ੍ਰਥਮ ਪੁਰਸਕਾਰ ਭਾਈ ਹਰਨਾਮ ਸਿੰਘ ਪਿੰਡ ਠੱਟਾ ਟਿੱਬਾ, ਜ਼ਿਲਾ ਕਪੂਰਥਲਾ ਵਾਲਿਆਂ ਨੂੰ ਪ੍ਰਾਪਤ ਹੋਇਆ। ਸਾਡੀ ਹੈਰਾਨੀ ਦੀ ਹੱਦ ਕੋਈ ਨਾ ਰਹੀ, ਕਿਉਂਕਿ ਅਸੀਂ ਬੱਚੇ, ਭਾਈ ਸਾਹਿਬ ਜੀ ਦੇ ਪਤਲੀ ਖੋਦੀ ਦਾੜ੍ਹੀ ਵਾਲੇ ਅਮਲੀ ਦਿਸਦੇ ਪੁੱਤਰ ਤਬਲਾ ਵਾਦਕ ਨੂੰ ਪਿਤਾ ਜੀ ਦੇ ਦਿਲਰੁਬਾ ਦੇ ਗਜ਼ ਉਤੇ ਬਰੋਜ਼ਾ ਘਸਾਉਂਦਿਆਂ ਬੜਾ ਨਾਟਕੀ ਜਿਹਾ ਅਨੁਭਵ ਕਰ ਰਹੇ ਸਾਂ ਅਤੇ ਕੱਛਾਂ-ਕਨੱਖੀਆਂ ਥਾਣੀ ਹੱਸ-ਮੁਸਕਰਾ ਰਹੇ ਸਾਂ। ਪਰ ਭਾਈ ਸਾਹਿਬ ਹਰਨਾਮ ਸਿੰਘ ਜੀ, ਜਿਨ੍ਹਾਂ ਦਾ ਓਦੋਂ ਭਰਵਾਂ, ਛੋਟਾ, ਚਿੱਟਾ ਦਾੜ੍ਹਾ ਉਨ੍ਹਾਂ ਦੀ ਬਜ਼ੁਰਗੀ ਦਾ ਅਹਿਸਾਸ ਕਰਵਾ ਰਿਹਾ ਸੀ, ਮੁਕਾਬਲੇ ਨਾਲ ਸੰਬੰਧਤ ਸਾਰੀਆਂ ਸ਼ਰਤਾਂ ਤੇ ਪੂਰੇ ਉਤਰੇ ਸਨ। ਦੂਜੇ ਦਰਜੇ ਤੇ ਬੜੇ ਮਿੱਠੇ ਕੀਰਤਨ-ਕਾਰ ਰਬਾਬੀ ਭਾਈ ਲਾਲ ਅੰਮ੍ਰਿਤਸਰੀ ਆਏ ਅਤੇ ਤੀਜਾ ਇਨਾਮ ਭਾਈ ਸਮੁੰਦ ਸਿੰਘ ਰਾਗੀ ਨਨਕਾਣਾ ਸਾਹਿਬ ਵਾਲਿਆਂ ਨੂੰ ਮਿਲਿਆ। ਇਹ ਗੁਰੂ ਨਾਨਕ ਦੇ ਦਰਬਾਰ ਦੇ ਹਜ਼ੂਰੀ ਰਾਗੀ ਸਨ।

ਇਸ ਗੁਰਮਤ ਸੰਗੀਤ ਸਮੇਲਨ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਕੀਰਤੀ ਨੂੰ ਹੋਰ ਵੀ ਵਿਸ਼ਾਲ ਖੇਤਰਾਂ ਵਿਚ ਫੈਲਾਇਆ। ਸਮੁੱਚੇ ਸਿੱਖ ਜਗਤ ਨੇ ਨਾਮਧਾਰੀਆਂ ਦੇ ਇਸ ਉੱਦਮ ਨੂੰ ਸਲਾਹਿਆ ਅਤੇ ਸਾਰੇ ਸਿੱਖ ਰਾਗੀ ਸ੍ਰੀ ਭੈਣੀ ਸਾਹਿਬ ਵਲ ਉਚੇਚੀ ਉਨਸ ਨਾਲ ਵੇਖਣ ਲੱਗੇ।

ਵੱਖ ਵੱਖ ਰੀਤ ਪ੍ਰਬੰਧ

ਇਹ ਕਾਰਜ ਵਡ ਪ੍ਰਾਪਤੀ ਸਤਿਗੁਰੂ ਜੀ ਨੇ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਕਰ ਰਖਿਆ ਸੀ ਕਿ ਆਦਿ ਗ੍ਰੰਥ ਜੀ ਵਿਚ ਦਰਜ ਰਾਗਾਂ, ਗਾਉਣ ਦੀਆਂ ਵੱਖ ਵੱਖ ਪ੍ਰਸਿਥਾਪਤ ਸੁਰ ਪੱਧਤੀਆਂ, ਜਿਵੇਂ ਪੜਤਾਲਾਂ, ਅਲਾਹਣੀਆਂ, ਛੰਤਾਂ, ਸੱਦਾਂ, ਘਰਾਂ, ਰਹਾਵਾਂ ਬਾਰੇ

ਕੋਈ ਗੱਲ ਅਣਗੌਲੀ ਨਾ ਰਹੇ। ਪਿਛੇਂ ਜਾ ਕੇ ਭਾਈ ਤਾਬਾ ਅਤੇ ਭਾਈ ਨਸੀਰ ਅੰਮ੍ਰਿਤਸਰੀ ਨੂੰ ਏਸੇ ਸੇਵਾ ਲਈ ਅਨੁਬੰਧਤ ਕੀਤਾ ਗਿਆ ਸੀ ਤਾਕਿ ਜੋ ਕੁਛ ਵੀ ਸੀਨਾ-ਬ-ਸੀਨਾ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ, ਉਹ ਸਭ ਗੁਰੂ ਕੀ ਨਿਧੀ ਵਿਚ ਸੰਮਿਲਤ ਹੋ ਜਾਵੇ।

ਜਦੋਂ ਕਿਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਅਮੁੱਲ ਭੰਡਾਰ 'ਚੋਂ ਕਦਰਦਾਨ ਗਾਇਨਾਚਾਰਯਾਂ ਅੱਗੇ ਧੁਰਪਦ, ਧਮਾਰਾਂ, ਠੁਮਰੀਆਂ ਆਦਿ ਬੰਦਸ਼ਾਂ ਖੋਲ੍ਹ ਖੋਲ੍ਹ ਰੱਖਦੇ ਹਨ ਤਾਂ ਸ਼ਰੋਤੇ ਦੁਰਲਭ ਅਤੇ ਬੇਸ਼ਕੀਮਤ ਅਦਭੁਤ ਸੰਯੋਜਨ ਨੂੰ ਸੁਣ ਅਸ਼ ਅਸ਼ ਕਰ ਉਠਦੇ ਹਨ। ਸਤਿਗੁਰੂ ਵੀ ਪਿਤਾ ਸਤਿਗੁਰੂ ਜੀ ਦੀ ਮਹਾਨ ਕਿਰਪਾ ਅੱਗੇ ਨਤਮਸਤਕ ਹੁੰਦੇ ਹਨ ਜਿਸਨੇ ਲਾਲ, ਜਵਾਹਰਾਂ ਅਤੇ ਅਨਮੋਲ ਰਤਨਾਂ ਦੇ ਢੇਰਾਂ ਦੇ ਢੇਰ ਗੁਰੂ ਕੇ ਖਜ਼ਾਨੇ ਵਿਚ ਇਕੱਤਰ ਕਰ ਬਖ਼ਸ਼ੇ ਹਨ।

ਇਕ ਵਾਰ ਪੰਜਾਬੀ ਯੂਨੀਵਰਸਿਟੀ ਦੇ ਪ੍ਰੋ: ਤਾਰਨ ਸਿੰਘ ਵਿਸ਼ੇਸ਼ ਆਗ੍ਰਹਿ ਕਰਕੇ ਸ੍ਰੀ ਸਤਿਗੁਰੂ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਤੋਂ ਅਨੇਕਾਂ ਰਤਨ ਗੀਤਾਂ-ਬੰਦਸ਼ਾਂ ਟੇਪ ਕਰਕੇ ਪੰਜਾਬ ਦੇ ਸ਼ਾਸਤਰੀ ਸੰਗੀਤ ਦੇ ਖ਼ਜ਼ਾਨੇ ਵਿਚ ਸੁਰੱਖਿਅਤ ਕਰਨ ਲਈ ਲੈ ਗਏ। (ਪਤਾ ਲਗਾ ਹੈ ਕਿ ਉਹਨਾਂ ਦੀ ਵਰਤੋਂ ਕ੍ਰਿਤਗਤਾ ਅਦਾ ਕਰਨ ਤੋਂ ਬਿਨਾ ਹੀ ਕੀਤੀ ਜਾਂਦੀ ਹੈ।)

ਇਕ ਪ੍ਰਸ਼ਨ ਗੁਰਬਾਣੀ ਸੰਗੀਤ ਖੋਜੀਆਂ ਲਈ

ਸਤਿਗੁਰੂ ਪਰਤਾਪ ਸਿੰਘ ਜੀ ਵਲੋਂ ਅੱਧੀ ਸਦੀ ਤੋਂ ਪਹਿਲਾਂ ਦੇ ਇਕ ਸਵਾਲ ਦਾ ਜਵਾਬ ਅਜੇ ਤਕ ਕੋਈ ਵਿਦਵਾਨ, ਰਾਗੀ, ਰਬਾਬੀ ਨਹੀਂ ਦੇ ਸਕਿਆ ਕਿ 'ਘਰੁ ਪਹਿਲਾ', 'ਘਰੁ ਦੂਜਾ' ਕੀ ਵਿਧਾ ਹੈ। ਆਦਿ ਗ੍ਰੰਥ ਜੀ ਵਿਚ ਪ੍ਰਯੁਕਤ ਲਗ ਭਗ ਸਮੂਹ ਰਾਗਾਂ ਦੇ ਜ਼ਿਕਰ ਨਾਲ 'ਘਰ' ਦੇ ਨੰਬਰਾਂ ਦੀ ਵਰਤੋਂ ਕੀਤੀ ਗਈ ਹੈ। ਵਾਸਤਵ ਵਿਚ ਇਹ ਘਰ ਕੀ ਹੈ? ਕੁਛ ਲੋਕਾਂ ਨੇ ਕਾਹਲੀ ਨਾਲ 'ਘਰ' ਨੂੰ 'ਤਾਲ' ਕਹਿ ਦਿੱਤਾ। ਪਰ ਜਦੋਂ 'ਘਰੁ ਪਹਿਲਾ' ਦੀ ਜਾਣਕਾਰੀ ਮੰਗੀ ਗਈ ਤਾਂ ਜਵਾਬ ਨਦਾਰਦ ਸੀ।

ਆਦਿ ਗ੍ਰੰਥ ਜੀ ਵਿਚ 17 ਘਰਾਂ ਤਕ ਅੰਕ ਜਾਂਦੇ ਹਨ। ਕੀ ਇਹ ਸਤਾਰਾਂ ਮਾਤਰਾਂ ਦਾ ਕੋਈ ਤਾਲ ਹੈ? ਤਾਂ ਫਿਰ ਘਰ ਪਹਿਲਾ ਇਕੋ ਮਾਤਰ ਦਾ ਤਾਲ ਹੈ। ਇਸ ਗੱਲ ਵਿਚ ਵਜ਼ਨ ਕੋਈ ਨਹੀਂ। 'ਘਰੁ' ਦਾ ਸਹੀ ਵਿਸ਼ਲੇਸ਼ਣ ਕੋਈ ਨਹੀਂ ਦੇ ਸਕਿਆ।

ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿਚ 'ਘਰੁ' ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਦਿੱਤੀ ਹੈ: "ਗੁਰਮਤ ਸੰਗੀਤ ਅਨੁਸਾਰ ਘਰ ਦੇ ਦੋ ਅਰਥ ਹਨ, ਇਕ ਤਾਲ ਦੂਜਾ ਸਵੱਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ। ਸ੍ਰੀ ਗੁਰੂ ਗ੍ਰੰਥ ਸ ਹਿਬ ਵਿਚ 1 ਤੋਂ 17 ਤੀਕ ਘਰ ਲਿਖੇ ਹਨ। ਇਸ ਤੋਂ ਗਵੈਯੇ ਨੂੰ ਸੂਚਨਾ

ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ ਸਵੱਰ ਪ੍ਰਸਤਾਰ ਅਨੁਸਾਰ ਗਾਓ।" ਏਥੇ ਨਾਲ ਹੀ ਇਹ ਨਿਸ਼ਾਨ * ਲਗਾ ਕੇ ਟਿੱਪਣੀ ਲਿੱਖੀ ਗਈ ਹੈ, "ਸ਼ੋਕ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੱਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੇ ਘਰ (ਸਵੱਰ ਪ੍ਰਸਤਾਰ) ਹੁਣ ਰਾਗੀ ਭੁਲਾ ਬੈਠੇ ਹਨ।" ਪਰ ਭਾਈ ਸਾਹਿਬ ਕਾਨ੍ਹ ਸਿੰਘ ਜੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ 'ਘਰ' ਦੇ ਮਾਮਲੇ ਵਿਚ ਸੰਤੁਸ਼ਟ ਨਹੀਂ ਸਨ ਕਰ ਸਕੇ। ਕਿਉਂਕਿ, ਏਥੇ 'ਘਰ' ਦੇ ਅਰਥਾ ਨਹੀਂ ਚਲ ਸਕਦਾ। ਨਾ ਇਹ 'ਤਾਲ' ਨਾਲ ਵਾਟਾ ਖਾਂਦਾ ਹੈ ਨਾ ਹੀ ਸਵੱਰ ਨਾਲ—'ਘਰੁ ਪਹਿਲਾ' ਤੋਂ ਹੀ ਸ਼ੰਕੇ ਉਤਪਨ ਹੋ ਜਾਂਦੇ ਹਨ।

ਅੱਜ ਦੇ ਜ਼ਮਾਨੇ ਵਿਚ ਤਾਂ ਕੀਰਤਨ ਦਰਬਾਰਾਂ ਦੀ ਭਰਮਾਰ ਰਹਿੰਦੀ ਹੈ ਪਰ 1933 ਈ. ਵਿਚ ਸਿੱਖ ਜਗਤ ਅੰਦਰ ਗੁਰਮਤ ਸੰਗੀਤ ਸਮੇਲਨ ਪਹਿਲਾ ਹੀ ਸਫ਼ਲ ਪ੍ਰਯਤਨ ਸੀ, ਜਿਥੇ ਗੁਰਬਾਣੀ ਵਿਚ ਆਏ ਸਾਰੇ ਸੰਕੇਤਕ ਸ਼ਬਦਾਂ ਉਤੇ ਵਿਚਾਰ ਵਟਾਂਦਰੇ ਹੋਏ।

ਸਟੀਲ ਤਾਰਾਂ ਵਿਚੋਂ ਜਲ ਤਰੰਗ

ਨਾਮਧਾਰੀ ਸਮਾਜ ਪ੍ਰਤੀ ਅਤੇ ਸਿੱਖ ਸਮੂਹ ਦੇ ਮਸਲਿਆਂ ਵੱਲ ਗਹਨ ਧਿਆਨ ਰੱਖਦਿਆਂ ਵੀ ਸਤਿਗੁਰੂ ਸੰਗੀਤ ਨਾਲ ਅੰਦਰੋਂ ਏਨੇ ਜੁੜੇ ਹੋਏ ਸਨ ਕਿ ਦੋ ਵੇਲੇ ਦੇ ਕੀਰਤਨ ਦੀਵਾਨਾਂ ਦੀਆਂ ਲੰਮੀਆਂ ਬੈਠਕਾਂ ਭਾਗ ਕੇ ਵੀ, ਪ੍ਰਬੰਧਕੀ ਕਾਰਜਾਂ ਵਲੋਂ ਥੋੜ੍ਹਾ ਸਮਾਂ ਮਿਲਣ ਤੇ ਰਾਤਰੀ ਵਿਸ਼ਰਾਮ ਤੋਂ ਪਹਿਲੋਂ ਸਾਹਿਬਜ਼ਾਦਿਆਂ ਅਤੇ ਸੰਗੀਤ ਸਿਖਿਆਰਥੀਆਂ ਨੂੰ ਬੁਲਾ ਕੇ ਸ਼ਾਸਤਰੀ ਗਾਇਨ ਵਾਦਨ ਸੁਣਦੇ।

ਇਕ ਚੀਜ਼ ਸਾਡੇ ਉਸਤਾਦ ਹਰਨਾਮ ਸਿੰਘ ਚਵਿੰਡਾ ਦੀ ਪੈਦਾਵਾਰ ਹੈ, ਦਿਲਰੁਬਾ ਨੂੰ ਜਲ ਤਰੰਗ ਵਾਂਗ ਵਜਾਉਣਾ। ਅੱਜ ਦਾ ਪ੍ਰਸਿਧ ਕਸ਼ਮੀਰੀ ਸਾਜ਼ ਸੰਤੂਰ (ਸੌ ਤਾਰਾਂ ਵਾਲਾ) ਓਦੋਂ ਅਜੇ ਕਸ਼ਮੀਰੀ ਖ਼ਿਤੇ ਵਿਚ ਹੀ ਪ੍ਰਚਲਤ ਸੀ। ਦਿਲਰੁਬਾ ਦੇ, ਨਹੁੰਆਂ ਦੁਆਰਾ ਤਰਬ ਵਾਦਨ ਦੀ ਸੰਤੂਰ ਵਾਦਨ ਨਾਲ ਤੁਲਨਾ ਵਧੇਰੇ ਯੋਗ ਰਹੇਗੀ। ਸੰਤੂਰ ਨੂੰ 'ਕਲਮਾਂ' (ਲਕੜੀ ਦੀਆਂ ਬਾਰੀਕ ਛੜਾਂ) ਨਾਲ ਛੇੜ ਕੇ ਸੁਰੀਲੀ ਅਤੇ ਸੁੰਦਰ ਸਵੱਰ ਰਚਨਾ ਕੀਤੀ ਜਾਂਦੀ ਹੈ। ਪਰ ਏਥੇ ਦਿਲਰੁਬਾ ਦੀਆਂ ਸੁਰ ਹੋਈਆਂ ਤਰਬਾਂ ਨੂੰ ਪੋਟਿਆਂ ਦੇ ਨਹੁੰਆਂ ਦਾ ਟਕੋਰ ਨਾਲ ਰਾਗ ਰਚਨਾ ਦਾ ਆਨੰਦ ਲਿਆ ਜਾਂਦਾ ਹੈ।

ਦਿਲਰੁਬਾ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਆਪ ਵੀ ਬ-ਖ਼ੂਬੀ ਵਜਾ ਲੈਂਦੇ ਸਨ ਪਰ ਵਰਤਮਾਨ ਸਤਿਗੁਰੂ ਜੀ ਤੋਂ ਤਰੰਬ ਵਾਦਨ ਦਾ ਇਹ ਨਵੇਲਾ ਤਰੀਕਾ ਹਰਮੌਜ ਦੇ ਸਮੇਂ ਜ਼ਰੂਰ ਸਰਵਣ ਕੀਤਾ ਜਾਂਦਾ। ਇਹ ਕਲਾ ਉਸ ਵੇਲੇ ਦੇ 'ਬੇ ਅੰਤ ਜੀ' (ਵਰਤਮਾਨ ਸਤਿਗੁਰਾਂ ਦਾ ਬਾਲ ਕਾਲ ਦਾ ਨਾਮ) ਉਸਤਾਦ ਭਾਈ ਹਰਨਾਮ ਸਿੰਘ ਜੀ ਤੋਂ ਭਲੀ ਪਰਕਾਰ ਸਿਖੀ ਹੋਈ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਵਰਤਮਾਨ) ਨੇ ਕਿਨ੍ਹਾਂ ਸ਼ਕਤੀਆਂ ਨਾਲ,

ਸੰਗੀਤ ਜਗਤ ਵਿਚ ਕਿਵੇਂ ਧੁੰਮਾਂ ਪਾਈਆਂ ਹਨ, ਇਹ ਵੱਖਰਾ ਵਿਸ਼ਾ ਹੈ ਪਰ ਇਸਦੇ ਪਿਛੇ ਪੂਰਵ ਸਤਿਗੁਰੂ ਦੀ ਇੱਛਾ ਅਕਾਂਖਿਆ ਅਤੇ ਕਿਰਪਾ ਹੀ ਕੰਮ ਕਰ ਰਹੀ ਹੈ।

1933 ਈ. ਤੋਂ ਸਤਿਗੁਰੂ ਜੀ ਨੇ ਸੰਗੀਤ ਸਿਖਦੇ ਬੱਚਿਆਂ ਨੂੰ ਵਿਸ਼ੇਸ਼ ਸਮਾਗਮਾਂ ਤੇ ਭੈਣੀ ਸਾਹਿਬ ਤੋਂ ਬਾਹਰ ਜਾ ਆਉਣ ਦੀ ਆਗਿਆ ਵੀ ਦੇ ਦਿੱਤੀ। ਲਾਹੌਰ, ਦਿੱਲੀ, ਸ਼ਿਮਲਾ ਅਤੇ ਵਿਭਿੰਨ ਪ੍ਰਾਂਤਾਂ ਵਿਚ ਵੀ ਕਦੇ ਕਦੇ ਸਾਹਿਬਜ਼ਾਦਿਆਂ ਸਮੇਤ ਸੰਗੀਤ ਸਿਖਦੇ ਬੱਚੇ ਪਹੁੰਚਦੇ ਅਤੇ ਸਿੱਖਾਂ ਵਿਚ ਸ਼ਾਸਤਰੀਅਤਾ ਦੀ ਨਿਧੀ ਦਾ ਝਲਕਾਰਾ ਪੁਆਂਦੇ !

ਰਬਾਬੀਆਂ ਨਾਲ ਨੇੜਤਾ

1942 ਵਿਚ ਇਕ ਵਾਰ ਫੇਰ ਆਪ ਨੇ ਰਬਾਬੀਆਂ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ। ਉਨ੍ਹਾਂ ਨਾਲ ਨਵੇਕਲੀ ਕਿਸਮ ਦੀ ਬੈਠਕ ਕੀਤੀ ਜਿਸਦਾ ਮਨੋਰਥ ਸੀ ਪੁਰਾਣੀਆਂ ਸ਼ਬਦ-ਰੀਤਾਂ ਦੀ ਸੰਭਾਲ ਅਤੇ ਦੇਖ ਭਾਲ। ਭਾਈ ਮੋਤੀ, ਭਾਈ ਸੁੰਦਰ ਅਤੇ ਸੁਹਣਾ, ਭਾਈ ਬਗੀਚਾ, ਭਾਈ ਜੈਮਲ, ਭਾਈ ਅਬਦੁਲ ਹੱਕ, ਭਾਈ ਹੈਦਰ, ਭਾਈ ਤਾਬਾ, ਭਾਈ ਦੇਸਾ, ਭਾਈ ਅਨਾਇਤ। ਪਖਾਵਜ ਮੁੱਖੀ ਭਾਈ ਨਸੀਰ, ਭਾਈ ਸੰਤੂ ਅਤੇ ਭਾਈ ਰੱਖਾ। ਇਹਨਾਂ ਨੂੰ ਆਪਣੇ ਸਕੂਲ ਦੇ ਬੱਚਿਆਂ ਦੁਆਰਾ ਸ਼ਬਦ-ਬੰਦਸ਼ਾਂ ਸੁਣਾ ਕੇ ਉਪਰੰਤ ਇਹਨਾਂ ਗੁਰਮਤ ਕੀਰਤਨੀਆਂ ਨੂੰ ਸਰਵਣ ਕੀਤਾ। ਅਨੇਕਾਂ ਅਮੋਲ ਅਤੇ ਦੁਰਲਭ ਰੀਤਾਂ ਸੁਣ ਕੇ ਸਤਿਗੁਰੂ ਨਿਹਾਲ ਹੋਏ। ਇਹਨਾਂ ਨੂੰ ਆਪਣੀ ਬਰਾਦਰੀ ਦੱਸਿਆ, ਇਹਨਾਂ ਦੀ ਕਲਾ ਨੂੰ ਰੱਬ ਦੀ ਅਤੇ ਆਪਣੀ ਖ਼ੁਰਾਕ ਆਖਿਆ। ਖ਼ੂਬ ਸੇਵਾ ਸਤਿਕਾਰ ਹੋਏ।

ਰਬਾਬੀਆਂ ਵਿਚੋਂ ਇਕ ਬਜ਼ੁਰਗ ਨੇ ਸਾਰਿਆਂ ਦੀ ਪ੍ਰਤੀਨਿਧਤਾ ਕੀਤੀ : ਸੱਚੇ ਪਾਤਸ਼ਾਹ, ਅਸੀਂ ਤਾਂ ਮਰ ਹੀ ਚੱਲੇ ਸਾਂ। "ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ। ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ।" ਦੀਨ ਦਿਆਲ, ਅੱਜ ਕੌਣ ਸੁਣਦੈ ਇਹਨਾਂ ਪੁਰਾਤਨ ਪਰ ਕੀਮਤੀ ਬੰਦਸ਼ਾਂ ਨੂੰ। ਗੁਰਦੁਆਰਿਆਂ ਵਿਚ ਰਾਗੀ 3-4 ਸੁਰਾਂ ਵਿਚ ਹੀ ਸੌਖੇ ਸੌਖੇ ਸ਼ਬਦ ਰਮ ਲੈਂਦੇ ਹਨ। ਬਿਨਾ ਸੇਵਾ ਕੀਤਿਆਂ, ਬਿਨਾ ਚੋਰ ਲਾਇਆਂ, ਬਿਨਾ ਉਸਤਾਦਾਂ ਦੀ ਮਾਰ ਖਾਧਿਆਂ ਅਤੇ ਬਿਨਾ ਰਾਤ ਦਿਨ ਦਾ ਰਿਆਜ਼ ਕੀਤਿਆਂ ਸੰਗੀਤ ਵਰਗੀ ਅਮੀਰ ਵਸਤੂ ਹੱਥ ਲਗ ਸਕਦੀ ਹੈ? ਤੁਸੀਂ ਗੁਰੂ ਨਾਨਕ ਰੂਪ ਆਏ ਹੋ। ਸਾਡੀ ਬਾਹੁੜੀ ਸੁਣੀ ਗਈ ਹੈ।

ਸਤਿਗੁਰੂ ਜੀ ਬੋਲੇ : ਨਾ, ਤੁਸੀਂ ਕਾਹਨੂੰ ਮਰੋ। ਜੁਗ ਜੁਗ ਜੀਓ। ਰਾਗ ਤਾਂ ਰੱਬ ਦੀ ਖੁਰਾਕ ਹੈ। ਦੁਨੀਆਂ ਭਰ ਵਿਚ ਹੋਰ ਤਾਂ ਰੌਲਾ ਹੀ ਰੌਲਾ ਹੈ। ਸੁਖ ਅਤੇ ਆਨੰਦ ਦਾ ਮੰਬਾ ਤਾਂ ਸੰਗੀਤ ਹੀ ਹੈ। ਨਾ ਇਹ ਮਰਦਾ ਹੈ, ਨਾ ਮਰਨਾ ਹੈ। ਤੁਸੀਂ ਵੀ ਕਾਹਨੂੰ ਮਰੋ ਮੁਕੋ। ਤੁਹਾਡੇ ਕੋਲ ਅਮਰ ਵਸਤੂ ਹੈ। ਸਤਿਗੁਰੂ ਭਲੀ ਕਰੇਗਾ।

ਗੁਣੀ ਰਬਾਬੀਆਂ ਨਾਲ ਸ਼ੁਰੂ ਹੋ ਗਿਆ । ਅਤੇ ਇਹਨਾਂ 'ਚੋਂ ਮੱਖਣ ਭਾਈ ਤਾਬਾ ਅਤੇ ਭਾਈ ਨਸੀਰ ਸਾਹਿਬਜ਼ਾਦਿਆਂ ਲਈ ਉਸਤਾਦ ਨਿਸਚਿਤ ਹੋ ਗਏ ।

ਸਤਿਗੁਰੂ ਜੀ ਦੇ ਜੀਵਨ ਵਿਚ ਐਸੇ ਮਸਤੀ ਭਰੇ ਪਲ ਅਨੇਕਾਂ ਵਾਰ ਆਉਂਦੇ ਜਦੋਂ ਸੰਗੀਤ ਜਾਂ ਗੁਰਮਤ ਸੰਗੀਤ ਸਿਰਜੇ ਹਾਰਦਿਕ ਸੁਖ ਨਾਲ ਆਪ ਆਤਮ ਵਿਭੋਰ ਹੋ-ਹੋ ਜਾਂਦੇ ।

ਅੰਤਿਕਾ

ਸੱਚੇ ਪਾਤਸ਼ਾਹ ਸਤਿਗੁਰੂ ਪਰਤਾਪ ਸਿੰਘ ਜੀ ਰਬਾਬੀਆਂ ਨਾਲ ਬੈਠਕ ਪਿਛੋਂ 17 ਸਾਲ ਹੋਰ ਸਰਗਰਮ ਜੀਵਨ ਵਿਚ ਰਹੇ । ਸਰਸਾ ਜ਼ਿਲੇ ਵਿਚ ਸੈਂਕੜੇ ਮੁਰੱਬੇ ਜ਼ਮੀਨ ਖ਼ਰੀਦੀ, ਸਾਧ ਸੰਗਤ ਵਿਚ ਉਹਦੀ ਵੰਡ ਕੀਤੀ । ਪਾਕਿਸਤਾਨ ਬਣਿਆ । ਸਿੱਖ ਹਿੰਦੂ ਓਧਰੋਂ ਉਜੜ ਕੇ ਏਧਰ ਆਏ । ਨਾਮਧਾਰੀ ਸਿੱਖਾਂ ਦਾ ਏਧਰ ਮੁੜ ਵਸੇਬੇ ਦਾ ਪ੍ਰਬੰਧ ਕੀਤਾ । ਹਜਾਰਾਂ ਸਿੱਖਾਂ ਨੂੰ ਗੁਰੂ ਕੇ ਲੰਗਰ ਨੇ ਪਨਾਹ ਦਿੱਤੀ । ਪਾਕਿਸਤਾਨ ਰਹਿ ਗਈਆਂ ਜ਼ਮੀਨਾਂ ਦਾ ਸਿੱਖਾਂ ਨੂੰ, ਆਪਣੇ ਖਰਚ ਤੇ, ਏਧਰ ਤਬਾਦਲੇ ਦਾ ਬੰਦੋਬਸਤ ਕਰਕੇ ਦਿੱਤਾ । ਮੁੜ ਆਬਾਦੀ ਦਾ ਏਨਾ ਸੁਚੱਜਾ ਇੰਤਜ਼ਾਮ ਕੀਤਾ ਕਿ ਅੱਜ ਪੰਜ ਏਕੜ ਦਾ ਮਾਲਿਕ ਵੀ ਵਧੀਆ ਗੁਜ਼ਰ ਬਸਰ ਕਰ ਰਿਹਾ ਹੈ । 2000 ਤੋਂ ਵੱਧ ਏਕੜ ਜ਼ਮੀਨ ਗ਼ਰੀਬ ਸਿੱਖਾਂ ਵਿਚ ਮੁਫ਼ਤ ਤਕਸੀਮ ਕੀਤੀ । ਮਿਹਨਤੀ ਅਤੇ ਸੋਚਵਾਨ ਕਿਸਾਨਾਂ ਨੇ ਪੰਜਾਂ ਤੋਂ ਬਾਰਾਂ ਏਕੜ ਤਕ ਜ਼ਮੀਨ ਬਣਾ ਲਈ ਹੈ । ਇਤਿ-ਆਦਿ ਸਤਿਗੁਰੂ ਜੀ ਦੇ ਕਾਰਜ ਖੇਤਰ ਦੇ ਅਨੇਕਾਂ ਪੱਖ ਹਨ—ਪ੍ਰੰਤੂ ਸੰਗੀਤ ਅਤੇ ਖਾਸ ਕਰ ਗੁਰਮਤ ਸੰਗੀਤ ਪ੍ਰਤੀ ਆਪ ਜ਼ਿੰਦਗੀ ਦੇ ਅੰਤਮ ਛਿਣ ਤਕ ਸੰਜੀਦਾ ਰਹੇ । ਨਾ ਦੋ ਵੇਲੇ ਦਾ ਕੀਰਤਨ ਕਦੇ ਖੁੰਝਿਆ ਅਤੇ ਨਾ ਹੀ ਸ਼ਾਸਤਰੀ ਸੰਗੀਤ ਦੀ ਅਮਰਤਾ ਦਾ ਆਨੰਦ ।

ਸ੍ਰੀ ਸਤਿਗੁਰੂ ਜੀ ਬਾਰੇ ਗੁਰਦੁਆਰਾ ਸੀਸ ਗੰਜ ਦੇ ਪ੍ਰਮੁੱਖ ਰਾਗੀ ਭਾਈ ਗੁਰਚਰਨ ਸਿੰਘ ਕੰਵਲ ਦੇ ਸ਼ਬਦ, ਅੰਤ ਉਤੇ ਦਿੰਦਿਆਂ, ਉਹਨਾਂ ਦੀ ਭਾਵਨਾ ਨਾਲ ਸੰਬੰਧਤ ਹੁੰਦਿਆਂ ਲੇਖ ਸਮਾਪਤ ਕਰਦਾ ਹਾਂ ।

"ਜਿਸ ਤਰ੍ਹਾਂ ਦਸੇ ਸਤਿਗੁਰੂ ਕੀਰਤਨ ਨੂੰ ਮਹਾਨਤਾ ਦਿਆ ਕਰਦੇ ਸਨ ਉਵੇਂ ਹੀ ਨਾਮਧਾਰੀ ਸੰਪ੍ਰਦਾਇ ਵਿਚ ਕੀਰਤਨ ਦੀ ਮਹਾਨਤਾ ਮੰਨੀ ਜਾਂਦੀ ਹੈ ।... ਨਾਮਧਾਰੀ ਸੰਪ੍ਰਦਾਇ ਵਿਚ ਆਰੰਭ ਤੋਂ ਹੀ ਕੀਰਤਨ ਨੂੰ ਭਗਤੀ ਦਾ ਦਰਜਾ ਦਿੱਤਾ ਜਾਂਦਾ ਰਿਹਾ ਹੈ ।...ਪਰਮ ਪੂਜਨੀਕ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਸਾਰੀ ਉਮਰ ਗੁਰੂ ਸਾਹਿਬਾਨ ਦੇ ਵਕਤ ਤੋਂ ਚਲ ਰਹੀ ਕੀਰਤਨ ਦੀ ਪਰੰਪਰਾ ਨੂੰ ਕਾਇਮ ਰੱਖਣ ਲਈ, ਗੁਰਮਤ ਕੀਰਤਨ ਦੀ ਜੋ ਆਪਣੀ ਵੱਖਰੀ ਸ਼ੈਲੀ ਹੈ, ਨੂੰ ਸੰਭਾਲਣ ਦੇ ਉਪਰਾਲੇ ਕਰਦੇ ਰਹੇ ਹਨ ।"

ਆਧਾਰ ਪੁਸਤਕਾਂ

1. ਸੰਗੀਤ ਸ਼ਾਸਤਰ ਦਰਪਣ : ਲੇਖਿਕਾ ਸ਼ਾਂਤੀ ਗੋਵਰਧਨ
2. ਪੰਜਾਬ ਦਾ ਸਮਕਾਲੀ ਸੰਗੀਤ : ਲੇਖਿਕਾ ਨਵਜੋਤ ਕੌਰ ਕਸੇਲ
3. ਜਸ ਜੀਵਨ 1, 2, 3 : ਸੰਤ ਤਰਨ ਸਿੰਘ ਵਹਿਮੀ
4. "ਸਤਿਜੁਗ" ਦੇ ਅੰਕ (ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ)
5. ਵਡ ਪਰਤਾਪੁ ਅਚਰਜ ਰੂਪ

ਇਕ ਵਿਲੱਖਣ ਸ਼ਖ਼ਸੀਅਤ : ਬਾਬਾ ਪਰਤਾਪ ਸਿੰਘ ਜੀ

—ਡਾ. ਸੁਰਜੀਤ ਕੌਰ ਜੌਲੀ

ਪੰਜਾਬ ਦੀ ਧਰਤੀ ਨੇ ਸਦੀਆਂ ਤੋਂ ਭਾਰਤ ਮਾਤਾ ਦੀ ਗੋਦ ਵਿਚ ਅਮੁਲੇ ਲਾਲ ਪਾਏ ਹਨ ਜਿਨ੍ਹਾਂ ਤੇ ਸਿਰਫ ਇਕ ਕੌਮ, ਤਬੱਕਾ, ਧਰਮ ਜਾਂ ਸਮਾਜ ਹੀ ਨਹੀਂ ਸਗੋਂ ਸਾਰੀ ਮਾਨਵਤਾ ਮਾਣ ਕਰ ਸਕਦੀ ਹੈ। ਐਸੀ ਹੀ ਇਕ ਮਹਾਨ ਸ਼ਖ਼ਸੀਅਤ ਬਾਬਾ ਪਰਤਾਪ ਸਿੰਘ ਜੀ ਦੇ ਰੂਪ ਵਿਚ ਉਸ ਕੁਲ ਵਿਚ ਅਵਤਰਿਤ ਹੋਈ ਜਿਸ ਨੇ ਸਿੱਖੀ ਦੀ ਆਨ ਤੇ ਸ਼ਾਨ ਨੂੰ ਫੇਰ ਤੋਂ ਸੁਰਜੀਤ ਕੀਤਾ ਸੀ। ਬਾਬਾ ਰਾਮ ਸਿੰਘ ਜੀ ਦੀ ਕੁਲ ਵਿਚ ਜਨਮ ਲੈ ਕੇ ਬਾਬਾ ਪਰਤਾਪ ਸਿੰਘ ਜੀ ਦਾ ਪਰਤਾਪ ਵਧੇਰੇ ਨਿੱਖਰ ਤੇ ਚਮਕ ਉਠਿਆ।

ਨਾਮਧਾਰੀ ਲਹਿਰ ਦਾ ਉਦੇ ਹੀ ਇਕ ਖਾਸ ਮਿਸ਼ਨ ਨਾਲ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਜਦੋਂ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਲਿਆ ਤਾਂ ਸਿੱਖਾਂ ਲਈ ਬਹੁਤ ਭਿਆਨਕ ਸਮਾਂ ਆਇਆ। ਉਹ ਐਸੀ ਕਾਲੀ ਬੋਲੀ ਰਾਤ ਦਾ ਅਰੰਭ ਸੀ ਜਦੋਂ ਸੱਚ ਛੁਪ ਬੈਠਾ ਸੀ। ਜੀਵਨ ਦੀਆਂ ਉਚੀਆਂ ਕਦਰਾਂ ਕੀਮਤਾਂ ਮੂੰਹ ਲੁਕੋਈ ਬੈਠੀਆਂ ਸਨ ਅਤੇ ਧਰਮ ਦੇ ਵਡੇ ਅਦਾਰੇ ਭੁਲਾਏ ਜਾ ਚੁਕੇ ਸਨ। ਸਿੱਖੀ ਪਤਨ ਵਲ ਜਾ ਰਹੀ ਸੀ। ਏਥੋਂ ਤੱਕ ਕਿ ਜਿਨ੍ਹਾਂ ਅਨਮਤਾਂ ਤੇ ਮਨਮਤਾਂ ਵਿਚੋਂ ਗੁਰੂ ਸਾਹਿਬਾਨਾਂ ਨੇ ਸਿੱਖਾਂ ਨੂੰ ਕਢਿਆ ਸੀ, ਉਹ ਮੁੜ ਉਹਨਾਂ ਹੀ ਰੀਤਾਂ, ਰਵਾਜਾਂ ਤੇ ਭਰਮਾਂ ਵਿਚ ਖੁਭ ਗਏ ਸਨ। ਬਾਬਾ ਰਾਮ ਸਿੰਘ ਜੀ ਨੇ ਇਸੇ ਕਾਲ ਵਿਚ 'ਨਾਮ' ਧਾਰਨ ਕਰਵਾਇਆ। ਉਹਨਾਂ ਨਾਮ ਦੀ ਐਸੀ 'ਕੂਕ' ਲਾਈ ਕਿ 'ਸੰਤ ਖਾਲਸਾ' ਨੂੰ ਫੇਰ ਤੋਂ ਸੁਰਜੀਤ ਕਰ ਦਿੱਤਾ। ਉਹਨਾਂ ਮੋਈਆਂ ਹੋਈਆਂ ਰੂਹਾਂ ਵਿਚ ਨਵੇਂ ਪ੍ਰਾਣ ਪਾਏ। ਉਹਨਾਂ ਨੂੰ ਆਪਣੇ ਵਿਰਸੇ ਤੋਂ ਜਾਣੂ ਕਰਵਾਇਆ ਅਤੇ ਨਾਮ ਬਾਣੀ ਜਪਣ ਤੇ ਜਪਾਉਣ ਦੀ ਪ੍ਰੇਰਣਾ ਦਿੱਤੀ। ਇਸੇ ਲਈ ਇਤਿਹਾਸਕਾਰਾਂ ਨੇ ਨਾਮਧਾਰੀ ਅੰਦੋਲਨ ਨੂੰ ਸਿੱਖਾਂ ਦੇ 'ਪੁਨਰ ਜਾਗਰਣ ਅੰਦੋਲਨ' ਦਾ ਨਾਮ ਵੀ ਦਿੱਤਾ ਹੈ।[1]

ਬਾਬਾ ਰਾਮ ਸਿੰਘ ਜੀ ਇਕ ਐਸੀ ਮਹਾਨ ਹੱਸਤੀ ਸਨ ਜਿਨ੍ਹਾਂ ਦੇ ਕੋਲ

ਸਮੱਸਤ ਸਮਾਜ ਦੇ ਪੁਨਰ ਉਥਾਨ ਦਾ ਨੁਸਖਾ ਸੀ। ਉਹਨਾਂ ਪਹਿਲਾਂ ਐਸਾ ਮਜਬੂਤ, ਸੁਧ, ਸੁੱਚਾ ਤੇ ਨਿਰੋਆ ਸਮਾਜ ਬਣਾਇਆ ਜਿਸ ਵਿਚ ਚੰਗੀਆਂ ਗੱਲਾਂ ਘਰ ਕਰ ਸਕਣ। ਦੇਸ਼, ਸਮਾਜ ਅਤੇ ਕੌਮ ਦੇ ਪ੍ਰਤੀ ਉਹਨਾਂ ਅਜਿਹੇ ਉਦਾਹਰਣ ਪੇਸ਼ ਕੀਤੇ ਜਿਨ੍ਹਾਂ ਲਈ ਅਸੀਂ ਸਭ ਉਹਨਾਂ ਦੇ ਰਿਣੀ ਰਹਾਂਗੇ। ਉਹਨਾਂ ਨੇ ਅਗਾਂਹਵਧੂ ਤੇ ਕ੍ਰਾਂਤੀਕਾਰੀ ਸਮਾਜ ਦੀ ਨੀਂਹ ਪਾਈ ਜੋ ਨਾਮ ਤਾਂ ਜਪਦਾ ਹੀ ਸੀ ਪਰ ਸੁਚੀ ਕਿਰਤ ਵੀ ਕਰਦਾ ਸੀ। ਬਰਤਾਨਵੀ ਸਰਕਾਰ ਨਾਲ ਟੱਕਰ ਲੈਣਾ ਆਸਾਨ ਨਹੀਂ ਸੀ ਪਰ ਉਹਨਾਂ ਮਹਾਂ ਪੁਰਸ਼ਾਂ ਨੇ ਆਜ਼ਾਦੀ ਦਾ ਸਭ ਤੋਂ ਪਹਿਲਾਂ ਨਾਅਰਾ ਲਾਇਆ, ਪੰਚਾਇਤੀ ਰਵਾਇਤਾਂ ਚਲਾਈਆਂ ਤੇ ਸਵਦੇਸ਼ੀ ਅਤੇ ਨਾ ਮਿਲਵਰਤਣ ਦਾ ਹੋਕਾ ਲਾਇਆ।

ਅਜਿਹੇ ਕੁਲ ਵਿਚ ਜਨਮ ਲੈ ਕੇ ਤੇ ਫਿਰ ਬਾਬਾ ਰਾਮ ਸਿੰਘ ਜੀ ਦੀ ਗੁਰਗੱਦੀ ਪ੍ਰਾਪਤ ਕਰ ਕੇ ਨਿਰਸੰਦੇਹ ਬਾਬਾ ਪਰਤਾਪ ਸਿੰਘ ਜੀ ਦੇ ਤੇਜ ਨੂੰ ਹੋਰ ਵੱਧ ਪਰਤਾਪ ਮਿਲਿਆ। "ਇਹ 'ਪ੍ਰਤਾਪੀ ਸੂਰਜ' ਜਿਉਂ ਜਿਉਂ ਜ਼ਿੰਦਗੀ ਦੀਆਂ ਪ੍ਰਭਾਤਾਂ ਨੂੰ ਨਵੀਂ ਲਾਲੀ ਦਿੰਦਾ ਗਿਆ ਇਸ ਦੀ ਪ੍ਰਚੰਡਤਾ ਨੇ ਦੁਸ਼ਟਾਂ ਨੂੰ ਸੇਕ ਤੇ ਭਲੇ ਲੋਕਾਂ ਨੂੰ ਨਿੱਘ ਪਹੁੰਚਾਇਆ।"[8]

ਆਖਿਆ ਜਾਂਦਾ ਹੈ ਕਿ ਨਰੋਏ ਸ਼ਰੀਰ ਵਿਚ ਹੀ ਨਰੋਏ ਦਿਮਾਗ ਤੇ ਵਿਚਾਰ ਨਿਵਾਸ ਕਰਦੇ ਹਨ। ਇਸ ਦੁਨੀਆ ਵਿਚ ਪਹਿਲਾ ਸੁਖ ਅਰੋਗੀ ਕਾਇਆ ਹੈ। ਨਾਮਧਾਰੀ ਗੁਰੂਆਂ ਨੇ ਵਿਸ਼ੇਸ਼ ਤੌਰ ਤੇ ਸਰੀਰਕ ਅਰੋਗਤਾ ਅਤੇ ਸਫਾਈ ਬਾਰੇ ਆਪਣੇ ਵਿਚਾਰ ਦੱਸੇ ਹਨ। ਬਾਬਾ ਪਰਤਾਪ ਸਿੰਘ ਜੀ ਦਾ ਕਹਿਣਾ ਸੀ ਕਿ "ਨਾਮ ਅਤੀ ਉੱਤਮ ਹੈ ਪਰ ਜੇ ਸਰੀਰ (ਸੇਹਤ) ਹੀ ਨਾ ਹੋਵੇ ਤਾਂ ਬੰਦਾ ਨਾਮ ਕੀਕੂੰ ਜਪੇ" ? ਉਹਨਾਂ ਦੇ ਕਥਨਾਨੁਸਾਰ ਸੰਸਾਰ ਦੀਆਂ ਉੱਤਮ ਤੋਂ ਉੱਤਮ ਚੀਜ਼ਾਂ ਵਿਚੋਂ ਨੰਬਰ ਇਕ ਮਨੁੱਖਾ ਸ਼ਰੀਰ ਹੈ। ਆਮ ਤੌਰ ਤੇ ਅਸੀਂ ਕਹਿ ਦੇਂਦੇ ਹਾਂ–"ਉਹ ਅਜੇ ਬੱਚਾ ਹੈ, ਖੇਡਣ ਖਾਣ ਦੀ ਉਮਰ ਹੈ। ਆਪੇ ਸਿਖ ਜਾਵੇਗਾ।" ਪਰ ਅਸਲ ਵਿਚ ਤਾਂ ਇਹੀ ਉਮਰ ਹੈ ਜਦ ਜੀਵਨ ਪ੍ਰਯੰਤ ਰਹਿਣ ਵਾਲੇ ਆਚਾਰ ਵਿਹਾਰ ਤੇ ਸੰਸਕਾਰਾਂ ਦੀ ਨੀਂਹ ਰੱਖੀ ਜਾਂਦੀ ਹੈ। ਬੱਚਾ ਇਕ ਕੋਰੀ ਸਲੇਟ ਹੁੰਦਾ ਹੈ ਜਿਸ ਉਤੇ ਕੁਝ ਵੀ ਉਕਰਿਆ ਜਾ ਸਕਦਾ ਹੈ। ਬਾਬਾ ਜੀ ਦਾ ਕਥਨ ਸੀ ਕਿ "ਬਚਪਨ ਵਿਚ ਚੰਗੀ ਸੇਹਤ ਤੇ ਉੱਦਮੀ ਵਤੀਰਾ ਹਰੇਕ ਮਨੁੱਖ ਨੂੰ ਮਿਲਣੇ ਚਾਹੀਦੇ ਹਨ।"[9]

ਉੱਤਮ ਸੇਹਤ ਤੇ ਸ਼ਰੀਰ ਲਈ ਚੰਗਾ ਖਾਣਾ, ਕਸਰਤ ਤੇ ਚੰਗੇ ਵਿਚਾਰ ਜ਼ਰੂਰੀ ਹਨ। ਚੰਗੇ ਵਿਚਾਰ ਤਾਂ ਹੀ ਆਉਣਗੇ ਜਦ ਅਸੀਂ ਨਾਮ ਸਿਮਰਨ ਤੇ ਭਜਨ ਬਾਣੀ ਨਾਲ ਆਪਣੀ ਸੁਰਤ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਾਂਗੇ। ਬਾਬਾ ਰਾਮ ਸਿੰਘ ਜੀ ਦਾ ਤਾਂ ਮੁੱਖ ਉਦੇਸ਼ ਹੀ ਨਾਮ ਧਾਰਣ ਕਰਵਾਉਣਾ ਸੀ। ਆਪ ਜੀ ਜਦ ਤਕ ਭੈਣੀ ਸਾਹਿਬ ਰਹੇ ਭਜਨ ਕਰਵਾਉਂਦੇ ਰਹੇ। ਜਲਾਵਤਨ ਹੋਣ ਤੋਂ ਬਾਅਦ ਦੇ ਉਹਨਾਂ ਦੇ ਹੁਕਮਨਾਮਿਆਂ ਨੂੰ ਜਦੋਂ ਚੰਗੀ ਤਰ੍ਹਾਂ ਵਾਚਿਆ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਉਹ ਅੰਗਰੇਜ਼ਾਂ ਦੀ ਕੈਦ ਵਿਚ ਵੀ ਬਾਰ ਬਾਰ ਸਿਮਰਨ ਕਰਨ ਲਈ ਤਾਕੀਦ ਕਰਦੇ ਹਨ। ਕਈ ਥਾਵਾਂ ਤੇ ਬਾਬਾ ਜੀ ਲਿਖਦੇ ਹਨ ਕਿ ਸੁੱਚੇ ਮੋਤੀ ਦਾਨ ਕੀਤਿਆਂ

ਭੀ ਏਡਾ ਪੁੰਨ ਨਹੀਂ ਮਿਲਦਾ ਜਿਡਾ ਨਾਮ ਜਪਿਆਂ ਮਿਲਦਾ ਹੈ। ਆਪ ਸਵਾਸ ਸਵਾਸ ਨਾਮ ਜਪਣ ਦੀ ਹਿਦਾਇਤ ਦਿੰਦੇ ਸਨ। ਆਣ ਵਾਲੀਆਂ ਪੀੜ੍ਹੀਆਂ ਵਕਤ ਦੇ ਫਾਸਲੇ ਨਾਲ ਉਸ ਸਿੱਖਿਆ ਨੂੰ ਭੁਲ ਜਾਂਦੀਆਂ ਹਨ ਪਰ ਬਾਬਾ ਪਰਤਾਪ ਸਿੰਘ ਜੀ ਨੇ ਲਗਾਤਾਰ ਨਾਮ ਸਿਮਰਨ ਤੇ ਜ਼ੋਰ ਦਿਤਾ। ਆਪ ਜੀ ਨੇ ਦਸਿਆ "ਪੰਥਕ ਉੱਨਤੀ ਦੀ ਰੀਝ ਪਗਡੰਡੀ ਤੇ ਤੁਰਨ ਵਾਲੇ ਹਰ ਇਕ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਉਹ ਕਿੱਡਾ ਜ਼ਰੂਰੀ ਕੰਮ ਵੀ ਕਿਉਂ ਨਾ ਕਰਦਾ ਹੋਵੇ, ਭਜਨ, ਬਾਣੀ, ਨਾਮ, ਸਿਮਰਨ ਆਦਿ ਬੁਨਿਆਦੀ ਅਸੂਲਾਂ ਤੋਂ ਗਾਫਲ ਹੈ ਤਾਂ ਸਾਡੇ ਪਿਆਰ ਦਾ ਸਾਂਝੀਵਾਲ ਨਹੀਂ।" ਪਰ ਏਸ ਦਾ ਇਹ ਮਤਲਬ ਨਹੀਂ ਕਿ ਉਹ ਇਕ ਐਸੀ ਜਮਾਤ ਬਣਾ ਰਹੇ ਸਨ ਜੋ ਆਪਣੇ ਆਰਥਕ ਤੇ ਸਮਾਜਿਕ ਫਰਜ਼ਾਂ ਤੋਂ ਅਵੇਸਲੇ ਹੋ ਕੇ ਕੇਵਲ ਨਾਮ ਜਪਦੇ ਰਹਿਣ। ਢਕੋਸਲੇ ਤੇ ਆਡੰਬਰ ਉਹਨਾਂ ਦੀ ਫਿਲਾਸਫੀ ਵਿਚ ਕਿਤੇ ਵੀ ਫਿਟ ਨਹੀਂ ਸੀ ਹੁੰਦੇ। ਉਹਨਾਂ ਦੇ ਅਨੁਸਾਰ ਇਕ ਘੰਟੇ ਦੀ ਆਤਮ ਸਿਮਰਨ ਇਕਾਗਰਤਾ ਸਾਰੇ ਦਿਨ ਲਈ ਪੂੰਜੀ ਦਾ ਕੰਮ ਕਰਦੀ ਹੈ। ਅਜ ਦੇ ਆਧੁਨਿਕ ਯੁੱਗ ਵਿਚ ਜਦ ਜ਼ਿੰਦਗੀ ਜ਼ਿਆਦਾ ਕਠਿਨ ਤੇ ਜ਼ਿਆਦਾ ਰੁਝੇਵੇਂ ਵਾਲੀ ਹੋ ਗਈ ਹੈ ਇਹ ਇਕ ਬੜੀ ਹੀ ਵਿਵਹਾਰਕ ਸਿੱਖਿਆ ਹੈ ਜਿਸ ਤੋਂ ਕੋਈ ਮੂੰਹ ਮੋੜਣ ਦੀ ਕੋਸ਼ਿਸ਼ ਨਹੀਂ ਕਰ ਸਕਦਾ।

ਬਾਬਾ ਜੀ ਦਾ ਜੀਵਨ ਬਹੁ ਪੱਖੀ ਹੈ ਅਤੇ ਜੀਵਨ ਦੇ ਠੋਸ ਧਰਾਤਲ ਤੇ ਬੜੀ ਡੂੰਘੀ ਸਿੱਖਿਆ ਵੀ ਦਿੰਦਾ ਹੈ। ਆਪ ਜੀ ਬੜਾ ਪਰਉਪਕਾਰ ਕਰਨ ਵਾਲੇ ਸਨ ਅਤੇ ਪਰਮਾਰਥ ਬਾਰੇ ਆਪ ਦੇ ਵਿਚਾਰ ਬੜੇ ਸਪੱਸ਼ਟ ਸਨ : "ਜੇ ਬੰਦੇ ਦਾ ਵਿਹਾਰ ਸ਼ੁਧ ਹੈ ਤਾਂ ਪਰਮਾਰਥ ਵੀ ਸ਼ੁਧ ਹੋ ਜਾਵੇਗਾ ਜਿਸ ਆਦਮੀ ਨੇ ਛਲ ਕਪਟ ਨਹੀਂ ਕਰਨਾ, ਪੈਸਾ ਨਹੀਂ ਮਾਰਨਾ, ਵਾਧਾ ਨਹੀਂ ਕਰਨਾ ਆਪਣਾ ਵਿਹਾਰ ਸੁੱਚਾ ਰੱਖਣਾ ਹੈ ਉਸ ਨੂੰ ਕੀ ਡਰ ਪਰਮਾਰਥ ਦੀ ਚਿੰਤਾ ਦਾ" ਅੱਜ ਜਦ ਮਾਨਵ ਮਨ ਡੋਲਿਆ ਹੋਇਆ ਹੈ ਉਹ ਪਾਪ ਪੁੰਨ ਦੇ ਫਲਸਫੇ ਵਿਚ ਹੀ ਘੁੰਮਣ ਘੇਰੀਆਂ ਖਾ ਰਿਹਾ ਹੈ। ਅਜੇਹੇ ਸਮੇਂ ਵਿਚ ਇਹ ਥੋੜ੍ਹੀਆਂ ਜਿਹੀਆਂ ਸੱਤਰਾਂ ਕਿਡਾ ਵੱਡਾ ਗਿਆਨ ਦਿੰਦੀਆਂ ਹਨ ਅਗਰ ਅਸੀਂ ਗੁਰਬਾਣੀ ਦੇ ਦਰਸਾਏ ਨੈਤਿਕ ਮੂਲਾਂ ਤੇ ਸਾਫ ਜੀਵਨ ਬਤੀਤ ਕਰੀਏ ਤਾਂ ਫਿਰ ਡਰਨ ਦੀ ਕੋਈ ਲੋੜ ਹੀ ਨਹੀਂ ਹੈ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਤੇ ਆਰਥਿਕ ਲੋੜਾਂ ਵੀ ਉਸ ਦੇ ਜੀਵਨ ਵਿਚ ਕਾਫ਼ੀ ਪ੍ਰਮੁਖ ਹਨ। ਬਾਬਾ ਜੀ ਨੇ ਆਰਥਕ ਪੱਖੋਂ ਸਮਾਜ ਨੂੰ ਸਾਧਨ ਸੰਪੰਨ ਤੇ ਰੱਜਦਾ ਪੁੱਜਦਾ ਬਣਾਇਆ। ਆਪ ਕਿਹਾ ਕਰਦੇ ਸਨ "ਦਾਨ ਕਰੋ ਤੇ ਨਾਲ ਹੀ ਦਾਨ ਦੇ ਸਾਧਨਾਂ ਨੂੰ ਮਜ਼ਬੂਤ ਬਣਾਉ।" ਜਿਹੜੀ ਚਿੱਟੀ ਕ੍ਰਾਂਤੀ (ਦੁੱਧ ਦੇ ਖੇਤਰ ਵਿਚ) ਸਾਡੀ ਸਰਕਾਰ ਕਾਫ਼ੀ ਦੇਰ ਨਾਲ ਲਿਆਈ, ਉਹ ਕ੍ਰਾਂਤੀ ਪੰਜਾਬ ਵਿਚ ਪੂਜਨੀਕ ਬਾਬਾ ਜੀ ਦੀ ਅਗਵਾਈ ਹੇਠ ਕਾਫ਼ੀ ਪਹਿਲਾਂ ਆ ਚੁਕੀ ਸੀ। ਪਸ਼ੂ ਖੇਤੀਹਰ ਸਮਾਜ ਦੀ ਰੀੜ ਦੀ ਹੱਡੀ ਹੁੰਦੇ ਹਨ। ਬਾਬਾ ਜੀ ਨੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਿਆ ਅਰ ਆਪ ਚਾਹੁੰਦੇ ਸਨ ਕਿ "ਪੰਜਾਬ ਵਿਚ ਵਧੀਆ ਨਸਲ ਦੀਆਂ ਗਊਆਂ, ਮਝਾਂ ਅਤੇ ਘੋੜਿਆਂ ਨੂੰ ਪਾਲਣ ਦਾ ਰਿਵਾਜ ਵਧੇ"। ਆਪ ਨੇ ਖੁਦ ਸ਼ੌਕ

ਨਾਲ ਪਸ਼ੂਆਂ ਦੇ ਬਾਰੇ ਵਧੇਰਾ ਗਿਆਨ ਪ੍ਰਾਪਤ ਕੀਤਾ। ਅਨੁਭਵ ਦੀ ਤਾਂ ਉਹਨਾਂ ਪਾਸ ਕੋਈ ਕਮੀ ਹੈ ਹੀ ਨਹੀਂ ਸੀ। ਪਸ਼ੂਆਂ ਨੂੰ ਹੋਣ ਵਾਲੀਆਂ ਆਮ ਬੀਮਾਰੀਆਂ ਦੇ ਨੁਸਖਿਆਂ ਤੋਂ ਆਪ ਜਾਣੂ ਸਨ। ਆਪ ਨੇ ਸ੍ਰੀ ਜੀਵਨ ਨਗਰ ਵਿਖੇ 'ਸ੍ਰੀ ਗੁਰੂ ਹਰੀ ਸਿੰਘ' ਨਾਮ ਦੀ ਗਊਸ਼ਾਲਾ ਦੀ ਸਥਾਪਨਾ ਕੀਤੀ। ਹਰਿਆਣਾ ਤੇ ਸਾਹੀਵਾਲ ਗਊਆਂ ਤੋਂ ਆਪ ਨੇ ਰਿਕਾਰਡ ਤੋੜ ਦੁੱਧ ਤੇ ਘਿਉ ਪ੍ਰਾਪਤ ਕੀਤਾ।

ਬਾਬਾ ਜੀ ਅਸਲ ਵਿਚ ਗਊ ਪਾਲਕ ਤੇ ਗਊ ਰੱਖਿਅਕ ਸਨ "ਜਦੋਂ ਵੀ ਗਊ ਰੱਖਿਆ ਦਾ ਨਾਮ ਆਉਂਦਾ ਹੈ ਉਦੋਂ ਨਾਮਧਾਰੀ ਅਤੇ ਉਹਨਾਂ ਦੇ ਗੁਰੂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਨਾਮ ਖੁਦ ਹੀ ਯਾਦ ਹੋ ਆਉਂਦਾ ਹੈ।"[4] ਪਸ਼ੂਆਂ ਦੇ ਨਾਲ ਆਪ ਦਾ ਕਿਤਨਾ ਸਨੇਹ ਸੀ, ਏਹ ਏਸੇ ਗੱਲ ਤੋਂ ਉਜਾਗਰ ਹੁੰਦਾ ਹੈ ਕਿ ਆਪ ਨੇ ਇਕ ਇਕ ਪਸ਼ੂ (ਗਊ, ਘੋੜੇ ਘੋੜੀਆਂ) ਆਦਿ ਦੇ ਪਿਆਰ ਭਿੱਜੇ ਤੇ ਭਾਵ ਭਿਨੇਂ ਨਾਮ ਰੱਖੇ ਹੋਏ ਸਨ। ਜਿਵੇਂ ਪੁਤਲੀ, ਗੰਗਾ, ਜਮਨਾ, ਸੁਰਸਤੀ, ਨਵਰਤਨ, ਨੌਲਖੀ ਤੇ ਮੀਨਾ ਆਦਿ। ਘੋੜੀਆਂ ਦੇ ਨਾਉਂ ਛੈਲ, ਕੈਲ, ਪੰਜਾਬਣ, ਦਿਲਦਾਰ, ਸ਼ੀਹਣੀ, ਸ਼ਕੁੰਤਲਾ ਤੇ ਫੁਲਝੜੀ, ਆਦਿ। ਏਦਾਂ ਹੀ ਘੋੜਿਆਂ ਦੇ ਨਾਉਂ ਬੱਬਰ ਬਾਹਨ, ਬਾਜ, ਵਿਜੈ ਭਾਰਤ, ਪਵਨ, ਕੇਸਰੀ ਤੇ ਜੈ ਭਾਰਤ ਆਦਿ ਸਨ।[5] ਘੁੜ ਦੌੜਾਂ ਵਿਚ ਆਪ ਦੇ ਘੋੜਿਆਂ ਨੇ ਕਈ ਇਨਾਮ ਜਿਤੇ ਘੋੜਿਆਂ ਦਾ ਸ਼ੌਂਕ ਰਾਜਸੀ ਝਲਕਾਰਾ ਦਿੰਦਾ ਹੈ। ਰਾਜ ਤੇ ਯੋਗ ਦਾ ਇਸ ਤੋਂ ਵੱਧ ਸੋਹਣਾ ਸਮਨਵੈ ਕੀ ਹੋ ਸਕਦਾ ਹੈ ?

ਸੁਣਦੇ ਹਾਂ ਕਿ ਰਾਜ ਦਰਬਾਰਾਂ ਵਿਚ ਸੰਗੀਤ ਤੇ ਕਲਾ ਦਾ ਮੁੱਲ ਪੈਂਦਾ ਸੀ ਪਰ ਧੰਨ ਹਨ ਬਾਬਾ ਪਰਤਾਪ ਸਿੰਘ ਜੀ ਜਿਨ੍ਹਾਂ ਪੱਕੇ ਰਾਗ ਤੇ ਸੰਗੀਤਕਾਰਾਂ ਨੂੰ ਵੱਧ ਚੜ੍ਹ ਕੇ ਮਾਣ ਬਖਸ਼ਿਆ। ਬਾਬਾ ਜੀ ਦੀ ਅਗਵਾਈ ਹੇਠ ਨਾਮਧਾਰੀ ਸਮਾਜ ਲਈ ਇਹ ਇਕ ਵੱਡੀ ਉਪਲਬੱਧੀ ਸੀ ਕਿ ਭੁਲੇ ਵਿਸਰੇ ਰਾਗ-ਰਾਗਣੀਆਂ ਤੇ ਸੰਗੀਤ ਨੂੰ ਮੁੜ ਤੋਂ ਸੁਰਜੀਤ ਕੀਤਾ ਗਿਆ। ਭੈਣੀ ਸਾਹਿਬ ਵਿਖੇ ਆਪ ਨੇ 'ਸੰਗੀਤ ਵਿਦਿਆਲਾ' ਖੋਲ੍ਹਿਆ। ਭਿੰਨ ਭਿੰਨ ਰਾਗਾਂ ਵਿਚ ਆਪ ਨੂੰ ਨਾ ਕੇਵਲ ਮਹਾਰਤ ਸਗੋਂ ਪੂਰਨ ਅਧਿਕਾਰ ਪ੍ਰਾਪਤ ਸੀ। ਜਦ ਆਪ ਗੁਰਮਿਤ ਅਨੁਸਾਰ ਇਲਾਹੀ ਬਾਣੀ ਦੀਆਂ ਧੁਨਾਂ ਲਾਉਂਦੇ ਸਨ ਤਾਂ ਸੱਚਮੁਚ ਸੰਗਤ ਸੁੰਨ-ਸਮਾਧ ਦੀ ਸਥਿਤੀ ਵਿਚ ਪਹੁੰਚ ਜਾਂਦੀ ਸੀ। ਭਾਰਤ ਵਰਸ਼ ਦੇ ਵੱਡੇ ਗਾਇਕਾਂ ਨੂੰ ਆਪ ਨੇ ਸਨਮਾਇਆ। "ਪੰਡਤ ਉਅੰਕਾਰ ਨਾਥ, ਬੜੇ ਗ਼ੁਲਾਮ ਅਲੀ ਖਾਂ, ਕ੍ਰਿਸ਼ਨ ਰਾਉ, ਪੰਡਤ ਮਹਾਦੇਉ, ਪੰਨਾ ਲਾਲ ਤੇ ਪਟਵਰਧਨ ਦੇ ਨਾਮ ਖਾਸ ਵਰਣਨ ਯੋਗ ਹਨ। 1933 ਈ. ਵਿਚ ਆਪ ਨੇ ਇਕ 'ਗੁਰਮਤਿ ਸੰਗੀਤ ਸਮੇਲਨ' ਕਰਵਾਇਆ ਅਤੇ ਰਾਗੀਆਂ ਨੂੰ ਪ੍ਰੇਰਿਆ ਕਿ ਗੁਰਮਤਿ ਅਨੁਸਾਰ ਗੁਰਬਾਣੀ ਨੂੰ ਪੱਕੇ ਰਾਗਾਂ ਵਿਚ ਗਾ ਕੇ ਆਪਣੀ ਪੁਰਾਤਨ ਧਰੋਹਰ ਨੂੰ ਬਚਾਉ।

ਗੁਰਬਾਣੀ ਤਦ ਹੀ ਗਾਈ ਜਾ ਸਕਦੀ ਹੈ ਜੇ ਗੁਰਮੁਖੀ ਅੱਖਰਾਂ ਨੂੰ ਭਲੀ ਤਰ੍ਹਾਂ ਨਾਲ ਪੜ੍ਹਨਾ, ਵਾਚਣਾ ਤੇ ਵਿਚਾਰਨਾ ਆਉਂਦਾ ਹੋਏ। ਬਾਬਾ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਇਕ ਖਾਸ ਸੁਨੇਹਾ ਪੰਜਾਬੀ ਅੱਖਰਾਂ ਬਾਰੇ ਹੈ ਅਤੇ ਖਾਸ ਹਿਦਾਇਤ ਹੈ ਕਿ ਬੀਬੀਆਂ ਵੀ ਗੁਰਮੁਖੀ ਅੱਖਰ ਸਿਖਣ ਅਤੇ ਪੜ੍ਹਣ। ਸਤਿਗੁਰੂ

ਪਰਤਾਪ ਸਿੰਘ ਜੀ ਨੇ ਇਸ ਗੱਲ ਨੂੰ ਫੇਰ ਤੋਂ ਦੁਹਰਾਇਆ ਤੇ ਇਸਤ੍ਰੀ ਵਿਦਿਆ ਲਈ ਸਮਾਜ ਨੂੰ ਪ੍ਰੇਰਿਆ। ਉਹਨਾਂ ਨੇ ਇਕ ਨਵੀਂ ਲੀਹ ਅਤੇ ਮਰਿਯਾਦਾ ਪਾਈ ਕਿ ਜਦ ਤਕ ਕੁੜੀ ਤੇ ਮੁੰਡਾ ਗੁਰਮੁਖੀ ਅੱਖਰ ਪੜ੍ਹੇ-ਲਿੱਖੇ ਨਾ ਹੋਣ ਉਹਨਾਂ ਦਾ ਆਨੰਦ ਕਾਰਜ ਨਾ ਕੀਤਾ ਜਾਵੇ। ਅਸਲ ਮੰਤਵ ਇਹ ਸੀ ਕਿ ਵੱਡੀਆਂ ਪੜ੍ਹਾਈਆਂ ਕਰ ਕੇ ਡਿਗਰੀਆਂ ਤਾਂ ਹਾਸਲ ਕਰ ਲੈਂਦੇ ਹਨ ਪਰ ਮਾਤ੍ਰਭਾਸ਼ਾ ਨੂੰ ਭੁਲ ਜਾਂਦੇ ਹਨ। ਜਦ ਤਕ ਅਸੀਂ ਮਾਂ ਬੋਲੀ ਤੋਂ ਜਾਣੂ ਨਹੀਂ ਹੁੰਦੇ, ਆਪਣੇ ਅਮੀਰ ਵਿਰਸੇ ਨੂੰ ਕਿਵੇਂ ਪਛਾਣਾਂਗੇ।

ਅੰਮ੍ਰਿਤਸਰ ਵਿਚ ਅਕਤੂਬਰ 1942 ਈ. ਵਿਚ ਪੰਜਾਬੀ ਲੇਖਕਾਂ ਦੀ ਕਾਨਫਰੰਸ ਹੋਈ ਤਾਂ ਉਸ ਵਿਚ ਚੰਗੀ ਪੰਜਾਬੀ ਪ੍ਰੈਸ ਦੀ ਘਾਟ ਮਹਿਸੂਸ ਕੀਤੀ ਗਈ। ਪ੍ਰੈਸ ਨਾਲ ਅਸੀਂ ਆਪਣੇ ਵਿਚਾਰਾਂ ਨੂੰ ਅਸਰਦਾਰ ਬਣਾ ਸਕਦੇ ਹਾਂ। ਬਾਬਾ ਜੀ ਨੇ ਉਸੇ ਵੇਲੇ ਕਿਹਾ ਕਿ ਅਗਰ ਸਾਰੇ ਸੱਜਣ ਜਤਨ ਕਰਨ ਤਾਂ ਪ੍ਰੈਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਅਤੇ ਨਾਲ ਹੀ 5000/-ਰੁਪਏ ਦੀ ਮਾਲੀ ਸਹਾਇਤਾ ਵੀ ਦਿੱਤੀ।

ਪਿੰਡ ਖੋਟੇ ਦੇ ਸਮਾਗਮ ਵਿਚ ਗੁਰ ਮਰਿਯਾਦਾ ਅਨੁਸਾਰ 'ਆਨੰਦ ਕਾਰਜ' ਕਰਵਾ ਕੇ ਜਿਸ ਕ੍ਰਾਂਤੀਕਾਰੀ ਕਦਮ ਨੂੰ ਬਾਬਾ ਰਾਮ ਸਿੰਘ ਜੀ ਨੇ ਚੁਕਿਆ ਸੀ, ਉਸ ਨੂੰ ਬਾਬਾ ਪਰਤਾਪ ਸਿੰਘ ਜੀ ਨੇ ਉੱਚੀ ਮੰਜ਼ਿਲ ਤੇ ਪਹੁੰਚਾਇਆ, ਜਦੋਂ ਉਹਨਾਂ ਨੇ ਬਗੈਰ ਦਾਜ ਦੇ ਵਿਆਹਾਂ ਦੀ ਰੀਤ ਚਲਾਈ। ਅੱਜ ਦੇ ਆਧੁਨਿਕ ਯੁਗ ਵਿਚ ਜਿਸ ਦਾਜ ਦਹੇਜ ਵਾਸਤੇ ਅਨੇਕਾਂ ਘਰ ਬਰਬਾਦ ਹੋ ਰਹੇ ਹਨ, ਉਸ ਬੁਰਾਈ ਨੂੰ ਬਾਬਾ ਜੀ ਨੇ 1923 ਈ. ਦੇ ਹੋਲੇ ਮੱਹਲੇ ਦੇ ਦੀਵਾਨ ਵਿਚ ਆਪਣੇ ਫੁਰਮਾਨ ਨਾਲ ਮੁਕਾਉਣ ਦਾ ਯਤਨ ਕੀਤਾ। ਆਨੰਦ ਵਿਆਹਾਂ ਨੂੰ ਕਾਨੂੰਨਨ ਦਰਜਾ ਦੇਣ ਵਾਸਤੇ ਆਪ ਨੇ 'ਆਨੰਦ ਮੈਰਿਜ ਐਕਟ' ਲਈ ਉੱਘਾ ਜਤਨ ਕੀਤਾ। ਆਪ ਨੇ ਮੰਗਣੀ ਤੇ ਮੁਕਲਾਵੇ ਆਦਿ ਦੀਆਂ ਰਸਮਾਂ ਨੂੰ ਤਿਆਗਣ ਲਈ ਜ਼ੋਰ ਦਿੱਤਾ ਤਾਕਿ ਵਿਆਹ ਅਸਲ ਵਿਚ ਦੋਹਾਂ ਧਿਰਾਂ ਲਈ ਆਨੰਦ ਤੇ ਖੁਸ਼ੀ ਦਾ ਅਵਸਰ ਬਣ ਸਕੇ।

ਬਾਬਾ ਜੀ ਨੇ ਸਿਰਫ਼ ਨਾਮਧਾਰੀ ਸਮਾਜ ਹੀ ਨਹੀਂ ਸਗੋਂ ਸਾਰੇ ਸਿੱਖ ਸਮਾਜ ਤੇ ਪੰਜਾਬੀ ਸਮਾਜ ਨੂੰ ਪ੍ਰੇਰਨ, ਜਗਾਉਣ ਤੇ ਹਲੂਣਾ ਦੇਣ ਦਾ ਜਤਨ ਕੀਤਾ। ਆਪ ਨੇ ਵਕਤ ਦੀ ਆਵਾਜ਼ ਨੂੰ ਪਹਿਚਾਨਿਆ ਤੇ ਖਿੰਡੇ-ਪੁੰਡੇ ਸਿੱਖ ਸਮਾਜ ਤੇ ਮਾਨਵ ਸਮਾਜ ਨੂੰ ਇਕ ਕਰਨ ਦੇ ਕਈ ਉਪਰਾਲੇ ਕੀਤੇ। ਜਦ ਤਕ ਸਭ ਇਕ ਥਾਂ ਤੇ ਮਿਲ ਕੇ ਵਿਚਾਰ ਵਟਾਂਦਰਾ ਨਾ ਕਰਨ ਤਦ ਤੱਕ ਮਨ ਮੁਟਾਉ ਤੇ ਭੇਦ-ਭਾਵ ਮਿਟਾਏ ਨਹੀਂ ਜਾ ਸਕਦੇ। ਜਦ ਸਾਡੇ ਸਮਾਜ ਦੇ ਵੱਡਮੁਲੇ ਅੰਗ ਆਪਣੀਆਂ ਆਪਣੀਆਂ ਜਥੇਦਾਰੀਆਂ ਤੇ ਸਰਦਾਰੀਆਂ ਬਣਾ ਕੇ ਆਪਣੇ ਘਰੋਂਦਿਆਂ ਵਿਚ ਵੜ ਬੈਠਣ, ਉਸ ਸਮੇਂ ਏਕੇ ਦੀ ਗੱਲ ਕਰਨੀ ਉੱਘੀ ਸ਼ਲਾਘਾ ਯੋਗ ਹੈ। ਆਪ ਜੀ ਦਾ ਕਥਨ ਸੀ, "ਮੇਰਾ ਫ਼ਰਜ਼ ਹੀ ਬਣਦਾ ਹੈ ਕਿ ਮੈਂ ਏਕਤਾ ਲਈ ਜਤਨ ਕਰਦਾ ਰਹਾਂ। ਕਿਸੇ ਦੀ ਹੋਂਦ ਨੂੰ ਖਤਮ ਕਰਨਾ ਤਾਂ ਖੁਦਾਈ ਕਹਿਰ ਦੀ ਆਪ ਜਿਮੇਂਵਾਰੀ ਲੈਣਾ ਹੈ।[6] ਆਪ ਕਿਹਾ ਕਰਦੇ ਸਨ ਕਿ ਗੁਰੂ ਨਾਨਕ ਨਾਮ ਲੇਵਾ ਉਸ ਦੀ ਫੁਲਵਾੜੀ ਦੇ ਵੰਨ ਸੁਵੰਨੇ ਫੁੱਲ ਹਨ ਜਿਨ੍ਹਾਂ ਦੇ

ਨਾਲ ਫੁਲਵਾੜੀ ਦੀ ਸ਼ੋਭਾ ਵਧਦੀ ਹੈ। ਆਪ ਨੇ ਚੰਗੀ ਤੇ ਵਿਵਹਾਰਿਕ ਸੇਧ ਦਿੱਤੀ, "ਭੰਡੋ ਕਿਸੇ ਨੂੰ ਨਾ। ਆਪਣੀਆਂ ਖੂਬੀਆਂ ਦਾ ਪਰਚਾਰ ਕਰੋ।"

ਆਪ ਚਾਹੁੰਦੇ ਸਨ ਕਿ ਸਿੱਖ ਸਮਾਜ ਵਿਚ ਪਰਸਪਰ ਮਨ ਮਟਾਉ ਦੀ ਜਗ੍ਹਾ ਮੇਲ ਮਿਲਾਪ ਵਧੇ। ਇਸੇ ਆਸ਼ੇ ਨਾਲ ਆਪ ਨੇ ਸੰਨ 1934 ਵਿਚ ਸ੍ਰੀ ਭੈਣੀ ਸਾਹਿਬ ਵਿਖੇ "ਗੁਰੂ ਨਾਨਕ ਨਾਮ ਲੇਵਾ ਸਰਬ ਸੰਮਰਦਾਏ ਕਾਨਫਰੰਸ" ਕੀਤੀ ਜਿਸ ਵਿਚ ਸਿੱਖ ਪੰਥ ਦੇ ਚੋਟੀ ਦੇ ਆਗੂਆਂ ਨੇ ਨਾ ਕੇਵਲ ਹਿੱਸਾ ਲਿਆ ਸਗੋਂ ਅਰਦਾਸਾ ਵੀ ਆਪ ਹੀ ਕੀਤਾ। ਇਸ ਸਮਾਗਮ ਵਿਚ ਸਰਦਾਰ ਬਹਾਦਰ ਕਾਨ੍ਹ ਸਿੰਘ ਜੀ, ਭਾਈ ਸਾਹਿਬ ਅਰਜਨ ਸਿੰਘ ਬਾਗੜੀਆ, ਮਾਸਟਰ ਤਾਰਾ ਸਿੰਘ ਅਤੇ ਮਹਾਰਾਜ ਸਾਵਣ ਸਿੰਘ ਜੀ ਬਿਆਸ ਵਾਲਿਆਂ ਨੇ ਹਿੱਸਾ ਲਿਆ। ਇਸੇ ਤਰ੍ਹਾਂ ਫੇਰ ਵੀ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਹੋਈ।

ਨਾਮਧਾਰੀ ਲਹਿਰ ਤੇ ਆਜ਼ਾਦੀ ਦਾ ਸੰਗ੍ਰਾਮ ਦੋ ਇਕਮਿੱਕ ਹੋਏ ਸ਼ਬਦ ਹਨ। ਕਾਂਗਰਸ ਤੋਂ ਵੀ ਕਾਫ਼ੀ ਪਹਿਲਾਂ ਪੰਜਾਬ ਵਿਚ ਅੰਗਰੇਜ਼ਾਂ ਦਾ ਵਿਰੋਧ ਕਰਨ ਤੇ ਮੁਕਾਬਲਾ ਕਰਨ ਦੀ ਹਿੰਮਤ ਅਗਰ ਕਿਸੇ ਕੀਤੀ ਸੀ, ਤਾਂ ਉਹ ਬਾਬਾ ਰਾਮ ਸਿੰਘ ਜੀ ਦੇ ਸਿੱਖ ਸਨ, ਜਿਨ੍ਹਾਂ ਤੋਪਾਂ ਅੱਗੇ ਆਪਣੀਆਂ ਛਾਤੀਆਂ ਡਾਹ ਦਿੱਤੀਆਂ ਪਰ ਸੀ ਨਾ ਕੀਤੀ। ਆਜ਼ਾਦੀ ਦੀ ਦੇਵੀ ਨੂੰ ਪਹਿਲੀਆਂ ਭੇਟਾਂ ਨਾਮਧਾਰੀ ਸਪੂਤਾਂ ਨੇ ਦਿੱਤੀਆਂ। ਕਾਂਗਰਸ ਦੇ ਹੋਂਦ ਵਿਚ ਆਣ ਤੋਂ ਬਾਅਦ ਵੀ ਨਾਮਧਾਰੀਆਂ ਦਾ ਸੰਪਰਕ ਇਸ ਅੰਦੋਲਨ ਨਾਲ ਬਣਿਆ ਰਿਹਾ। 1929 ਈ. ਦੇ ਲਾਹੌਰ ਸੈਸ਼ਨ ਵਿਚ ਸ਼ਾਮਿਲ ਹੋ ਕੇ ਤੇ ਖੁਲ੍ਹੇ ਲੰਗਰ ਚਲਾ ਕੇ ਉਹਨਾਂ ਆਜ਼ਾਦੀ ਦੇ ਪਰਵਾਨਿਆਂ ਨੂੰ ਉਤਸ਼ਾਹ ਬਖਸ਼ਿਆ। 'ਕਾਂਗਰਸ ਕੂਕਾ ਦਲ' ਦਾ ਜਨਮ ਹੀ ਕਾਂਗਰਸ ਦੇ ਪ੍ਰੋਗਰਾਮ ਨੂੰ ਤਿਆਰ ਕਰ ਕੇ ਆਜ਼ਾਦੀ ਦੀ ਜੋਤੀ ਨੂੰ ਪ੍ਰਚੰਡ ਕਰਨਾ ਸੀ। ਬਰਤਾਨਵੀ ਸਰਕਾਰ ਨੇ ਆਜ਼ਾਦੀ ਦੀ ਲਹਿਰ ਨੂੰ ਕਮਜ਼ੋਰ ਕਰਨ ਲਈ ਬਾਬਾ ਪਰਤਾਪ ਸਿੰਘ ਜੀ ਨੂੰ ਜਗੀਰਾਂ ਤੇ ਰੁਤਬਿਆਂ ਦੀ ਪੇਸ਼ਕਸ਼ ਕੀਤੀ ਪਰ ਬਾਬਾ ਜੀ ਸਦਾ ਹੀ ਕਾਂਗਰਸ ਦੀ ਇਮਦਾਦ ਕਰਦੇ ਰਹੇ ਅਤੇ ਉਸ ਦੇ ਸਾਲਾਨਾ ਅਧਿਵੇਸ਼ਨਾਂ ਵਿਚ ਹਿੱਸਾ ਪਾਉਂਦੇ ਰਹੇ। ਸਮਕਾਲੀਨ ਅਖਬਾਰਾਂ ਵੀ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ।[7]

ਐਸੀ ਮਹਾਨ ਸ਼ਖ਼ਸੀਅਤ ਦੇ ਪਾਵਨ ਸ਼ਤਾਬਦੀ ਪੁਰਬ ਦੇ ਅਵਸਰ ਤੇ ਦੋ ਲਫ਼ਜ਼ ਲਿਖਦਿਆਂ ਹੋਇਆਂ ਮੈਨੂੰ ਬੜੀ ਪ੍ਰਸੰਨਤਾ ਤੇ ਮਾਣ ਹੋ ਰਿਹਾ ਹੈ। ਐਸੀਆਂ ਇਲਾਹੀ ਰੂਹਾਂ ਬਾਰੇ ਕੌਣ ਲਿਖ ਸਕਦਾ ਹੈ ? ਪਰ ਜੀਵਨ ਦੇ ਭਿੰਨ ਭਿੰਨ ਪੱਖਾਂ ਦੇ ਬਾਰੇ ਉਹਨਾਂ ਦੇ ਵਿਚਾਰ ਬੜੇ ਹੀ ਅਗਾਂਹਵਧੂ, ਕ੍ਰਾਂਤੀਕਾਰੀ, ਸਮਾਜ ਸੁਧਾਰਕ, ਵਿਵਹਾਰਿਕ ਤੇ ਅਣਮੋਲ ਹਨ। ਇਸ ਪਾਵਨ ਮੌਕੇ ਤੇ ਮੈਂ ਉਹਨਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਣ ਕਰਦੀ ਹਾਂ।

ਹਵਾਲਾ ਪੁਸਤਕ-ਸੂਚੀ

1. ਵਿਸਥਾਰ ਲਈ ਵੇਖੋ : **Sikh Revivalist Movements.**

2. ਬੜ ਪਰਤਾਪ ਸੁਨਿਉ ਪ੍ਰਭ ਤੁਮਰੋ—ਪੰਨਾ 23, ਸੰਪਾਦਕ—ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ
3. ਬੜ ਪਰਤਾਪ ਸੁਨਿਉ ਪ੍ਰਭ ਤੁਮਰੋ—ਪੰਨਾ 26
4. ਪਾਖਸ਼ਿਕ 'ਗੋਧਨ' ਦਿੱਲੀ
5. ਬਾਬਾ ਜੀ ਨੇ ਇਕ ਵੇਰ ਸਰਕਾਰੀ ਡਾਕਟਰ ਦਾ ਕੰਡਮ ਕੀਤਾ ਹੋਇਆ ਬੀਮਾਰ ਘੋੜਾ ਜੋ ਰੇਸਾਂ ਦੇ ਕਾਬਲ ਨਹੀਂ ਸੀ ਸਮਝਿਆ ਜਾਂਦਾ, 50 ਰੁਪਏ ਤੋਂ ਖਰੀਦ ਕੇ ਉਸ ਦਾ ਨਾਉਂ ਜੈ ਭਾਰਤ ਰਖਿਆ। ਇਸ ਘੋੜੇ ਦੀ ਪਾਲਣਾ ਏਡੀ ਚੰਗੀ ਤਰ੍ਹਾਂ ਕੀਤੀ ਗਈ ਕਿ ਲਾਹੌਰ ਰੇਸ ਕੋਰਸ ਮੈਦਾਨ ਵਿਚ ਇਸ ਨੇ ਹੈਨਰੀ ਕਰੇਪ ਦਾ ਕੱਪ ਜਿੱਤਿਆ।
6. ਬੜ ਪਰਤਾਪ ਸੁਨਿਉ ਪ੍ਰਭ ਤੁਮਰੋ—ਪੰਨਾ 34, 41
7. ਵਿਸਤਾਰ ਲਈ ਵੇਖੋ ਮਿਲਾਪ—11-9-59
   ,, ,, ,, ਪ੍ਰਭਾਤ—10-9-59

ਸੁਤੰਤਰਤਾ ਸੰਗਰਾਮ ਵਿਚ ਸਤਿਗੁਰ ਪਰਤਾਪ ਸਿੰਘ ਜੀ ਦਾ ਯੋਗਦਾਨ

—ਦੇਵਿੰਦਰ ਸਿੰਘ ਗਿਲ (ਜੀਆ ਨੱਥਾ)

ਨਾਮਧਾਰੀ ਲਹਿਰ ਦਾ ਉਗਮਣਾ, ਹਿੰਦੋਸਤਾਨ ਦੀ ਆਜ਼ਾਦੀ ਦੀ ਜਦੋਜਹਿਦ ਦਾ ਆਰੰਭ ਸੀ। ਨਾਮਧਾਰੀ ਲਹਿਰ, ਭਾਰਤ ਦੀ ਗ਼ੁਲਾਮੀ ਦੇ ਖਮੀਰ 'ਚੋਂ ਕੰਵਲ ਦੇ ਫੁੱਲ ਵਾਂਗ ਪ੍ਰਗਟ ਹੋਈ। ਸ੍ਰੀ ਸਤਿਗੁਰ ਰਾਮ ਸਿੰਘ ਜੀ ਨੇ ਪਹਿਲੀ ਐਂਗਲੋ-ਸਿੱਖ ਵਾਰ ਸਮੇਂ ਸਿੱਖਾਂ ਦੀ ਅਧੋਗਤੀ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਸੀ ਅਤੇ ਫਿਰ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਆਪਣੇ ਪਿੰਡ ਭੈਣੀ (ਜ਼ਿਲਾ ਲੁਧਿਆਣਾ) ਆ ਕੇ 1857 ਈਸਵੀ ਦੀ ਵਿਸਾਖੀ ਨੂੰ ਸੰਤ ਖਾਲਸਾ ਦੀ ਸਥਾਪਨਾ ਕੀਤੀ।

ਇਹ ਸੰਤ ਖਾਲਸਾ ਕੀ ਸੀ ਜਿਸਨੇ ਅੰਗਰੇਜ਼ੀ ਹਕੂਮਤ ਦੀ ਨੀਂਦ ਹਰਾਮ ਕਰ ਦਿੱਤੀ ਸੀ ? ਨਾਮਧਾਰੀਆਂ ਨੇ ਸੰਤ-ਸਿਪਾਹੀ ਦਾ ਰੂਪ ਧਾਰਿਆ ਅਤੇ ਹਕੂਮਤ ਲਈ ਹਊਆ ਬਣ ਗਏ। ਬਦੇਸੀ ਸਰਕਾਰ ਵਿਰੁੱਧ ਆਪਸ ਵਿਚ ਸਹਿਯੋਗ ਲਈ ਸਤਿਗੁਰਾਂ ਨੇ ਕਸ਼ਮੀਰ, ਨਿਪਾਲ, ਅਫ਼ਗਾਨਿਸਤਾਨ ਅਤੇ ਰੂਸ ਆਦਿਕ ਦੇਸ਼ਾਂ ਤੇ ਰਿਆਸਤਾਂ ਨਾਲ ਸੰਬੰਧ ਕਾਇਮ ਕੀਤੇ ਤਾਂ ਜੋ ਦੇਸ਼ ਆਜ਼ਾਦ ਕਰਾਉਣ ਲਈ ਉਹਨਾਂ ਦਾ ਸਹਿਯੋਗ ਲਿਆ ਜਾ ਸਕੇ। ਨਾਮਧਾਰੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਉਨ੍ਹੀਵੀਂ ਸਦੀ ਦੇ ਅਠਵੇਂ ਦਹਾਕੇ ਦੇ ਸ਼ੁਰੂ ਵਿਚ ਬੁਚੜ ਬੱਧ ਦੇ ਰੂਪ ਵਿਚ ਸਾਹਮਣੇ ਆਈਆਂ ਕਿਉਂਕਿ ਉਸ ਸਮੇਂ ਅੰਗਰੇਜ਼ ਹਕੂਮਤ ਨੇ ਭਾਰਤੀਆਂ ਵਿਚ ਫੁਟ ਪਾਉਣ ਲਈ ਅਤੇ ਹਿੰਦੂਆਂ ਤੇ ਸਿੱਖਾਂ ਨੂੰ ਜਿੱਚ ਕਰਨ ਲਈ ਮੁਸਲਮਾਨ ਬੁਚੜਾਂ ਨੂੰ ਗਊ ਹੱਤਿਆ ਦੀ ਖੁਲ੍ਹ ਦੇ ਦਿੱਤੀ ਸੀ।

ਸਤਿਗੁਰ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਰਾਹੀਂ ਦੇਸ਼ ਭਗਤੀ ਦਾ ਸਬਕ ਭਾਰਤੀਆਂ ਨੂੰ ਦਿੱਤਾ। ਸ੍ਰੀ ਭੈਣੀ ਸਾਹਿਬ ਦੇਸ਼ ਭਗਤਾਂ ਲਈ ਇਕ ਤੀਰਥ ਅਤੇ ਸਕੂਲ ਬਣ ਗਿਆ। ਲੋਕ ਸਤਿਗੁਰ ਜੀ ਦੇ ਪਾਏ ਪੂਰਨਿਆਂ ਤੇ ਚਲਣ ਲੱਗ ਪਏ। ਸਤਿਗੁਰਾਂ ਨੇ ਸੁਤੰਤਰਤਾ ਸੰਗਰਾਮ ਨੂੰ ਪ੍ਰਚੰਡ ਕਰਨ ਲਈ ਬਦੇਸ਼ੀ ਸਰਕਾਰ ਨਾਲ ਨਾ-ਮਿਲਵਰਤਨ ਅੰਦੋਲਨ ਸ਼ੁਰੂ ਕੀਤਾ। ਸਤਿਗੁਰਾਂ ਦੇ ਇਸ ਪ੍ਰੋਗਰਾਮ ਹੇਠ ਨਾਮਧਾਰੀਆਂ ਨੇ ਸਰਕਾਰੀ ਅਦਾਲਤਾਂ ਦਾ ਬਾਈਕਾਟ ਕੀਤਾ, ਅੰਗਰੇਜ਼ੀ ਵਸਤਾਂ ਦਾ

ਬਾਈਕਾਟ ਕੀਤਾ, ਆਪਣਾ ਡਾਕ ਪ੍ਰਬੰਧ ਚਾਲੂ ਕੀਤਾ ਅਤੇ ਫਿਰ ਧਰਮ ਪ੍ਰਚਾਰ ਤੇ ਅੰਗਰੇਜ਼ ਹਕੂਮਤ ਵਿਰੁੱਧ ਪੰਜਾਬੀਆਂ ਨੂੰ ਲਾਮਬੰਦ ਕਰਨ ਲਈ ਸਾਰੇ ਪੰਜਾਬ ਵਿਚ 22 ਸੂਬਿਆਂ ਨੂੰ ਨਿਯੁਕਤ ਕੀਤਾ ਜੋ ਸਤਿਗੁਰਾਂ ਦੇ ਪੈਗਾਮ ਨੂੰ ਜਨਤਾ ਤਕ ਪਹੁੰਚਾਉਂਦੇ ਸਨ। ਅੰਗਰੇਜ਼ ਸਰਕਾਰ, ਸਤਿਗੁਰਾਂ ਦੇ ਪ੍ਰਚਾਰ ਤੋਂ ਭੈ-ਭੀਤ ਹੋ ਉਠੀ, ਉਨ੍ਹਾਂ ਨੂੰ ਲਗਭਗ ਚਾਰ ਸਾਲ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣਾ ਬੰਦ ਕਰ ਦਿੱਤਾ* ਸ੍ਰੀ ਸਤਿਗੁਰ ਜੀ ਦਾ ਪ੍ਰਚਾਰ ਅਵਾਂਈ ਨਾ ਗਿਆ। ਦੇਸ਼ ਭਗਤੀ ਦੀ ਸਪਿਰਟ ਲੋਕਾਈ ਵਿਚ ਜਾਗ ਉਠੀ, ਪੰਜਾਬੀਆਂ ਦਾ ਖ਼ੂਨ ਖੋਲ ਉਠਿਆ ਨਾਮਧਾਰੀਆਂ ਨੇ ਗਊ ਹੱਤਿਆ ਵਿਰੁੱਧ ਆਵਾਜ਼ ਉਠਾਈ ਕਿਉਂਕਿ ਨਾਮਧਾਰੀ ਧਾਰਮਿਕ ਅਸਥਾਨਾਂ ਦੀ ਬੁਚੜਾਂ ਹੱਥੋਂ ਹੋ ਰਹੀ ਬੇਹੁਰਮਤੀ ਸਹਾਰ ਨਹੀਂ ਸੀ ਸਕਦੇ। ਨਤੀਜੇ ਵਜੋਂ ਅੰਮ੍ਰਿਤਸਰ, ਰਾਇਕੋਟ ਅਤੇ ਮਲੇਰ ਕੋਟਲੇ ਦੇ ਸਾਕੇ ਹੋਂਦ ਵਿਚ ਆਏ। ਸਰਕਾਰ ਤਾਂ ਪਹਿਲਾਂ ਹੀ ਚੋਕੰਨੀ ਸੀ ਅਤੇ ਫਿਰ ਮੌਕਾ ਹੱਥ ਆਇਆ ਜਾਣ, ਦੇਸ਼ਭਗਤੀ ਦੇ ਅੰਦੋਲਨ ਨੂੰ ਨੇਸਤੋ-ਨਾਬੂਦ ਕਰਨ ਲਈ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਨਵਰੀ 1872 ਵਿਚ ਬਿਨਾਂ ਮੁਕੱਦਮਾ ਚਲਾਏ ਸੰਨ 1818 ਈ. ਦੇ ਬੰਗਾਲ ਰੈਗੂਲੇਸ਼ਨ ਐਕਟ-III ਦਾ ਆਸਰਾ ਲੈ ਦੇਸ਼ ਤੋਂ ਬਾਹਰ ਬਰਮਾਂ ਭੇਜ ਦਿੱਤਾ।

ਸਤਿਗੁਰਾਂ ਦੇ ਜਲਾਵਤਨ ਹੋਣ ਤੋਂ ਬਾਅਦ ਨਾਮਧਾਰੀ ਪੰਥ ਉੱਤੇ ਜ਼ੁਲਮ ਅਤੇ ਤਸ਼ੱਦਦ ਦੇ ਮਾਰੂ ਝੱਖੜ ਝੁਲ ਪਏ। ਕੂਕਾ ਅੰਦੋਲਨ ਦੇ ਹੈਡ ਕੁਆਟਰ ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਦੀ ਜ਼ਮੀਨ ਨੂੰ ਪਾਣੀ ਹਾਂਡੇ ਤੀਕ ਸਰਕਾਰ ਨੇ ਖੋਦਿਆ ਤਾਂਕਿ ਕੁਝ ਕੀਮਤੀ ਸਾਮਾਨ ਅਤੇ ਇਤਰਾਜ ਯੋਗ ਸਾਮਗਰੀ ਮਿਲ ਸਕੇ ਪਰ ਲੱਭਿਆ ਕੁਝ ਵੀ ਨਾ। ਨਾਮਧਾਰੀਆਂ ਨੂੰ ਤੰਗ ਕਰਨ ਲਈ ਸਰਕਾਰ ਨੇ ਗੁਰਦੁਆਰੇ ਦੇ ਮੁੱਖ ਦੁਵਾਰ ਅੱਗੇ ਸਥਾਈ ਪੋਲੀਸ ਚੌਕੀ ਤਾਇਨਾਤ ਕਰ ਦਿੱਤੀ। ਹੁਣ ਮੁਖਬਰਾਂ ਦੇ ਕੰਨ ਵੀ ਖੁਲ ਗਏ ਤੇ ਉਹ ਪੂਰੀ ਸਰਗਰਮੀ ਨਾਲ ਨਾਮਧਾਰੀਆਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖਣ ਲੱਗੇ। ਪੰਜ ਤੋਂ ਜ਼ਿਆਦਾ ਨਾਮਧਾਰੀ ਕਿਸੇ ਜਗ੍ਹਾ ਇਕੱਠੇ ਨਹੀਂ ਸੀ ਹੋ ਸਕਦੇ। ਨਾਮਧਾਰੀਆਂ ਵਲੋਂ ਸ੍ਰੀ ਆਦਿ ਗਰੰਥ ਸਾਹਿਬ ਦੇ ਪਾਠ ਕਰਨੇ ਸਰਕਾਰ ਨੇ ਵਿਵਰਜਤ ਕੀਤੇ ਹੋਏ ਸਨ। ਸ੍ਰੀ ਆਦਿ ਗਰੰਥ ਸਾਹਿਬ ਦੇ ਪਾਠ ਕਰਨ ਦੇ ਦੋਸ਼ ਵਿਚ ਅਨੇਕ ਨਾਮਧਾਰੀਆਂ ਨੂੰ ਕੈਦ ਦੀ ਸਜ਼ਾ ਅਤੇ ਜਾਇਦਾਦ ਦੀ ਕੁਰਕੀ ਦੀਆਂ ਸਜ਼ਾਵਾਂ ਹੋਈਆਂ। ਰਿਆਸਤਾਂ ਦੇ ਸਿੱਖ ਮਹਾਰਾਜਿਆਂ ਨੇ ਨਾਮਧਾਰੀਆਂ ਤੇ ਬਹੁਤ ਤਸ਼ਦਦ ਕੀਤੇ ਪਰ ਇਹ ਸਭ ਕੁਝ ਨਾਮਧਾਰੀ ਜਗਤ ਨੇ ਅਤੇ ਸਤਿਗੁਰੂ ਹਰੀ ਸਿੰਘ ਜੀ** ਨੇ ਬੜੇ ਸ਼ਾਂਤ ਚਿਤ ਰਹਿ ਕੇ ਅਕਾਲ ਪੁਰਖ ਦਾ ਭਾਣਾ ਮੰਨ ਕੇ ਸਹਾਰੇ। ਉਸ ਭਿਆਨਕ ਸਮੇਂ ਸਤਿਗੁਰੂ ਹਰੀ ਸਿੰਘ ਜੀ ਨੇ ਬੜੀ ਸੂਝ ਤੇ ਸਿਆਣਪ ਨਾਲ ਸੁਤੰਤਰਤਾ

---

* 1863 ਈ. ਤੋਂ 1867 ਈ. ਤਕ—ਸੰਪਾਦਕ

** ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾ, ਜਿਨ੍ਹਾਂ ਦਾ ਪਹਿਲਾਂ ਨਾਂ ਬੁਧ ਸਿੰਘ ਸੀ —ਸੰਪਾਦਕ

ਅੰਦੋਲਨ ਦੀ ਸ਼ਮਾਂ ਨੂੰ ਜਗਾਈ ਰਖਿਆ ਅਤੇ ਨਾਮਧਾਰੀ ਜਗਤ ਦੇ ਦੇਸ਼ ਭਗਤੀ ਵਾਲੇ ਜੋਸ਼ ਨੂੰ ਮੱਠਾ ਨਾ ਹੋਣ ਦਿੱਤਾ ।

ਸਤਿਗੁਰ ਪਰਤਾਪ ਸਿੰਘ ਜੀ ਦੇ ਆਗਮਨ* ਨਾਲ ਹੀ ਸ੍ਰੀ ਭੈਣੀ ਸਾਹਿਬ ਦੇ ਦਲਿਦਰ ਦੂਰ ਹੋ ਗਏ ਸਨ ਤੇ ਸਰਕਾਰੀ ਪੁਲੀਸ ਚੌਕੀ ਗੁਰਦੁਆਰੇ ਦੇ ਪ੍ਰਵੇਸ਼ ਦੁਆਰ ਤੋਂ ਕਾਫ਼ੀ ਦੂਰ ਬਾਹਰ ਹੋ ਗਈ । ਹਿੰਦੋਸਤਾਨ ਦੇ ਇਤਿਹਾਸ ਵਿਚ ਸ਼ਾਇਦ ਸਤਿਗੁਰੂ ਪਰਤਾਪ ਸਿੰਘ ਜੀ ਹੀ ਅਜਿਹੇ ਮਹਾਂ ਪੁਰਸ਼ ਹੋਏ ਹਨ ਜਿਨ੍ਹਾਂ ਨੇ ਹਿੰਦੋਸਤਾਨ ਦਾ ਸੁਤੰਤਰਤਾ ਅੰਦੋਲਨ ਉਗਮਦਾ ਤੇ ਵਿਗਸਦਾ ਅਤੇ ਫਿਰ ਭਾਰਤ ਆਜ਼ਾਦ ਹੋਏ ਨੂੰ ਤਕਿਆ ਸੀ । ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਆਗਮਨ ਹੋਇਆ ਸੀ ਤਾਂ ਭਾਰਤ ਗ਼ੁਲਾਮ ਸੀ, ਅੰਗਰੇਜ਼ੀ ਹਕੂਮਤ ਦਾ ਸੂਰਜ ਸਿਖਰ ਦੁਪਹਿਰਾਂ ਤੇ ਸੀ ਪ੍ਰੰਤੂ ਜਦੋਂ ਆਪ ਜੀ ਜੋਤੀ ਜੋਤ ਸਮਾਏ (ਅਗਸਤ 1959 ਈ.), ਹਿੰਦੋਸਤਾਨ ਪੂਰੀ ਤਰ੍ਹਾਂ ਬਿਦੇਸ਼ੀਆਂ ਦੀ ਗ਼ੁਲਾਮੀ ਤੋਂ ਆਜ਼ਾਦ ਸੀ । ਸੁਤੰਤਰਤਾ ਅੰਦੋਲਨ ਵਿਚ ਕਿੰਨੇ ਨਾਮਧਾਰੀ ਸ਼ਹੀਦ ਹੋਏ ਜਾਂ ਕਿੰਨਿਆਂ ਨੇ ਜੇਲ੍ਹ ਯਾਤਰਾ ਕੀਤੀ, ਇਸ ਬਾਰੇ ਅੱਜ ਤਕ ਨਾਮਧਾਰੀ ਪੰਥ ਨੇ ਕੋਈ ਖੋਜ ਨਹੀਂ ਕਰਵਾਈ । ਪੱਟਾ ਭਾਈ ਸੀਤਾ ਰਾਮਈਆ[1] ਆਪਣੀ ਪੁਸਤਕ 'ਹਿਸਟਰੀ ਆਫ਼ ਇੰਡੀਅਨ ਨੈਸ਼ਨਲ ਕਾਂਗਰਸ' ਵਿਚ ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦੇ ਹਿੱਸੇ ਦਾ ਜ਼ਿਕਰ ਕਰਦੇ ਹੋਏ ਨਾਮਧਾਰੀਆਂ ਬਾਰੇ ਵੀ ਕੁਝ ਵਿਵਰਣ ਦਿੱਤਾ ਹੈ, ਜੋ ਇਸ ਪ੍ਰਕਾਰ ਹੈ :—

ਕ੍ਰਮ	ਜੋ ਸਜ਼ਾ ਮਿਲੀ	ਸਿੱਖ	ਗੈਰ ਸਿੱਖ	ਕੁਲ ਜੋੜ
1.	ਫਾਂਸੀ ਮਿਲੀ	93	28	121
2.	ਉਮਰ ਕੈਦ	2147	499	2646
3.	ਜਲ੍ਹਿਆਂ ਵਾਲੇ ਬਾਗ਼ ਵਿਚ ਸ਼ਹੀਦ ਹੋਏ	799	501	1300
4.	ਬਜਬਜ ਘਾਟ ਤੇ ਸ਼ਹੀਦ ਹੋਏ	67	46	113
5.	ਕੂਕਾ ਲਹਿਰ ਵਿਚ ਸ਼ਹੀਦ ਹੋਏ	91	—	91
6.	ਅਕਾਲੀ ਲਹਿਰ ਵਿਚ ਸ਼ਹੀਦ ਹੋਏ	500	—	500
	ਕੁਲ ਜੋੜ	3697	1074	4771

* ਚੇਤਰ ਵਦੀ ਤੀਜ, ਸੰਮਤ 1946 ਬਿ: ਅਰਥਾਤ 9 ਮਾਰਚ 1890 ਈ.

—ਸੰਪਾਦਕ

ਉਪਰੋਕਤ ਵਿਵਰਣ ਵਿਚ ਨਾਮਧਾਰੀ ਸ਼ਹੀਦਾਂ ਦੀ ਗਿਣਤੀ 91 ਲਿਖੀ ਹੈ ਪਰ ਇਹ ਠੀਕ ਨਹੀਂ ਜਾਪਦੀ ਕਿਉਂਕਿ ਆਜ਼ਾਦੀ ਦੇ ਮੋਢੀ ਤਾਂ ਨਾਮਧਾਰੀ ਹੀ ਹਨ ਅਤੇ ਸਭ ਤੋਂ ਜ਼ਿਆਦਾ ਹਕੂਮਤ ਦਾ ਤਸ਼ੱਦਦ ਇਸ ਲਹਿਰ ਦੇ ਅਨੁਯਾਈਆਂ ਨੂੰ ਸਹਿਣਾ ਪਿਆ ਸੀ ਅਤੇ ਫਿਰ ਅਨੇਕ ਨਾਮਧਾਰੀ ਜੋ ਸਤਿਗੁਰ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਰੰਗੂਨ ਵੱਲ ਗਏ ਅਤੇ ਸਤਿਗੁਰਾਂ ਦੇ ਹੁਕਮਨਾਮੇ ਲੁਕਾ ਕੇ ਲਿਆਉਂਦੇ ਹੋਏ ਸਰਕਾਰ ਨੇ ਸਮੁੰਦਰ ਵਿਚ ਡੋਬ ਦਿੱਤੇ ਜਾਂ ਫਿਰ ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤਦੇ ਰਹੇ ਅਤੇ ਗੁੰਮਨਾਮ ਹੀ ਰਹੇ, ਉਹਨਾਂ ਦੀ ਗਿਣਤੀ ਕਰੀਏ ਤਾਂ ਇਹ ਲਿਸਟ ਬਹੁਤ ਲੰਬੀ ਹੋ ਜਾਵੇਗੀ। ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਹੇਠ ਦੇਸ਼ ਦੀ ਆਜ਼ਾਦੀ ਲਈ ਨਾਮਧਾਰੀਆਂ ਦੀ ਜਦੋਜਹਿਦ ਨੂੰ ਅਸੀਂ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ ਜੋ ਇਸ ਪ੍ਰਕਾਰ ਹੈ :— (ੳ) ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਸਾਹਿਤ ਰਾਹੀਂ ਜਦੋਜਹਿਦ (ਅ) ਅਕਾਲੀਆਂ ਨਾਲ ਮਿਲ ਕੇ ਜਦੋਜਹਿਦ (ੲ) ਕਾਂਗਰਸ ਪਾਰਟੀ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਜਦੋਜਹਿਦ।

(ੳ) ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਸਾਹਿਤ ਰਾਹੀਂ ਕੋਸ਼ਿਸ਼ਾਂ :—

ਸਤਿਗੁਰੂ ਪਰਤਾਪ ਸਿੰਘ ਜੀ ਦਾ ਸਮਾਂ, ਹਿੰਦੋਸਤਾਨੀਆਂ ਲਈ ਕੁਝ ਕਰ ਗੁਜ਼ਰਨ ਅਤੇ ਕੁਝ ਕਰ ਦਿਖਾਉਣ ਦਾ ਸਮਾਂ ਸੀ। ਹਿੰਦੋਸਤਾਨੀਆਂ ਨੂੰ ਅੰਗਰੇਜ਼ ਦੀ ਚਾਲ ਦਾ ਪਤਾ ਲੱਗ ਚੁੱਕਾ ਸੀ। ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਲਈ ਪੱਤਰਕਾਰੀ, ਅੰਗਰੇਜ਼ ਦੀ ਕੂਟਨੀਤੀ ਨੂੰ ਨੰਗਿਆਂ ਕਰਨਾ ਤੇ ਸਰਕਾਰ ਦਾ ਪੋਲ ਖੋਲ੍ਹਣ ਲਈ ਇਕ ਚੰਗਾ ਤੇ ਅਸਰਦਾਰ ਸਾਧਨ ਸੀ। ਪੰਜਾਬ ਵਿਚ ਵੀ ਇਸ ਸਾਧਨ ਦੀ ਵੱਧ ਤੋਂ ਵੱਧ ਵਰਤੋਂ ਹੋਈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਇਸਦੀ ਲੋੜ ਨੂੰ ਮਹਿਸੂਸ ਕੀਤਾ ਕਿਉਂਕਿ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਅੰਗਰੇਜ਼ਾਂ ਵਿਰੁੱਧ ਜਦੋਜਹਿਦ ਤਾਂ ਹੋਈ ਪਰ ਲੋਕਾਈ ਵਿਚ ਨਾਮਧਾਰੀ ਇਤਿਹਾਸ ਦਾ ਏਨਾ ਪ੍ਰਭਾਵ-ਸ਼ਾਲੀ ਪ੍ਰਚਾਰ ਨਹੀਂ ਸੀ ਹੋਇਆ। ਇਸ ਤੋਂ ਬਿਨਾਂ ਸਰਕਾਰ ਪ੍ਰਸਤ ਸਿੱਖ ਸੰਸਥਾਵਾਂ ਜਿਵੇਂ ਕਿ ਚੀਫ਼ ਖਾਲਸਾ ਦੀਵਾਨ, ਸਿੰਘ ਸਭਾ ਆਦਿਕ ਨਾਮਧਾਰੀਆਂ ਦੀ ਕੁਰਬਾਨੀਆਂ ਨੂੰ ਘੱਟੇ ਕੌਡੀ ਰੋਲ ਰਹੀਆਂ ਸਨ। ਸੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਯਤਨਾਂ ਨਾਲ 26 ਮਈ 1920 ਈਸਵੀ[a] ਨੂੰ ਸਤਿਜੁਗ ਅਖਬਾਰ ਛਪਣਾ ਸ਼ੁਰੂ ਹੋਇਆ। ਸਤਿਜੁਗ ਅਖਬਾਰ ਵਲੋਂ ਦੇਸ਼ ਦੀ ਸੁਤੰਤਰਤਾ ਲਈ ਕੀ ਰੋਲ ਨਿਭਾਇਆ ? ਇਸ ਤੋਂ ਪਹਿਲਾਂ ਉਸ ਸਮੇਂ ਦੀ ਪੰਜਾਬੀ ਪੱਤਰਕਾਰੀ ਤੇ ਇਕ ਨਜ਼ਰ ਮਾਰਨੀ ਚਾਹੀਦੀ ਹੈ।

ਇਸ ਸਮੇਂ ਤਕ ਹਿੰਦੋਸਤਾਨੀਆਂ ਨੇ ਦੇਸ਼ ਵਿਦੇਸ਼ ਵਿਚ ਭਾਰਤ ਆਜ਼ਾਦ ਕਰਵਾਉਣ ਲਈ ਹੰਭਲੇ ਮਾਰਨੇ ਸ਼ੁਰੂ ਕਰ ਦਿੱਤੇ ਸਨ। 1914 ਈਸਵੀ ਵਿਚ ਗਦਰ ਪਾਰਟੀ ਨੇ ਸਾਂਨਫਰਾਂਸਿਸਕੋ ਤੋਂ ਭਾਰਤ ਵਿਚ ਅੰਗਰੇਜ਼ ਦੇ ਖਿਲਾਫ਼ ਗ਼ਦਰ ਮਚਾਉਣ ਲਈ ਯਤਨ ਸ਼ੁਰੂ ਕੀਤੇ ਅਤੇ 'ਗ਼ਦਰ ਗੂੰਜ' ਨਾਮ ਦਾ ਪਰਚਾ ਜਾਰੀ ਕੀਤਾ। ਇਸਦੀ

ਅਸਫਲਤਾ ਤੋਂ ਬਾਅਦ ਪੰਜਾਬ ਵਿਚ ਬੱਬਰ ਅਕਾਲੀ ਲਹਿਰ ਹੋਂਦ ਵਿਚ ਆਈ। ਬੱਬਰਾਂ ਨੇ ਅਨੇਕ ਮੁਖਬਰਾਂ ਦਾ ਸਫਾਇਆ ਕੀਤਾ। ਉਸੇ ਸਮੇਂ ਗੁਰਦੁਆਰਾ ਲਹਿਰ ਵੀ ਪੰਜਾਬ ਵਿਚ ਚਲ ਰਹੀ ਸੀ। ਸੋ ਇਹਨਾਂ ਲਹਿਰਾਂ ਕਾਰਨ ਪੰਜਾਬ ਵਿਚ ਵੱਖ-ਵੱਖ ਸਮਾਚਾਰ ਪੱਤਰਾਂ ਦਾ ਹੜ੍ਹ ਆ ਗਿਆ ਪਰ ਉਹਨਾਂ ਵਿਚੋਂ ਕਈ ਜਲਦੀ ਹੀ ਬੰਦ ਹੋ ਗਏ। ਕਈਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਜਾਂਦੀਆਂ ਪਰ ਉਨ੍ਹਾਂ ਦੇ ਮਾਲਕ ਦੂਜੇ ਦਿਨ ਹੋਰ ਨਾਮ ਰੱਖ ਨਵਾਂ ਅਖਬਾਰ ਜਾਰੀ ਕਰ ਲੈਂਦੇ।

ਸਤਿਜੁਗ ਅਖਬਾਰ ਜੋ ਲਾਹੌਰ ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਨੂੰ ਅੰਗਰੇਜ਼ਾਂ ਦੀ ਵਿਰੋਧਤਾ ਤਾਂ ਸਹਿਣੀ ਪੈਣੀ ਹੀ ਸੀ, ਸਗੋਂ ਅਕਾਲੀਆਂ ਨੇ ਵੀ ਇਸਦੀ ਵਿਰੋਧਤਾ ਕੀਤੀ ਪ੍ਰੰਤੂ ਇਹ ਸਪਤਾਹਿਕ ਅਖਬਾਰ ਨਿਰੰਤਰ ਜਾਰੀ ਰਿਹਾ। ਇਸਦੇ ਕਈ ਅੰਕ ਸਰਕਾਰ ਨੇ ਜ਼ਬਤ ਕੀਤੇ ਅਤੇ ਕਈ ਵਾਰ ਜ਼ਮਾਨਤ ਜ਼ਬਤ ਹੋਈ। 1980 ਬਿਕਰਮੀ (1924 ਈ.) "ਬਸੰਤ ਅੰਕ" ਵਿਚ ਸੰਤ ਨਿਧਾਨ ਸਿੰਘ ਆਲਿਮ ਦਾ ਲੇਖ "ਬਾਰਵਾਂ ਜਾਮਾ ਸਤਿਗੁਰੂ" ਮੁੱਖ ਲੇਖ ਵਜੋਂ ਛਪਿਆ ਜੋ ਬੜਾ ਲੰਮਾ ਤੇ ਖੋਜ ਭਰਪੂਰ ਸੀ ਪਰ ਅਕਾਲੀ ਤੇ ਸਿੰਘ ਸਭੀਏ ਉਹ ਲੇਖ ਪੜ੍ਹ ਕੇ ਬਹੁਤ ਨਾਰਾਜ਼ ਹੋਏ। ਉਹਨਾਂ ਸਰਕਾਰ ਤੇ ਜ਼ੋਰ ਦੇ ਕੇ ਉਹ ਬਸੰਤ ਅੰਕ ਜ਼ਬਤ ਕਰਵਾ ਦਿੱਤਾ ਅਤੇ ਇਸਦੇ ਨਾਲ ਹੀ 2,000/= ਦੀ ਜਮਾਨਤ ਵੀ ਜ਼ਬਤ ਹੋ ਗਈ।[3]

ਪਹਿਲਾਂ ਸਤਿਜੁਗ ਅਖਬਾਰ ਲਾਹੌਰ ਵਿਖੇ ਗੰਗਾ ਬਿਲਡਿੰਗ 'ਚੋਂ ਛਪਦਾ ਸੀ, ਫਿਰ ਜ਼ਮਾਨਤ ਜ਼ਬਤੀ ਤੋਂ ਬਾਅਦ ਫਜ਼ਲ ਬਿਲਡਿੰਗ 'ਚੋਂ ਜਾਰੀ ਕੀਤਾ ਗਿਆ। ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਨਿਧਾਨ ਸਿੰਘ ਆਲਿਮ, ਨਿਰੰਕਾਰ ਸਿੰਘ ਚੇਤਨ ਅਤੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਆਦਿਕ ਇਸ ਅਖਬਾਰ ਰਾਹੀਂ ਧੜੱਲੇਦਾਰ ਲੇਖਾਂ ਦੁਆਰਾ ਪ੍ਰਚਾਰ ਕਰਦੇ। ਨਾਮਧਾਰੀ ਇਤਿਹਾਸ ਦਾ ਵੀ ਇਸ ਅਖਬਾਰ ਰਾਹੀਂ ਪ੍ਰਚਾਰ ਕੀਤਾ ਜਾਂਦਾ ਅਤੇ ਸੁਤੰਤਰਤਾ ਅੰਦੋਲਨ ਵਿਚ ਹਿੱਸਾ ਪਾਇਆ ਜਾਂਦਾ। ਅਕਾਲੀਆਂ ਕਿਹਾ, ਅਸੀਂ ਅੰਮ੍ਰਿਤਸਰ ਸਤਿਜੁਗ ਤੇ ਕੂਕਾ ਰੋਜ਼ਾਨਾ ਅਖਬਾਰ ਦੇ ਪਰਚੇ ਨਹੀਂ ਵਿਕਣ ਦੇਣੇ। ਪਰ ਝੰਡਾ ਸਿੰਘ ਮਸਤਾਨਾ ਕਿਲ੍ਹਾ ਸੂਬਾ ਸਿੰਘ ਦੇ ਨੇ ਅੰਮ੍ਰਿਤਸਰ ਤੇ ਲਾਹੌਰ ਦੇ ਬਜ਼ਾਰਾਂ ਵਿਚ ਹੋਕਾ ਦੇ ਦੇ ਕੇ ਇਨ੍ਹਾਂ ਅਖਬਾਰਾਂ ਨੂੰ ਵੇਚਿਆ। ਝੰਡਾ ਸਿੰਘ ਤੋਂ ਇਲਾਵਾ ਕਿਰਪਾ ਸਿੰਘ, ਸੁਰੈਣ ਸਿੰਘ ਬਿੜਦੀ ਵਰਨਾ ਦੇ ਅਤੇ ਭਾਈ ਲਾਲ ਸਿੰਘ ਭਾਈ ਕੋਟ ਨੇ ਵੀ ਪਰਚੇ ਬਜ਼ਾਰਾਂ ਵਿਚ ਵੇਚੇ। ਸੰਤ ਝੰਡਾ ਸਿੰਘ[4], ਇਹਨਾਂ ਤੋਂ ਵੀ ਅਗਾਂਹ ਨਿਕਲ ਗਿਆ। ਉਸਨੇ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਪ੍ਰਕਰਮਾ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਦਾ ਨਾਮ ਲੈ ਕੇ ਉੱਚੀ ਉਚੀ ਹੋਕਾ ਦੇ ਕੇ ਕੂਕਾ ਅਖਬਾਰ ਦੇ ਪਰਚੇ ਵੇਚੇ। ਨਾਮਧਾਰੀਆਂ ਦੇ ਧੂੰਆਂ ਧਾਰ ਪ੍ਰਚਾਰ ਤੋਂ ਸਰਕਾਰ ਬੌਖਲਾ ਗਈ ਤੇ ਅਖਬਾਰ ਤੋਂ ਇਕ ਹਜ਼ਾਰ ਰੁਪੈ ਦੀ ਜ਼ਮਾਨਤ ਮੰਗ ਲਈ। ਫਿਰ ਪਹਿਲਾ ਹੁਕਮ ਬਦਲ ਕੇ ਦੋ ਹਜ਼ਾਰ ਦੀ ਜ਼ਮਾਨਤ ਮੰਗੀ। ਅਖੀਰ ਸਰਕਾਰ ਨੇ ਦੋ ਹਜ਼ਾਰ ਦੀ ਜ਼ਮਾਨਤ ਜ਼ਬਤ ਹੀ ਕਰ ਲਈ।[5] ਇਸ ਤਰ੍ਹਾਂ ਕੂਕਾ ਅਖਬਾਰ ਸਰਕਾਰੀ ਅਤਿਆਚਾਰ ਬਰਦਾਸ਼ਤ ਨਾ ਕਰ ਸਕਿਆ ਤੇ ਛੇਤ

ਕੁ ਸਾਲ ਚਲ ਕੇ ਬੰਦ ਹੋ ਗਿਆ । ਕੂਕਾ ਅਖਬਾਰ ਤੋਂ ਬਾਅਦ ''ਮਸਤਾਨਾ''[6] ਸਮਾਚਾਰ ਪੱਤਰ ਜਾਰੀ ਹੋਇਆ ਪਰ ਉਹ ਵੀ ਛੇਤੀ ਬੰਦ ਹੋ ਗਿਆ ।

ਇਨ੍ਹਾਂ ਸਮਾਚਾਰ ਪੱਤਰਾਂ ਨੇ ਨਾਮਧਾਰੀ ਇਤਿਹਾਸ ਬਾਰੇ ਜਨਤਾ ਨੂੰ ਜਾਣੂ ਕਰਵਾਇਆ ਅਤੇ ਅੰਗਰੇਜ਼ ਦੀ ਗੁਲਾਮੀ ਦਾ ਤੌਕ ਲਾਹੁਣ ਲਈ ਲੋਕਾਈ ਨੂੰ ਪਰੇਰਨਾ ਦਿੱਤੀ ਤੇ ਮਾਰਗ ਦਰਸ਼ਨ ਕੀਤਾ । ਸਤਿਜੁਗ ਅਖਬਾਰ ਦੇ ਬਸੰਤ ਅੰਕਾਂ ਵਾਂਗ ਕੂਕਾ ਅਖਬਾਰ ਵਿਚ ਛਪੀ ਇਕ ਤਸਵੀਰ ਵੀ ਜ਼ਬਤ ਹੋਈ ਸੀ । ਉਹ ਤਸਵੀਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਦੇਂਦਿਆਂ ਉਲੀਕਿਆ ਸੀ । ਉਸਦੀ ਜ਼ਬਤੀ ਦੀ ਖਬਰ ਰੋਜ਼ਾਨਾ ਅਖਬਾਰ ''ਅਸਲੀ ਕੌਮੀ ਦਰਦ'' ਵਿਚ 18 ਫਰਵਰੀ 1928, ਪੰਨਾ 1 ਤੇ ਛਪੀ ਸੀ ।

ਇਹ ਤਸਵੀਰ ਕੂਕਾ ਅਖਬਾਰ ਵਿਚ ਭੀ ਛਪੀ ਅਤੇ ਫਿਰ ਅਲੱਗ ਭੀ ਰੰਗੀਨ ਛਪਾਈ ਗਈ ਸੀ । ਇਹਨਾਂ ਤੋਂ ਬਿਨਾਂ 10 ਮਾਘ 1992 ਬਿਕਰਮੀ ਦੇ ਸਤਿਜੁਗ ਅਖਬਾਰ ਦਾ ''ਬਸੰਤ ਅੰਕ'' ਸਰਕਾਰ ਨੇ ਜ਼ਬਤ ਕਰ ਲਿਆ ਕਿਉਂਕਿ ਇਸ ਅੰਕ ਵਿਚ ਪਹਿਲੀ ਵਾਰ ਸਤਿਗੁਰ ਰਾਮ ਸਿੰਘ ਜੀ ਦੀਆਂ ਰੰਗੀਨ ਤਸਵੀਰਾਂ, ਮਲੇਰ ਕੋਟਲੇ ਦੇ ਸ਼ਹੀਦੀ ਸਾਕੇ ਦੀ ਤਸਵੀਰ, ਪ੍ਰਦੇਸ਼ ਗਵਨ ਦੀ ਤਸਵੀਰ, ਕਲਕੱਤਿਓਂ ਜਹਾਜ਼ ਤੇ ਰਵਾਨਗੀ ਆਦਿਕ ਪ੍ਰਕਾਸ਼ਤ ਹੋਈਆਂ ਸਨ । ਇਸ ਤੋਂ ਬਿਨਾਂ ਉਸ ਅੰਕ ਵਿਚ ਸੰਤ ਇੰਦਰ ਸਿੰਘ ਚਕਰਵਤੀ ਜੀ ਦਾ ਲੇਖ ''ਅਪੂਰਵ ਬਲੀਦਾਨ'' ਛਪਿਆ ਸੀ । ਇਹ ਨਾਮਧਾਰੀ ਇਤਿਹਾਸ ਦੇ ਪ੍ਰਚਾਰ ਦਾ ਇਕ ਉਪਰਾਲਾ ਸੀ ਪਰ ਸਰਕਾਰ ਨੇ ਇਸਨੂੰ ਵੀ ਗੈਰ ਕਾਨੂੰਨੀ ਅਤੇ ਲੋਕਾਈ ਵਿਚ ਸੁਤੰਤਰਤਾ ਦਾ ਪ੍ਰਚਾਰ ਕਰਨ ਵਾਲਾ ਸਮਝ ਕੇ ਜ਼ਬਤ ਕਰਵਾ ਦਿੱਤਾ । ਇਸ ਤੋਂ ਬਿਨਾਂ ਸੰਤ ਹਰਨਾਮ ਸਿੰਘ ਜੀ ਦੀ ਪੁਸਤਕ ''ਸੰਤ ਖਾਲਸਾ''[7] ਵੀ ਸਰਕਾਰ ਨੇ ਜ਼ਬਤ ਕੀਤੀ ਸੀ । ਉਸ ਪੁਸਤਕ ਵਿਚ 'ਸੰਪੂਰਨ ਨਾਮਧਾਰੀ ਇਤਿਹਾਸ' ਕਵਿਤਾ ਵਿਚ ਰਚਿਆ ਗਿਆ ਸੀ । ਨਮੂਨੇ ਮਾਤਰ ਕੁਝ ਬੰਦ ਵੇਖੋ :—

ਮਰ ਗਏ ਕਿਉਂ ਨ ਸਿੰਘ ਧਰਮ ਤਜ ਕੇ,
ਮੁਰਦੇ ਲਈ ਫਿਰੋ ਪਰਾਨ ਸਿੰਘੋ ।
ਦੁਸ਼ਟ ਮਾਰਨੀ ਸੰਤ ਉਬਾਰਨੀ ਜੋ,
ਕਿਥੇ ਤੁਸਾਂ ਦੀ ਗਈ ਕ੍ਰਿਪਾਨ ਸਿੰਘੋ ।
ਸੂਰਬੀਰ ਯੋਧੇ ਕੂਚ ਕਰ ਗਏ,
ਰਹੇ ਸੂਰਮੇ ਨਹੀ ਜਵਾਨ ਸਿੰਘੋ ।
ਰਛਿਆ ਗਊ ਗਰੀਬ ਦੀ ਕਰਨ ਵਾਲੇ,
ਕਿਥੇ ਖਾਲਸੇ ਗਏ ਬਲਵਾਨ ਸਿੰਘੋ ।
ਮਾਰ ਮਾਰ ਤੇਗਾਂ ਬੁਚੜ ਪਾਪੀਆਂ ਦਾ,
ਕਰ ਦਿਉ ਭਾਰੇ ਘਲੂਘਾਨ ਸਿੰਘੋ ।

ਆਗਿਆ ਗੁਰਾਂ ਤੋਂ ਲੈ ਕੇ ਹਰਨਾਮ ਸਿੰਘਾ,
ਚੱਟ ਕਰ ਦਿਓ ਮੈਦਾਨ ਸਿੰਘੋ ।
(ਹਰਨਾਮ ਵੈਦ, 'ਸੰਤ ਖਾਲਸਾ' ਅਰਥਾਤ ਨਾਮਧਾਰੀ ਤਵਾਰੀਖ, ਪੰਨਾ 29)

ਇਸ ਤੋਂ ਬਿਨਾਂ ਹੋਰ ਵੀ ਨਾਮਧਾਰੀ ਇਤਿਹਾਸ ਬਾਰੇ ਪੁਸਤਕ ਕਵਿਤਾ ਵਿਚ ਸਮੇਂ ਸਮੇਂ ਸਿਰ ਪ੍ਰਕਾਸ਼ਤ ਹੁੰਦੇ ਰਹੇ ਜਿਨ੍ਹਾਂ ਵਿਚ ਨਾਮਧਾਰੀ ਇਤਿਹਾਸ ਨੂੰ ਆਧਾਰ ਬਣਾ ਕੇ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਲਈ ਪ੍ਰਚਾਰ ਕੀਤਾ ਜਾਂਦਾ ਅਤੇ ਲੋਕਾਈ ਨੂੰ ਆਜ਼ਾਦੀ ਅੰਦੋਲਨ ਵਿਚ ਕੁਦ ਪੈਣ ਲਈ ਪਰੇਰਨਾ ਕੀਤੀ ਜਾਂਦੀ। ਮਿਸਾਲ ਵਜੋਂ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀ ਪੁਸਤਕ "ਇਨਕਲਾਬੀ ਕੂਕਾ"[8] (ਰਚਨਕਾਲ 1980 ਬਿਕਰਮੀ, 1923 ਈਸਵੀ) ਦੀਆਂ ਕੁਝ ਲਾਈਨਾਂ ਵੇਖੀਆਂ ਜਾ ਸਕਦੀਆਂ ਹਨ :—

ਵਿਚ ਪੰਜਾਬ ਅੰਗਰੇਜ਼ ਨੇ ਕੀਤੇ ਅਤਿਆਚਾਰ ।
ਬੁਚੜਖਾਨੇ ਕਰੇ ਸੀ, ਸ਼ਹਿਰਾਂ ਪਿੰਡਾਂ ਵਿਚਕਾਰ ।
ਮਾਰਨ ਗਊਆਂ ਸ਼ਰੇਆਮ, ਬੁਚੜ ਗਏ ਹੰਕਾਰ ।
ਮਦਦ ਲਾਟ ਹਿੰਦ ਦੀ, ਫਰੰਗੀ ਕਰਾਵੇ ਕਾਰ ।
ਸਾਲ ਸਤਾਈਏ ਕੂਕਿਆਂ, ਦਿਤਾ ਕਾਨੂੰਨ ਸੀ ਰੋਲ ।
ਬੁਚੜ ਮਾਰੇ ਥਾਂ ਥਾਂ, ਸ਼ਹਿਰ ਪਿੰਡਾਂ ਵਿਚ ਟੋਲ ।
ਸੂਬਾ ਗਿਆਨੀ ਸਿੰਘ ਜੀ, ਰਤਨ ਸਿੰਘ ਸਰਦਾਰ ।
ਫਾਂਸੀ ਲਾਏ ਗੋਰਿਆਂ, ਬੇਦੋਸ਼ੇ ਦਿਤੇ ਮਾਰ ।
ਵਧਿਆ ਜੋਸ਼ ਪੰਜਾਬ ਵਿਚ, ਕੂਕੇ ਬੀਰ ਨਰਿੰਦ ।
ਦਲ ਮਸਤਾਨਾ ਉਠਿਆ, ਆਗੂ ਹੀਰਾ ਸਿੰਘ ।
ਕੀਤਾ ਪਰਣ ਉਨ੍ਹਾਂ ਨੇ, ਲੈ ਕੇ ਹੱਥ ਨਿਸ਼ਾਨ ।
ਭਾਰਤੋਂ ਕੱਢੋ ਅੰਗਰੇਜ਼ ਨੂੰ, ਰਾਜ ਕਰੇ ਹਿੰਦੋਸਤਾਨ ।
ਜਥੇਬੰਦੀ ਕਰੀ ਉਸ ਨੇ, ਲਾਈ ਨਾ ਕੋਈ ਦੇਰ ।
ਕਰਨਾ ਰਾਜ ਹਿੰਦ ਵਿਚ, ਅਸਾਂ ਨੇ ਸੰਝ ਸਵੇਰ ।
ਸਿੱਖ ਰਿਆਸਤਾਂ ਸਾਡੀਆਂ, ਜਗੀਰਦਾਰ ਸਰਦਾਰ ।
ਗੋਰਿਆਂ ਨੂੰ ਕੱਢੋ ਦੇਸ਼ ਤੋਂ, ਆਪਣੀ ਕਰੋ ਸਰਕਾਰ ।

ਅੱਜ ਚਾਹੇ ਅਜਿਹੀਆਂ ਲਿਖਤਾਂ ਜਾਂ ਕਵਿਤਾਵਾਂ ਪਾਠਕਾਂ ਨੂੰ ਕਿਹੋ ਜਿਹੀਆਂ ਵੀ ਲਗਣ । ਪ੍ਰੰਤੂ ਅੰਗਰੇਜ਼ੀ ਹਕੂਮਤ ਸਮੇਂ ਅਜਿਹਾ ਲਿਖਣਾ ਮੌਤ ਨੂੰ ਅਵਾਜ਼ਾਂ ਮਾਰਨ ਵਾਲੀ ਗੱਲ ਸੀ ਅਤੇ ਅੰਗਰੇਜ਼ੀ ਰਾਜ ਵਿਰੁੱਧ ਸਿੱਧੀ ਬਗਾਵਤ ਸੀ। ਅਜਿਹੀ ਇਕ ਹੋਰ ਲਿਖਤ ਗਿਆਨੀ ਕਾਹਲਾ ਸਿੰਘ ਨੰਗਲਾਂ ਵਾਲੇ ਦੀ[9] "ਕੂਕੇ ਸਿੰਘ ਤੇ ਅੰਗਰੇਜ਼ ਰਾਜ" ਵੀ ਵਾਚਣ ਯੋਗ ਹੈ, ਇਸਦਾ ਰਚਨ ਕਾਲ 1979 ਬਿਕਰਮੀ ਅਰਥਾਤ 1922 ਈਸਵੀ

ਹੈ । ਇਸ ਲਿਖਤ ਦੀ ਵੰਨਗੀ ਦੇਖੋ :—

ਕੂਕੇ ਦੇਸ਼ ਆਜ਼ਾਦੀ ਦੇ ਕਰਨ ਵਾਲੇ,
ਜਥੇਬੰਦ ਸੀ ਦੇਸ਼ ਸੁਧਾਰ ਕਰਦੇ ।
ਸਿੱਖ ਰਹਿਤ ਬਾਣੀ ਗਰੰਥ ਪੜ੍ਹਨ ਵਾਲੇ,
ਅਖੌਤੀ ਸਿੱਖ ਬਣ ਕੇ ਹੈਸਨ ਖਾਰ ਕਰਦੇ ।
ਗਿਆਨੀ, ਧਿਆਨੀ, ਸੋਢੀ, ਬੇਦੀ ਸਰਬ ਰਾਜੇ,
ਕੂਕੇ ਪੰਥ ਨੂੰ ਸੀ ਮਾਰੋ ਮਾਰ ਕਰਦੇ ।
ਕਾਹਲਾ ਸਿੰਘ ਕੀਤਾ ਜ਼ੁਲਮ ਗੋਰਿਆਂ ਨੇ,
ਨਾਲੇ ਰਲ ਕੇ ਦੇਸ਼ ਗਦਾਰ ਕਰਦੇ । 57 ।

ਅਜਿਹੇ ਹੋਰ ਵੀ ਕਈ ਨਾਮਧਾਰੀ ਕਵੀ ਤੇ ਲਿਖਾਰੀਆਂ ਦੀਆਂ ਲਿਖਤਾਂ 'ਚੋਂ ਬੰਦ ਅੰਕਿਤ ਕੀਤੇ ਜਾ ਸਕਦੇ ਹਨ ਜਿਨ੍ਹਾਂ ਤੋਂ ਅੰਗਰੇਜ਼ੀ ਹਕੂਮਤ ਦਾ ਤਖਤਾ ਉਲਟਾਉਣ ਲਈ ਨਾਮਧਾਰੀਆਂ ਦੀਆਂ ਕਾਰਜ ਵਿਧੀਆਂ ਦਾ ਪਤਾ ਲਗਦਾ ਹੈ । ਅੱਜ ਬਹੁਤ ਸਾਰਾ ਨਾਮਧਾਰੀ ਸਾਹਿਤ ਦੁਰਲਭ ਹੋ ਚੁਕਾ ਹੈ । ਇਸ ਤੋਂ ਬਿਨਾਂ ਸਤਿਜੁਗ ਅਖਬਾਰਾਂ ਨੇ ਵੀ ਸਮੇਂ ਸਮੇਂ ਦੇਸ਼ ਦੀ ਆਜ਼ਾਦੀ ਲਈ ਕੀਤੀ ਜਦੋਜਹਿਦ ਵਿਚ ਹਿੱਸਾ ਪਾਇਆ । ਸਰਕਾਰ ਸਤਿਜੁਗ ਨੂੰ ਸਭ ਤੋਂ ਜ਼ਿਆਦਾ ਖਤਰਨਾਕ ਸਮਝਦੀ ਸੀ ਅਤੇ ਇਸਦਾ ਫ਼ੌਜੀਆਂ ਵਿਚ ਜਾਣਾ ਤੇ ਹੋਰ ਸਰਕਾਰੀ ਅਦਾਰਿਆਂ ਵਿਚ ਜਾਣਾ ਵਿਵਰਜਤ ਕੀਤਾ ਹੋਇਆ ਸੀ । ਸਤਿਜੁਗ ਅਖਬਾਰ ਦੇ ਨਾਲ ਜੋ ਹੋਰ ਸਮਾਚਾਰ ਪੱਤਰ ਫ਼ੌਜੀਆਂ ਦੇ ਪੜ੍ਹਨ ਲਈ ਵਿਵਰਜਤ ਸਨ, ਉਹਨਾਂ ਦੇ ਨਾਮ ਇਸ ਪ੍ਰਕਾਰ ਹਨ[10] :—

1. ਪੰਜਾਬ ਦਰਪਨ (ਨਰਮ-ਖਿਆਲ ਹਫਤਾਵਾਰ) 2. ਪ੍ਰੀਤਮ (ਗੈਰ-ਰਾਜਸੀ ਅਕਾਲੀ ਪੱਖੀ ਮਾਸਿਕ) 3 ਰਾਮਗੜ੍ਹੀਆ ਗਜ਼ਟ 4. ਸਤਿਜੁਗ 5. ਸ਼ੇਰੇ ਪੰਜਾਬ 6. ਉਪਦੇਸ਼ਕ ।

ਸਤਿਜੁਗ ਅਖਬਾਰ ਸਰਕਾਰ ਦੀਆਂ ਨੀਤੀਆਂ ਦੀ ਕਰੜੀ ਅਲੋਚਨਾ ਕਰਦਾ ਤੇ ਉਸਦਾ ਪਾਜ ਉਘਾੜਦਾ ਅਤੇ ਸਰਕਾਰ ਪ੍ਰਸਤ ਸਿੱਖਾਂ ਨੂੰ ਸੁਤੰਤਰਤਾ ਅੰਦੋਲਨ ਵਿਚ ਹਿੱਸਾ ਲੈਣ ਲਈ ਪਰੇਰਦਾ । ਉਸ ਸਮੇਂ ਦੇ ਸਤਿਜੁਗ-ਅਖਬਾਰ ਦੇ ਕੁਝ ਲੇਖਾਂ ਦੇ ਹੈਡਿੰਗ ਵਾਚਣ ਯੋਗ ਹਨ :—ਖਾਲਸਾ ਪੰਥ ਦੇ ਬੁਕਲਾਂ ਦੇ ਸੱਪ (30 ਵਿਸਾਖ 1995 ਬਿ.), ਸਮਾਚਾਰੀ ਵੈਣ (16 ਸਾਵਣ 1998 ਬਿ.), ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨਾਲ ਜੱਫੇ (7 ਫਗਣ 1987 ਬਿ.) ਆਦਿਕ ਲੇਖਾਂ ਨੂੰ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਸਰਕਾਰ ਪ੍ਰਸਤਾਂ ਅਤੇ ਸਰਕਾਰ ਦੀ ਪੋਲ ਖੋਲ੍ਹੀ ਗਈ ਹੈ । ਉਸ ਸਮੇਂ ਦੇਸ਼ ਭਗਤਾਂ ਅਤੇ ਸਤਿਆਗ੍ਰਹੀਆਂ ਦੇ ਹੱਕ ਵਿਚ ਲਿਖਣਾ ਸਰਕਾਰ ਦੀ ਨਰਾਜ਼ਗੀ ਸਹੇੜਨਾ ਹੁੰਦਾ ਸੀ ਪਰ ਸਤਿਜੁਗ ਅਖਬਾਰ ਦੇਸ਼ ਭਗਤਾਂ ਦੀ ਖੁਲ੍ਹ ਕੇ ਸਰਾਹਨਾ ਕਰਦਾ । 1938 ਈ. ਵਿਚ ਅੰਮ੍ਰਿਤਸਰ ਦੇ ਕਿਸਾਨ ਸਤਿਆਗ੍ਰਹਿ ਬਾਰੇ ਸਤਿਜੁਗ ਅਖਬਾਰ ਵਿਚ ਲਿਖਿਆ ਸੀ :—

"ਸਭ ਤੋਂ ਜ਼ਿਆਦਾ ਘਬਰਾਹਟ ਦਾ ਸਬੂਤ ਅੰਮ੍ਰਿਤਸਰ ਵਾਲੇ ਕਿਸਾਨ ਸਤਿਆਗ੍ਰਹਿ ਸੰਬੰਧੀ ਸਰਕਾਰੀ ਕਾਰਵਾਈਆਂ ਨੇ ਪੇਸ਼ ਕੀਤਾ ਹੈ। ਇਕ ਤਰਫ ਤਾਂ ਕਿਸਾਨਾਂ ਨੂੰ ਇਹ ਦੱਸਿਆ ਜਾਂਦਾ ਕਿ ਹੁਣ ਸੂਬੇ ਵਿਚ ਤੁਹਾਡੀ ਹੀ ਹਕੂਮਤ ਹੈ ਪਰ ਦੂਜੀ ਤਰਫ ਓਹੀ ਕਿਸਾਨ ਜਦ ਆਪਣੀਆਂ ਤਕਲੀਫਾਂ ਅਫਸਰਾਂ ਨੂੰ ਦਸਣ ਜਾਂਦੇ ਤਾਂ ਦਫਾ 144 ਲੱਗਾ ਦਿੱਤੀ ਜਾਂਦੀ ਹੈ। ਇਸਦੇ ਵਿਰੁੱਧ ਸਤਯਾਗ੍ਰਹ ਕਰਨ ਵਾਲੇ ਕਿਸਾਨਾਂ ਨੂੰ ਗੁੰਡੇ ਅਰ ਆਵਾਰਾਗਰਦ ਕਹਿ ਕੇ ਉਹਨਾਂ ਉਤੇ ਡਾਂਗਾਂ ਬਰਸਾਈਆਂ ਜਾਂਦੀਆਂ ਹਨ।[11]

ਜਦੋਂ ਸ਼ਹੀਦ ਭਗਤ ਸਿੰਘ ਜੀ ਨੂੰ ਲਾਹੌਰ ਫਾਂਸੀ ਤੇ ਲਟਕਾਇਆ ਗਿਆ ਤਾ ਇਸ ਘਟਨਾ ਬਾਰੇ ਸਤਿਜੁਗ ਅਖਬਾਰ ਦਾ ਬਹੁਤ ਤਿਖਾ ਪ੍ਰਤੀਕਰਮ ਸੀ। ਸਤਿਜੁਗ ਅਖਬਾਰ ਨੇ 19 ਚੇਤ੍ਰ 1987 ਬਿ. ਦੇ ਪਰਚੇ ਵਿਚ "ਸ੍ਰ. ਭਗਤ ਸਿੰਘ ਜੀ ਜ਼ਿੰਦਾਬਾਦ, ਨੌਕਰਸ਼ਾਹੀ ਮੁਰਦਾਬਾਦ" ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਸੀ :—

"ਆਖਰ ਨੌਕਰਸ਼ਾਹੀ ਨੇ ਆਪਣੀ ਨੀਚਤਾ ਦਾ ਸਬੂਤ ਦੇ ਦਿੱਤਾ। ਇਕ ਬੰਨੇ ਤਾਂ ਲਾਰਡ ਇਰਵਨ ਮਹਾਤਮਾ ਜੀ ਨਾਲ ਸੁਲ੍ਹਾ ਕਰਕੇ ਸ਼ਾਂਤ ਵਾਯੂ ਮੰਡਲ ਪੈਦਾ ਕਰਨ ਦੇ ਸੁਪਨੇ ਲੈ ਰਿਹਾ ਹੈ। ਦੂਜੇ ਬੰਨੇ ਉਹੀ ਲਾਰਡ ਇਰਵਨ 32 ਕਰੋੜ ਭਾਰਤੀਆਂ ਦੀ ਰੂਹੇ ਰਵਾਂ ਸਰਦਾਰ ਭਗਤ ਸਿੰਘ ਜੀ ਨੂੰ ਫਾਂਸੀ ਦੇ ਤਖਤੇ ਤੇ ਲਟਕਾਣ ਦੀ ਇਜਾਜ਼ਤ ਦੇ ਕੇ ਆਪਣੀ ਦੋਸਤੀ ਦੇ ਸਬੂਤ ਦੇ ਰਿਹਾ ਹੈ। ਸੱਚੀ ਮੁਚੀ ਵਿਨਾਸ਼ ਸਮੇਂ ਬੁਧੀ ਭ੍ਰਿਸ਼ਟ ਹੋ ਜਾਇਆ ਕਰਦੀ ਹੈ, ਇਸ ਸਮੇਂ ਨੌਕਰਸ਼ਾਹੀ ਆਪਣੇ ਅਖੀਰਲੇ ਸਵਾਸ ਪੂਰੇ ਕਰ ਰਹੀ ਏ। ਉਹ ਦਿਨ ਹੁਣ ਬਹੁਤ ਨਜ਼ਦੀਕ ਹੈ ਜਦੋਂ ਇਹ ਆਪਣਾ ਬਿਸਤਰਾ ਬੋਰੀਆ ਬੰਨ੍ਹ ਕੇ ਇੰਗਲੈਂਡ ਜਾ ਕੇ ਹੀ ਦਮ ਲਏਗੀ।"

ਅਜਿਹਾ ਦਲੇਰਾਨਾ ਲਿਖਣਾ ਅਤੇ ਦੇਸ਼ ਭਗਤਾਂ ਦੀ ਘਾਲ ਕਮਾਈ ਦੀ ਸਰਾਹਨਾ ਕਰਨੀ ਸਤਿਜੁਗ ਅਖਬਾਰ ਦੇ ਹਿੱਸੇ ਹੀ ਆਇਆ ਸੀ। ਅਜਿਹੀਆਂ ਲਿਖਤਾਂ ਸਤਿਗੁਰ ਪਰਤਾਪ ਸਿੰਘ ਜੀ ਦੀ ਪ੍ਰੇਰਨਾ ਸਦਕਾ ਲਿਖੀਆਂ ਜਾਂਦੀਆਂ ਜੋ ਭਾਰਤ ਨੂੰ ਆਜ਼ਾਦ ਹੋਇਆਂ ਦੇਖਣ ਲਈ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਆਜ਼ਾਦੀ ਦੀ ਸ਼ਮਾਂ ਨੂੰ ਹੋਰ ਪ੍ਰਚੰਡ ਕਰ ਰਹੇ ਸਨ।

ਨਾਮਧਾਰੀਆਂ ਨੇ ਅਕਾਲੀ ਮੋਰਚਿਆਂ ਵਿਚ ਸ਼ਾਮਲ ਹੋ ਕੇ ਆਜ਼ਾਦੀ ਦੀ ਜੰਗ ਲੜਨੀ :—

ਕਿਹੜੇ ਕਿਹੜੇ ਮੋਰਚੇ ਵਿਚ ਕਿਸ ਕਿਸ ਨਾਮਧਾਰੀ ਨੇ ਹਿੱਸਾ ਲਿਆ, ਇਹ ਵਿਸ਼ਾ ਅਜੇ ਖੋਜ ਦਾ ਮੁਥਾਜ ਹੈ ? ਚਾਹੇ ਨਾਮਧਾਰੀ ਜਗਤ ਨੇ ਅਕਾਲੀ ਮੋਰਚਿਆਂ ਵਿਚ ਪੂਰੀ ਸਰਗਰਮੀ ਨਾਲ ਹਿੱਸਾ ਨਹੀਂ ਸੀ ਲਿਆ ਫਿਰ ਵੀ ਜਿਥੇ ਕਿਤੇ ਨਾਮਧਾਰੀਆਂ ਨੂੰ ਅਕਾਲੀਆਂ ਦੀ ਜਦੋਜਹਿਦ ਵਿਚ ਕੌਮੀ ਮੁਫਾਦ ਨਜ਼ਰ ਆਇਆ, ਨਾਮਧਾਰੀਆਂ ਨੇ ਤਨਦੇਹੀ ਨਾਲ ਹਿੱਸਾ ਲਿਆ।

1914 ਈਸਵੀ ਵਿਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਸਰਕਾਰ ਵਲੋਂ

ਢਾਹ ਦਿੱਤੀ ਗਈ। ਉਸ ਸਰਕਾਰੀ ਕੁਕਰਮ ਦੇ ਖਿਲਾਫ਼ ਪਹਿਲੀ ਆਵਾਜ਼ ਉਠਾਉਣ ਵਾਲੇ ਨਾਮਧਾਰੀ ਸੰਤ, ਮੰਗਲ ਸਿੰਘ ਅਰਸ਼ੀ ਫਰਿਸ਼ਤਾ ਜੀ ਸਨ। ਉਹਨਾਂ ਤੋਂ ਪਰੇਰਨਾ ਲੈ ਕੇ ਅਖੰਡ ਕੀਰਤਨੀ ਜੱਥੇ ਦੇ ਰੂਹੇ ਰਵਾਂ ਸੰਸਥਾਪਕ ਭਾਈ ਰਣਧੀਰ ਸਿੰਘ ਜੀ ਨੇ ਕੰਧ ਦੀ ਉਸਾਰੀ ਲਈ ਮੋਰਚਾ ਲਗਾਇਆ। ਉਹਨਾਂ ਦਾ ਸਰਦੂਲ ਸਿੰਘ ਕਵੀਸ਼ਰ ਨੇ ਸਾਥ ਦਿੱਤਾ। ਸਰਕਾਰ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ[12] ਦੀ ਆਵਾਜ਼ ਬੰਦ ਕਰਨ ਲਈ ਉਹਨਾਂ ਨੂੰ ਉਹਨਾਂ ਦੇ ਪਿੰਡ ਹੀ ਨਜ਼ਰਬੰਦ ਕਰ ਦਿੱਤਾ ਪਰ ਸਰਕਾਰ ਫਿਰ ਵੀ ਆਪਣੇ ਮੰਤਵ ਵਿਚ ਕਾਮਯਾਬ ਨਾ ਹੋ ਸਕੀ। ਅਰਸ਼ੀ ਫਰਿਸ਼ਤਾ ਦੇ ਪਰੇਰਨਾ ਸਰੋਤ ਸਤਿਗੁਰ ਪਰਤਾਪ ਸਿੰਘ ਜੀ ਸਨ ਕਿਉਂਕਿ ਸਤਿਗੁਰ ਪਰਤਾਪ ਸਿੰਘ ਜੀ ਨੇ ਮਾਸਟਰ ਤਾਰਾ ਸਿੰਘ ਜਿਹੇ ਅਕਾਲੀ ਲੀਡਰਾਂ ਨੂੰ ਉਸ ਸਮੇਂ ਪੂਰਾ ਸਾਥ ਦਿੱਤਾ ਸੀ ਜਿਸਦੀ ਇਕ ਝਲਕ ਮਾਸਟਰ ਤਾਰਾ ਸਿੰਘ ਦੀ ਸਪੀਚ ਵਿਚੋਂ ਮਿਲਦੀ ਹੈ[13] :—

''ਮੈਂ ਬਾਬਾ ਪਰਤਾਪ ਸਿੰਘ ਜੀ ਦੇ ਸੰਸਕਾਰ ਸਮੇਂ ਇਤਨੀ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ 1914 ਈਸਵੀ ਵਿਚ ਬਾਬਾ ਜੀ ਨਾਲ ਮੇਰੀ ਪਹਿਲੀ ਵਾਕਫੀ ਹੋਈ। ਜਦੋਂ ਗੁਰਦੁਆਰਾ ਰਕਾਬ ਗੰਜ ਦੀ ਕੰਧ ਢੱਠੀ–ਉਦੋਂ ਹੀ ਅਕਾਲੀ ਲਹਿਰ ਦਾ ਮੁਢ ਬੱਝਾ। ਅਸੀਂ, ਮੈਂ ਤੇ ਤੇਜਾ ਸਿੰਘ ਸਮੁੰਦਰੀ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਉਹਨਾਂ ਨਾਲ ਸਾਰੀ ਗੱਲਬਾਤ ਕੀਤੀ। ਉਹਨਾਂ ਨੇ ਉਸ ਸਮੇਂ ਲਾਹੌਰ ਵਿਚ ਸਾਰੀਆਂ ਸੰਗਤਾਂ ਦਾ ਇਕ ਅਜਿਹਾ ਇਕੱਠ ਕੀਤਾ ਜਿਸਦੀ ਬੜੀ ਲੋੜ ਸੀ ਤੇ ਜਿਹੜਾ ਲਾ–ਮਿਸਾਲ ਸੀ। ਬਾਬਾ ਜੀ ਉਸ ਗੱਦੀ ਦੇ ਮਾਲਕ ਸਨ ਜਿਸਤੇ ਬਾਬਾ ਰਾਮ ਸਿੰਘ ਜੀ ਬਿਰਾਜਮਾਨ ਸਨ। ਉਹਨਾਂ ਨੇ ਬੜੇ ਨਾਜ਼ਕ ਸਮੇਂ ਸਿੱਖ ਪੰਥ ਨੂੰ ਜਗਾਇਆ।''

ਅਜੇ ਤਕ ਅਕਾਲੀ ਮੋਰਚਿਆਂ ਵਿਚ ਨਾਮਧਾਰੀਆਂ ਦੀ ਸ਼ਮੂਲੀਅਤ ਬਾਰੇ ਕੋਈ ਖੋਜ ਨਹੀਂ ਹੋਈ ਹੈ। ਨਾਮਧਾਰੀਆਂ ਨੇ ਅਨੇਕ ਵਾਰ, ਅਕਾਲੀਆਂ ਨਾਲ ਕੁਝ ਮਤਭੇਦ ਹੋਣ ਦੇ ਬਾਵਜੂਦ ਵੀ, ਉਹਨਾਂ ਦਾ ਮੋਰਚਿਆਂ ਵਿਚ ਸਾਥ ਦਿੱਤਾ ਸੀ। ਮੇਰੀ ਜਾਣਕਾਰੀ ਅਨੁਸਾਰ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਅਕਾਲੀਆਂ ਨਾਲ ਮਿਲ ਕੇ ਸੰਤ ਮਹਿਤਾਬ ਸਿੰਘ ਨਾਮਧਾਰੀ[14] ਪਿੰਡ ਸਾਹੋਵਾਲ ਜ਼ਿਲਾ ਸਿਆਲਕੋਟ ਨੇ ਗ੍ਰਿਫਤਾਰੀ ਦਿੱਤੀ ਸੀ। ਨਾਮਧਾਰੀਆਂ ਦੀ ਅਕਾਲੀਆਂ ਅਤੇ ਕਾਂਗਰਸ ਨਾਲ ਇਕਮੁਠਤਾ ਵੇਖ ਕੇ ਸਰਕਾਰ ਕੰਬ ਉਠੀ ਸੀ। ਸਰਕਾਰ ਨੇ ਉਸ ਸਮੇਂ ਨਾਮਧਾਰੀਆਂ ਦੀ ਕੁਰਬਾਨੀਆਂ ਵੇਖ ਕੇ ਅਤੇ ਅਕਾਲੀਆਂ ਨਾਲੋਂ ਤੋੜਨ ਲਈ 1922 ਈਸਵੀ ਵਿਚ ਸ੍ਰੀ ਭੈਣੀ ਸਾਹਿਬ ਤੋਂ ਪੁਲੀਸ ਚੌਕੀ ਉਠਾ ਲਈ* ਪ੍ਰੰਤੂ ਨਾਮਧਾਰੀ ਸਰਕਾਰ ਦੀ ਮੀਸਣੀ ਚਾਲ ਨੂੰ ਤਾੜ ਗਏ ਸਨ ਅਤੇ ਹੋਰ ਵੀ ਜ਼ਿਆਦਾ ਸਰਗਰਮੀ ਨਾਲ ਅਕਾਲੀ ਮੋਰਚਿਆਂ ਵਿਚ ਹਿੱਸਾ ਲੈਣ ਲੱਗੇ, ਇਸਦਾ ਜ਼ਿਕਰ ਸਰਕਾਰੀ ਕਾਗਜ਼ਾਂ ਵਿਚ ਆਇਆ ਹੈ।

---

* ਮਈ 1923 ਈ.—ਸੰਪਾਦਕ

ਅਕਾਲੀ ਮੋਰਚਿਆਂ ਵਿਚ ਸਭ ਤੋਂ ਕਠਿਨ ਤੇ ਸਖਤ ਮੋਰਚਾ, ਜੈਤੋਂ ਦਾ ਮੋਰਚਾ ਸੀ, ਜਿਸ ਵਿਚ ਅਕਾਲੀਆਂ, ਨਾਮਧਾਰੀਆਂ, ਨਿਰਮਲੇ ਸੰਤਾਂ ਅਤੇ ਕਾਂਗਰਸ ਪਾਰਟੀ ਨੇ ਹਿੱਸਾ ਲਿਆ ਅਤੇ ਗ੍ਰਿਫਤਾਰੀਆਂ ਦਿੱਤੀਆਂ ਸਨ। ਜੈਤੋ ਦਾ ਮੋਰਚਾ, ਅਕਾਲੀਆਂ ਨੇ ਨਾਭੇ ਦੇ ਮਹਾਰਾਜੇ ਦੇ ਹੱਕ ਵਿਚ ਲਗਾਇਆ ਸੀ। ਸ੍ਰੀ ਭੈਣੀ ਸਾਹਿਬ ਤੋਂ ਪੁਲੀਸ ਚੌਂਕੀ ਉਠਾਉਣ ਅਤੇ ਇਸ ਪਿਛੇ ਸਰਕਾਰੀ ਨੀਤੀ ਬਾਰੇ ਸਮਸ਼ੇਰ ਸਿੰਘ ਅਸ਼ੋਕ ਜੀ ਇਸ ਪ੍ਰਕਾਰ ਲਿਖਦੇ ਹਨ :—

"...ਸਰਕਾਰ ਅੰਗਰੇਜ਼ੀ ਨੇ ਅਕਾਲੀ ਤੇ ਕਾਂਗਰਸੀ ਆਗੂਆਂ ਦਾ ਜੁਟ ਬਣਿਆ ਦੇਖ ਕੇ ਇਸ ਸਮੇਂ ਬੜੀ ਚਲਾਕੀ ਤੋਂ ਕੰਮ ਲਿਆ, ਮਹਾਰਾਜਾ ਰਿਪਦੂਮਨ ਸਿੰਘ ਨੂੰ ਜੋ ਸੰਨ 1917 ਤੋਂ ਨਾਮਧਾਰੀਆਂ ਨਾਲ ਘੁਲ ਮਿਲ ਕੇ ਚਲਦੇ ਆ ਰਹੇ ਸਨ ਤੇ ਬਾਬਾ ਪਰਤਾਪ ਸਿੰਘ ਜੀ ਨੂੰ ਆਪਣੇ ਵਲੋਂ ਨਾਭੇ ਦੇ ਨੇੜੇ ਇਕ ਬੀੜ ਵੀ, ਉਸਦੇ ਨਾਲ ਸੰਬੰਧਤ ਜਾਇਦਾਦ ਸਮੇਤ ਦੇ ਚੁਕੇ ਸਨ, ਨਾਮਧਾਰੀਆਂ ਤੋਂ ਵੱਖਰੇ ਕਰਨ ਤੇ ਅਕਾਲੀਆਂ ਦੇ ਨਾਲ ਮਿਲੇ ਦਸ ਕੇ ਭੰਡਿਆ ਤੇ ਨਾਮਧਾਰੀਆਂ ਬਾਰੇ ਖਾਸ ਤੌਰ ਤੇ ਬੜੀ ਨਰਮੀ ਵਰਤੀ ਤੇ ਉਨ੍ਹਾਂ ਉਤੇ ਸਰਕਾਰ ਵਲੋਂ ਸੰਨ 1872 ਦੀ ਲੱਗੀ ਹੋਈ ਪਾਬੰਦੀ ਇਕ ਦਮ ਹਟਾ ਲਈ। ਲਾਟ ਸਾਹਿਬ ਦੇ ਚੀਫ ਸਕੱਤਰ ਮਿਸਟਰ ਕਰੇਕ ਨੇ ਨਾਭਾ ਦੇ ਰਾਜ ਪ੍ਰਬੰਧਕ ਮਿਸਟਰ ਉਗਲਵੀ ਨੂੰ ਤਾਕੀਦ ਕੀਤੀ ਕਿ ਉਹ ਬੀੜ ਜੋ ਮਹਾਰਾਜਾ ਨਾਭੇ ਨੇ ਨਾਮਧਾਰੀਆਂ ਨੂੰ ਦਿੱਤੀ ਸੀ ਉਨ੍ਹਾਂ ਤੋਂ ਨਾ ਖੋਹੇ ਤਾਂ ਕਿ ਨਾਮਧਾਰੀਏ ਅਕਾਲੀਆਂ ਦੇ ਨਾਲ ਐਜੀਟੇਸ਼ਨ ਵਿਚ ਸ਼ਾਮਲ ਨਾ ਹੋਣ ਪਰ ਨਾਮਧਾਰੀਏ ਸਰਕਾਰ ਦੀ ਇਸ ਮੀਸਣੀ ਚਾਲ ਨੂੰ ਤਾੜ ਗਏ ਤੇ ਉਹਨਾਂ ਨੇ ਆਪਣੇ ਕੁਝ ਮਤ ਭੇਦਾਂ ਨੂੰ ਮੁੱਖ ਰੱਖਦਿਆਂ ਹੋਇਆਂ ਵੀ ਕਈ ਤਰੀਕੇ ਵਰਤੇ। ਨਾਭਾ ਐਜੀਟੇਸ਼ਨ ਸੰਬੰਧੀ ਅਕਾਲੀਆਂ ਨੂੰ ਕਾਫ਼ੀ ਹੱਦ ਤਕ ਸਹਿਯੋਗ ਦਿੱਤਾ। ਇਥੋਂ ਤਕ ਕਿ ਉਹ ਕਈ ਵੇਰ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਤੋਂ ਜੈਤੋ ਨੂੰ ਜਾਂਦੇ ਸ਼ਹੀਦੀ ਜੱਥਿਆਂ ਵਿਚ ਵੀ ਸ਼ਾਮਲ ਹੁੰਦੇ ਰਹੇ, ਜਿਸਦੇ ਸਬੂਤ ਉਸ ਸਮੇਂ ਦੇ ਕਈ ਸਮਾਚਾਰ ਪੱਤਰਾਂ ਵਿਚੋਂ ਮਿਲਦੇ ਹਨ।"

ਜਦੋਂ ਸਰਕਾਰ ਨੇ ਦੇਖਿਆ ਕਿ ਨਾਭੇ ਵਾਲੀ ਬੀੜ ਦੇ ਸਵਾਲ ਤੋਂ ਨਾਮਧਾਰੀ, ਅਕਾਲੀਆਂ ਦਾ ਸਾਥ ਦੇ ਰਹੇ ਹਨ ਤਾਂ ਸਰਕਾਰ ਨੇ ਅਕਾਲੀਆਂ ਨੇ ਸਾਥੀ ਨਾਮਧਾਰੀਆਂ, ਨਿਰਮਲੇ ਸੰਤਾਂ ਅਤੇ ਨਿਹੰਗਾਂ ਨੂੰ ਭੰਡਣ ਲਈ ਅੰਮ੍ਰਿਤਸਰ ਵਿਚ ਸਰਕਾਰੀ ਬੰਦਿਆਂ ਨੂੰ ਨਾਮਧਾਰੀਆਂ, ਨਿਰਮਲੇ ਸੰਤਾਂ ਅਤੇ ਨਿਹੰਗਾਂ ਵਾਲੇ ਬਾਣੇ ਪਵਾ ਕੇ ਅਕਾਲੀਆਂ ਵਿਰੁੱਧ ਜਲੂਸ ਕਢਵਾਇਆ ਪਰ ਇਹ ਭੰਡੀ ਪ੍ਰਚਾਰ ਵੀ ਕੁਝ ਨਾ ਕਰ ਸਕਿਆ। ਇਸ ਬਾਰੇ ਸ਼ਮਸ਼ੇਰ ਸਿੰਘ ਅਸ਼ੋਕ ਜੀ ਲਿਖਦੇ ਹਨ[16] :—

"ਚੌਥਾ ਜਤਨ ਸਰਕਾਰ ਨੇ ਅਕਾਲੀਆਂ ਨੂੰ ਸਿਕਸ਼ਤ ਦੇਣ ਲਈ ਇਹ ਕੀਤਾ ਕਿ ਕੁਝ ਨਿਰਮਲੇ, ਨਿਹੰਗ ਤੇ ਨਾਮਧਾਰੀ ਇਕੱਠੇ ਕਰਕੇ ਅਕਾਲੀ ਲਹਿਰ ਤੇ ਅਕਾਲੀ ਮੋਰਚਿਆਂ ਤੋਂ ਵਿਰੁੱਧ ਜਲੂਸ ਕਢਵਾਇਆ, ਜਿਸ ਵਿਚ ਸਰਕਾਰ ਨੂੰ ਇਸ ਕਰਕੇ ਨਾ-ਕਾਮਯਾਬੀ ਹੋਈ ਕਿ ਪੰਥ ਨਾਲ ਪਿਆਰ ਕਰਨ ਵਾਲੇ ਅਨੇਕ ਨਿਰਮਲੇ ਤੇ ਨਾਮਧਾਰੀ ਸੱਜਨ ਅਕਾਲੀਆਂ ਦੇ ਨਾਲ ਸ਼ਾਮਲ ਹੋ ਕੇ ਸ਼ਹੀਦੀ ਜੱਥਿਆਂ ਵਿਚ ਜਾਣ

ਲਈ ਆਏ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੂਜੇ ਜੱਥੇ ਦੇ ਮੈਂਬਰਾਂ ਵਿਚੋਂ ਜੋ ਬਿਨਾਂ ਵਾਰੰਟ ਗ੍ਰਿਫਤਾਰ ਹੋਏ ਸਨ, ਪਚਵੰਜਵਾਂ ਮੈਂਬਰ ਸਰਦਾਰ ਧਰਮ ਸਿੰਘ ਨਾਮੀ ਇਕ ਨਾਮਧਾਰੀ ਸੱਜਨ ਸੀ।''

ਸੋਹਨ ਸਿੰਘ ਜੋਸ਼ ਦੀ ਪੁਸਤਕ ''ਅਕਾਲੀ ਮੋਰਚਿਆਂ ਦਾ ਇਤਿਹਾਸ''[17] ਅਨੁਸਾਰ ਜੈਤੋਂ ਦੇ ਮੋਰਚੇ ਵਿਚ ਲਗ ਭਗ ਬਾਰਾਂ-ਤੇਰ੍ਹਾਂ ਨਿਰਮਲੇ ਤੇ ਨਾਮਧਾਰੀ ਸੰਤਾਂ ਨੇ ਹਿੱਸਾ ਲਿਆ ਸੀ। ਧਰਮ ਸਿੰਘ ਨਾਮਧਾਰੀ[18] ਦਾ ਨਾਮ ਸਰਕਾਰੀ ਕਾਗਜ਼ਾਂ ਵਿਚ ਆਉਂਦਾ ਹੈ ਜੋ ਜੈਤੋਂ ਜਾਣ ਵਾਲੇ ਅਕਾਲੀਆਂ ਦੇ ਜੱਥੇ ਵਿਚ ਸ਼ਾਮਲ ਹੋਇਆ ਸੀ। ਇਸ ਤੋਂ ਬਿਨਾਂ ਸੰਤ ਬੁੱਢਾ ਸਿੰਘ ਨਾਮਧਾਰੀ[19] ਪਿੰਡ ਛੋਟੀ ਮੱਖੀ ਜ਼ਿਲਾ ਲਾਹੌਰ ਵਾਲੇ ਜੈਤੋਂ ਦੇ ਮੋਰਚੇ ਵਿਚ ਕੈਦ ਹੋਏ ਸਨ। ਸੰਤ ਊਧਮ ਸਿੰਘ ਤੇ ਪਿੰਡ ਮਰਮਿੰਦ ਪੁਰ[20] ਵਾਲਿਆਂ ਨੇ ਜੈਤੋਂ ਜਾ ਰਹੇ ਜੱਥੇ ਨੂੰ ਆਪਣੇ ਪਿੰਡ ਰਖਿਆ ਸੀ ਜਦੋਂ ਕਿ ਅਜਿਹਾ ਕਰਨਾ ਸਰਕਾਰ ਵਲੋਂ ਵਿਵਰਜਤ ਸੀ। ਨਾਮਧਾਰੀ ਦਰਬਾਰ ਨੇ ਉਸ ਸਮੇਂ ਜੈਤੋਂ ਦੇ ਮੋਰਚੇ ਵਿਚ ਹਿੱਸਾ ਲੈ ਰਹੇ ਅਕਾਲੀਆਂ ਦੇ ਹੱਕ ਵਿਚ ਮਤਾ ਪਾਸ ਕੀਤਾ ਸੀ ਅਤੇ ਅਕਾਲੀਆਂ ਨੂੰ ਮੋਰਚਾ ਜਿਤਣ ਤੇ ਵਧਾਈਆਂ ਦਿੱਤੀਆਂ ਸਨ, ਜੋ ਇਸ ਪ੍ਰਕਾਰ ਹੈ[21] :—

''ਨਾਮਧਾਰੀ ਦਰਬਾਰ ਨੂੰ ਜੈਤੋਂ ਦੀ ਦੁਖਦਾਇਕ ਵਿਥਿਆ ਸੁਣ ਕੇ ਬੜਾ ਦੁਖ ਹੋਇਆ ਹੈ ਅਤੇ ਦਰਬਾਰ ਰਿਆਸਤੀ ਕਾਰਵਾਈ ਨੂੰ ਅਤਿ ਘ੍ਰਿਣਾ ਸਹਿਤ ਦੇਖਦਾ ਹੈ। ਇਹ ਤਾਂ ਸਾਫ ਪ੍ਰਗਟ ਸੀ ਕਿ ਅਕਾਲੀਆਂ ਦਾ ਉਦੇਸ਼ ਕੇਵਲ ਅਖੰਡ ਪਾਠ ਕਰਨ ਵਾਸਤੇ ਜਾਣਾ ਸੀ ਅਤੇ ਰਿਆਸਤ ਕਿਸੇ ਅਜੇਹੇ ਹੁਕਮ ਨੂੰ ਜੋ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਵਿਚ ਰੁਕਾਵਟ ਪਾਉਂਦਾ ਉਨ੍ਹਾਂ ਨੇ ਸ਼ਾਂਤਮਈ ਮੰਨਣਾ ਸੀ। ਸਰਕਾਰ ਦਾ ਕਮਿਊਨੀਕੇ ਕਹਿੰਦਾ ਹੈ ਕਿ ਪਹਿਲਾਂ ਅਕਾਲੀਆਂ ਗੋਲੀ ਚਲਾਈ ਅਤੇ ਜ਼ੋਰ ਨਾਲ ਇਸਨੂੰ ਜਾਰੀ ਰਖਿਆ। ਜੇ ਇਹ ਸੱਚ ਹੁੰਦਾ ਤਾਂ ਅਕਾਲੀਆਂ ਦੇ ਹਥਿਆਰ ਜ਼ਰੂਰ ਰਿਆਸਤ ਦੇ ਹੱਥ ਆਉਂਦੇ ਪਰ ਗਵਰਨਮੈਂਟ ਦੇ ਚਲਾਣ ਵਿਚ ਅਜੇਹਾ ਕੋਈ ਜ਼ਿਕਰ ਨਹੀਂ ਹੈ। ਨਾ ਹੀ ਰਿਆਸਤ ਦੀ ਫ਼ੌਜ ਵਿਚੋਂ ਕਿਸੇ ਦਾ ਨੁਕਸਾਨ ਹੋਇਆ। ਅਸਲ ਗੱਲ ਇਹ ਹੈ ਕਿ ਰਿਆਸਤੀ ਹਾਕਮਾਂ ਨੇ ਆਪਣੀ ਕਾਰਵਾਈ ਨੂੰ ਹਰ ਤਰ੍ਹਾਂ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ। ਅਸੈਂਬਲੀ ਦੇ ਮੈਂਬਰਾਂ ਨੂੰ ਸਟੇਸ਼ਨ ਪਰ ਉਤਰਨ ਨਹੀਂ ਦਿੱਤਾ ਗਿਆ। ਪ੍ਰਿੰਸੀਪਲ ਗਿਡਵਾਨੀ ਤੇ ਡਾ. ਕਿਚਲੂ ਨੂੰ ਗ੍ਰਿਫਤਾਰ ਕੀਤਾ ਗਿਆ। ਦਵਾਈਆਂ ਤੇ ਡਾਕਟਰਾਂ ਨੂੰ ਜੋ ਜੱਥੇ ਨਾਲ ਸਨ ਗ੍ਰਿਫਤਾਰ ਕਰਕੇ ਰਿਆਸਤੀ ਹਾਕਮਾਂ ਨੇ ਹੋਰ ਵੀ ਬੇ-ਰਹਿਮੀ ਦਾ ਸਬੂਤ ਦਿੱਤਾ ਹੈ। ਨਾਮਧਾਰੀ ਦਰਬਾਰ ਦੀ ਸਮਿਤੀ ਵਿਚ ਇਸ ਮਾਮਲੇ ਵਿਚ ਖੁਲ੍ਹੀ ਤਹਿਕੀਕਾਤ ਤੋਂ ਬਿਨਾਂ ਤਸੱਲੀ ਨਹੀਂ ਹੋ ਸਕਦੀ ਅਤੇ ਦਰਬਾਰ ਅਕਾਲੀਆਂ ਦੇ ਸ਼ਹੀਦੀ ਜੱਥੇ ਨੂੰ ਉਸਦੀ ਬਹਾਦਰੀ ਲਈ ਵਧਾਈ ਦਿੰਦਾ ਹੈ ਅਤੇ ਅਕਾਲ ਪੁਰਖ ਪਾਸ ਉਨ੍ਹਾਂ ਦੀਆਂ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਵਾਸਤੇ ਅਰਦਾਸ ਕਰਦਾ ਹੈ।''

ਜੈਤੋਂ ਦਾ ਮੋਰਚਾ ਅਕਾਲੀਆਂ ਨੇ ਨਾਭੇ ਦੇ ਰਾਜੇ ਰਿਪਦੁਮਨ ਸਿੰਘ ਦੇ ਹੱਕ ਵਿਚ ਲਗਾਇਆ ਸੀ ਕਿਉਂਕਿ ਅੰਗਰੇਜ਼ ਹਕੂਮਤ ਨੇ ਉਸਨੂੰ ਰਾਜ ਗੱਦੀ ਤੋਂ ਲਾਹ ਕੇ ਕੋਡਾਈ ਕਨਾਲ ਵਿਖੇ ਨਜ਼ਰਬੰਦ ਕੀਤਾ ਸੀ। ਬੇਸ਼ੁਮਾਰ ਗ੍ਰਿਫਤਾਰੀਆਂ ਅਕਾਲੀਆਂ

ਨੇ ਦਿੱਤੀਆਂ ਸਨ, ਇਸਦੇ ਨਾਲ ਪੰਜਾਬ ਦੇ ਸਮਾਚਾਰ ਪੱਤਰਾਂ ਨੇ ਵੀ ਮਹਾਰਾਜੇ ਦੇ ਹੱਕ ਵਿਚ ਆਵਾਜ਼ ਉਠਾਈ ਤੇ ਸਰਕਾਰ ਦੀ ਆਲੋਚਨਾ ਕੀਤੀ । ਸਤਿਜੁਗ ਅਖਬਾਰ ਨੇ ਵੀ ਮਹਾਰਾਜੇ ਬਾਰੇ "ਸ੍ਰੀ ਮਹਾਰਾਜ ਜੀ ਨਾਲ ਬੇ-ਇਨਸਾਫੀ" ਸਿਰਲੇਖ ਹੇਠ ਲਿਖਿਆ[33] :—

"ਅੱਜ ਸਭ ਸੂਬਿਆਂ ਵਿਚ ਉਹ ਲੋਕ ਆਜ਼ਾਦ ਹੋ ਰਹੇ ਹਨ ਜਿਨ੍ਹਾਂ ਗੋਰਮਿੰਟ ਦੇ ਵਿਰੁੱਧ ਐਲਾਨੀਆ ਬਾਗੀਆਨਾ ਪ੍ਰਚਾਰ ਕੀਤਾ । ਮਹਾਰਾਜਾ ਗੁਰਚਰਨ ਸਿੰਘ ਜੀ ਨੇ ਐਸਾ ਕੀ ਅਪਰਾਧ ਕਰ ਦਿੱਤਾ ਹੈ ਕਿ ਉਹਨਾਂ ਦੀ ਸਜ਼ਾ ਦਾ ਅੰਤ ਹੋਣ ਵਿਚ ਹੀ ਨਹੀਂ ਆਉਂਦਾ ? ਮਹਾਰਾਜਾ ਨੂੰ ਅਸਹਿ ਸਖਤੀ ਦਾ ਸ਼ਿਕਾਰ ਹੋਏ 14 ਸਾਲ ਪੂਰੇ ਹੋ ਗਏ ਹਨ । ਇਤਨੇ ਚਿਰ ਮਗਰੋਂ ਤਾਂ ਉਮਰ ਕੈਦੀ ਭੀ ਰਿਹਾਅ ਕਰ ਦਿੱਤੇ ਜਾਂਦੇ ਹਨ ।"

ਇਹ ਕੁਝ ਕੁ ਨਾਮਧਾਰੀਆਂ ਦੀ ਅਕਾਲੀ ਮੋਰਚਿਆਂ ਵਿਚ ਸ਼ਮੂਲੀਅਤ ਬਾਰੇ ਵਿਵਰਣ ਹੈ । ਲੋੜ ਹੈ ਕਿ ਕੋਈ ਖੋਜੀ ਵਿਦਵਾਨ ਇਸ ਪਾਸੇ ਧਿਆਨ ਦੇਵੇ ਤਾਂ ਕਿ ਹੋਰ ਗੁੰਮ ਹੋ ਰਿਹਾ ਇਤਿਹਾਸ ਸਾਹਮਣੇ ਆ ਸਕੇ ।

ਨਾਮਧਾਰੀਆਂ ਦੀਆਂ ਕਾਂਗਰਸ ਪਾਰਟੀ ਨਾਲ ਮਿਲ ਕੇ ਆਜ਼ਾਦੀ ਲਈ ਕੋਸ਼ਿਸ਼ਾਂ :—

ਮਹਾਤਮਾ ਗਾਂਧੀ ਜੀ ਨੇ ਜੋ ਨਾ-ਮਿਲਵਰਤਨ ਦਾ ਹਥਿਆਰ ਅੰਗਰੇਜ਼ ਸਰਕਾਰ ਵਿਰੁੱਧ ਵਰਤਿਆ, ਉਸਨੂੰ ਨਾਮਧਾਰੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਲਗ ਭਗ ਪੰਜਾਹ ਸਾਲ ਪਹਿਲਾਂ ਵਰਤੋਂ ਵਿਚ ਲਿਆ ਕੇ ਅੰਗਰੇਜ਼ੀ ਹਕੂਮਤ ਦਾ ਬਾਈਕਾਟ ਕਰਕੇ ਅਤੇ ਸੁਦੇਸ਼ੀ ਵਸਤਾਂ ਦਾ ਉਪਯੋਗ ਕਰਕੇ ਆਜ਼ਾਦੀ ਪ੍ਰਾਪਤੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹੰਭਲੇ ਮਾਰਨੇ ਸ਼ੁਰੂ ਕਰ ਦਿੱਤੇ ਸਨ । ਜੋ ਆਜ਼ਾਦੀ ਪ੍ਰਾਪਤੀ ਲਈ ਜਦੋ ਜਹਿਦ ਦਾ ਬੀਜ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਬੀਜਿਆ ਗਿਆ ਸੀ, ਉਸਦਾ ਅੰਕੁਰ ਸਤਿਗੁਰ ਹਰੀ ਸਿੰਘ ਜੀ ਦੇ ਸਮੇਂ ਫੁਟਿਆ । ਸਤਿਗੁਰ ਪਰਤਾਪ ਸਿੰਘ ਜੀ ਦੇ ਸਮੇਂ ਉਹਨਾਂ ਦੀ ਕਿਰਪਾ ਸਦਕਾ ਬ੍ਰਿਛ ਦਾ ਰੂਪ ਧਾਰ ਗਿਆ ਜਿਸਦੀ ਸੰਘਣੀ ਛਾਂ ਅੱਜ ਸਮੁਚਾ ਹਿੰਦੋਸਤਾਨ ਮਾਣ ਰਿਹਾ ਹੈ ਭਾਵ ਅੱਜ ਅਸੀਂ ਆਜ਼ਾਦੀ ਮਾਣ ਰਹੇ ਹਾਂ । ਹਿੰਦ ਵਾਸੀਆਂ ਨੂੰ ਨਾਮਧਾਰੀ ਜਗਤ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਪਰ ਅਜਿਹਾ ਹੈ ਨਹੀਂ, ਸਾਡੇ ਇਤਿਹਾਸਕਾਰਾਂ ਤੇ ਰਾਜਸੀ ਨੇਤਾਵਾਂ ਨੇ ਨਾਮਧਾਰੀਆਂ ਨੂੰ ਭੁਲਾ ਦਿੱਤਾ ਹੈ ।

1914 ਈਸਵੀ ਵਿਚ ਪਹਿਲਾ ਸੰਸਾਰ ਯੁਧ ਅਰੰਭ ਹੋਇਆ । ਚੀਫ ਖਾਲਸਾ ਦੀਵਾਨ, ਸਿੰਘ ਸਭੀਆਂ ਤੇ ਹੋਰ ਕੁਝ ਰਾਜਸੀ ਪਾਰਟੀਆਂ ਨੇ ਅੰਗਰੇਜ਼ ਸਰਕਾਰ ਦਾ ਕੁਝ ਹੱਦ ਤਕ ਸਾਥ ਦਿੱਤਾ ਅਤੇ ਫੌਜਾਂ ਲਈ ਭਰਤੀ ਦੇ ਯਤਨ ਕਰਨੇ ਸ਼ੁਰੂ ਕੀਤੇ । ਸਰਕਾਰ ਨੇ ਨਾਮਧਾਰੀਆਂ ਨੂੰ ਕੁਝ ਰਿਆਇਤਾਂ ਤੇ ਲਾਲਚ ਦੇ ਕੇ ਭਰਮਾਉਣ ਦਾ ਯਤਨ ਕੀਤਾ ਪਰ ਉਹ ਆਪਣੇ ਮੰਤਵ ਵਿਚ ਕਾਮਯਾਬ ਨਾ ਹੋਈ ।[34] ਸੰਸਾਰ ਯੁੱਧ

ਖਤਮ ਹੋਇਆ । ਰੋਲਟ ਐਕਟ ਖਿਲਾਫ ਸ੍ਰੀ ਅੰਮ੍ਰਿਤਸਰ ਵਿਖੇ ਜਲ੍ਹਿਆਂ ਵਾਲੇ ਬਾਗ਼ ਜਲਸਾ ਹੋਇਆ ਜਿਸ ਵਿਚ ਨਾਮਧਾਰੀ ਵੀ ਸ਼ਾਮਲ ਹੋਏ ਪਰ ਨਿਹੱਥੇ ਦੇਸ਼ ਭਗਤਾਂ ਨੂੰ ਸਰਕਾਰ ਨੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ।[25] ਅਗਲੀ ਵਾਰ ਕਾਂਗਰਸ ਦਾ ਸੈਸ਼ਨ ਅੰਮ੍ਰਿਤਸਰ ਵਿਖੇ ਹੋਇਆ ਜਿਸ ਵਿਚ ਨਾਮਧਾਰੀਆਂ ਵਲੋਂ ਮਹਾਰਾਜ ਗੁਰਦਿਆਲ ਸਿੰਘ ਜੀ, ਪੰਡਤ ਬਸੰਤ ਸਿੰਘ ਜੀ, ਸੰਤ ਮੰਗਲ ਸਿੰਘ, ਸੰਤ ਨਿਧਾਨ ਸਿੰਘ ਆਲਿਮ ਅਤੇ ਮੁਨਸ਼ਾ ਸਿੰਘ ਕੋਮੀ ਸ਼ਾਮਲ ਹੋਏ ਸਨ ।

1914 ਈਸਵੀ ਵਿਚ ਬਾਬਾ ਗੁਰਦਿਤ ਸਿੰਘ ਸਰਹਾਲੀ ਵਾਲੇ 'ਗੁਰੂ ਨਾਨਕ' ਨਾਂ ਦੇ ਜਹਾਜ ਰਾਹੀਂ ਕੈਨੇਡਾ ਪਹੁੰਚਣਾ ਚਾਹੁੰਦੇ ਸਨ । ਉਥੋਂ ਦੀ ਸਰਕਾਰ ਨੇ ਉਹਨਾਂ ਨੂੰ ਸਾਥੀਆਂ ਸਮੇਤ ਵਾਪਸ ਮੋੜ ਦਿੱਤਾ ਅਤੇ ਜਦ ਉਹ ਭਾਰਤ ਆ ਕੇ ਬਜ ਬਜ ਘਾਟ ਤੇ ਜਹਾਜ਼ ਲਗਿਆ ਤੇ ਸਵਾਰ ਯਾਤਰੂ ਉਤਰਨ ਲੱਗੇ ਤਾਂ ਸਰਕਾਰ ਨੇ ਉਹਨਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ । ਸਰਕਾਰ ਨੇ ਗੁਰਦੁਆਰਿਆਂ ਦੇ ਸਰਬਰਾਹਾਂ ਤੋਂ ਹੁਕਮਨਾਮਾ ਕੱਢਵਾਇਆ ਕਿ ਜਹਾਜ਼ ਵਿਚ ਸਵਾਰ ਸਿੱਖ, ਸਿੱਖ ਨਹੀਂ ਹਨ ਪਰ ਸਤਿਗੁਰ ਪਰਤਾਪ ਸਿੰਘ ਜੀ ਨੇ ਹੁਸ਼ਿਆਰਪੁਰ ਵਿਖੇ ਇਕ ਵੱਡਾ ਸਮਾਗਮ ਕਰਵਾ ਕੇ ਕਿਹਾ ਕਿ ਜਹਾਜ਼ ਵਿਚ ਸਵਾਰ ਦੇਸ਼ ਭਗਤ ਸਿੱਖ ਹਨ, ਨਾਮਧਾਰੀ ਪੰਥ ਉਹਨਾਂ ਨੂੰ ਸਿੱਖ ਮੰਨਦਾ ਹੈ ।[25]

1872 ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਸਰਕਾਰ ਨੇ ਜਲਾਵਤਨ ਕੀਤਾ ਤਾਂ ਉਸ ਸਮੇਂ ਤੋਂ ਲਗਾਤਾਰ ਪੁਲੀਸ ਚੋਕੀ ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਅਗੇ ਤਾਇਨਾਤ ਰਹੀ । ਪੁਲਿਸ ਸਤਿਗੁਰ ਹਰੀ ਸਿੰਘ ਜੀ ਦੇ ਸਮੇਂ ਦਰਸ਼ਨ ਕਰਨ ਆਏ ਨਾਮਧਾਰੀਆਂ ਨੂੰ ਤੰਗ ਕਰਦੀ ਰਹੀ । ਸਤਿਗੁਰ ਪਰਤਾਪ ਸਿੰਘ ਜੀ ਪਾਸੋਂ ਆਪਣੇ ਸਮੇਂ ਪੁਲੀਸ ਸਿਪਾਹੀਆਂ ਦੇ ਤਸ਼ੱਦਦ ਸਹਿਣ ਨਾ ਹੋਏ । ਆਪ ਜੀ ਨੇ ਪੰਥ ਨੂੰ ਪਰੇਰਨਾ ਕੀਤੀ ਕਿ ਪੁਲੀਸ ਚੋਕੀ ਉਠਾਉਣ ਲਈ ਯਤਨ ਕਰਨ । ਮਹਾਰਾਜ ਗੁਰਦਿਆਲ ਸਿੰਘ ਜੀ ਨੇ ਅਨੇਕ ਵਾਰ ਰਾਜਸੀ ਲੀਡਰਾਂ ਤੇ ਦੇਸ਼ ਭਗਤਾਂ ਨੂੰ ਵੱਖ ਵੱਖ ਸਮਾਗਮਾਂ ਤੇ ਬੁਲਾ ਕੇ ਨਾਮਧਾਰੀ ਇਤਿਹਾਸ ਤੇ ਨਾਮਧਾਰੀਆਂ ਦੀਆਂ ਕੁਰਬਾਨੀਆਂ ਬਾਰੇ ਜਾਣੂ ਕਰਵਾਇਆ । ਉਹਨਾਂ ਨੇ ਨਾਮਧਾਰੀਆਂ ਦੀਆਂ ਅਣਥੱਕ ਘਾਲਨਾਵਾਂ ਬਾਰੇ ਅਨੇਕ ਲੇਖ ਲਿਖੇ ਜੋ ਸਤਿਜੁਗ ਅਖਬਾਰ ਵਿਚ ਛਪੇ । ਸ੍ਰੀ ਭੈਣੀ ਸਾਹਿਬ ਦੇ ਪ੍ਰਵੇਸ ਦੁਆਰ ਤੋਂ ਪੁਲੀਸ ਦੀ ਚੋਕੀ ਉਠਾਉਣ ਲਈ ਨਾਮਧਾਰੀਆਂ ਨੇ ਅਨੇਕ ਯਤਨ ਕੀਤੇ । ਸਤਿਗੁਰ ਪਰਤਾਪ ਸਿੰਘ ਜੀ ਨੇ ਹੁਸ਼ਿਆਰਪੁਰ ਮੇਲਾ ਕਰਕੇ ਰਾਜਸੀ ਨੇਤਾਵਾਂ ਨੂੰ ਪੁਲੀਸ ਦੀਆਂ ਵਧੀਕੀਆਂ ਬਾਰੇ ਦੱਸਿਆ । ਇਸ ਤੋਂ ਬਿਨਾਂ ਮਲੇਰ ਕੋਟਲੇ ਦੇ ਸ਼ਹੀਦਾਂ ਨਮਿਤ ਮੇਲਾ 5-6-7 ਮਾਘ 1977 ਬਿਕਰਮੀ ਨੂੰ ਮੁਠਡੀ ਕਲਾਂ ਵਿਖੇ ਕੀਤਾ ਗਿਆ ਜਿਥੇ ਦੇਸ਼ ਦੀ ਆਚਾਦੀ ਦੀ ਪ੍ਰਾਪਤੀ ਲਈ ਤਕਰੀਰਾਂ ਹੋਈਆਂ । ਇਸ ਤੋਂ ਇਲਾਵਾ ਨਾਮਧਾਰੀਆਂ ਨੇ ਪੁਲੀਸ ਚੋਕੀ ਉਠਾਉਣ ਲਈ ਸਰਕਾਰ ਨੂੰ ਸਨਖਤਰਾ ਵਿਖੇ ਕਾਨਫਰੰਸ ਕਰਕੇ ਚਿਤਾਵਨੀ ਦਿੱਤੀ । ਫਿਰ 4-5-6 ਮਾਘ 1978 ਬਿਕਰਮੀ ਨੂੰ ਸਿਆਹੜ ਵਿਖੇ ਮਲੇਰਕੋਟਲੇ ਦੇ ਸ਼ਹੀਦਾਂ ਨਮਿਤ ਮੇਲਾ ਕੀਤਾ । ਜਿਸ ਵਿਚ ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਮੰਗਲ ਸਿੰਘ, ਪੰਡਤ ਬਸੰਤ ਸਿੰਘ, ਆਲਿਮ

ਜੀ, ਅਣਖਾ ਸਿੰਘ ਜੀ ਤੇ ਨੰਦ ਸਿੰਘ ਨੰਬਰਦਾਰ ਮੇਲੇ ਤੇ ਕਾਨਫਰੰਸ ਦੇ ਆਗੂ ਸਨ। ਕਾਨਫਰੰਸ ਦਾ ਪ੍ਰਬੰਧ ਉਜਾਗਰ ਸਿੰਘ ਨੰਬਰਦਾਰ ਸੰਧਵਾਂ ਜ਼ਿਲਾ ਜਲੰਧਰ ਤੇ ਮੇਹਰ ਸਿੰਘ ਸਿਆੜ ਜ਼ਿਲਾ ਲੁਧਿਆਣਾ, ਮੁਨਸ਼ਾ ਸਿੰਘ ਕੌਮੀ, ਪੰਡਤ ਅਮਰ ਸਿੰਘ, ਸੂਬਾ ਅਹੀਆ ਸਿੰਘ ਜੀ ਮੁਠਡੇ, ਮੁਨਸ਼ਾ ਸਿੰਘ ਜੀ ਠਟਾ ਜ਼ਿਲਾ ਸਿਆਲਕੋਟ, ਬਿਸ਼ਨ ਸਿੰਘ ਸਿਆਹੜ ਦੇ ਹੱਥਾਂ ਵਿਚ ਸੀ।

ਉਸ ਕਾਨਫਰੰਸ ਵਿਚ ਅਨੇਕ ਮਤੇ ਪਾਸ ਕੀਤੇ ਗਏ। ਇਕ ਮਤਾ ਇਹ ਵੀ ਸੀ ਕਿ ਜੇ ਸਰਕਾਰ ਪੁਲੀਸ ਚੌਕੀ ਉਠਾ ਲੈਂਦੀ ਹੈ ਤਾਂ ਬਿਹਤਰ, ਨਹੀਂ ਤਾਂ ਨਾਮਧਾਰੀ ਆਪ ਪੁਲੀਸ ਚੌਕੀ ਦਾ ਬੋਰੀਆ-ਬਿਸਤਰਾ ਚੁੱਕ ਦੇਣਗੇ। ਸਰਕਾਰ ਪਹਿਲਾਂ ਹੀ ਚੌਕੰਨੀ ਸੀ, ਸਿਆਹੜ ਦੇ ਲੋਕਾਂ ਤੇ 7500/- ਰੁਪਏ ਜੁਰਮਾਨਾ ਕੀਤਾ ਗਿਆ। ਉਸ ਸਮੇਂ ਦਲ ਸਿੰਘ ਮਲੌਦ ਵਾਲੇ ਸਰਦਾਰ ਨੇ ਵੀ ਪੁਲੀਸ ਚੌਕੀ ਵਾਲਿਆਂ ਨੂੰ ਖਰਚਾ ਦੇਣ ਤੋਂ ਇਨਕਾਰ ਕਰ ਦਿੱਤਾ। ਅਕਾਲੀਆਂ ਨੇ ਵੀ ਸਰਕਾਰ ਨੂੰ ਪੁਲੀਸ ਚੌਕੀ ਉਠਾਉਣ ਦੀ ਸਲਾਹ ਦਿੱਤੀ ਸੀ ਅਤੇ ਨਾਮਧਾਰੀਆਂ ਦੇ ਹੱਕ ਵਿਚ ਮਤਾ ਪਾਸ ਕੀਤਾ ਸੀ। ਅਖੀਰ ਸਰਕਾਰ ਨੂੰ ਮਜਬੂਰ ਹੋ ਕੇ ਪੁਲੀਸ ਚੌਕੀ ਉਠਾਉਣੀ ਪਈ।

ਹੁਣ ਨਾਮਧਾਰੀਆਂ ਨੇ ਕਾਂਗਰਸ ਪਾਰਟੀ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਹੇਠ ਕਾਂਗਰਸ ਨਾਲ ਮਿਲ ਕੇ ਸੰਤ ਮੰਗਲ ਸਿੰਘ ਅਰਸ਼ੀ ਫਰਿਸਤਾ, ਸੰਤ ਨਿਧਾਨ ਸਿੰਘ ਆਲਿਮ, ਪੰਡਤ ਬਸੰਤ ਸਿੰਘ ਜੀ, ਸੋਹਣ ਸਿੰਘ ਭਕਨਾ, ਊਧਮ ਸਿੰਘ ਮੱਖੀ, ਮਿਹਰ ਸਿੰਘ ਸਿਆੜ, ਅਣਖਾ ਸਿੰਘ ਦਾਤੇਵਾਲ, ਰਤਨ ਸਿੰਘ ਕੂਕਾ ਸੰਧਵਾਂ, ਭਾਈ ਲਾਲ ਸਿੰਘ ਭਾਈ ਕੋਟ, ਜੰਗ ਸਿੰਘ ਬਿਲਗਾ, ਫੂਲਾ ਸਿੰਘ ਡਫਰਕੇ, ਦੀਵਾਨ ਸਿੰਘ ਖਾਨਪੁਰ ਬਲਾਰ ਅਤੇ ਮਨਸ਼ਾ ਸਿੰਘ ਕੌਮੀ ਆਦਿਕ ਨਾਮਧਾਰੀ ਕੰਮ ਕਰਨ ਲੱਗੇ।

1925 ਈਸਵੀ ਵਿਚ ਕਾਂਗਰਸ ਵਲੋਂ ਅੰਗਰੇਜ਼ਾਂ ਵਿਰੁੱਧ ਮੋਰਚਾ ਲਗਾਇਆ ਗਿਆ ਜਿਸਦਾ ਕੇਂਦਰ ਬ੍ਰੈਡਲਾ ਹਾਲ ਲਾਹੌਰ ਸੀ।[36] ਸੰਤ ਮੰਗਲ ਸਿੰਘ ਫਤੂਹੀ ਚੱਕ, ਪੰਡਤ ਮਨਸ਼ਾ ਸਿੰਘ, ਸੰਤ ਨਿਧਾਨ ਸਿੰਘ ਆਲਿਮ ਆਦਿਕ ਨਾਮਧਾਰੀਆਂ ਨੇ ਮੋਰਚੇ ਦੀ ਅਗਵਾਈ ਕੀਤੀ ਅਤੇ ਅਨੇਕ ਗ੍ਰਿਫਤਾਰੀਆਂ ਦਿੱਤੀਆਂ ਸਨ। ਕਲਕੱਤੇ, ਕਾਂਗਰਸ ਦੇ ਸੈਸ਼ਨ ਵਿਚ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਆਪ ਸ਼ਾਮਲ ਹੋਏ ਸਨ ਅਤੇ ਨਾਮਧਾਰੀਆਂ ਦੀਆਂ ਦੇਸ਼ ਲਈ ਕੁਰਬਾਨੀਆਂ ਬਾਰੇ ਰਾਜਸੀ ਨੇਤਾਵਾਂ ਨੂੰ ਜਾਣੂ ਕਰਵਾਇਆ ਸੀ।

ਸਤਿਗੁਰ ਪਰਤਾਪ ਸਿੰਘ ਜੀ ਨੇ 1927 ਈਸਵੀ ਨੂੰ ਮੁਠੱਡਿਆਂ ਜ਼ਿਲਾ ਜਲੰਧਰ ਵਿਖੇ ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਵਿਸ਼ਾਲ ਸਮਾਗਮ ਕੀਤਾ ਜਿਥੇ ਸਾਰੀਆਂ ਰਾਜਸੀ ਪਾਰਟੀਆਂ ਦੇ ਲੀਡਰ ਹਾਜ਼ਰ ਹੋਏ ਸਨ। ਮਹਾਰਾਜ ਗੁਰਦਿਆਲ ਸਿੰਘ ਜੀ ਨੇ ਨਾਮਧਾਰੀਆਂ ਦੀਆਂ ਕੁਰਬਾਨੀਆਂ ਬਾਰੇ ਵਿਸਥਾਰ ਸਹਿਤ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ। ਹੋਰ ਵੀ ਰਾਜਸੀ ਨੇਤਾ ਅੰਗਰੇਜ਼ੀ ਸਰਕਾਰ ਦੀਆਂ ਕੂੜ ਨੀਤੀਆਂ ਦੇ ਖਿਲਾਫ਼ ਬੋਲੇ।

1929 ਈਸਵੀ ਵਿਚ ਲਾਹੌਰ ਵਿਖੇ ਕਾਂਗਰਸ ਦਾ ਬਹੁਤ ਵਿਸ਼ਾਲ ਜਲਸਾ ਹੋਇਆ। ਉਸ ਸਮੇਂ ਜੇ ਨਾਮਧਾਰੀ ਕਾਂਗਰਸ ਪਾਰਟੀ ਦਾ ਸਾਥ ਨਾ ਦੇਂਦੇ ਤਾਂ ਹੋ ਸਕਦਾ ਸੀ, ਕਾਂਗਰਸ ਦਾ ਇਹ ਸਮਾਗਮ ਅਸਫਲ ਹੋ ਜਾਂਦਾ ਕਿਉਂਕਿ ਅਕਾਲੀ ਨੇਤਾ ਖੜਕ ਸਿੰਘ ਨੇ ਉਸ ਜਲਸੇ ਦਾ ਬਾਈਕਾਟ ਕੀਤਾ ਸੀ ਅਤੇ ਕਿਹਾ ਸੀ ਕਿ ਕੋਈ ਸਿੱਖ ਇਸ ਵਿਚ ਭਾਗ ਨਾ ਲਵੇ। ਇਸ ਬਾਰੇ ਪ੍ਰੋ. ਪਿਆਰਾ ਸਿੰਘ ਪਦਮ ਦੇ ਵਿਚਾਰ ਪੜ੍ਹਨ ਯੋਗ ਹਨ[37] :—

"ਇਸ ਸਮੇਂ ਸਿੱਖ ਨੇਤਾ ਤਿੰਨ ਭਾਗਾਂ ਵਿਚ ਵੰਡੇ ਗਏ ਸਨ। ਸ੍ਰ. ਮੰਗਲ ਸਿੰਘ (ਨਹਿਰੂ ਰਿਪੋਰਟ) ਦੇ ਹੱਕ ਵਿਚ ਸਨ, ਮਾਸਟਰ ਤਾਰਾ ਸਿੰਘ ਵਿਰੋਧ ਵਿਚ, ਬਾਬਾ ਖੜਕ ਸਿੰਘ ਵਧੇਰੇ ਹੀ ਨਾਰਾਜ਼ ਸਨ ਤੇ ਉਹ ਕਾਂਗਰਸ ਦਾ ਭੀ ਬਾਈਕਾਟ ਕਰਨਾ ਚਾਹੁੰਦੇ ਸਨ। ਮਾਸਟਰ ਜੀ ਦੀ ਰਾਇ ਸੀ ਕਿ ਹਿੰਦ ਭਰ ਦੀ ਰਾਜਸੀ ਜਮਾਤ ਕਾਂਗਰਸ ਨਾਲ ਬਾਈਕਾਟ ਕਰਨਾ ਠੀਕ ਨਹੀਂ, ਨਹਿਰੂ ਰਿਪੋਰਟ ਦਾ ਵਿਰੋਧ ਜ਼ਰੂਰ ਕਰਨਾ ਚਾਹੀਦਾ ਹੈ ਪਰੰਤੂ ਬਾਬਾ ਜੀ ਆਪਣੀ ਥਾਂ ਡਟੇ ਰਹੇ ਤੇ ਕੁਝ ਸਰਕਾਰ-ਪ੍ਰਜਾਂ ਦੀ ਚਾਲ ਵਿਚ ਆ ਕੇ ਕਾਂਗਰਸ ਵਿਰੋਧੀ ਹੋ ਗਏ।"

ਬਾਬਾ ਖੜਕ ਸਿੰਘ ਨੇ ਐਲਾਨ ਕਰ ਦਿੱਤਾ ਸੀ ਕਿ ਜੋ ਕੋਈ ਸਿੱਖ, ਕਾਂਗਰਸ ਦੇ ਸੈਸ਼ਨ ਵਿਚ ਹਿੱਸਾ ਲਵੇਗਾ ਤਾਂ ਉਹ ਸਿੱਖ ਨਹੀਂ ਸਮਝਿਆ ਜਾਵੇਗਾ। ਬਾਬਾ ਗੁਰਦਿਤ ਸਿੰਘ (ਕਾਮਾਗਾਟਾਮਾਰੂ ਜਹਾਜ਼ ਵਾਲੇ) ਆਦਿਕ ਦੇਸ਼ ਭਗਤ, ਅਕਾਲੀ ਨੇਤਾ ਬਾਬਾ ਖੜਕ ਸਿੰਘ ਦੇ ਐਲਾਨ ਨੂੰ ਸੁਣ ਕੇ ਦੁਬਿਧਾ ਵਿਚ ਪੈ ਗਏ। ਇਸ ਬਾਰੇ ਬਾਬਾ ਗੁਰਦਿਤ ਸਿੰਘ ਜੀ ਨੇ ਆਪਣੇ ਇਕ ਲੇਖ ਵਿਚ ਲਿਖਿਆ ਸੀ :—

"ਜਦ ਈਸਵੀ ਸੰਨ 1929 ਨੂੰ ਆਲ ਇੰਡੀਆ ਕਾਂਗਰਸ ਦਾ ਸਮਾਗਮ ਲਾਹੌਰ ਹੋਇਆ ਤਾਂ ਮੈਂ ਦੇਖਿਆ ਕਿ ਅਕਾਲੀ ਸਿੱਖਾਂ ਦੇ ਬੇਤਾਜ ਬਾਦਸ਼ਾਹ ਦੇ ਹੁਕਮ ਨਾਲ ਲਗ ਭਗ ਪੌਣਾ ਲੱਖ ਅਕਾਲੀ ਜੋ ਪਿੰਡਾਂ ਵਿਚੋਂ ਆਏ ਸਨ, ਕਿਲ੍ਹੇ ਦੇ ਆਸ ਪਾਸ ਲੁਕ ਛਿਪ ਕੇ ਦਿਨ ਕਟ ਰਹੇ ਸਨ ਕਿਉਂਕਿ ਉਹਨਾਂ ਦੇ ਬਾਦਸ਼ਾਹ ਸ੍ਰੀ ਮਾਨ ਖੜਕ ਸਿੰਘ ਜੀ ਦਾ ਹੁਕਮ ਸੀ ਕਿ ਜੋ ਕਾਂਗਰਸ ਵਿਚ ਜਾਵੇਗਾ, ਉਹ ਸਿੱਖ ਨਹੀਂ ਰਹੇਗਾ। ਸੋ ਮੈਨੂੰ ਇਹ ਗੱਲ ਬੁਰੀ ਮਹਿਸੂਸ ਹੋਈ...ਅਸਾਂ ਅਕਾਲੀ ਜਥਿਆਂ ਵਿਚ ਹੋਕਾ ਦੇਣਾ ਸ਼ੁਰੂ ਕਰ ਦਿੱਤਾ ਕਿ ਜਿਹੜਾ ਕਾਂਗਰਸ ਵਿਚ ਨਾ ਜਾਊ, ਉਹ ਸਿੱਖ ਨਹੀਂ। ਇਹ ਹੋਕਾ ਸੁਣ ਕੇ ਹਜ਼ਾਰਾਂ ਅਕਾਲੀ ਕਾਂਗਰਸ ਦੇ ਪੰਡਾਲ ਵੱਲ ਤੁਰ ਪਏ। ਸਾਨੂੰ ਫਿਕਰ ਪਿਆ ਇਹਨਾਂ ਦੀ ਖੁਰਾਕ ਦਾ ਕੀ ਪ੍ਰਬੰਧ ਕਰੀਏ। ਜਦ ਨਾਮਧਾਰੀਆਂ ਦਾ ਅਤੁਟ ਲੰਗਰ ਰਾਵੀ ਦੇ ਲਾਗੇ ਕਾਂਗਰਸ ਦੇ ਹਾਤੇ ਅੰਦਰ ਦੇਖਿਆ ਮੈਂ ਕਿਹਾ ਅਸੀਂ ਰਾਸ਼ਨ ਲੈ ਆਉਂਦੇ ਹਾਂ ਉਹ ਸਾਡੇ ਕਈ ਹਜ਼ਾਰ ਅਕਾਲੀਆਂ ਲਈ ਰੋਟੀ ਪਕਾ ਦੇਣ ਦੀ ਕਿਰਪਾਲਤਾ ਕਰਨ। ਉਹਨਾਂ ਕਿਹਾ ਰਾਸ਼ਨ ਦੀ ਲੋੜ ਨਹੀਂ ਤੁਸੀਂ ਇਕ ਲੱਖ ਅਕਾਲੀ ਲੈ ਆਓ ਪਰਸ਼ਾਦ ਤਿਆਰ ਮਿਲ ਜਾਵੇਗਾ। ਮੈਨੂੰ ਉਹਨਾਂ ਦੀ ਉਦਾਰਤਾ ਅੱਗੇ ਝੁਕਣਾ ਪਿਆ ਕਿਉਂਕਿ ਜੇਕਰ ਨਾਮਧਾਰੀਆਂ ਦਾ ਸ਼ਾਨਦਾਰ ਕੰਮ ਤੇ ਲੰਗਰ ਨਾ ਹੁੰਦਾ ਤਾਂ ਬੇਤਾਜ ਬਾਦਸ਼ਾਹ ਦੇ ਹੁਕਮ, ਉਥੇ ਕਿਸੇ ਸਿੱਖ ਦੀ ਸ਼ਕਲ ਨਹੀਂ

ਦਿਸਣੀ ਸੀ ਤੇ ਤਮਾਮ ਹਿੰਦੋਸਤਾਨ ਦੇ ਨੁਮਾਇੰਦੇ ਸਿੱਖਾਂ ਬਾਰੇ ਇਹੀ ਖਿਆਲ ਲੈ ਕੇ ਜਾਂਦੇ ਕਿ ਪੰਜਾਬ ਵਿਚ ਸਿੱਖ ਹੈ ਹੀ ਨਹੀਂ ਜੇ ਕੋਈ ਹੈ ਵੀ ਤਾਂ ਉਹ ਰਾਜਨੀਤੀ ਦੇ ਮੈਦਾਨ ਵਿਚ ਸਰਕਾਰ ਤੋਂ ਡਰਦੇ ਨਹੀਂ ਆਏ । ਲੇਕਿਨ ਆਫਰੀਨ ਹੈ ਨਾਮਧਾਰੀ ਸੰਪਰਦਾ ਦੇ ਆਗੂ ਸ੍ਰੀ ਮਾਨ ਬਾਬਾ ਪਰਤਾਪ ਸਿੰਘ ਜੀ ਮਹਾਰਾਜ ਦੀ ਸੁਚੱਜੀ ਅਗਵਾਈ ਦੇ ਜਿਨ੍ਹਾਂ ਨੇ ਸਿੱਖਾਂ ਉਤੇ ਲਗਣ ਵਾਲੇ ਕਾਲੇ ਧੱਬੇ ਤੋਂ ਸਾਨੂੰ ਬਚਾਅ ਲਿਆ ਸੀ ।"

ਨਾਮਧਾਰੀਆਂ ਨੇ ਸਮੁਚੇ ਦਰਸ਼ਕਾਂ ਤੇ ਨੇਤਾਵਾਂ ਲਈ ਲੰਗਰ ਦਾ ਪ੍ਰਬੰਧ ਮਾਤਾ ਜੀਵਨ ਕੌਰ ਜੀ ਦੀ ਨਿਗਰਾਨੀ ਹੇਠ ਕੀਤਾ । ਨਾਮਧਾਰੀਆਂ ਵਲੋਂ ਸ੍ਰ. ਆਤਮਾ ਸਿੰਘ, ਦਇਆ ਸਿੰਘ, ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ ਫਤੂਹੀ ਚੱਕ, ਪੰਡਤ ਬਸੰਤ ਸਿੰਘ ਜੀ, ਮਾਸਟਰ ਗੁਰਬਖਸ਼ ਸਿੰਘ, ਮਨਸਾ ਸਿੰਘ ਕੌਮੀ, ਮੁਨਸ਼ਾ ਸਿੰਘ ਠਟੇ ਵਾਲੇ, ਨਰੈਣ ਸਿੰਘ ਜੀ, ਭਾਨ ਸਿੰਘ, ਜੰਗ ਸਿੰਘ ਬਿਲਗਾ, ਅਣਖਾ ਸਿੰਘ ਦਾਤੇਵਾਲੀਆ, ਇੰਦਰ ਸਿੰਘ ਚਕਰਵਰਤੀ ਅਤੇ ਮਹਾਰਾਜ ਨਿਹਾਲ ਸਿੰਘ ਨੇ ਭਾਸ਼ਣ ਦਿੱਤੇ, ਕਾਂਗਰਸ ਪਾਰਟੀ ਨੂੰ ਮੋਢੇ ਨਾਲ ਮੋਢਾ ਜੋੜ ਕੇ ਚਲਣ ਦਾ ਭਰੋਸਾ ਦਿਵਾਇਆ ਤੇ ਸਮਾਗਮ ਨੂੰ ਕਾਮਯਾਬ ਕੀਤਾ । ਉਹਨਾਂ ਦਿਨਾਂ ਵਿਚ ਹੀ ਮਹਾਰਾਜ ਨਿਹਾਲ ਸਿੰਘ ਜੀ, ਆਲਿਮ ਜੀ ਤੇ ਚਕਰਵਰਤੀ ਜੀ ਦੀਆਂ ਕੋਸ਼ਿਸ਼ਾਂ ਦੁਆਰਾ ਸਤਿਗੁਰ ਪਰਤਾਪ ਸਿੰਘ ਜੀ ਦੀ ਮਨਜ਼ੂਰੀ ਨਾਲ "ਕੂਕਾ ਕਾਂਗਰਸ ਦਲ" ਹੋਂਦ ਵਿਚ ਆਇਆ ਸੀ ।

17 ਫਰਵਰੀ 1939 ਈਸਵੀ ਨੂੰ ਲੁਧਿਆਣਾ ਵਿਖੇ ਸਟੇਟ ਪੀਪਲਜ਼ ਕਾਨਫਰੰਸ ਹੋਈ । ਕਾਨਫਰੰਸ ਦੇ ਜਲੂਸ ਲਈ ਸਤਿਗੁਰ ਪਰਤਾਪ ਸਿੰਘ ਜੀ ਨੇ ਆਪਣੇ ਘੋੜੇ ਦਿੱਤੇ ਸਨ । ਬਾਅਦ ਵਿਚ ਸਤਿਗੁਰਾਂ ਨੇ ਆਪਣੀ ਕਾਰ ਵਿਚ ਪੰਡਤ ਨਹਿਰੂ ਅਤੇ ਡਾਕਟਰ ਪਟਾ ਭੀ ਸੀਤਾ ਰਾਮਈਆ ਨੂੰ ਬਿਠਾਇਆ ਅਤੇ ਜਲੂਸ ਦੀ ਸ਼ਾਨ ਵਧਾਈ । ਅਗਲੇ ਦਿਨ ਸਾਰੇ ਰਾਜਸੀ ਨੇਤਾਵਾਂ ਨੂੰ ਸ੍ਰੀ ਭੈਣੀ ਸਾਹਿਬ ਆਉਣ ਲਈ ਬੁਲਾਵਾ ਦਿੱਤਾ । ਸਤਿਗੁਰਾ ਨੇ ਪੰਡਤ ਜੀ ਤੇ ਹੋਰ ਨੇਤਾਵਾਂ ਨੂੰ ਮਲੇਰ ਕੋਟਲੇ ਤੇ ਹੋਰ ਸ਼ਹੀਦੀ ਸਾਕਿਆਂ ਦੀਆਂ ਤਸਵੀਰਾਂ ਦਿਖਾਈਆਂ ਜਿਨ੍ਹਾਂ ਨੂੰ ਵੇਖ ਕੇ ਰਾਜਸੀ ਨੇਤਾਵਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ ।

ਸ੍ਰੀ ਭੈਣੀ ਸਾਹਿਬ, ਰੂਪੋਸ਼ ਹੋਏ ਅਨੇਕ ਦੇਸ਼ ਭਗਤਾਂ ਲਈ ਪਨਾਹਗਾਹ ਸੀ । ਸ਼ਹੀਦੀ ਬੁੰਗੇ ਵਾਲੀ ਖੂਹੀ, ਜਿਥੇ ਸ਼ਹੀਦੀ ਬੁੰਗਾ ਹੁੰਦਾ ਸੀ, ਵਿਖੇ ਚੇਤ ਸਿੰਘ ਜੀ ਅਸੋਲਾਂ ਜ਼ਿਲਾ ਲਾਹੌਰ ਤੇ ਮਾਲਾ ਸਿੰਘ ਦਾਲਮ ਦਾ ਸੁਖਈ ਰਹਿੰਦੇ ਸਨ । ਉਹਨਾਂ ਕੋਲ ਸੰਤ ਭਗਵਾਨ ਸਿੰਘ ਅੜਬੰਗੀ, ਰਤਨ ਸਿੰਘ, ਕਿਸ਼ਨ ਸਿੰਘ, ਮਾਸਟਰ ਮੋਤਾ ਸਿੰਘ ਆਦਿਕ ਦੇਸ਼ ਭਗਤ ਬੱਬਰ ਅਕਾਲੀ ਵੇਲੇ ਕੁਵੇਲੇ ਰਹਿੰਦੇ ਰਹੇ । ਕਮਿਊਨਿਸਟ ਪਾਰਟੀ ਦੇ ਨੇਤਾ ਸ੍ਰ. ਤੇਜਾ ਸਿੰਘ ਸਵਤੰਤਰ ਅਤੇ ਸੋਹਨ ਸਿੰਘ ਜੋਸ਼ ਕਾਫ਼ੀ ਸਮਾਂ ਅੰਗਰੇਜ਼ੀ ਰਾਜ ਸਮੇਂ ਰੂਪੋਸ਼ ਰਹੇ, ਉਸ ਸਮੇਂ ਉਹ ਸਤਿਗੁਰ ਪਰਤਾਪ ਸਿੰਘ ਜੀ ਤੋਂ ਪਨਾਹ ਅਤੇ ਸਹਾਇਤਾ ਲੈਂਦੇ ਰਹੇ ਸਨ । ਲੋਕ ਸੰਪਰਕ ਵਿਭਾਗ, ਪੰਜਾਬ ਦੇ ਸਾਬਕਾ ਡਾਇਰੈਕਟਰ ਸ੍ਰੀ ਰਾਜਿੰਦਰ ਲਾਲ ਅੰਗਰੇਜ਼ੀ ਰਾਜ ਸਮੇਂ ਕੁਝ ਸਰਕਾਰ ਦੇ ਖਿਲਾਫ਼

ਪ੍ਰਚਾਰ ਕਰਨ ਕਾਰਨ ਲੁਕ ਛਿਪ ਕੇ ਰਹਿੰਦੇ ਸਨ। ਉਸ ਸਮੇਂ ਉਹਨਾਂ ਨੇ ਕੁਝ ਸਮਾਂ ਸਤਿਗੁਰਾਂ ਕੋਲ ਬਤੀਤ ਕੀਤਾ ਸੀ। ਬਾਬਾ ਗੁਰਦਿਤ ਸਿੰਘ ਕਾਮਾਗਾਟਾਮਾਰੂ ਜਹਾਜ਼ ਵਾਲਿਆਂ ਦੇ ਸਤਿਗੁਰ ਪਰਤਾਪ ਸਿੰਘ ਜੀ ਨਾਲ ਘਨਿਸ਼ਟ ਸੰਬੰਧ ਸਨ। ਪ੍ਰਸਿਧ ਦੇਸ਼ ਭਗਤ ਤੇ ਨਾਮਵਰ ਸ਼ਹੀਦ ਭਗਤ ਸਿੰਘ ਜਿਨ੍ਹਾਂ ਨੇ ਅੰਗਰੇਜ਼ੀ ਰਾਜ ਸਮੇਂ ਅਸੈਂਬਲੀ ਵਿਚ ਬੰਬ ਸੁਟਿਆ ਸੀ, ਵੀ ਨਾਮਧਾਰੀ ਇਤਿਹਾਸ ਤੋਂ ਪ੍ਰਭਾਵਤ ਹੋਇਆ ਅਤੇ ਦੇਸ਼ ਭਗਤੀ ਦੀ ਪਰੇਰਨਾ ਉਸਨੇ ਨਾਮਧਾਰੀ ਇਤਿਹਾਸ ਤੋਂ ਲਈ ਸੀ। ਨਾਮਧਾਰੀ ਇਤਿਹਾਸ ਸੰਬੰਧੀ ਉਸਨੇ ਦੋ ਬੜੇ ਅੱਛੇ ਲੇਖ ਲਿਖੇ ਸਨ।[19]

ਨੇਤਾ ਸੁਭਾਸ਼ ਚੰਦਰ ਬੋਸ ਨੇ ਵੀ ਨਾਮਧਾਰੀ ਕੁਰਬਾਨੀਆਂ ਤੋਂ ਪਰੇਰਨਾ ਲਈ ਸੀ। ਆਜ਼ਾਦ ਹਿੰਦ ਫ਼ੌਜ ਦਾ ਜੋ ਕੇਂਦਰ ਥਾਈਲੈਂਡ ਦੀ ਰਾਜਧਾਨੀ ਬੈਂਕੋਕ ਵਿਚ ਸੀ, ਉਥੇ ਸੰਤ ਫੂਲਾ ਸਿੰਘ ਜੀ ਨਾਮਧਾਰੀ ਦੇ ਸੁਯੋਗ ਸਪੁੱਤਰ ਸੇਠ ਗੁਰਬਖਸ਼ ਸਿੰਘ ਪ੍ਰੀਤਮ ਨੇ ਸਪਲਾਈ ਸੈਕਟਰੀ ਦੀ ਸੇਵਾ ਸੰਭਾਲੀ ਹੋਈ ਸੀ। ਉਸ ਪ੍ਰਵਾਰ ਦੇ ਨੇਤਾ ਜੀ ਨਾਲ ਗੂੜੇ ਸੰਬੰਧ ਸਨ। ਉਸ ਪ੍ਰਵਾਰ ਦੇ ਚੋਥੇ ਥਾਂ ਛੋਟੇ ਭਾਈ ਸੇਠ ਤ੍ਰਲੋਕ ਸਿੰਘ ਜੀ, ਨੇਤਾ ਜੀ ਸੁਭਾਸ਼ ਚੰਦਰ ਦੀ ਕਾਰ ਦੀ ਡਰਾਇਵਰੀ ਦੀ ਸੇਵਾ ਕਰਦੇ ਰਹੇ ਸਨ। 1996 ਬਿਕਰਮੀ ਵਿਚ ਨਾਮਧਾਰੀਆਂ ਨੇ ਸੁਭਾਸ਼ ਚੰਦਰ ਬੋਸ ਅਤੇ ਮਦਨ ਮੋਹਨ ਮਾਲਵੀਆ ਦੀ ਦੇਹ ਅਰੋਗਤਾ ਲਈ ਅਰਦਾਸ ਕੀਤੀ ਸੀ।

ਮਹਾਰਾਜ ਨਿਹਾਲ ਸਿੰਘ ਜੀ ਆਪਣੇ ਨਾਮਧਾਰੀ ਸਾਥੀਆਂ ਨਾਲ ਮਿਲ ਕੇ ਲਾਹੋਰ ਵਿਖੇ ਸ਼ਰਾਬ ਦੇ ਠੇਕਿਆਂ ਸਾਹਮਣੇ ਲੋਕਾਂ ਨੂੰ ਸ਼ਰਾਬ ਲੈਣੋਂ ਤੇ ਪੀਣੋਂ ਬੰਦ ਕਰਨ ਦੇ ਉਪਦੇਸ਼ ਦੇਂਦੇ, ਛੇ ਮਹੀਨੇ ਲਈ ਕੈਦ ਹੋਏ ਅਤੇ ਗੁਜਰਾਤ ਜੇਲ੍ਹ ਵਿਚ ਕੈਦ ਕਟੀ। ਸੰਤ ਦੀਵਾਨ ਸਿੰਘ ਅਤੇ ਜਥੇਦਾਰ ਅਮਰ ਸਿੰਘ ਪਿੰਡ ਚੋਦੋਵਾਲ ਜ਼ਿਲਾ ਸਿਆਲਕੋਟ ਨੇ ਪਿਕਟਿੰਗ ਕਰਨ ਦੇ ਜੁਰਮ ਵਿਚ ਸਜ਼ਾ ਕਟੀ। ਸੰਤ ਮੰਗਲ ਸਿੰਘ ਜੀ ਕਾਂਗਰਸ ਨਾਲ ਕੰਮ ਕਰਦਿਆਂ ਤੇ ਅੰਗਰੇਜ਼ ਦੇ ਖ਼ਿਲਾਫ਼ ਬੋਲਦਿਆਂ ਇਕ ਸਾਲ ਕੈਦ ਅਟਕ ਜੇਲ੍ਹ ਵਿਚ ਕਟੀ ਸੀ। ਸੰਤ ਨਾਰਾਇਣ ਸਿੰਘ ਭੰਬੇ ਖੁਰਦ ਜ਼ਿਲਾ ਲਾਹੋਰ ਵਾਲੇ; ਮਹਾਤਮਾ ਗਾਂਧੀ ਨਾਲ ਡਾਂਡੀ ਮਾਰਚ ਵਿਚ ਸ਼ਾਮਲ ਹੋਏ ਤੇ ਲੂਣ ਦਾ ਕਾਨੂੰਨ ਤੋੜਨ ਕਾਰਨ ਦੋ ਮਹੀਨੇ ਕੈਦ ਹੋਏ। ਫਿਰ ਇਹੋ ਨਾਰਾਇਣ ਸਿੰਘ ਆਪਣੇ ਭਰਾ ਭਾਨ ਸਿੰਘ ਸਮੇਤ ਸਤਿਗੁਰਾਂ ਪਾਸੋਂ ਆਗਿਆ ਲੈ ਕੇ ਕਾਂਗਰਸ ਨਾਲ ਮਿਲ ਕੇ ਕੰਮ ਕਰਦੇ ਰਹੇ ਅਤੇ 1922 ਈਸਵੀ ਵਿਚ ਦੋ ਸਾਲ ਦੀ ਕੈਦ ਕਟੀ, ਪਿਛੋਂ ਉਹਨਾਂ ਦਾ ਲਾਹੋਰ ਵਾਲਾ ਰਿਹਾਇਸ਼ੀ ਮਕਾਨ ਸਰਕਾਰ ਨੇ ਨੀਲਾਮ ਕਰ ਦਿੱਤਾ ਸੀ। ਇਹੋ ਦੋਵਾਂ ਲਾਲਾ ਲਾਜਪਤ ਰਾਏ ਨਾਲ ਮਿਲ ਕੇ ਕੰਮ ਕੀਤਾ ਤੇ ਸਾਈਮਨ ਕਮਿਸ਼ਨ ਦਾ ਵਿਰੋਧ ਕੀਤਾ ਸੀ ਜਿਸ ਕਾਰਨ ਉਹਨਾਂ ਨੂੰ ਕੈਦ ਵੀ ਹੋਈ ਤੇ ਜੁਰਮਾਨਾ ਭੀ ਭਰਿਆ। ਪੰਡਿਤ ਮਨਸ਼ਾ ਸਿੰਘ ਭਰਥਲੇ ਜ਼ਿਲਾ ਲੁਧਿਆਣਾ ਵਾਲੇ ਜੋ ਬਾਅਦ ਵਿਚ ਬਾਜੇ, ਸਰਸਾ ਦੇ ਇਲਾਕੇ ਰਹੇ, ਨੇ ਵੀ ਕਾਂਗਰਸ ਨਾਲ ਮਿਲ ਕੇ ਕੰਮ ਕਰਦਿਆਂ ਇਕ ਵਾਰ ਤਿੰਨ ਸਾਲ, ਦੂਜੀ ਵਾਰ ਚਾਰ ਸਾਲ ਕੈਦ ਲਾਹੋਰ ਤੇ ਮੁਲਤਾਨ ਜੇਲ੍ਹ ਵਿਚ ਕਟੀ ਸੀ। ਸਤਿਗੁਰਾਂ ਦੀ ਪਰੇਰਨਾ ਸਦਕਾ ਮਨਸ਼ਾ ਸਿੰਘ ਜੀ ਨੇ ਲਾਹੋਰੋਂ ਰਾਤੋ ਰਾਤ ਜਾ ਕੇ ਗੁਜਰਾਂਵਾਲਿਉਂ

ਨੱਥਾ ਸਿੰਘ ਜੋ ਪਤੰਗ ਹੋਰਾਂ ਦਾ ਜੱਥਾ ਤੇ ਦੋ ਚਾਰ ਮਾਈਆਂ ਲਿਆਕੇ ਲਾਹੌਰ ਬਜ਼ਾਰਾਂ ਵਿਚ ਅੰਗਰੇਜ਼ ਦੇ ਖਿਲਾਫ਼ ਪੜ੍ਹਦੇ ਸੀ, "ਹੁਣ ਚੁਕ ਲੈ ਫਰੰਗੀਆ ਡੇਰਾ। ਤੂੰ ਕਰ ਲਿਆ ਰਾਜ ਬਥੇਰਾ।"

ਊਧਮ ਸਿੰਘ ਨਾਮਧਾਰੀ ਵੀ ਉੱਘੇ ਦੇਸ਼ ਭਗਤ ਹੋਏ ਹਨ।[19] ਉਹਨਾਂ ਨੇ ਦੇਸ਼ ਸੇਵਾ ਦਾ ਕੰਮ ਕਰਦਿਆਂ 1930 ਈਸਵੀ ਵਿਚ ਇਕ ਸਾਲ ਕੈਦ ਕਸੂਰ, ਮਿੰਟਗੁਮਰੀ ਤੇ ਅਟਕ ਦੀ ਜੇਲ੍ਹ ਵਿਚ ਕਟੀ। 1932 ਈਸਵੀ ਵਿਚ ਸਾਲ ਕਸੂਰ ਤੇ ਮੁਲਤਾਨ ਵਿਚ ਜੇਲ੍ਹ ਕਟੀ ਤੇ ਫਿਰ ਕਿਸਾਨ ਲਹਿਰ ਵਿਚ ਕੁਝ ਹਫਤੇ ਲਾਹੌਰ ਭੀ ਜੇਲ੍ਹ ਭੁਗਤੀ। 1939 ਈਸਵੀ ਵਿਚ ਜੰਗ ਸਮੇਂ 15 ਦਿਨ ਕਸੂਰ ਦੀ ਜੇਲ੍ਹ ਵਿਚ ਬੰਦ ਰਿਹਾ। 1942 ਈਸਵੀ ਵਿਚ ਗਾਰਦ ਨੇ ਮਖਿਉਂ ਜਾ ਚਰਨ ਸਿੰਘ, ਕੁੰਦਨ ਸਿੰਘ, ਸਜਨ ਸਿੰਘ ਆਦਿ ਦੇ ਸਮੇਤ ਫੜ੍ਹੇ ਤੇ ਦੋ ਸਾਲ ਮੁਲਤਾਨ ਜੇਲ੍ਹ ਵਿਚ ਰਹੇ।

ਰਤਨ ਸਿੰਘ ਬੱਬਰ ਵੀ ਪ੍ਰਸਿਧ ਦੇਸ਼ ਭਗਤ ਹੋਇਆ ਹੈ। ਉਸ ਔਖੇ ਸਮੇਂ ਉਹ ਸ੍ਰੀ ਭੈਣੀ ਸਾਹਿਬ ਆਇਆ ਤੇ ਗੁਰੂ ਕੇ ਲੰਗਰ 'ਚੋਂ ਛੇਤੀ ਛੇਤੀ ਪ੍ਰਸ਼ਾਦਾ ਛੱਕ ਕੇ ਅੱਗੇ ਨਿਕਲ ਗਿਆ ਸੀ। ਬਾਬਾ ਸੋਹਨ ਸਿੰਘ ਭਕਨਾ ਜੀ ਨੂੰ ਦੇਸ਼ ਭਗਤੀ ਦੀ ਚੇਟਕ ਸੰਤ ਬਾਬਾ ਕੇਸਰ ਸਿੰਘ ਮੁਹਾਵੇ ਵਾਲਿਆਂ ਤੋਂ ਲਗੀ ਸੀ ਜਿਸ ਬਾਰੇ ਉਹ ਆਪਣੀ ਲਿਖਤ "ਮੇਰੀ ਜੀਵਨ ਕਹਾਣੀ" ਵਿਚ ਜ਼ਿਕਰ ਇਸ ਪ੍ਰਕਾਰ ਕਰਦੇ ਹਨ :—

"ਸੱਟ ਲਗੇ ਮਨ ਨੇ ਕੋਈ ਆਸਰਾ ਭਾਲਣਾ ਸ਼ੁਰੂ ਕੀਤਾ। ਸਾਡੇ ਗੁਆਂਢ ਪਿੰਡ ਮੁਹਾਵੇ ਇਕ ਮਹਾਂਪੁਰਸ਼ 'ਬਾਬਾ ਕੇਸਰ' ਨਾਂ ਦੇ ਰਹਿੰਦੇ ਸਨ—ਹੈ ਸਨ ਤਾਂ ਇਹ ਨਾਮਧਾਰੀ ਗੁਰੂ ਮਹਾਰਾਜ ਰਾਮ ਸਿੰਘ ਜੀ ਦੇ ਸ਼ਰਧਾਲੂ ਪਰ ਬੜੇ ਖੁਲ੍ਹੇ ਖਿਆਲ, ਫਿਰਕੇ ਬੰਦੀ ਤੇ ਅੰਨੀ ਧਰਮ ਭਗਤੀ ਤੋਂ ਉੱਚੇ, ਛੂਤ ਛਾਤ ਤੋਂ ਰਹਿਤ ਤੇ ਮਨੁੱਖ ਮਾਤਰ ਨੂੰ ਪਿਆਰ ਕਰਨ ਵਾਲੇ ਗੁਰਮੁਖ ਸਨ।...ਇਹਨਾਂ ਤੋਂ ਮੈਨੂੰ ਲੋਕ ਸੇਵਕ ਬਣਨ ਦੀ ਚੇਟਕ ਲਗੀ ਜੋ ਅਗਲਿਆਂ ਸਾਲਾਂ ਵਿਚ ਇਸ਼ਕ ਦੀ ਹੱਦ ਤਕ ਪੁਜ ਗਈ।"

ਇਸੇ ਤਰ੍ਹਾਂ ਆਜ਼ਾਦ ਹਿੰਦ ਫ਼ੌਜ ਦੇ ਫ਼ੌਜੀ ਜੋ ਕੋਰਟ ਮਾਰਸ਼ਲ ਦੇ ਅਧੀਨ ਦੋਸ਼ੀ ਪਾਏ ਗਏ ਸਨ, ਉਹਨਾਂ ਦੇ ਮੁਕਦਮੇ ਦੀ ਸੁਣਵਾਈ, ਲਾਲ ਕਿਲ੍ਹਾ ਦਿੱਲੀ ਵਿਚ ਹੋਈ ਸੀ। ਬਰੀ ਹੋਂਣ ਵਾਲਿਆਂ ਵਿਚੋਂ ਸਭ ਤੋਂ ਪਹਿਲਾਂ ਕਰਨਲ ਸਹਿਗਲ, ਕੈਪਟਨ ਢਿਲੋਂ, ਲੈ. ਜਨਰਲ ਸ਼ਾਹ ਨਿਵਾਜ਼ ਬਰੀ ਹੋਣ ਵਾਲੇ ਤਿੰਨ ਪੰਜਾਬੀ ਸਨ। ਪੰਜਾਬ ਆਉਣ ਤੇ ਇਹਨਾਂ ਦਾ ਭਾਰੀ ਸਵਾਗਤ ਹੋਇਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਉਹਨਾਂ ਨੂੰ ਲਾਹੌਰ ਵਿਖੇ ਆਪਣੀ ਕੋਠੀ ਬੁਲਾ ਕੇ ਸਨਮਾਨਿਤ ਕੀਤਾ ਸੀ।

ਦੂਜੀ ਸੰਸਾਰ ਜੰਗ ਦੇ ਦੌਰਾਨ ਇਕ ਵਾਰ ਫਿਰ ਅੰਗਰੇਜ਼ ਸਰਕਾਰ ਨੇ ਨਾਮਧਾਰੀਆਂ ਤੋਂ ਸਹਿਯੋਗ ਦੀ ਮੰਗ ਕੀਤੀ ਅਤੇ ਜਾਗੀਰਾਂ ਆਦਿਕ ਦੇ ਲਾਲਚ ਦੇ ਕੇ ਜੰਗ ਵਿਚ ਨਾਮਧਾਰੀਆਂ ਦੀ ਮਦਦ ਲੈਣੀ ਚਾਹੀ, ਅਜਿਹਾ ਯਤਨ ਸਰਕਾਰ ਨੇ ਪਹਿਲੇ ਵਿਸ਼ਵ ਯੁਧ ਸਮੇਂ ਵੀ ਕੀਤਾ ਸੀ ਪਰ ਸਤਿਗੁਰਾਂ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ।

1957 ਈਸਵੀ ਦੇ ਜਪੁ ਪ੍ਰਯੋਗ ਦੇ ਮੇਲੇ ਹਰੀਮੰਦਿਰ ਵਿਖੇ ਇਸ ਤੱਥ ਬਾਰੇ ਆਪ ਜੀ ਨੇ ਬਚਨ ਕਰਦਿਆਂ ਆਖਿਆ ਸੀ :— "ਦੂਜੀ ਲੜਾਈ ਵਿਚ ਲੁਧਿਆਣੇ ਦਾ ਡੀ. ਸੀ. ਮੇਰੇ ਕੋਲ ਆਇਆ ਤੇ ਉਸ ਮੈਨੂੰ ਕਿਹਾ, ਮਹਾਰਾਜ ਤੁਸੀਂ ਭਰਤੀ ਦੇ ਹੱਕ ਵਿਚ ਦੋ ਲਫ਼ਜ਼ ਲਿਖ ਦਿਓ ਤਾਂ ਜੋ ਵੀ ਤੁਸੀਂ ਮੰਗੋ ਮੈਂ ਜ਼ਮੀਨਾਂ, ਜਾਗੀਰਾਂ ਤੇ ਮੰਗੀਆਂ ਮੁਰਾਦਾਂ ਲੈ ਦਿਆਂਗਾ।" ਮੈਂ ਉਸਨੂੰ ਉੱਤਰ ਦਿੱਤਾ—"ਸਾਡੀ ਤੁਹਾਡੀ ਪੁਰਾਣੀ ਟੱਕਰ ਹੈ, ਤੁਸਾਂ ਭੈਣੀ ਸਾਹਿਬ ਦਾ ਉਹ ਅਪਮਾਨ ਕੀਤਾ ਹੈ ਜਿਸਨੂੰ ਆਉਣ ਵਾਲੀ ਨਸਲ ਕਦੇ ਮੁਆਫ਼ ਨਹੀਂ ਕਰੇਗੀ। ਦੂਸਰਾ ਇਸ ਦੇਸ਼ ਦੀ ਦੌਲਤ ਨੂੰ ਨਾਜਾਇਜ਼ ਲੜਾਈਆਂ ਵਿਚ ਜਾਇਆ ਕਰ ਰਹੇ ਹੋ ਤਾਂ ਤੁਸੀਂ ਸਾਥੋਂ ਕੀ ਉਮੀਦ ਰੱਖਦੇ ਹੋ ਕਿ ਅਸੀਂ ਆਪ ਦੀ ਇਮਦਾਦ ਕਰੀਏ, ਤੁਹਾਡੀਆਂ ਜਾਗੀਰਾਂ ਨੂੰ ਮੈਂ ਹੇਚ ਸਮਝਦਾ ਹਾਂ।"

ਅਨੇਕ ਨਾਮਧਾਰੀਆਂ ਨੇ ਸਤਿਗੁਰਾਂ ਤੋਂ ਪਰੇਰਨਾ ਲੈ ਕੇ ਕਾਂਗਰਸ ਨਾਲ ਮਿਲ ਕੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ। ਰਾਘੋ ਸਿੰਘ ਨਾਮਧਾਰੀ ਨੂੰ ਅੰਗਰੇਜ਼ ਸਰਕਾਰ ਦੇ ਖਿਲਾਫ਼ ਕੰਮ ਕਰਨ ਕਾਰਨ 1916 ਈਸਵੀ ਨੂੰ ਲਾਹੌਰ ਵਿਖੇ ਫਾਂਸੀ ਦੀ ਸਜ਼ਾ ਹੋਈ ਸੀ। ਕੇਹਰ ਸਿੰਘ ਨਾਮਧਾਰੀ ਪੁੱਤਰ ਨਾਥ ਸਿੰਘ ਜੋ ਕੇਸਰ ਮੁਹਾਵੇ ਵਾਲਿਆਂ ਦਾ ਸੇਵਕ ਸੀ, ਫ਼ੌਜ ਵਿਚ ਨੌਕਰ ਸੀ। ਸੋ ਸਾਖੀ ਦਇਆ ਸਿੰਘ ਚੇਲੇਕਿਆਂ ਦੇ ਅਤੇ ਜਵਾਹਰ ਸਿੰਘ ਖਿਆਲੇ ਵਾਲਿਆਂ ਨੇ ਛਪਵਾਈ ਸੀ। ਕੇਹਰ ਸਿੰਘ ਫ਼ੌਜ ਵਿਚ ਨੌਕਰੀ ਕਰਦਿਆਂ ਹੋਇਆਂ ਹੋਤੀ ਮਰਦਾਨ ਸੀ। ਕੇਹਰ ਸਿੰਘ ਚੋਰੀ ਛੁਪੀ ਫ਼ੌਜੀਆਂ ਵਿਚ ਸੋ ਸਾਖੀ ਵੰਡਦਾ ਸੀ ਜਿਸਦੀ ਸਰਕਾਰ ਨੂੰ ਖਬਰ ਹੋ ਗਈ ਤਾਂ ਫਿਰ ਨੌਕਰੀ ਤੋਂ ਜਵਾਬ ਹੋ ਗਿਆ ਸੀ।

ਪ੍ਰੀਤਮ ਸਿੰਘ ਪੰਛੀ ਜੋ ਅੱਜਕਲ੍ਹ ਨਵੀਂ ਦਿੱਲੀ ਹਨ ਦਾ ਗਦਰ ਪਾਰਟੀ ਨਾਲ ਘਨੇਰਾ ਸੰਬੰਧ ਰਿਹਾ। ਗਦਰ ਪਾਰਟੀ ਦਾ ਇਤਿਹਾਸ ਨਾਮ ਹੇਠ ਉਹਨਾਂ ਦੀ ਹਿੰਦੀ ਵਿਚ, ਲਿਖੀ ਪੁਸਤਕ ਵੀ ਛਪ ਚੁੱਕੀ ਹੈ। ਉਹ ਕਾਫ਼ੀ ਸਮਾਂ ਦੇਸ਼ ਦੀ ਆਜ਼ਾਦੀ ਲਈ ਅੰਡਰਗਰਾਊਂਡ ਹੋ ਕੇ ਕੰਮ ਕਰਦੇ ਰਹੇ।

ਸੰਤ ਮੰਗਲ ਸਿੰਘ ਲਾਇਲਪੁਰੀ ਜੀ ਦੀ ਵੀ ਆਜ਼ਾਦੀ ਅੰਦੋਲਨ ਤੇ ਸਮਾਜਿਕ ਪੱਖ ਨੂੰ ਉੱਘੀ ਦੇਣ ਹੈ। ਆਪ ਜੀ ਨੇ ਗੰਗਾ ਸਿੰਘ ਵਾਲਾ ਜ਼ਿਲਾ ਲਾਇਲਪੁਰ ਵਿਚ ਆਪਣੇ ਨਿਜੀ ਯਤਨਾਂ ਨਾਲ ਇਕ ਕਾਨਫਰੰਸ ਕਰਵਾਈ ਸੀ ਜਿਸ ਵਿਚ ਸਤਿਗੁਰ ਪਰਤਾਪ ਸਿੰਘ ਜੀ, ਸੰਤ ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸ੍ਰ. ਆਤਮਾ ਸਿੰਘ ਰਾਵਲਪਿੰਡੀ, ਸ੍ਰ. ਸੰਤ ਸਿੰਘ ਐਡਵੋਕੇਟ ਲਾਇਲਪੁਰੀ ਤੋਂ ਛੁਟ ਹੋਰ ਅਨੇਕ ਮੁਸਲਮਾਨ ਤੇ ਹਿੰਦੂ ਲੀਡਰਾਂ ਨੂੰ ਬੁਲਾਇਆ ਤੇ ਸਰਕਾਰ ਦੇ ਖਿਲਾਫ਼ ਲੈਕਚਰ ਕੀਤੇ ਸਨ ਅਤੇ ਆਜ਼ਾਦੀ ਦੀ ਪ੍ਰਾਪਤੀ ਲਈ ਲੋਕਾਈ ਨੂੰ ਹਲੂਣਿਆ ਸੀ।

ਨਾਮਧਾਰੀਆਂ ਦੀਆਂ ਇੰਨੀਆਂ ਕੁਰਬਾਨੀਆਂ ਹੋਣ ਦੇ ਬਾਵਜੂਦ ਵੀ ਦੇਸ਼ ਆਜ਼ਾਦ ਹੋਣ ਦੇ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਕੇਂਦੀ ਸਰਕਾਰ ਤੋਂ ਰਿਆਇਤ ਦੀ ਮੰਗ ਨਾ ਕੀਤੀ। 1945 ਈਸਵੀ ਵਿਚ ਦੂਜੀ ਸੰਸਾਰ ਜੰਗ ਖਤਮ ਹੋ ਗਈ ਸੀ ਤੇ ਉਸ ਸਮੇਂ ਜਨਤਾ ਵਿਚ ਜਾਗ੍ਰਤੀ ਆ ਚੁੱਕੀ ਸੀ ਪ੍ਰੰਤੂ ਰਾਜਸੀ ਲੀਡਰ ਤਿੰਨ

ਗਰੁਪਾਂ ਵਿਚ ਵੰਡੇ ਜਾ ਚੁੱਕੇ ਸਨ । ਮੁਸਲਮ ਲੀਗੀ ਅਲਗ ਦੇਸ਼ ਚਾਹੁੰਦੇ ਸਨ, ਸਿੱਖ ਲੀਡਰ ਵੱਖਰੀ ਸਿੱਖ ਸਟੇਟ ਦੀ ਮੰਗ ਕਰ ਰਹੇ ਸਨ । ਭਾਰਤ ਨੂੰ ਆਜ਼ਾਦ ਕਰਨ ਲਈ ਲਾਰਡ ਵੇਵਲ ਨੂੰ ਭਾਰਤ ਭੇਜਿਆ ਗਿਆ ।

ਇਸ ਮੰਤਵ ਲਈ ਲਾਰਡ ਵੇਵਲ ਨੇ ਸਿਮਲਾ ਵਿਖੇ ਰਾਜਸੀ ਨੇਤਾਵਾਂ ਦੀ ਇਕ ਮੀਟਿੰਗ ਬੁਲਾਈ, ਜਿਸ ਵਿਚ ਕਾਂਗਰਸ ਵਲੋਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਅਬਦੁਲ ਕਲਾਮ ਆਜ਼ਾਦ, ਅਚਾਰੀਆ ਕ੍ਰਿਪਲਾਨੀ, ਗੋਬਿੰਦ ਵਲਭ ਪੰਤ ਸ਼ਾਮਲ ਹੋਏ । ਮੁਸਲਮਾਨਾਂ ਵਲੋਂ ਜਿਨਾਹ, ਲਿਆਕਤ ਅਲੀ, ਗਜ਼ਨ ਫਰਅਲੀ ਅਬਦੁਲ ਕਿਊਮ ਸ਼ਾਮਲ ਹੋਏ । ਸਿੱਖਾਂ ਵਲੋਂ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਜੀ ਸ਼ਿਮਲੇ ਪਹੁੰਚੇ ।

ਸਤਿਗੁਰ ਪਰਤਾਪ ਸਿੰਘ ਜੀ ਵੀ ਆਪਣੇ ਹਜ਼ੂਰੀ ਜੱਥੇ ਸਮੇਤ ਸ਼ਿਮਲੇ ਜਸਵੰਤ ਸਿੰਘ ਦੇ ਘਰ ਜਾ ਬਿਰਾਜੇ । ਨੇੜੇ ਹੀ ਮਹਾਤਮਾ ਗਾਂਧੀ ਜੀ ਦਾ ਟਿਕਾਣਾ ਸੀ । ਸਮਰਹਿਲ ਦੇ ਰੈਸਟ ਹਾਊਸ ਵਿਖੇ ਕਾਂਗਰਸ ਦੀ ਵੱਖਰੀ ਮੀਟਿੰਗ ਹੋ ਰਹੀ ਸੀ ਜਿਸ ਵਿਚ ਸਤਿਗੁਰਾਂ ਵਲੋਂ ਰਤਨ ਸਿੰਘ ਜੀ ਮੀਟਿੰਗ ਵਿਚ ਸ਼ਾਮਲ ਹੋਏ । ਮੀਟਿੰਗ ਤੋਂ ਉਪਰੰਤ ਜਵਾਹਰ ਲਾਲ ਜੀ, ਰਤਨ ਸਿੰਘ ਨਾਲ ਸਤਿਗੁਰੂ ਪਰਤਾਪ ਸਿੰਘ ਕੋਲ ਆਏ ਅਤੇ ਇਕ ਦੂਜੇ ਨੂੰ ਜਫੀਆਂ ਪਾ ਮਿਲੇ । ਸਤਿਗੁਰਾਂ ਨੇ ਪੰਡਤ ਜੀ ਨੂੰ ਕਿਹਾ, ਦੇਸ਼ ਆਜ਼ਾਦ ਹੋ ਰਿਹਾ ਏ । ਸਤਿਗੁਰੂ ਰਾਮ ਸਿੰਘ ਜੀ ਦਾ ਚਿਤਵਿਆ ਸੁਪਨਾ ਸਾਕਾਰ ਹੋ ਰਿਹਾ ਹੈ । ਬਦੇਸ਼ੀਆਂ ਤੋਂ ਅਸੀਂ ਕੁਝ ਮੰਗਦੇ ਨਹੀਂ ਪਰ ਤੁਹਾਡੇ ਨਾਲ ਕੋਈ ਸੌਦਾ ਨਹੀਂ ਕਰਦੇ । ਸਤਿਗੁਰੂ ਜੀ ਨੇ ਫਿਰ ਕਿਹਾ ਮੈਂ ਕੋਰੇ ਕਾਗਜ਼ ਤੇ ਦਸਤਖਤ ਕਰਦਾ ਹਾਂ ਤੇ ਐਲਾਨ ਕਰਦਾ ਹਾਂ ਕਿ ਅਸੀਂ ਸਦਾ ਕਾਂਗਰਸ ਨਾਲ ਰਹੇ ਹਾਂ ਅਤੇ ਇਵੇਂ ਹੀ ਰਹਾਂਗੇ ਤੇ ਫਿਰ ਕੋਰੇ ਕਾਗਜ਼ ਤੇ ਦਸਤਖਤ ਕਰਕੇ ਕਿਹਾ, ਤੁਸੀਂ ਜੋ ਚਾਹੋ, ਕਾਗਜ਼ ਤੇ ਲਿਖ ਲੈਣਾ । ਸਤਿਗੁਰਾਂ ਦੇ ਬਚਨ ਸੁਣ ਕੇ ਪੰਡਤ ਜੀ ਬਹੁਤ ਖੁਸ਼ ਹੋਏ ਤੇ ਉਹਨਾਂ ਦਾ ਸਤਿਗੁਰਾਂ ਅੱਗੇ ਸ਼ਰਧਾ ਨਾਲ ਸੀਸ ਝੁਕ ਗਿਆ ।

ਸਤਿਗੁਰੂ ਜੀ ਦੀ ਦੇਸ਼ ਭਗਤੀ ਬਾਰੇ ਸ੍ਰ. ਗੁਰਬਖਸ਼ ਸਿੰਘ ਜੀ ਨੇ ਰਿਸਾਲਾ 'ਪ੍ਰੀਤਲੜੀ' ਦੇ ਸਤੰਬਰ 1959 ਦੇ ਅੰਕ ਵਿਚ ਲਿਖਿਆ ਸੀ :—"ਮਹਾਰਾਜ ਪਰਤਾਪ ਸਿੰਘ ਏਸ ਵੱਡੀ ਸਿਫਤ ਵਿਚ ਲਗ ਪਗ ਲਾਸਾਨੀ ਗਿਣੇ ਜਾਣਗੇ ਕਿ ਉਹਨਾਂ ਨੇ ਆਪਣੀ ਧਾਰਮਿਕ ਸੰਸਥਾ ਨੂੰ ਹਮੇਸ਼ਾ ਸਾਮਰਾਜ ਦਾ ਵਿਰੋਧ ਰਖਿਆ । ਕੀ ਸਾਡੇ ਤੇ ਕੀ ਹੋਰ ਦੇਸ਼ਾਂ ਵਿਚ ਧਾਰਮਿਕ ਸੰਸਥਾਵਾਂ ਆਮ ਕਰਕੇ ਸਰਕਾਰ ਪੱਖੀ ਹੀ ਹੁੰਦੀਆਂ ਹਨ । ਸਾਡੇ ਦੇਸ਼ ਵਿਚ ਮਿਰਜ਼ਈ ਜਮਾਤ, ਰਾਧਾ ਸਵਾਮੀ, ਦੇਵ ਸਮਾਜ, ਚੀਫ ਖਾਲਸਾ ਦੀਵਾਨ ਆਦਿਕ ਆਜ਼ਾਦੀ ਦੇ ਸੰਗ੍ਰਾਮ ਤੋਂ ਨਾ ਸਿਰਫ ਅੱਡ ਹੀ ਰਹੇ ਹਨ; ਸਗੋਂ ਪਰਦੇਸੀ ਸਰਕਾਰ ਦੀਆਂ ਧਿਰਾਂ ਬਣੇ ਰਹੇ ਹਨ । ਪਰ ਨਾਮਧਾਰੀ ਕੱਟੜ ਧਰਮੀ ਹੁੰਦਿਆਂ ਹੋਇਆਂ ਵੀ ਸਰਕਾਰ ਤੋਂ ਬਾਗ਼ੀ ਰਹੇ ਹਨ । ਇਹਨਾਂ ਨੇ ਬੜੀਆਂ ਕੁਰਬਾਨੀਆਂ ਦਿੱਤੀਆਂ, ਹਰ ਕੌਮੀ ਅੰਦੋਲਨ ਵਿਚ ਹਿੱਸਾ ਪਾਇਆ ।"

ਇਕ ਹੋਰ ਲਿਖਾਰੀ ਸ੍ਰੀ ਸੰਤ ਰਾਮ ਅਜਮਾਨੀ, ਸਤਿਗੁਰ ਪਰਤਾਪ ਸਿੰਘ ਜੀ ਦੀ ਘਾਲਣਾ ਬਾਰੇ ਲਿਖਦਾ ਹੈ :—

"ਉਨ ਕੇ ਬਾਅਦ ਮਹਾਰਾਜ ਪਰਤਾਪ ਸਿੰਘ ਨੇ ਕਾਂਗਰਸ ਕੇ ਸਾਥ ਮਿਲ ਕਰ ਆਪਣੇ ਦੇਸ਼ ਕੇ ਲੀਏ ਬੇਸ਼ੁਮਾਰ ਕੁਰਬਾਨੀਆਂ ਕੀ। ਸੁਯਾਮੀ ਦਯਾ ਨੰਦ ਕਾ ਆਰੀਆ ਸਮਾਜ ਔਰ ਮਹਾਰਾਜ ਗੁਰੂ ਰਾਮ ਸਿੰਘ ਕੀ ਨਾਮਧਾਰੀ ਤਹਿਰੀਕ ਹੀ ਦੋ ਐਸੀ ਤਹਿਰੀਕੇਂ ਥੀ ਜਿਨ ਸੇ ਅੰਗਰੇਜ਼ ਕਾਂਪਤਾ ਥਾ। ਉਸਨੇ ਹਰ ਜਾਇਜ਼ ਨਾਜਾਇਜ਼ ਤਹਿਰੀਕੋਂ ਸੇ ਇਨਕੋ ਕੁਚਲਨੇ ਕਾ ਯਤਨ ਕੀਆ। ਤਸ਼ਦਦ ਮੁਕਦਮੇ, ਜੇਲ੍ਹ, ਨਜ਼ਰਬੰਦੀਆਂ, ਜਲਾਵਤਨੀਆਂ, ਗੋਲੀਆਂ, ਫਾਂਸੀਆਂ ਇਨ ਜਾਨ ਬਾਜ਼ੋਂ ਕੋ ਦੇਸ਼ ਭਗਤੀ ਕੇ ਰਾਸਤੇ ਪਰ ਚਲਨੇ ਸੇ ਰੋਕ ਨਾ ਸਕੀਂ। ਔਰ ਦੇਸ਼ ਭਗਤੋਂ ਕਾ ਯਹ ਕਾਫਲਾ ਆਗੇ ਹੀ ਆਗੇ ਬੜ੍ਹਤਾ ਗਿਆ।" (ਮਿਲਾਪ, 12-9-59)

ਸਤਿਗੁਰਾਂ ਦੀ ਪਰੇਰਨਾ ਸਦਕਾ ਅਤੇ ਨਾਮਧਾਰੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨਾਲ ਭਾਰਤ ਆਜ਼ਾਦ ਹੋਇਆ ਤੇ ਅੱਜ ਅਸੀਂ ਆਜ਼ਾਦ ਭਾਰਤ ਵਿਚ ਵਿਚਰ ਰਹੇ ਹਾਂ ਪਰੰਤੂ ਸਾਡੇ ਰਾਜਸੀ ਨੇਤਾਵਾਂ ਅਤੇ ਇਤਿਹਾਸਕਾਰਾਂ ਨੇ ਉਹਨਾਂ ਦੀ ਅਣਥਕ ਘਾਲਨਾਵਾਂ ਤੇ ਕੁਰਬਾਨੀਆਂ ਨੂੰ ਭੁਲਾ ਦਿੱਤਾ ਹੈ।

ਹਵਾਲੇ ਸੂਚੀ

1. ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦਾ ਹਿੱਸਾ, ਪੰਨਾ 1—ਪ੍ਰਕਾਸ਼ਕ ਗੁਰਮਤਿ ਮਿਸ਼ਨਰੀ ਕਾਲਜ, ਲੁਧਿਆਣਾ।
2. ਸਤਿਜੁਗ ਬਸੰਤ ਅੰਕ 2 ਫੱਗਣ 2042 ਬਿ: (ਦੂਜਾ ਹਿੱਸਾ) ਪੰਨਾ—13.
3. ਤਰਨ ਸਿੰਘ ਵਹਿਮੀ—ਜੱਸ ਜੀਵਨ (ਦੂਜਾ ਹਿੱਸਾ) ਪੰਨਾ 40.
4. ਉਹੀ—ਪੰਨਾ 40.
5. ਸੋਹਣ ਸਿੰਘ ਜੋਸ਼—ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ 501.
6. ਤਰਨ ਸਿੰਘ ਵਹਿਮੀ—ਉਹੀ ਪੰਨਾ 41.
7. ਡਾ. ਪ੍ਰੀਤਮ ਸਿੰਘ ਕੈਂਥੋ (ਯੂ. ਕੇ.)—ਬਰਤਾਨਵੀ ਰਾਜ ਸਮੇਂ ਜਬਤਸ਼ੁਦਾ ਪੰਜਾਬੀ ਕਵਿਤਾ, ਰਿਸਾਲਾ ਕੌਮੀ ਏਕਤਾ ਇੰਟਰਨੈਸ਼ਨਲ, ਮਈ 1990, ਪੰਨ 48.
8. ਇਨਕਲਾਬੀ ਕੂਕਾ—ਪੰਨਾ 35.
9. ਗਿਆਨੀ ਕਾਹਲਾ ਸਿੰਘ—ਕੂਕੇ ਸਿੰਘ ਤੇ ਅੰਗਰੇਜ਼ ਰਾਜ, ਪੰਨਾ 42.
10. ਸੋਹਣ ਸਿੰਘ ਜੋਸ਼ : ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ 513.
11. ਕਿਸਾਨ ਲੀਡਰਾਂ ਨੂੰ ਸਜ਼ਾਵਾਂ—ਸਤਿਜੁਗ 10 ਭਾਦਰੋਂ 1995 ਬਿ:
12. Dr. Ganda Singh (Editor) : Some Confidential papers of the Akali Movement Page 2.
13. ਸਤਿਜੁਗ ਦਾ ਸ਼ਰਧਾਂਜਲੀ ਅੰਕ : 15 ਅਸੂ 2016 ਬਿ:, ਪੰਨਾ 47.
14. (ੳ) ਪਿੰਡ ਪਰਾਸ ਗੜ੍ਹ, ਜ਼ਿਲਾ ਹੁਸ਼ਿਆਰਪੁਰ ਦੇ ਜਥੇਦਾਰ ਅਮਰ ਸਿੰਘ ਚੰਦੋਂਵਾਲੀਏ ਨੇ ਲੇਖਕ ਨੂੰ ਦੱਸਿਆ (ਮਈ 1989).
    (ਅ) ਨਾਮਧਾਰੀ ਜਗਤ ਅਤੇ ਜੈਤੋ ਦਾ ਮੋਰਚਾ : ਕੌਮੀ ਏਕਤਾ, ਫਰਵਰੀ 1990.

15. ਸ਼ਮਸ਼ੇਰ ਸਿੰਘ ਅਸ਼ੋਕ : ਅਕਾਲੀ ਲਹਿਰ ਤੇ ਜੈਤੋ ਦਾ ਮੋਰਚਾ ਪੰਨਾ—32.
16. ਉਹੀ, ਪੰਨਾ 42.
17. ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ 26.
18. ਸ਼ਮਸ਼ੇਰ ਸਿੰਘ ਅਸ਼ੋਕ—ਉਹੀ—ਪੰਨਾ 42.
19. ਤਰਨ ਸਿੰਘ ਵਹਿਮੀ : ਜੱਸ ਜੀਵਨ—(ਹਿੱਸਾ ਦੂਜਾ) ਪੰਨਾ 189.
20. ਉਹੀ, ਪੰਨਾ 191.
21. ਮਹਾਰਾਜ ਬੀਰ ਸਿੰਘ ਜੀ : ਨਾਮਧਾਰੀ ਅਤੇ ਕਾਂਗਰਸ, ਪੰਨਾ 95.
22. ਸਤਿਜੁਗ ਸਪਤਾਹਿਕ, 25 ਹਾੜ 1991 ਬਿ:
23. ਜੇ. ਐਸ. ਛਾਬੜਾ : ਐਡਵਾਂਸ ਸਟੱਡੀ ਇਨ ਦੀ ਹਿਸਟਰੀ ਆਫ਼ ਮਾਡਰਨ ਇੰਡੀਆ.
24. ਸਤਿਜੁਗ-ਸਤਿਗੁਰੂ ਪਰਤਾਪ ਸਿੰਘ ਸ਼ਤਾਬਦੀ ਅੰਕ, ਪੰਨਾ 40.
25. ਅਮਰ ਭਾਰਤੀ—ਸਿੱਖ ਇਤਿਹਾਸ ਤੇ ਕੂਕੇ—ਪੰਨਾ 128.
26. ਮਹਾਰਾਜ ਬੀਰ ਸਿੰਘ ਜੀ : ਨਾਮਧਾਰੀ ਅਤੇ ਕਾਂਗਰਸ, ਪੰਨਾ 17.
27. ਪਿਆਰਾ ਸਿੰਘ ਪਦਮ—ਸੰਖੇਪ ਸਿੱਖ ਇਤਿਹਾਸ ਪੰਨਾ 397.
28. ਜਗਮੋਹਨ ਸਿੰਘ (ਸੰਪਾਦਕ) : ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ, ਪੰਨਾ 65–76.
29. ਤਰਨ ਸਿੰਘ ਵਹਿਮੀ-ਜੱਸ ਜੀਵਨ (ਹਿੱਸਾ ਦੂਜਾ), ਪੰਨਾ 191.
30. ਤ੍ਰਿਸ਼ੰਕੂ : ਪੰਜਾਬੀ ਡਾਈਜੈਸਟ, ਜਨਵਰੀ 1988, ਪੰਨਾ 48.

ਨਿੱਕੀਆਂ ਗੱਲਾਂ, ਵੱਡੇ ਅਰਥ

—ਰਾਜਿੰਦਰ ਸਿੰਘ (ਗੁਰੂਸਰ)

ਅੱਜ ਤੋਂ 66 ਕੁ ਸਾਲ ਪਹਿਲਾਂ ਦੀ ਗੱਲ ਹੈ—ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਦੌਰਾ ਗੁਰੂਸਰ ਆਇਆ ਹੋਇਆ ਸੀ। ਗੁਰੂਸਰ ਸ੍ਰੀ ਸਤਿਗੁਰੂ ਜੀ ਦਾ ਸਹੁਰਾ ਪਿੰਡ। ਉਸ ਵੇਲੇ ਦੌਰੇ ਘੋੜਿਆਂ ਉਤੇ ਹੁੰਦੇ ਸਨ। ਪਿੰਡ ਦੇ ਚੜ੍ਹਦੇ ਪਾਸੇ ਸ਼ਾਮਲਾਤ ਅਤੇ ਵੇਹਲੀ ਜ਼ਮੀਨ ਵੇਖ ਕੇ, ਸਤਿਗੁਰੂ ਜੀ ਨੇ ਫ਼ੁਰਮਾਇਆ, "ਅੱਜ ਏਥੇ ਘੋੜ ਦੌੜ ਹੋਵੇਗੀ। ਹੋਰ ਵੀ ਜਿਨ੍ਹਾਂ ਕੋਲ ਘੋੜੀਆਂ ਹੋਣ, ਲੈ ਆਵੋ।"

ਫੇਰ ਕੀ ਸੀ! ਚੁਫੇਰੇ ਘੋੜੇ-ਘੋੜੀਆਂ ਦੀ ਹਿਣਹਿਣਾਹਟ ਅਤੇ ਪੌੜਾਂ ਦੀ ਟਾਪ ਹੀ ਸੁਣਾਈ ਦੇਵੇ।

ਓਹਨਾਂ ਸਮਿਆਂ ਵਿਚ ਘੋੜੀਆਂ ਦਾ ਬਹੁਤ ਰਿਵਾਜ ਸੀ। ਜਿਸ ਘਰ ਘੋੜੀ ਨਾ ਹੁੰਦੀ, ਓਸ ਘਰ ਨੂੰ ਕਿਸੇ ਗਿਣਤੀ ਵਿਚ ਨਹੀਂ ਸੀ ਸਮਝਿਆ ਜਾਂਦਾ। ਘੋੜੀਆਂ, ਸਰਦਾਰੀ ਦਾ ਚਿੰਨ੍ਹ ਸਨ ਅਤੇ ਇਹਨਾਂ ਦੇ ਬੱਚੇ, ਪੈਸਿਆਂ ਦਾ ਸਾਧਨ ਵੀ।

ਸ੍ਰੀ ਸਤਿਗੁਰੂ ਜੀ ਨੇ ਇਕੱਠੇ ਹੋਏ ਲੋਕਾਂ ਨੂੰ ਫ਼ਰਮਾਇਆ, "ਤੁਸੀਂ ਪਹਿਲਾਂ ਸਾਡੇ ਘੋੜਿਆਂ ਦੀ ਦੌੜ ਵੇਖੋ! ਫੇਰ ਅਸੀਂ ਤੁਹਾਡੇ ਘੋੜਿਆਂ ਦੀ ਦੌੜ ਵੇਖਾਂਗੇ। ਹਾਂ! ਜਿਸ ਨੇ ਸਾਡੇ ਘੋੜਿਆਂ ਨਾਲ ਮੁਕਾਬਲਾ ਕਰਨਾ ਹੋਵੇ, ਉਹ ਮੈਦਾਨ ਵਿਚ ਬੇਸ਼ੱਕ ਆ ਜਾਵੇ।"

ਨੌਜੁਆਨ ਮੁੰਡੇ ਤਾਂ ਘੋੜੇ ਲਿਆਏ ਹੀ ਸਤਿਗੁਰੂ ਜੀ ਦੇ ਘੋੜਿਆਂ ਨਾਲ ਮੁਕਾਬਲਾ ਕਰਨ ਵਾਸਤੇ ਸਨ।

ਨੰਬਰਦਾਰ ਸੱਦਾ ਸਿੰਘ ਸਤਿਗੁਰੂ ਜੀ ਦਾ ਪਤਿਹੁਰਾ ਸੀ, ਦੋ ਘੋੜੀਆਂ ਉਸ ਦੀਆਂ ਵੀ ਮੈਦਾਨ ਵਿਚ ਨਿੱਤਰ ਖਲੋਤੀਆਂ। ਸਾਰੇ ਮੈਦਾਨ ਵਿਚ ਘੋੜੇ-ਘੋੜੀਆਂ ਦਾ ਘੜਮਸ ਵੱਜ ਰਿਹਾ ਸੀ।

ਸਤਿਗੁਰੂ ਜੀ ਨੇ ਮਾਲਕਾਂ ਨਾਲ ਵਿਚਾਰ ਕਰਕੇ ਅਤੇ ਅੰਦਾਜ਼ੇ ਮੁਤਾਬਕ, ਕਈ ਟੋਲੀਆਂ ਬਣਾ ਦਿੱਤੀਆਂ। ਅਤੇ ਹਰ ਇਕ ਟੋਲੀ ਵਿਚ ਦੋ-ਦੋ ਘੋੜੇ ਆਪਦੇ ਸ਼ਾਮਲ ਕਰ ਦਿਤੇ। ਫੇਰ ਕੀ ਸੀ! ਅੱਵਲ ਵੀ ਸਤਿਗੁਰੂ ਜੀ ਦਾ ਘੋੜਾ ਅਤੇ ਦੋਇਮ ਵੀ ਸਤਿਗੁਰਾਂ ਦਾ ਘੋੜਾ। ਬਾਕੀ ਸਾਰੇ ਤੀਸਰੇ ਚੌਥੇ ਨੰਬਰਾਂ ਤੇ।

ਇਸ ਤਰ੍ਹਾਂ ਅੱਠ ਟੀਮਾਂ ਦੋੜੀਆਂ, ਪਰ ਕਿਸੇ ਨੇ ਵੀ ਗੁਰੂ ਜੀ ਦੇ ਘੋੜਿਆਂ ਦਾ ਪੱਲਾ ਨਾ ਫੜਿਆ। ਫੂੰ-ਫੂੰ ਕਰਨ ਵਾਲੇ ਸਾਰੇ ਨੌਜੁਆਨ ਢਿਲੇ ਜਿਹੇ ਮੂੰਹ ਕਰਕੇ ਸਤਿਗੁਰੂ ਜੀ ਵੱਲ ਵੇਖਣ ਲਗੇ।

ਸਤਿਗੁਰੂ ਜੀ ਨੇ ਫ਼ਰਮਾਇਆ—ਘੋੜੇ ਖਰੀਦਣ ਵੇਲੇ ਤੁਸੀਂ ਕੱਦ ਕਾਠ, ਰੰਗ ਤੇ ਕਨਾਤਰੇ ਜੁੜੇ ਹੋਏ ਤਾਂ ਵੇਖ ਲੈਂਦੇ ਹੋ ਪਰ ਘੋੜਿਆਂ ਦੀ ਨਸਲ ਵਲ ਨਹੀਂ ਵੇਖਦੇ। ਅਸੀਂ ਕੰਨਾਂ ਵਲ ਘੱਟ ਅਤੇ ਨਸਲ ਵਲ ਵਧੇਰੇ ਧਿਆਨ ਦਿੰਦੇ ਹਾਂ, ਜਿਸ ਵਾਸਤੇ ਸਾਡੇ ਘੋੜੇ ਅੱਵਲ ਆਉਂਦੇ ਹਨ। ਅਸੀਂ ਸਾਰੇ ਪੰਜਾਬ ਵਿਚ ਦੋਰਾ ਕਰਨਾ ਹੁੰਦਾ ਹੈ। ਜੇ ਸਾਡੇ ਘੋੜੇ ਘਟੀਆ ਹੋਣ ਤਾਂ ਹਰ ਪਿੰਡ ਵਿਚ ਹੀ ਸਾਨੂੰ ਵੰਗਾਰਨ ਵਾਲੇ ਆ ਖੜੇ ਹੋਣ। ਜੇ ਤੁਹਾਨੂੰ ਵੀ ਘੋੜੇ ਦੋੜਾਨ ਦਾ ਸ਼ੋਕ ਹੈ ਤਾਂ ਤੁਸੀਂ ਇਹਨਾਂ ਦੀ ਨਸਲ ਵੱਲ ਧਿਆਨ ਦਿਓ।

ਆਸਾ ਦੀ ਵਾਰ ਪਿਛੋਂ, ਜਦੋਂ ਸਤਿਗੁਰੂ ਜੀ ਨੇ ਦੂਸਰੇ ਪਿੰਡ ਦਰਸ਼ਨ ਦੇਣ ਲਈ ਦੌਰੇ ਦੀ ਤਿਆਰੀ ਕੀਤੀ ਤਾਂ ਮੇਰੇ ਪਿਤਾ ਸ: ਨਾਹਰ ਸਿੰਘ ਜੀ ਨੂੰ ਸੱਦ ਕੇ ਕਹਿਣ ਲਗੇ—

ਨਾਹਰ ਸਿਆਂ ! ਕਾਕੇ ਨੂੰ ਭੈਣੀ ਸਾਹਿਬ ਭੇਜ ਦੇ। ਨਾਲੇ ਬੇਬੇ ਰਾਮ ਕੋਰ ਨੂੰ ਵੀ। (ਸ੍ਰੀ ਸਤਿਗੁਰੂ ਜੀ ਦੇ ਸਾਸੂ ਤੇ ਮਾਤਾ ਭੁਪਿੰਦਰ ਕੋਰ ਜੀ ਦੇ ਮਾਤਾ ਜੀ) ਮੇਰਾ ਵੱਡਾ ਕਾਕਾ* ਤੇ ਰਾਜਿੰਦਰ 'ਕੱਠੇ ਹੀ ਪੜ੍ਹਿਆ ਕਰਨਗੇ।

ਮੈਂ ਉਸ ਵੇਲੇ ਮੋਲਵੀ ਕੋਲ ਮਦਰਸੇ ਪੜ੍ਹਦਾ ਹੁੰਦਾ ਸੀ। ਸਤਿਗੁਰੂ ਜੀ ਦਾ ਹੁਕਮ ਸ਼ਾਹੀ ਫ਼ਰਮਾਨ ਸੀ, ਜਿਸ ਨੂੰ ਟਾਲਣ ਦੀ ਕਿਸੇ ਸਿੱਖ ਵਿਚ ਹਿੰਮਤ ਨਹੀਂ ਸੀ। ਮੈਂ ਤੇ ਮੇਰੇ ਦਾਦੀ ਜੀ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਮਾਤਾ ਜਿਉਣ ਕੋਰ ਜੀ ਆਪਣੀ ਕੁੜਮਣੀ ਨੂੰ ਮਿਲ ਕੇ ਬਹੁਤ ਖੁਸ਼ ਹੋਏ ਅਤੇ ਸਾਡਾ ਡੇਰਾ ਆਪਣੇ ਕੋਲ ਮੰਦਰ ਵਿਚ ਹੀ ਲਵਾ ਦਿਤਾ।

ਬੀਬੀ ਦਾ ਲੰਗਰ

ਅੱਜ ਤੋਂ 60–70 ਸਾਲ ਪਹਿਲਾਂ ਦੌਰਾ ਘੋੜਿਆਂ ਉਤੇ ਹੁੰਦਾ ਸੀ। ਆਮ ਤੋਰ ਤੇ ਬਿਹੰਗਮ ਤੇ ਘੋੜੇ ਸਾਂਭਣ ਵਾਲੇ ਪੈਦਲ ਮਾਰਚ ਕਰਦੇ। ਘੋੜਿਆਂ ਉਤੇ ਸ੍ਰੀ ਸਤਿਗੁਰੂ ਜੀ, ਭਾਈ ਵਜ਼ੀਰ ਸਿੰਘ, ਸੰਤ ਮੁਹਕਮ ਸਿੰਘ ਅਤੇ ਉਮਰ ਤੋਂ ਵਡੇਰੇ ਸੰਤ ਮਹੰਤ ਹੁੰਦੇ। ਸੰਤ ਬਹਾਦਰ ਸਿੰਘ ਸਭ ਪਾਸਿਆਂ ਤੋਂ ਹੀ ਬਹਾਦਰ ਸਨ। ਉਹਨਾਂ ਵਾਸਤੇ ਖੱਚਰ ਸੀ। ਕੋਈ ਵੀ ਘੋੜਾ, ਉਹਨਾਂ ਦਾ ਭਾਰ ਚੁਕਣ ਵਿਚ ਸਮਰੱਥ ਨਹੀਂ ਸੀ ਹੁੰਦਾ। ਗੱਡੇ ਤੇ ਊਠ, ਰਸਦਾਂ ਵਾਪਸ ਭੈਣੀ ਸਾਹਿਬ ਲੈ ਕੇ ਆਉਣ ਉਤੇ, ਵਰਤੇ ਜਾਂਦੇ ਸਨ। ਸਭ ਤੋਂ ਵੱਧ ਉਗਰਾਹੀ ਮੱਥੇ ਟਿਕਦੇ ਸਨ—ਰੇਜ਼ੇ, ਖੇਸ ਤੇ ਘਰ ਦੀਆਂ

---

* ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।

ਬਣਾਈਆਂ ਚਾਦਰਾਂ । ਘਰ ਦੇ ਬਣਾਏ ਕਪੜਿਆਂ ਦੀਆਂ ਧਾਂਕਾਂ ਲਗ ਜਾਂਦੀਆਂ ਸਨ । ਇਕ ਜਾਂ ਦੋ ਜੱਥੇ ਜਥੇਦਾਰਾਂ ਦੇ ਨਾਲ ਹੁੰਦੇ ਸਨ ਅਤੇ ਇਕ ਜੋੜੀ ਰਾਗੀਆਂ ਦੀ । ਇਕ ਲੈਕਚਰਾਰ ਵੀ ਅਮੂਮਨ ਜ਼ਰੂਰ ਹੁੰਦਾ ਸੀ । ਇੰਨਾ ਕੁਝ ਜੱਥੇ ਨਾਲ ਸਤਿਗੁਰਾਂ ਦੀ ਹਜ਼ੂਰੀ ਵਿਚ ਹੋਣਾ ਅਤਿਅੰਤ ਲਾਜ਼ਮੀ ਸੀ ਲਾਂਗਰੀ ਜੱਥਾ ਤਾਂ ਮੈਂ ਭੁਲ ਹੀ ਗਿਆ ਸਾਂ । ਕੁਲ ਗਿਣਤੀ ਦਾ ਅੰਦਾਜ਼ ਤੁਸੀਂ ਆਪ ਹੀ ਲਾ ਸਕਦੇ ਹੋ ਕਿਉਂਕਿ ਮੈਂ ਉਸ ਵੇਲੇ ਨੰਨ੍ਹੇ ਮੁੰਨੇ ਬਾਲਕਾਂ ਵਿਚ ਹੀ ਸੁਮਾਰ ਸਾਂ—ਜਿਸ ਵਾਸਤੇ, ਸਹੀ ਗਿਣਤੀ ਨਹੀਂ ਸੀ ਦਸ ਸਕਦਾ ।

ਉਹ ਦੁਨੀਆਂ—ਨਾਮਧਾਰੀ ਸੰਸਾਰ ਦੀ, ਚਮਤਕਾਰੀ ਦੁਨੀਆਂ ਸੀ । ਅੱਜ ਦੇ ਸੰਸਾਰ ਨਾਲੋਂ ਵੱਖਰੀ ਅਤੇ ਅਦਭੁਤ ਦੁਨੀਆਂ ।

ਭੈਣੀ ਸਾਹਿਬ ਤੋਂ ਘੋੜੇ, ਊਠ ਆਦਿ, ਬਹੁਤ ਪਹਿਲਾਂ ਹੀ ਤੁਰ ਪੈਂਦੇ ਅਤੇ ਉਸ ਥਾਂ ਜਾ ਕੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਉਡੀਕ ਕਰਦੇ, ਜਿਥੋਂ ਦੌਰਾ ਸ਼ੁਰੂ ਕਰਨਾ ਹੁੰਦਾ ਸੀ ।

ਜਿਸ ਦੌਰੇ ਦਾ ਮੈਂ ਜ਼ਿਕਰ ਕਰਨ ਲਗਾ ਹਾਂ, ਇਹ ਦੌਰਾ ਜ਼ਿਲਾ ਲਾਹੌਰ ਤੇ ਤਹਿਸੀਲ ਚੂਹਣੀਆਂ ਦਾ ਹੈ । ਦੌਰੇ ਦੇ ਨਾਲ ਉਸ ਜ਼ਿਲੇ ਦਾ ਸੂਬਾ ਜਾਂ ਉਸਦਾ ਕੋਈ ਨੁਮਾਇੰਦਾ ਅਤੇ ਜਿਲੇ ਦੀ ਸੰਗਤ ਵਿਚੋਂ ਬਹੁਤ ਸਾਰੇ ਵਰਕਰ, ਦਰਬਾਰ ਦੇ ਮੈਂਬਰ, ਬਿਹੰਗਮ ਤੇ ਸਿਰ ਕਰਦਾ ਆਦਮੀ ਵੀ ਨਾਲ ਹੁੰਦੇ ।

ਸਤਿਗੁਰੂ ਜੀ ਜਦੋਂ ਘੋੜੇ ਉਤੇ ਸਵਾਰ ਹੋ ਕੇ ਪਿੰਡਾਂ ਵਿਚੋਂ ਨਿਕਲਦੇ, ਕਿਸੇ ਨੂੰ ਕੋਈ ਸ਼ੰਕਾ ਨਹੀਂ ਸੀ ਰਹਿੰਦੀ, ਕਿ ਸਤਿਗੁਰੂ ਜੀ ਕੌਣ ਹਨ । ਅਦਭੁਤ ਚਮਤਕਾਰੀ ਦੀਦਾਰਾ ਸੀ ਜੁਆਨੀ ਦਾ । ਛੇ ਫੁਟ ਉੱਚਾ ਕੱਦ, ਭਰਵਾਂ ਜੁਸਾ, ਚੌੜਾ ਮੱਥਾ, ਤਿਖਾ ਨੱਕ, ਰੋਅਬਦਾਰ ਦਾੜ੍ਹਾ ਤੇ ਮੁਛਹਿਰੇ ਆਕਰਸ਼ਕ ਨੇਤਰ । ਜਿਸ ਨੂੰ ਇਕ ਵਾਰ ਮੁਸਕਰਾ ਕਿ ਬੁਲਾਉਂਦੇ, ਉਹ ਉਹਨਾਂ ਦਾ ਹੀ ਹੋ ਜਾਂਦਾ ।

ਮਹਾਂ ਤੇਜ ਕ੍ਰਾਂਤੀ ਸ਼ਾਂਤੀ ਸਭ,
ਇਕੋ ਥਾਂ ਪਏ ਵਸਦੇ ।
ਬੁਲ੍ਹਾਂ ਵਿਚ ਮਿੱਠੀ ਮੁਸਕ੍ਰਾਹਟ,
ਜਦ ਤਕੋ ਤਦ ਹੱਸਦੇ ॥ (ਚਕ੍ਰਵਰਤੀ ਜੀ)

ਦੌਰੇ, ਘਟੋ ਘੱਟ ਇਕ ਮਹੀਨੇ ਤੋਂ ਲੈ ਕੇ, ਦੋ-ਦੋ, ਤਿੰਨ-ਤਿੰਨ, ਚਾਰ-ਚਾਰ ਅਤੇ ਛੇ-ਛੇ ਮਹੀਨੇ ਤੱਕ ਚਲਦੇ ਰਹਿੰਦੇ ਸਨ । ਚੂਹਣੀਆਂ ਦਾ ਇਹ ਦੌਰਾ ਸਭ ਤੋਂ ਛੋਟਾ ਸੀ—ਸਿਰਫ਼ ਇਕ ਮਹੀਨੇ ਦਾ । ਸਤਿਗੁਰੂ ਜੀ ਦਾ ਦੌਰਾ ਅੱਜ 'ਘਣੀਏ ਕੇ' ਪਿੰਡ ਵਿਚ ਸੀ ।

ਇਕ ਮਾਤਾ ਜੋ ਵਿਧਵਾ ਸੀ; ਕਿਰਤੀ ਕਿਸਾਨ ਦੇ ਘਰੋਂ, ਜਿਸਦਾ ਪੁੱਤਰ ਪੋਤਰਾ ਕੋਈ ਨਹੀਂ ਸੀ, ਸਤਿਗੁਰੂ ਜੀ ਅੱਗੇ ਦੌਰੇ ਦੀ ਆਣ ਅਰਜ਼ ਕੀਤੀ । ਸੂਬਾ ਲਾਭ ਸਿੰਘ ਜੀ ਡਫਰਕਿਆਂ ਵਾਲੇ ਨੇ ਕਿਹਾ —

"ਬੀਬੀ ! ਤੂੰ ਚਰਨ ਪਵਾਲੈਂ । ਸਤਿਗੁਰੂ ਜੀ ਜਾਂਦੇ ਜਾਂਦੇ ਤੇਰੇ ਘਰ ਚਰਨ

ਪਾ ਜਾਣਗੇ । ਤੂੰ ਆਪਣਾ ਪਰਣ ਤਿਲ ਫੁਲ ਮੱਥਾ ਟੇਕ ਕੇ, ਪੂਰਾ ਕਰ ਲਵੀਂ ।'' ਸੂਬੇ ਫੂਲਾ ਸਿੰਘ ਜੀ—(ਕਵੀ ਪ੍ਰੀਤਮ ਸਿੰਘ ਜੀ ਦੇ ਪਿਤਾ ਜੀ) ਨੇ ਵੀ ਬੀਬੀ ਨੂੰ ਬੜਾ ਸਮਝਾਇਆ ਪਰ ਬੀਬੀ ਜੀ ਨੂੰ ਇਹਨਾਂ ਦੀ ਰਾਏ ਪਸੰਦ ਨਾ ਆਈ । ਕਈ ਹੋਰਨਾਂ ਨੇ ਵੀ ਸਮਝਾਇਆ ਪਰ ਬੀਬੀ ਟੱਸ ਤੋਂ ਮੱਸ ਨਾ ਹੋਈ । ਸ੍ਰੀ ਸਤਿਗੁਰੂ ਜੀ ਫੁਰਮਾਇਆ—

''ਜਾਹ ਬੀਬੀ ਜਾ ਕੇ ਮੇਲੇ ਦਾ ਪ੍ਰਬੰਧ ਕਰ । ਅਸੀਂ ਪਰਸੋਂ ਸਵੇਰੇ ਤੇਰੇ ਪਿੰਡ ਪਹੁੰਚਾਂਗੇ ।''

ਬੀਬੀ ਅਤਿਅੰਤ ਪ੍ਰਸੰਨ ਅਤੇ ਜਿੱਤ ਦੀ ਖੁਸ਼ੀ ਵਿਚ ਘਰ ਨੂੰ ਮੁੜੀ ।

ਅਸਲ ਵਿਚ, ਬੀਬੀ ਸਾਰਾ ਇੰਤਜ਼ਾਮ ਕਰਕੇ ਹੀ ਘਰੋਂ ਗਈ ਸੀ, ਦੌਰੇ ਦਾ । ਥਾਓਂ ਥਾਈਂ ਸਭ ਦੇ ਡੇਰੇ ਲਗ ਗਏ । ਘੋੜਿਆਂ ਦਾ ਰਾਸ਼ਨ, ਦਾਣਾਂ ਪੱਠਾ ਸਭ ਦਾ ਇੰਤਜ਼ਾਮ ਬੜੇ ਵਧੀਆ ਢੰਗ ਨਾਲ ਬੀਬੀ ਤੇ ਪਿੰਡ ਦੀ ਪੰਚਾਇਤ ਨੇ ਕਰ ਦਿੱਤਾ । ਦੀਵਾਨ ਸਜੇ, ਸ਼ਰਦਾਈ ਪਾਣੀ ਖੁਲ੍ਹਾ ਵਰਤਿਆ । ਕੜਾਹ ਪ੍ਰਸ਼ਾਦ ਦੀਆਂ ਦੇਗਾਂ ਰਜ ਕੇ ਸੰਗਤ ਨੇ ਛਕੀਆਂ ਅਤੇ ਵਰਤਾਈਆਂ ।

ਸਤਿਗੁਰੂ ਜੀ ਦਾ ਵਧੀਆ ਬਿਸਤਰਾ, ਚਿੱਟਾ ਦੁੱਧ ਪਲੰਘ ਉਤੇ ਵਿਛਾ ਦਿੱਤਾ । ਉਤਾਰਾ ਚੁਬਾਰੇ ਵਿਚ ਕਰਾ ਦਿੱਤਾ । ਸਾਰੀ ਸੰਗਤ ਹੈਰਾਨ ਕਿ ਬੀਬੀ ਦਾ ਪ੍ਰਬੰਧ ਤਾਂ ਸਾਰੇ ਪ੍ਰਬੰਧਾਂ ਵਿਚੋਂ ਅੱਵਲ ਸੀ । ਸਤਿਗੁਰੂ ਜੀ ਸਭ ਕੁਝ ਵੇਖ ਸੁਣ ਕੇ ਖੁਸ਼ ਵੀ ਸਨ ਅਤੇ ਘੋੜਿਆਂ ਵਾਲਿਆਂ ਨੂੰ ਤਾੜ ਵੀ ਦਿੱਤਾ ਸੀ, ਤੁਸੀਂ ਭਾਈ ! ਸੰਜਮ ਤੋਂ ਕੰਮ ਲੈਣਾ । ਬਹੁਤੀ ਖ਼ੁਸ਼ੀ ਵਿਚ ਫ਼ਾਲਤੂ ਇਕ ਦਾਣੇ ਦਾ ਵੀ ਖਰਚ ਨਹੀਂ ਕਰਨਾ ।

ਦੌਰਾ ਤਾਂ ਦੌਰਾ ਹੀ ਸੀ । ਬੀਬੀ ਜੀ ਦੀ ਤਿਆਰ ਕੀਤੀ ਰਸਦ ਸਮਾਪਤੀ ਤੇ ਸੀ । ਦਾਣਾ, ਆਟਾ, ਘਿਓ, ਖੰਡ, ਬਾਦਾਮ, ਸਾਬਣ ਆਦਿ ਸਭ ਵੱਧ ਚੁੱਕਾ ਸੀ । ਸੂਬਾ ਜੀ ਬੁਲ੍ਹਾਂ ਵਿਚ ਮੁਸਕਰਾ ਰਹੇ ਸਨ ਆਪਣੀ ਭਵਿਸ਼ ਬਾਣੀ ਪੂਰੀ ਹੋਈ ਜਾਣ ਕੇ । ਸਵੇਰੇ ਬੀਬੀ ਨੇ-ਇਕ ਸੌ ਇਕ ਰੁਪਿਆ ਮੱਥਾ ਟੇਕ ਕੇ ਆਖਿਆ—

ਗੁਰੂ ਤਾਂ ਗੁਰੂ ਹੀ ਹੈ ।
ਪਰ ਹੈ ਉਜਾੜੇ ਦਾ ਬੰਨਾਂ ॥

ਪਹਿਲੀ ਸਿਆਮ ਫੇਰੀ*

ਮੈਂ ਤੇ ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਛੋਟੇ-ਛੋਟੇ ਸਾਂ, ਬਹੁਤ ਛੋਟੇ । ਛੋਟੇ (ਮਹਾਰਾਜ) ਵੱਲਭ ਜੀ ਹੋਰ ਵੀ ਛੋਟੇ ਸਨ । ਸਤਿਗੁਰੂ ਪਰਤਾਪ ਸਿੰਘ ਜੀ ਨੇ ਸਮੇਤ ਜੱਥੇ ਦੇ, ਸਮੁੰਦਰੀ ਜਹਾਜ਼ ਰਾਹੀਂ ਸਿਆਮ ਪਹੁੰਚਣਾ ਸੀ । ਹਵਾਈ ਜਹਾਜ਼ ਦਾ ਅੱਜ ਤੋਂ 60–65 ਸਾਲ ਪਹਿਲਾਂ ਨਾਮ ਨਿਸ਼ਾਨ ਹੀ ਨਹੀਂ ਸੀ । ਕੇਵਲ

---

* ਥਾਈਲੈਂਡ । ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਿਆਮ ਦੀ ਪਹਿਲੀ ਯਾਤਰਾ 1933 ਈ. ਵਿਚ ਕੀਤੀ ਸੀ ।

ਫੱਟੇ ਜੋੜ ਕੇ ਹੇਠਾਂ ਨੂੰ ਕੁਦਿਆ ਜਾਂਦਾ ਸੀ। ਜੋ ਲੁੜਕ ਜਾਂਦਾ ਸੀ, ਖਤਮ ਤੇ ਜੋ ਕਾਮਯਾਬ ਹੋ ਜਾਂਦਾ ਸੀ, ਉਸਦੀ ਵਾਹ ਵਾਹ ਹੋ ਜਾਂਦੀ ਸੀ। ਹਜ਼ਾਰਾਂ ਲੱਖਾਂ ਵੇਹਲੜ, ਯੋਰਪੀਨਾਂ ਦਾ ਇਹ ਇਕ ਤਮਾਸ਼ਾ ਸੀ। ਬਸ! ਇਕ ਆਦਮੀ ਨਕਲੀ ਖੰਭ ਬਣਾ ਕੇ, ਉੱਚੀ ਪਹਾੜੀ ਤੋਂ, ਸਮੁੰਦਰ ਵਿਚ ਉਡਿਆ ਸੀ ਥੋੜ੍ਹੀ ਦੂਰ। ਪੰਛੀਆਂ ਵਾਂਗ, ਬਾਂਹਾਂ ਵਿਚ ਖੰਭਾਂ ਦੇ ਦਸਤੇ ਫੈਲਾ ਕੇ। ਮੋਮ ਨਾਲ ਜੁੜੇ ਖੰਭ, ਕਿੰਨਾ ਚਿਰ ਕੱਟ ਸਕਦੇ ਸਨ। ਵਿਚਾਰਾ ਖਾਰੇ ਸਮੁੰਦਰ ਵਿਚ ਡੁੱਬ ਕੇ ਜਾਨ ਗੁਆ ਬੈਠਾ।

ਹਾਂ, ਤੇ ਅੱਜ ਰਸਤੇ ਵਾਸਤੇ ਮਠਿਆਈਆਂ ਬਣ ਰਹੀਆਂ ਸਨ ਕਿਉਂਕਿ ਦਸ ਪੰਦਰਾਂ ਦਿਨ ਰਾਹ ਵਿਚ ਲਗਣੇ ਸਨ ਸਿਆਮ ਜਾਂਦਿਆਂ। ਗੱਡੀਆਂ ਦੀ ਰਫ਼ਤਾਰ ਵੀ ਬਹੁਤ ਮੱਠੀ ਸੀ। ਕਲਕੱਤਾ ਭੈਣੀ ਸਾਹਿਬ ਤੋਂ ਕਿਤਨੀ ਦੂਰ ਹੈ, ਏਸ ਦਾ ਤੁਹਾਨੂੰ ਪੜ੍ਹੇ ਲਿਖਿਆਂ ਨੂੰ ਮੇਰੇ ਨਾਲੋਂ ਬਹੁਤਾ ਪਤਾ ਹੈ। ਵੱਡੇ ਵੱਡੇ ਡਰੰਮ ਮਾਂਜੇ ਜਾ ਰਹੇ ਸਨ। ਸੰਧ ਦੀਆਂ ਬੋਰੀਆਂ ਵਿਚ ਲਪੇਟ ਕੇ ਲੈ ਜਾਣੇ ਸਨ ਨਾਲ ਮਿੱਠਾ ਜਲ ਛਕਣ ਵਾਸਤੇ ਅਤੇ ਲੰਗਰ ਤਿਆਰ ਕਰਨ ਵਾਸਤੇ। ਕਲਕੱਤੇ ਵੀ ਪਤਾ ਨਹੀਂ ਕਿਤਨੇ ਦਿਨ ਜਹਾਜ਼ ਨੂੰ ਉਡੀਕਣਾ ਪੈਣਾ ਸੀ। ਤਿੰਨ ਚਾਰ ਦਿਨਾਂ ਦੀ ਤਿਆਰੀ ਪਿਛੋਂ, ਜਦੋਂ ਸਤਿਗੁਰੂ ਜੀ ਨੇ ਚਾਲੇ ਪਾਏ ਤਾਂ ਉਸ ਵੇਲੇ ਦੀ ਉਦਾਸੀ ਦਾ ਵਰਨਣ ਉਹੀ ਕਰ ਸਕਦੇ ਹਨ ਜਿਨ੍ਹਾਂ ਨੇ ਉਹ ਰੌਣਕ ਤੇ ਉਦਾਸੀ ਵੇਖੀ ਹੋਵੇ।

ਇਹ ਦ੍ਰਿਸ਼ ਠੀਕ ਉਸੇ ਤਰ੍ਹਾਂ ਦਾ ਹੀ ਸੀ, ਜਦੋਂ ਭਗਵਾਨ ਕ੍ਰਿਸ਼ਨ ਪਿਆਰੀਆਂ ਸਖੀਆਂ ਨੂੰ ਛੱਡ ਕੇ ਅਤੇ ਗੋਕੁਲ ਨੂੰ ਤਿਆਗ ਕੇ, ਮਥੁਰਾ ਚਲੇ ਗਏ ਸਨ।

ਆਪ ਰਚੇ ਪੁਰ ਵਾਸਨ ਸੋਂ,
ਹਮਰੇ ਸਭ ਪ੍ਰੇਮ ਵਿਦਾ ਕਰ ਡਾਰੇ।

* * *

ਹਫਤਿਆਂ ਦੀ ਉਦਾਸੀ ਪਿਛੋਂ ਸਾਧ ਸੰਗਤ ਨੇ ਜੀ ਲਾ ਲਿਆ ਸੀ। ਹੁਣ ਸਾਰਿਆਂ ਨੂੰ ਕਈ ਮਹੀਨਿਆਂ ਪਿਛੋਂ ਸਤਿਗੁਰਾਂ ਦੇ ਦਰਸ਼ਨ ਦੀ-ਦੋਬਾਰਾ ਲਾਲਸਾ ਵੱਧ ਰਹੀ ਸੀ। ਇਹ 6-7 ਮਾਹ ਸਾਰੀ ਸੰਗਤ ਵਾਸਤੇ ਹੀ ਇਉਂ ਸੀ, ਜਿਵੇਂ—

ਇਕ ਘੜੀ ਨ ਮਿਲਤੇ ਤਾਂ ਕਲਿਜੁਗ ਹੋਤਾ।
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥

ਸ੍ਰੀ ਭੈਣੀ ਸਾਹਿਬ ਸਕੂਲ ਬਣ ਚੁੱਕਾ ਸੀ। ਬੱਚਿਆਂ ਦੀਅ ਹਾਜ਼ਰੀ ਬਹੁਤ ਵੱਧ ਗਈ ਸੀ। ਮਾਤਾ ਜੀ ਬੋਲੇ, ਮਾਤਾ ਫਤਹ ਕੌਰ ਜੀ ਨੇ ਬੱਚਿਆਂ ਵਾਸਤੇ ਲੱਡੂ ਬਣਵਾਏ। ਦੇਸੀ ਖੰਡ, ਦੇਸੀ ਘਿਓ, ਵਧੀਆ ਹਲਵਾਈ। ਅਸਲੋਂ ਪੋਲੇ ਪੋਲੇ—ਤੁਹਾਡੇ ਮੂੰਹ ਵਿਚ ਵੀ ਪਾਣੀ ਆ ਗਿਆ ਹੋਵੇਗਾ।

ਭੈਣੀ ਸਾਹਿਬ ਵਿਚ ਜਥੇਦਾਰ ਗੁਰਮੁਖ ਸਿੰਘ ਭੱਥਰ ਦੀ ਤੂਤੀ ਬੋਲਦੀ ਸੀ। ਸਾਰੇ ਭੈਣੀ ਸਾਹਿਬ ਦਾ ਕਾਰ ਮੁਖਤਾਰ ਜੁ ਸੀ।

"ਲੱਡੂ ਕੱਲੇ ਬੱਚੇ ਨਹੀਂ ਖਾਣਗੇ। ਜੇ ਖੁਵਾਉਣੇ ਹੈਨ, ਤਾਂ ਸਾਰੇ ਡੇਰੇ ਵਾਲਿਆਂ ਨੂੰ ਖੁਵਾਉਣ ਪੈਣਗੇ। ਵਰਨਾ...।"

ਮਾਤਾ ਜੀ ਕਿਹਾ—"ਭੱਬਰਾ ! ਇਹ ਲੱਡੂ ਮੈਂ ਸਕੂਲੀ ਬੱਚਿਆਂ ਵਾਸਤੇ ਬਣਵਾਏ ਹਨ, ਤੇ ਉਨ੍ਹਾਂ ਨੂੰ ਹੀ ਖੁਆਵਾਂਗੀ।"

ਗੱਲ ਸਿਰੇ ਨਾ ਚੜ੍ਹੀ। ਮਾਤਾ ਜੀ ਨੇ ਬੜੀ ਇਹਤਿਆਤ ਨਾਲ ਲੱਡੂ ਟੋਕਰਿਆਂ ਵਿਚ ਪਾ ਕੇ, ਕਪੜਿਆਂ ਵਿਚ ਵਲ੍ਹੇਟ ਕੇ, ਖੁਲ੍ਹੇ ਥਾਂ ਲੰਗਰ ਵਿਚ ਸਾਂਭ ਦਿੱਤੇ। ਸਿਆਲ ਦਾ ਮਹੀਨਾ ਸੀ। ਅਜੇ ਵੀ ਸ੍ਰੀ ਸਤਿਗੁਰੂ ਜੀ ਦੇ ਭੈਣੀ ਸਾਹਿਬ ਪਹੁੰਚਣ ਵਿਚ ਇਕ ਮਹੀਨਾ ਸੀ।

* * *

ਸਿਆਮ ਤੋਂ ਵਾਪਸ ਆਉਂਦੇ ਹੋਏ, ਸਤਿਗੁਰੂ ਜੀ ਰੰਗੂਨ ਉਤਰ ਪਏ। ਬਰਮਾ ਦੀ ਬੰਦਰਗਾਹ ਉਤੇ, ਉਸ ਸਤਿਗੁਰੂ ਦੀ ਯਾਦ ਤਾਜ਼ਾ ਕਰਨ ਹਿਤ ਜੋ ਕਈ ਸਾਲ ਰੰਗੂਨ ਦੇ ਉਸ ਬੰਗਲੇ ਵਿਚ ਨਜ਼ਰਬੰਦ ਰਹੇ, ਜਿਥੇ ਦਿੱਲੀ ਦਾ ਸਹਿਨਸ਼ਾਹ, ਬਹਾਦੁਰ ਸ਼ਾਹ ਜ਼ਫ਼ਰ ਕੈਦ ਰਿਹਾ, ਜਿਥੇ ਉਸ ਨੇ ਮਰਨ ਵੇਲੇ ਆਪਣੀ ਮਸ਼ਹੂਰ ਗ਼ਜ਼ਲ ਲਿਖੀ ਸੀ—

ਦੋ ਗਜ਼ ਜ਼ਿਮੀਂ ਭੀ ਨਾ ਮਿਲੀ,
ਕੂਏ ਯਾਰ ਮੇ।

ਸਤਿਗੁਰੂ ਜੀ ਮਰਗੋਈ ਵੀ ਗਏ ਸਨ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਬਦਲ ਕੇ ਭੇਜ ਦਿੱਤਾ ਗਿਆ ਸੀ।

ਰੰਗੂਨ ਸਥਿਤ ਬੰਗਲੇ ਦਾ ਸਾਰੇ ਨਾਮਧਾਰੀਆਂ ਅਤੇ ਪੰਜਾਬੀਆਂ ਨੂੰ ਪਤਾ ਲਗ ਗਿਆ ਸੀ ਜਿਸ ਵਾਸਤੇ ਅੰਗਰੇਜ਼ਾਂ ਨੇ 1880 ਈ. ਵਿਚ ਸਤਿਗੁਰੂ ਜੀ ਦੀ ਬਦਲੀ ਮਰਗੋਈ ਕਰਕੇ ਇਹ ਖਬਰ ਉਡਾ ਦਿੱਤੀ ਕਿ ਕੂਕਾ ਮੂਵਮੈਂਟ ਦੇ ਆਗੂ ਗੁਰੂ ਰਾਮ ਸਿੰਘ ਸਵਰਗ ਸਿਧਾਰ ਗਏ ਹਨ। ਇਹ ਖਬਰ ਬਿਲਕੁਲ ਝੂਠੀ ਨਿਕਲੀ। ਅੰਗਰੇਜ਼ ਦੇ ਆਪਣੇ ਲਿਖਤੀ ਬਿਆਨਾਂ ਵਿਚੋਂ ਹੀ ਪ੍ਰਮਾਣ ਮਿਲ ਗਏ ਕਿ ਲੋਕਾਂ ਦੀ ਬਹੁਤੀ ਆਵਾਜਾਈ ਪਿਛੋਂ, ਗੁਰੂ ਜੀ ਨੂੰ ਕਿਸੇ ਹੋਰ ਥਾਂ ਭੇਜ ਦਿੱਤਾ ਗਿਆ ਹੈ। ਇਥੋਂ ਹੀ ਗੁਰੂ ਜੀ ਅਲੋਪ ਹੋ ਗਏ ਸਨ। ਉਸ ਵੇਲੇ ਬ੍ਰਹਮਾ ਵਿਚ ਜੰਗਲ ਹੀ ਜੰਗਲ ਸਨ। ਜਿਥੇ ਦਿਨੇ ਸੂਰਜ ਅਤੇ ਰਾਤ ਨੂੰ ਚੰਦ ਨਹੀਂ ਸੀ ਦਿਸਦਾ।

ਆਲਮ ਜੀ ਨੇ ਆਪਣੇ ਇਸ ਦੌਰੇ ਬਾਬਤ ਲਿਖਿਆ ਸੀ, ਕਿ ਬਹੁਤ ਸਾਰੇ ਬ੍ਰਹਮੀ ਸਤਿਗੁਰੂ ਰਾਮ ਸਿੰਘ ਜੀ ਦੇ ਸੇਵਕ ਬਣ ਗਏ ਸਨ ਜੋ ਰਾਜਾ ਰਾਮ ਸਿੰਘ ਕਹਿ ਕੇ ਗੁਰੂ ਜੀ ਨੂੰ ਯਾਦ ਕਰਦੇ ਹਨ। ਥੋੜ੍ਹੀ ਬਹੁਤ ਸਿੱਖੀ ਅਜੇ ਵੀ ਯਾਦਗਾਰ ਦੇ ਤੌਰ ਤੇ ਬਰਮਾ ਵਿਚ ਪ੍ਰਚਲਤ ਹੈ।

ਹੁਣ ਸਤਿਗੁਰੂ ਪਰਤਾਪ ਸਿੰਘ ਜੀ ਦੀ ਰੋਜ਼ਾਨਾ ਦੀ ਖਬਰ ਕਿਸੇ ਨਾ ਕਿਸੇ ਜ਼ਰੀਏ ਸ੍ਰੀ ਭੈਣੀ ਸਾਹਿਬ ਪਹੁੰਚ ਰਹੀ ਸੀ। ਉਨ੍ਹਾਂ ਦੇ ਕਲਕੱਤੇ ਪਹੁੰਚਣ ਸਾਰ ਹੀ, ਭੈਣੀ ਸਾਹਿਬ ਪਹੁੰਚਣ ਦੀ ਤਾਰੀਖ ਨਿਸਚਿਤ ਹੋ ਚੁੱਕੀ ਸੀ। ਸਿੱਖਾਂ ਵਿਚ ਅਥਾਹ ਖੁਸ਼ੀਆਂ ਵਿਆਪ ਗਈਆਂ ਸਨ। ਭੈਣੀ ਸਾਹਿਬ ਦੂਰੋਂ-ਦੂਰੋਂ ਗੱਡੀਆਂ, ਊਠਾਂ, ਘੋੜਿਆਂ ਉਤੇ ਸੰਗਤਾਂ ਪਹੁੰਚ ਰਹੀਆਂ ਸਨ ਸਤਿਗੁਰੂ ਜੀ ਦੇ ਸਵਾਗਤ ਵਾਸਤੇ। ਸ੍ਰੀ ਭੈਣੀ

ਸਾਹਿਬ ਵਾਪਸ ਪਹੁੰਚਣ ਤੇ ਸਤਿਗੁਰੂ ਜੀ ਦਾ ਜਲੂਸ ਕੱਢਿਆ ਗਿਆ। ਸ਼ਬਦੀ ਜੱਥੇ ਪੈਦਲ ਅਤੇ ਰਾਗੀ ਜੱਥੇ ਗੱਡਿਆਂ ਉਤੇ ਬੈਠੇ ਹੋਏ ਸਨ। ਜਲੂਸ ਕਟਾਣੀ ਤੋਂ ਸ਼ੁਰੂ ਹੋ ਗਿਆ ਸੀ। ਸਾਡਾ ਛੋਟੇ ਬੱਚਿਆਂ ਦਾ ਜਥਾ ਵੀ ਇਕ ਗੱਡੇ ਉਤੇ ਸਵਾਰ ਸੀ। ਜਿਸ ਦੀ ਅਗਵਾਈ ਉਸਤਾਦ ਹਰਨਾਮ ਸਿੰਘ ਜੀ ਕਰ ਰਹੇ ਸਨ। ਬੇਅੰਤ ਜੀ ਤੇ ਵਲੱਭ ਜੀ ਵੀ ਸਾਡੇ ਨਾਲ ਸ਼ਾਮਲ ਸਨ। ਸ਼ਬਦ ਸੀ—

"ਵਾਰਨੇ ਵਾਰਨੇ ਜਾਨੀਆਂ ਗੁਰ ਗੋਪਾਲ ਕੋ।"

ਸਭ ਤੋਂ ਪ੍ਰਭਾਵਸ਼ਾਲੀ ਜੱਥਾ ਸੀ ਸੰਤ ਨਿਧਾਨ ਸਿੰਘ ਜੀ ਆਲਿਮ ਦਾ, ਜੋ ਸਿਆਮ ਫੇਰੀ ਸਮੇਂ ਸਤਿਗੁਰੂ ਜੀ ਦੇ ਨਾਲ ਹੀ ਗਏ ਸਨ ਅਤੇ ਉਹਨਾਂ ਦੇ ਚਿਹਰੇ ਤੋਂ ਜੋ ਚਮਕ ਲਿਸ਼ਕਦੀ ਸੀ ਉਸ ਤੋਂ ਆਮ ਆਦਮੀ ਨੂੰ ਵੀ ਇਹ ਪਤਾ ਲਗ ਰਿਹਾ ਸੀ ਕਿਵੇਂ ਦੁਬਾਰਾ ਪੰਜਾਬ ਵਿਚ ਆਉਣ ਦਾ ਹੱਦੋਂ ਵਧ ਚਾਅ ਸੀ ਜੱਥੇ ਵਿਚ। ਸ਼ਬਦ ਸੀ—

ਤੇਰੇ ਜੋਗ ਨੂੰ ਮੈਂ ਦੱਸ ਕਿਥੇ ਰੱਖਾਂ,
ਰੋਮ ਰੋਮ ਸ਼ਾਮ ਰਚਿਆ।

ਬੋਹੜਾਂ ਟੱਪ ਕੇ ਜਦੋਂ ਜੱਥਾ ਰਾਮਸਰ ਅੱਗੇ ਪਹੁੰਚਿਆ ਤਾਂ ਆਲਿਮ ਜੀ ਨੇ ਦੂਸਰਾ ਸ਼ਬਦ ਇਸ ਤਰ੍ਹਾਂ ਲਿਆ—

ਰਾਧੇ ਭੁੱਲ ਗਈ ਗਗਰੀਆ ਉਠਾਨੀ
ਕਾਹਨ ਤਾਈਂ ਗਊਆਂ ਭੁਲੀਆਂ।

ਇਸ ਸ਼ਬਦ ਨੇ ਸੱਚ ਮੁਚ ਹੀ ਦੁਆਪਰ ਯੁਗ ਦਾ ਸੀਨ ਉਪਸਥਿਤ ਕਰ ਦਿੱਤਾ ਸੀ। ਸਾਰੀ ਸੰਗਤ ਵੈਰਾਗੀ ਹੋ ਗਈ। ਸਤਿਗੁਰੂ ਜੀ ਪੰਦਰਾਂ ਮਿੰਟ ਤਕ ਮੰਤਰ ਮੁਗਧ ਖਲੋਤੇ ਰਹੇ। ਖਾਨ ਸਾਹਿਬ ਉਸਤਾਦ ਉਧੋ ਖਾਂ ਕਈ ਮਹੀਨੇ ਇਸ ਸ਼ਬਦ ਨੂੰ ਗੁਣਗੁਣਾਉਂਦੇ ਰਹੇ। ਉਸ ਵੇਲੇ ਦੇ ਪੰਜਾਬ ਵਿਚ ਖਾਨ ਸਾਹਿਬ ਉਧੋ ਖਾਂ ਚੋਟੀ ਦੇ ਗਵੱਈਆਂ ਵਿਚੋਂ ਇਕ ਸਨ। ਅੱਜ ਵੀ ਜਦੋਂ ਉਹ ਨਜ਼ਾਰਾ ਅੱਖਾਂ ਸਾਹਮਣੇ ਆਉਂਦਾ ਹੈ, ਅੱਖਾਂ ਨਮ ਹੋ ਜਾਂਦੀਆਂ ਹਨ—

ਰਾਧੇ ਭੁੱਲ ਗਈ ਗਗਰੀਆ ਉਠਾਨੀ
ਕਾਹਨ ਤਾਈਂ ਗਊਆਂ ਭੁਲੀਆਂ॥

ਬੋਲੇ ਮਾਤਾ ਫਤਹ ਕੌਰ ਜੀ, ਜਿਵੇਂ ਭਰੇ ਪੀਤੇ ਸਨ। ਉਨ੍ਹਾਂ ਨੂੰ ਜਥੇਦਾਰ ਗੁਰਮੁਖ ਸਿੰਘ ਝੱਬਰ ਉਤੇ ਢਿੰਨਾ ਗੁੱਸਾ ਸੀ—ਸਤਿਗੁਰੂ ਜੀ ਨੂੰ ਉਲਾਹਮੇ ਦੇ ਤੌਰ ਤੇ ਜਾ ਕਿਹਾ—

"ਤੇਰੇ ਝੱਬਰ ਨੇ ਮੇਰੇ ਬਣਵਾਏ ਲੱਡੂ ਸਕੂਲ ਦੇ ਬੱਚਿਆਂ ਨੂੰ ਖਾਣ ਨਹੀਂ ਦਿੱਤੇ। ਅਜੇ ਤਕ ਮੈਂ ਸਾਂਭ ਛੱਡੇ ਹਨ।"

ਸਤਿਗੁਰੂ ਜੀ ਨੇ ਉਸੇ ਵੇਲੇ ਲਾਂਗਰੀਆਂ ਨੂੰ ਹੁਕਮ ਕੀਤਾ—"ਜਾਓ! ਇਸੇ ਵੇਲੇ ਮਾਤਾ ਜੀ ਦੇ ਨਾਲ ਜਾ ਕੇ ਬੱਚਿਆਂ ਨੂੰ ਲੱਡੂ ਵਰਤਾ ਕੇ ਆਓ।"

ਮਾਤਾ ਜੀ ਬੋਲਿਆਂ ਨੂੰ, ਸਰੀਰ ਛੱਡਣ ਵੇਲੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਅਰਜ਼ ਕੀਤੀ—

''ਮਾਤਾ ਜੀ ! ਅੰਤ ਸਮੇਂ ਸਭ ਨੂੰ ਬਖਸ਼ਦੇ ਜਾਓ ।''

ਮਾਤਾ ਜੀ ਨੇ ਇਕ ਉਂਗਲੀ ਖੜੀ ਕਰ ਦਿੱਤੀ । ਇਸ ਦਾ ਅਰਥ ਸੀ ਗੁਰਮੁਖ ਸਿੰਘ ਝੱਬਰ ਨੂੰ ਨਹੀਂ ।

ਰਾਜੇ ਜੰਗਾਂ ਦੀ ਜੋੜੀ

ਹੁਣ ਤਾਂ ਪੱਕੀ ਸੜਕ ਬਣ ਗਈ ਹੈ ਅਤੇ ਯਾਤਰਾ ਸੌਖੀ ਹੋ ਗਈ ਹੈ, ਪਹਿਲਾਂ ਕਟਾਣੀ ਤੋਂ ਭੈਣੀ ਸਾਹਿਬ ਤਕ ਦਾ ਰਾਹ, ਰੇਤੀਲਾ ਹੋਣ ਕਰਕੇ, ਬੜਾ ਔਖਿਆਂ ਕਰਨ ਵਾਲਾ ਹੁੰਦਾ ਸੀ । ਮੇਲੇ ਤੋਂ ਪਹਿਲਾਂ ਹਰ ਸਾਲ ਇਸ ਦੀ ਮੁਰੰਮਤ ਦੀ ਲੋੜ ਪੈਂਦੀ । ਮੁਰੰਮਤ ਦਾ ਕੰਮ ਵੀ ਕੋਈ ਸੌਖਾ ਨਹੀਂ ਸੀ । ਚਾਰ ਚੁਫੇਰੇ ਟਿਬੇ, ਅਤੇ ਟਿਬਿਆਂ ਦੀ ਰੇਤ ਨਾਲ ਘਿਰਿਆ ਇਹ ਰਾਹ, ਇਕ ਮੁਸੀਬਤ ਬਣ ਜਾਂਦਾ ਸੀ ਭਾਰ ਵਾਲੇ ਗੱਡਿਆਂ ਵਾਸਤੇ । ਕਿਸੇ ਲਾਰੀ ਟਰੱਕ ਦਾ ਤਾਂ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ । ਕਾਰਾਂ, ਜੀਪਾਂ ਉਸ ਵੇਲੇ ਸੁਣਨ ਵਿਚ ਵੀ ਨਹੀਂ ਸੀ ਆਉਂਦੀਆਂ । ਹਾਂ ਤੇਜ਼ ਤੋਂ ਤੇਜ਼ ਅਤੇ ਸੌਖੀ ਸੁਆਰੀ ਕੇਵਲ ਸਾਈਕਲ ਹੀ ਸੀ । ਜੋ ਇਹਨਾਂ ਪਿੰਡਾਂ ਵਿਚ ਨਾਂ ਦੇ ਬਰਾਬਰ ਸੀ । ਹਾਂ ਕਾਫ਼ੀ ਦੇਰ ਪਿਛੋਂ ਇਕ ਵਲੈਤੀ ਸਾਈਕਲ 'ਫਿਲਿਪ' ਜ਼ਰੂਰ ਬੇਅੰਤ ਜੀ ਕੋਲ ਵੇਖਿਆ ਸੀ । ਜਿਸ ਵਿਚ ਤਿੰਨ ਗੇਅਰ ਲਗੇ ਹੋਏ ਸਨ । ਬੇਅੰਤ ਜੀ ਸਾਨੂੰ ਸਾਈਕਲ ਉਤੇ ਚੜ੍ਹ ਕੇ ਜ਼ਰੂਰ ਭਿਰਕਾਉਂਦੇ ਰਹਿੰਦੇ ਸਨ । ਸਾਨੂੰ ਸਾਈਕਲ ਵੇਖਣ ਦੀ ਇਜਾਜ਼ਤ ਤਾਂ ਸੀ, ਪਰ ਉਤੇ ਚੜ੍ਹਨ ਦੀ ਨਹੀਂ ।

ਰਸਤੇ ਨੂੰ ਠੀਕ ਕਰਨ ਵਾਸਤੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਖੁਦ ਦਿਲਚਸਪੀ ਲੈਣੀ ਪੈਂਦੀ ਸੀ । ਜਿੰਨੇ ਦਿਨ ਮੁਰੰਮਤ ਚਲਦੀ, ਸਤਿਗੁਰੂ ਜੀ ਆਪ ਨਿਗਰਾਨੀ ਕਰਦੇ । ਵਾਹਣਾਂ ਵਿਚੋਂ ਉਤੋਂ ਰੇਤਾ ਹਟਾ ਕੇ ਹੇਠੋਂ ਲਾਲ ਮਿੱਟੀ ਕੱਢ ਕੇ, ਰਸਤੇ ਉਤੇ ਪਾਉਣੀ ਪੈਂਦੀ । ਨਾਲ ਦੀ ਨਾਲ ਪਾਣੀ ਨਾਲ ਮਿੱਟੀ ਗਿਲੀ ਕਰਕੇ ਜਮਾਉਣੀ ਪੈਂਦੀ । ਇਸ ਵਾਸਤੇ ਭਾਰੀ ਪਾਣੀ ਦੀ ਜ਼ਰੂਰਤ ਸੀ । ਨੇੜੇ ਦੇ ਖੂਹਾਂ ਤੇ ਬੈਲ ਜੋੜ ਕੇ ਸੜਕ ਨਾਲ ਖਾਲ੍ਹੀ ਪੁਟ ਕੇ ਪਾਣੀ ਪਹੁੰਚਾਇਆ ਜਾਂਦਾ ਅਤੇ ਅੱਗੇ ਬਾਲਟੀਆਂ ਨਾਲ ਰਸਤਾ ਤਰ ਕੀਤਾ ਜਾਂਦਾ ।

ਸਤਿਗੁਰੂ ਜੀ ਬਹਾਦਰ ਅਤੇ ਜੁਆਨ ਆਦਮੀਆਂ ਨੂੰ ਵੇਖ ਕੇ ਅਤਿਅੰਤ ਖੁਸ਼ ਹੁੰਦੇ । ਬੈਲ ਵੀ ਦੂਰੋਂ-ਦੂਰੋਂ ਮੰਡੀਆਂ ਵਿਚੋਂ ਖਰੀਦ ਕੇ ਲਿਆਂਦੇ ਜਾਂਦੇ । ਪੋਠੋਹਾਰੀ ਬਲਦਾਂ ਦੀ ਬੜੀ ਮਸ਼ਹੂਰੀ ਸੀ ਉਸ ਵੇਲੇ । ਪੋਠੋਹਾਰ (ਰਾਵਲਪਿੰਡੀ ਦੇ ਉਤਲੇ ਇਲਾਕੇ ਵਿਚੋਂ) ਇਕ ਭਾਰੀ ਭਰਕਮ ਬੈਲਾਂ ਦੀ ਜੋੜੀ ਖਰੀਦ ਕੇ ਲਿਆਂਦੀ ਗਈ । ਪੋਠੋਹਾਰ ਵਿਚ ਚਸ਼ਮਿਆਂ ਦਾ ਪਾਣੀ ਗੰਧਲਾ ਹੁੰਦਾ ਸੀ ਅਤੇ ਬਲਦਾਂ ਨੂੰ ਗੰਧਲਾ ਪਾਣੀ ਪੀਣ ਦੀ ਆਦਤ ਸੀ । ਭੈਣੀ ਸਾਹਿਬ ਜਦੋਂ ਹਲਟ ਦਾ ਸ੍ਵਛ ਪਾਣੀ ਬਲਦਾਂ ਨੂੰ ਪੀਣ ਵਾਸਤੇ ਦਿੱਤਾ ਗਿਆ ਤਾਂ ਉਹਨਾਂ ਦੀ ਸ਼ਕਲ ਇਸ ਤਰ੍ਹਾਂ ਬਣ ਗਈ ਜਿਵੇਂ

ਮਦਾਰੀਆਂ ਦੀ ਬਾਂਦਰੀ-ਬਾਂਦਰ ਨਾਲ ਰੁਸ ਕੇ ਪਿੱਠ ਭੁਆ ਲੈਂਦੀ ਹੈ।

ਪਾਣੀ ਵਿਚ ਮਿੱਟੀ ਖੌਰ ਕੇ ਉਹਨਾਂ ਨੂੰ ਪਾਣੀ ਪਿਆਉਣਾ ਪੈਂਦਾ ਸੀ। ਰਸਤੇ ਠੀਕ ਠਾਕ ਕਰਨ ਦੌਰਾਨ ਉਹੋ ਜੇਹੀਆਂ ਜੋੜੀਆਂ ਖੂਹਾਂ ਤੇ ਜੋੜ ਕੇ ਪਾਣੀ ਦੀ ਸਪਲਾਈ ਹੋ ਰਹੀ ਸੀ। ਸੈਂਕੜੇ ਆਦਮੀ ਸੇਵਾ ਵਿਚ ਲਗੇ ਹੋਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਪਿਛਲੇ ਪਹਿਰ, ਦੁਬਾਰਾ ਸੜਕ ਦਾ ਮੁਆਇਨਾ ਕਰਨ ਵਾਸਤੇ ਆਏ। ਕਰਮ ਸਿੰਘ ਦਾ ਖੂਹ, ਉਸ ਵੇਲੇ ਚਾਲੂ ਸੀ। ਸਤਿਗੁਰੂ ਜੀ ਨੇ ਗੁਰਮੁਖ ਸਿੰਘ ਤੋਂ ਪੁਛਿਆ—

"ਖੂਹ ਉਤੇ ਕੇਹੜੀ ਜੋਗ ਜੁੱਪੀ ਹੋਈ ਹੈ।"

ਗੁਰਮੁਖ ਸਿੰਘ ਨੇ ਜੁਆਬ ਦਿੱਤਾ "ਜੀ। ਰਾਜੇ ਜੰਗਾਂ ਦੀ ਜੋੜੀ।"

ਸੱਚੇ ਪਾਤਿਸ਼ਾਹ ਹੈਰਾਨ ਸਨ ਕਿ ਇਹ ਜੋੜੀ ਕਿਥੋਂ ਆ ਗਈ! ਸਤਿਗੁਰੂ ਜੀ ਸਿੱਧੇ ਖੂਹ ਉਤੇ ਚਲੇ ਗਏ। ਜਾ ਕੇ ਵੇਖਿਆ—ਸ੍ਰ. ਜੰਗ ਸਿੰਘ ਅਤੇ ਸ੍ਰ. ਜਰਨੈਲ ਸਿੰਘ ਰਾਜੇ ਜੰਗਾਂ ਵਾਲੇ, ਪੰਜਾਲੀ ਗਲ ਵਿਚ ਪਾ ਕੇ ਹਲਟ ਗੇੜ ਰਹੇ ਹਨ।

ਸਤਿਗੁਰੂ ਜੀ ਜੋੜੀ ਨੂੰ ਵੇਖ ਕੇ ਏਨੇ ਪ੍ਰਸੰਨ ਹੋਏ ਕਿ ਇਕ ਸਿੱਖ ਨੂੰ ਹੁਕਮ ਕੀਤਾ, ਜਾ ਹੁਣੇ ਕੜਾਹ ਪ੍ਰਸ਼ਾਦ ਬਣਵਾ ਕੇ ਲਿਆ ਇਨ੍ਹਾਂ ਨੂੰ ਛਕਾਈਏ। ਇਹ ਦੋਵੇਂ ਹੀ ਬੜੇ ਜਰਵਾਣੇ-ਕਦਾਵਰ ਅਤੇ ਹੌਂਸਲੇ ਵਾਲੇ ਸਿੱਖ ਸਨ ਜਿਹੜੇ ਲਗਾਤਾਰ ਤਿੰਨ ਘੰਟੇ ਹਲਟ ਗੇੜ੍ਹਦੇ ਰਹੇ। ਸਤਿਗੁਰੂ ਜੀ ਨੇ ਆਪਣੇ ਹੱਥੀਂ ਦੋਹਾਂ ਨੂੰ ਪ੍ਰਸ਼ਾਦ ਛਕਾਇਆ ਅਤੇ ਖੁਸ਼ੀਆਂ ਬਖਸ਼ੀਆਂ।

ਪਰੇਰੂ

ਲਾਇਲਪੁਰ ਦਾ ਦੌਰਾ ਸੀ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਮੈਨੂੰ ਅਤੇ ਬੇਅੰਤ ਜੀ ਨੂੰ ਵੀ ਨਾਲ ਲੈ ਗਏ। ਦੌਰੇ ਲਗਾਤਾਰ ਕਈ-ਕਈ ਮਹੀਨੇ ਚਲਦੇ ਰਹਿੰਦੇ ਸਨ। ਬਹੁਤ ਰਮਣੀਕ ਥਾਵਾਂ ਉਤੇ ਸਾਨੂੰ ਨਾਲ ਰਖਦੇ, ਅਤੇ ਖੁਸ਼ਕ ਜਾਂ ਬਹੁਤ ਦੂਰ ਦੀਆਂ ਥਾਵਾਂ ਤੇ, ਸਾਨੂੰ ਕਿਸੇ ਪਿੰਡ ਠਹਿਰਨ ਵਾਸਤੇ ਛੱਡ ਜਾਂਦੇ ਅਤੇ ਫੇਰ ਨਾਲ ਰਲਾ ਲੈਂਦੇ। ਗੱਡੀ ਉਤੇ ਜਾਂਦਿਆਂ ਜਾਂਦਿਆਂ, ਜਦੋਂ ਅਚਾਨਕ, ਪੱਧਰ ਜ਼ਮੀਨ ਉਤੇ, ਬਹੁਤ ਲੰਮੀ ਚੌੜੀ ਪਹਾੜੀ, ਜੋ ਬਿਲਕੁਲ ਖੁਸ਼ਕ ਸੀ, ਜਿਸ ਦੇ ਲਾਲ ਲਾਲ ਪੱਥਰ ਅਤੇ ਗੀਟੇ, ਸਾਫ਼ ਦਿਸ ਰਹੇ ਸਨ ਬੜੀ ਹੈਰਾਨ ਕੁੰਨ ਸੀ। ਜਦੋਂ ਮੈਂ ਸੰਤ ਪ੍ਰੀਤਮ ਸਿੰਘ ਜੀ ਚੇਲੇਕਿਆਂ ਵਾਲਿਆਂ ਤੋਂ ਇਸ ਬਾਬਤ ਪੁਛਿਆ ਤਾਂ ਕਹਿਣ ਲਗੇ—

"ਇਹ ਸਾਂਗਲਾ ਹਿਲ ਹੈ। ਸਟੇਸ਼ਨ ਦਾ ਨਾਮ ਵੀ ਸਾਂਗਲਾ ਹੈ ਅਤੇ ਅਗਲਾ ਸਟੇਸ਼ਨ ਗਿੱਲ ਹੈ, ਜਿਥੇ ਆਪਾਂ ਜਾ ਕੇ ਉਤਰਨਾ ਹੈ।"

ਮੈਂ ਪੁਛਿਆ, "ਜੀ! ਅਚਾਨਕ ਪੱਧਰ ਥਾਂ ਉਤੇ ਇਹ ਪਹਾੜੀ ਕਿਸ ਤਰ੍ਹਾਂ

ਨਮੂਦਾਰ ਹੋ ਗਈ ?" ਸੰਤ ਜੀ ਬੜੇ ਹੱਸਮੁਖ ਤੇ ਵਿਨੋਦੀ ਸੁਭਾਅ ਦੇ ਮਾਲਕ ਸਨ। ਕਹਿਣ ਲਗੇ—

"ਹਨੂੰਮਾਨ ਜੀ ! ਜਦੋਂ ਸੰਜੀਵਨੀ ਬੂਟੀ ਦਾ ਪਹਾੜ ਚੁੱਕ ਕੇ ਲੰਘ ਰਹੇ ਸਨ, ਤਾਂ ਉਸ ਪਹਾੜ ਦੀ ਵਧਵੀਂ ਨੁਕਰ ਵੱਖ ਹੋ ਕੇ ਇਥੇ ਡਿੱਗ ਪਈ ਸੀ।"

ਮੈਂ ਤਾਂ ਸਾਰਾ ਰਸਤਾ ਇਹੋ ਸੋਚਾਂ ਸੋਚ ਕੇ ਹੈਰਾਨ ਪ੍ਰੇਸ਼ਾਨ ਹੋ ਰਿਹਾ ਸੀ; ਏਡੀ ਵੱਡੀ ਪਹਾੜੀ ਤਾਂ ਇਥੇ ਹੀ ਡਿੱਗ ਪਈ ਹੈ ਜੋ ਮੀਲਾਂ ਤਕ ਫੈਲੀ ਹੋਈ ਹੈ। ਉਹ ਪਹਾੜ ਕਿਡਾ ਵੱਡਾ ਹੋਵੇਗਾ ਜਿਸ ਨੂੰ ਲੈ ਕੇ ਹਨੂੰਮਾਨ ਜੀ ਲੰਕਾ ਪੁਜੇ ਸਨ !

ਗੱਲਾਂ ਦੇ ਮੇਲੇ ਪਿਛੋਂ, ਅਸੀਂ ਨੌਂ ਚੱਕ ਗਏ। ਇਥੇ ਹੀ ਸਭ ਤੋਂ ਪਹਿਲਾਂ ਅਸੀਂ ਸ੍ਰ. ਰਵੇਲ ਸਿੰਘ ਜੀ ਦੇ ਬਾਗ਼ ਵਿਚ ਪੱਕੇ ਹੋਏ ਸੰਤਰੇ ਵੇਖੇ। ਉਹ ਬਾਗ਼ ਅੱਜ ਵੀ ਮੇਰੀਆਂ ਅੱਖਾਂ ਅੱਗੇ ਘੁਮ ਰਿਹਾ ਹੈ। ਇਥੋਂ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਪਿੰਡ ਢੋਟੀਆਂ ਭੇਜ ਦਿੱਤਾ। ਅਸੀਂ ਇਥੇ ਦਸ ਦਿਨ ਰਹਿਣਾ ਸੀ।

ਸ੍ਰ. ਅਮਰ ਸਿੰਘ ਜੀ ਨੇ ਸੁਬਾਹ ਸਵਖਤੇ ਇਕ ਮੱਝ ਸਾਡੇ ਸਾਹਮਣੇ ਲਿਆ ਖੜ੍ਹੀ ਕੀਤੀ। ਬੇਅੰਤ ਜੀ ਨੇ ਤਾਂ ਵਾਹਵਾ ਧਾਰਾਂ ਲੈ ਲਈਆਂ। ਮੱਝ ਇੰਨੀ ਖਿੱਲ ਸੀ ਕਿ ਜਦੋਂ ਮੈਂ ਥਣ ਮੂੰਹ ਕੋਲ ਲਿਆਵਾਂ, ਸਾਰਾ ਦੁੱਧ ਮੇਰੇ ਮੂੰਹ ਮੱਥੇ ਉਤੇ ਡੁਲ ਜਾਵੇ। ਮੇਰੇ ਸਾਰੇ ਕਪੜੇ ਖਰਾਬ ਹੋ ਗਏ। ਸੰਤ ਭਗਤ ਸਿੰਘ, ਸ੍ਰ. ਅਮਰ ਸਿੰਘ, ਚਰਨਜੀਤ ਸਿੰਘ ਅਤੇ ਬੇਅੰਤ ਜੀ ਮੇਰੀ ਖਿੱਲੀ ਉਡਾਉਣ ਤੇ ਲਗੇ ਹੋਏ ਸਨ। ਇਹਨਾਂ ਦੇ ਕਈ ਮਿੱਠੇ ਮਿੱਠੇ ਤਾਹਨੇ ਮੇਹਣੇ ਵੀ ਸੁਣਨੇ ਪਏ।

ਪਰ ਫੇਰ ਸਾਨੂੰ ਸ੍ਰ. ਅਮਰ ਸਿੰਘ ਜੀ ਮੱਝ ਚੋ ਕੇ ਹੀ ਗਲਾਸਾਂ ਵਿਚ ਕੱਚਾ ਦੁੱਧ ਪਿਆਉਂਦੇ ਰਹੇ। ਇਥੋਂ ਹੀ ਸਾਨੂੰ ਆਰਡਰ ਚੂਹੇਭਾੜ ਦੇ ਹੋ ਗਏ।

ਘੋੜੇ, ਊਠ ਅਤੇ ਸੰਗਤ ਤਾਂ ਪਤਾ ਨਹੀਂ ਕਦੋਂ ਤੇ ਕਿਵੇਂ, ਸ਼ੇਖੂ ਪੁਰੇ ਪਹੁੰਚੇ। ਪਰ ਸਤਿਗੁਰੂ ਜੀ, ਬੇਅੰਤ ਜੀ, ਮੈਂ ਤੇ ਕੁਝ ਹੋਰ ਸਿੰਘ 'ਦਾਬਾ' ਸਟੇਸ਼ਨ ਉਤੇ ਜਾ ਉਤਰੇ। ਇਸ ਤੋਂ ਅੱਗੇ, ਕਈ ਮੀਲ ਤਾਂਗਿਆਂ ਉਤੇ ਜਾਣਾ ਸੀ, ਤੇ ਫੇਰ ਆਉਣਾ ਸੀ ਚੂਹੇਭਾੜ ਪਿੰਡ। ਅੱਠ-ਅੱਠ ਆਨੇ ਵਿਚ ਦੋ ਤਾਂਗੇ ਕਿਰਾਏ ਉਤੇ ਕਰ ਲਏ। ਅਗਲੀ ਸੀਟ ਉਤੇ ਸ੍ਰੀ ਸਤਿਗੁਰੂ ਜੀ ਅਤੇ ਬੇਅੰਤ ਜੀ ਬੈਠ ਗਏ ਤੇ ਸਤਿਗੁਰੂ ਜੀ ਦੇ ਠੀਕ ਪਿਛੇ ਮੈਂ ਅਤੇ ਭਾਈ ਵਜ਼ੀਰ ਸਿੰਘ ਜੀ।

ਚੂਹੇਭਾੜ ਨੂੰ ਅੱਜ ਵੀ ਰਸਤਾ ਕੱਚਾ ਹੀ ਜਾਂਦਾ ਹੈ ਅਤੇ ਉਦੋਂ ਵੀ ਕੱਚਾ ਹੀ ਸੀ। ਟੋਏ ਅਤੇ ਉਖਲੀਆਂ, ਕੱਚੇ ਰਾਹਾਂ ਦੀ ਖਾਸੀਅਤ ਹੁੰਦੀਆਂ ਹਨ। ਤਾਂਗੇ, ਡਿਕੋ ਡੋਲੇ ਖਾਂਦੇ ਅੱਗੇ ਵੱਧ ਰਹੇ ਸਨ। ਕਹਿੰਦੇ ਨੇ ਪੂਰਬੀਏ ਦੀ ਜ਼ੁਬਾਨ ਤੇ ਪੰਜਾਬੀ ਦੇ ਹੱਥ ਨਿੱਚਲੇ ਨਹੀਂ ਰਹਿੰਦੇ। ਪਰ ਇਥੇ ਗੱਲ, ਇਸਦੇ ਉਲਟ ਸੀ। ਮੈਂ ਸਤਿਗੁਰੂ ਜੀ ਨੂੰ ਪੁੱਛ ਬੈਠਾ—

"ਸੱਚੇ ਪਾਤਸ਼ਾਹ ਜੀ ! ਪਰੇਰੂ ਜਾਨਵਰ ਕੀ ਹੁੰਦਾ ਹੈ ?"

ਗੁਰੂ ਜੀ ਕਹਿਣ ਲਗੇ : "ਕਿਥੋਂ ਸੁਣਿਆ ਹੈ ?"

ਮੈਂ ਕਿਹਾ, "ਜੀ ! ਮੈਂ ਇਕ ਕਿਤਾਬ ਵਿਚੋਂ ਪੜ੍ਹਿਆ ਹੈ।"

ਬੇਅੰਤ ਜੀ ਨੂੰ ਮੇਰੇ ਉਤੇ ਵਾਰ ਕਰਨ ਦਾ ਹੁਣ ਵਧੀਆ ਮੌਕਾ ਮਿਲ ਗਿਆ ਸੀ।

ਕਹਿਣ ਲਗੇ, ''ਜੀ ਇਸ ਨੇ 'ਅਲਫ ਲੈਲਾ' ਵਿਚੋਂ ਪੜ੍ਹਿਆ ਹੈ।''

ਸਤਿਗੁਰੂ ਜੀ ਕਹਿਣ ਲਗੇ, ''ਤੈਨੂੰ ਕੋਈ ਚੱਜ ਦੀ ਪੁਸਤਕ ਨਹੀਂ ਪੜ੍ਹਨ ਨੂੰ ਮਿਲੀ।''

ਮੈਂ ਸ਼ਰਮਿੰਦਾ ਜਿਹਾ ਹੋ ਕੇ ਕਿਹਾ, ''ਜੀ! ਕਦੇ ਕਦੇ ਕੁਚੱਜੀ ਵੀ ਪੜ੍ਹਨੀ ਪੈ ਜਾਂਦੀ ਹੈ।''

ਸਤਿਗੁਰੂ ਜੀ ਨੇ ਫੁਰਮਾਇਆ, ''ਇਹ ਐਵੇਂ ਕਲਪਿਤ ਕਹਾਣੀਆਂ ਅਤੇ ਕਲਪਿਤ ਨਾਮ ਹੁੰਦੇ ਹਨ। ਤੁਸੀਂ ਕੋਈ ਇਤਿਹਾਸਕ ਪੁਸਤਕਾਂ ਪੜ੍ਹਿਆ ਕਰੋ।''

ਮੈਨੂੰ ਤਾਂ ਆਪਣੀ ਬਣੀ ਹੋਈ ਸੀ। ਸਤਿਗੁਰੂ ਜੀ ਦੇ ਸਾਹਮਣੇ ਗੱਲ ਕਰਨੀ ਕੋਈ ਸੌਖਾ ਕੰਮ ਨਹੀਂ ਸੀ। ਜੀ ਤਾਂ ਮੇਰਾ ਕਰਦਾ ਸੀ, ਅਰਜ਼ ਕਰ ਦਿਆਂ, ''ਬੇਅੰਤ ਜੀ ਨੂੰ ''ਅਲਫ ਲੈਲਾ'' ਦਾ ਪਤਾ ਕਿਵੇਂ ਲਗਿਆ ?''

ਫੇਰ ਕਦੋਂ ਦਰਸ਼ਨ ਦਿਓਗੇ

ਐਤਕਾਂ ਦਾ ਦੋਰਾ ਸਤਿਗੁਰੂ ਜੀ ਨੇ ਸਿਆਲ ਕੋਟ ਦੀ ਸੰਗਤ ਨੂੰ ਬਖਸ਼ਿਆ ਸੀ। ਦੋਰੇ ਹਮੇਸ਼ਾ ਸੁਹਾਣੀ ਰੁੱਤ ਵਿਚ ਹੀ ਸ਼ੁਰੂ ਹੁੰਦੇ। ਗਰਮੀਆਂ ਵਿਚ ਤਾਂ ਕੇਵਲ ਮੇਲੇ ਹੀ ਹੁੰਦੇ। ਦੌਰਾ ਹਮੇਸ਼ਾ ਸਿਆਲ ਵਿਚ ਹੁੰਦਾ। ਇਹ ਦੌਰਾ ਮੇਰੀ ਸੁਰਤ ਤੋਂ ਪਹਿਲਾਂ ਦਾ ਹੈ।

ਸੂਬਾ ਗੁਰਬਖਸ਼ ਸਿੰਘ ਜੀ ਚੱਕ ਵਾਲਿਆਂ ਦੱਸਿਆ—

ਐਤਕਾਂ ਮਾਤਾ ਭੂਪਿੰਦਰ ਕੋਰ ਜੀ ਦੋਰੇ ਦੇ ਨਾਲ ਸਨ। ਜਿਸ ਕਰਕੇ ਦੋਰੇ ਵਿਚ ਖ਼ੂਬ ਚਹਿਲ ਪਹਿਲ ਸੀ। ਜਥੇਦਾਰਾਂ ਵਿਚੋਂ ਸੰਤ ਸੋਹਣ ਸਿੰਘ ਜੀ ਸਨ ਜਿਨ੍ਹਾਂ ਦੀ ਆਵਾਜ਼ ਬਹੁਤ ਸੁਰੀਲੀ ਸੀ। ਕਹਿਣ ਵਾਲੇ ਤਾਂ ਕਹਿੰਦੇ ਹਨ ਜਦੋਂ ਰਾਤ ਦਾ ਦੀਵਾਨ ਲਗਦਾ ਅਤੇ ਮਸਤੀ ਵਿਚ ਆ ਕੇ ਸੰਤ ਸ਼ਬਦ ਪੜ੍ਹਦੇ, ਦਰਿਆਵਾਂ ਦੇ ਪਾਣੀ ਰੁਕ ਜਾਂਦੇ ਸਨ। ਮਨਚਲੇ ਕਿਸਾਨਾਂ ਦੀਆਂ ਹੇਕਾਂ ਮੱਧਮ ਪੈ ਜਾਂਦੀਆਂ ਸਨ। ਚਿੜੀਆਂ ਵੀ ਕਲਕਲਾਹਟ ਬੰਦ ਕਰਕੇ ਸ਼ਬਦਾਂ ਅਤੇ ਢੋਲਕੀ ਦੀਆਂ ਸੁਰਾਂ ਵਿਚ ਮਸਤ ਹੋ ਜਾਂਦੀਆਂ ਸਨ।

ਲਾਂਗਰੀਆਂ ਦਾ ਮੋਢੀ ਬਾਬਾ ਜੈਤਾ ਸਿੰਘ ਸੀ ਜੋ ਆਪਣੀ ਮਿਸਾਲ ਆਪ ਸੀ। ਘੋੜਿਆਂ ਨਾਲ ਤੁਰਨ ਵਾਲੇ-6–6 ਫੁਟੇ ਜੁਆਨ ਸਨ। ਸੰਤ ਲਾਭ ਸਿੰਘ, ਦਰੋਗਾ ਦੇਮਣ ਸਿੰਘ ਬਿਸ਼ਨ ਸਿੰਘ (ਬੰਦਾ ਬਹਾਦਰ), ਚਤਰ ਸਿੰਘ ਅਸ਼ਟਾ ਵੱਕਰ, ਸ਼ਿੰਗਾਰਾ ਸਿੰਘ ਆਦਿ।

ਮਾਤਾ ਭੂਪਿੰਦਰ ਕੋਰ ਜੀ ਨੇ ਆਪਣੀ ਡਿਊਟੀ ਘਿਓ ਵਰਤਾਉਣ ਉਤੇ ਰੱਖ ਲਈ। ਇਹ ਕੰਮ ਸਭ ਤੋਂ ਔਖਾ ਸੀ। ਕਿਉਂਕਿ ਦਸ ਪੰਦਰਾਂ ਸੇਰ ਘਿਉ ਨਾਲ-ਸਭ ਨੂੰ ਸੰਤੁਸ਼ਟ ਕਰਨਾ ਬੜਾ ਔਖਾ ਕੰਮ ਸੀ। ਘਿਓ, ਅੱਜ ਕਲ੍ਹ ਵਾਂਗ ਚਮਚਿਆਂ ਅਤੇ ਪਲ੍ਹੀਆਂ ਨਾਲ ਨਹੀਂ ਸੀ ਚੱਖਿਆ ਜਾਂਦਾ, ਉਸ ਵੇਲੇ ਅੱਧ ਸੇਰ ਦਾ ਪਲ੍ਹਾ ਚਾਲੂ ਸੀ ਅਤੇ ਛਕਣ ਵਾਲੇ ਪਾਈਆਂ ਨਾਲ ਵੀ ਸੰਤੁਸ਼ਟ ਨਹੀਂ ਸੀ ਹੁੰਦੇ।

ਸੂਬਾ ਗੁਰਬਖਸ਼ ਸਿੰਘ ਜੀ ਦੀ ਡਿਊਟੀ ਹੱਟੀ ਉਤੇ ਸੀ। ਮਾਤਾ ਜੀ ਪਲ੍ਹਿਆ ਨਾਲ ਵਰਤਾ ਰਹੇ ਸਨ ਅਤੇ ਜੱਥਿਆਂ ਵਾਲੇ ਥਾਲੀਆਂ ਭਰਵਾ ਰਹੇ ਸਨ। ਮਾਤਾ ਜੀ ਨੇ ਸਹਿਜੇ ਹੀ ਡੇਢ ਪੀਪਾ ਘਿਓ ਦਾ ਸੰਤੋਖ ਦਿੱਤਾ।

ਇੰਤਜ਼ਾਮੀਆਂ ਥਾਡੀ ਵਿਚ ਹਲ ਚਲ ਮਚ ਗਈ। ਸੰਤ ਮਸਤਾਨ ਸਿੰਘ ਜੀ ਕਿਆਮਪੁਰ ਵਾਲਿਆਂ ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅੱਗੇ ਜਾ ਅਰਜ਼ ਕੀਤੀ, "ਗਰੀਬ ਨਿਵਾਜ ਮਾਤਾ ਜੀ ਨੇ ਤਾਂ ਤਿੰਨਾਂ ਦਿਨਾਂ ਦਾ ਘਿਓ ਅੱਜ ਇਕੋ ਦਿਨ ਵਿਚ ਹੀ ਬਿਲੇ ਲਾ ਦਿੱਤਾ।"

ਸਤਿਗੁਰੂ ਜੀ ਹੱਸ ਕੇ ਕਹਿਣ ਲਗੇ—"ਤੁਸੀਂ ਚਿੰਤਾ ਨਾ ਕਰੋ। ਇਸ ਡਿਊਟੀ ਉਤੇ ਉਹਨਾਂ ਨੂੰ ਹੀ ਰਹਿਣ ਦਿਉ। ਆਪੇ ਸਭ ਕੁਝ ਠੀਕ ਹੋ ਜਾਵੇਗਾ।"

ਘਿਓ ਤਾਂ ਘਿਓ ਹੀ ਸੀ। ਸਾਧ ਸੰਗਤ ਨਾਲ ਜੋ ਬੀਤੀ ਉਸਦਾ ਅਨੁਮਾਨ ਤੁਸੀਂ ਵੀ ਲਗਾਓ। ਕੋਈ ਚੂਰਨ ਭਾਲਦਾ ਫਿਰੇ, ਕੋਈ ਗੜਵਾ ਚੁੱਕੀ ਫਿਰੇ। ਕੋਈ ਮੂੰਹ ਸਿਰ ਵਲ੍ਹੇਟ ਕੇ ਸੌਣ ਦੀ ਕੋਸ਼ਿਸ਼ ਕਰੇ ਅਤੇ ਬਹੁਤ ਸਾਰੇ ਬਾਹਰ ਦੂਰ ਮੈਦਾਨਾਂ ਵਲ ਨਿਕਲ ਗਏ। ਕਈ ਮਾੜਿਆਂ ਨੇ ਕੈਆਂ ਵੀ ਕੀਤੀਆਂ।

ਦੂਸਰੇ ਦਿਨ ਜਦੋਂ ਮਾਤਾ ਜੀ ਪੀਪਾ ਖੋਲ੍ਹ ਕੇ ਅਤੇ ਪਲਾ ਲੈ ਕੇ ਬੈਠੇ ਤਾਂ ਕੋਈ ਮੂੰਹ ਨਾ ਕਰੇ ਘਿਓ ਵਲ। ਜਿਹੜਾ ਲੈਣ ਆਵੇ ਮਾਤਾ ਜੀ ਪਲ੍ਹਾ ਹੀ ਉਲਟਾ ਦੇਣ। ਉਹ ਵਿਚਾਰਾ ਮੂੰਹ ਲਟਕਾ ਕੇ 'ਪੰਜਵੇ" ਨੂੰ ਘੂਰ ਘੂਰ ਵੇਖੇ। ਬਹੁਤ ਸਾਰਿਆਂ ਵਿਚੋਂ ਇਕ ਜਣਾ ਲੈ ਆਵੇ ਤੇ ਚਾਰ ਪੰਜ ਜਣੇ ਵੰਡ ਲੈਣ।

ਦੂਸਰੇ ਦਿਨ ਸਤਿਗੁਰੂ ਜੀ ਕਿਹਾ—"ਮਸਤਾਨ ਸਿਆਂ ਸੁਣਾ ਅੱਜ ਕਿੰਨੇ ਪੀਪੇ ਖਾਲੀ ਕਰ ਦਿੱਤੇ ਤੇਰੀ ਮਾਤਾ ਜੀ ਨੇ!"

ਸੰਤ ਕਹਿਣ ਲਗੇ, "ਜੀ! ਅੱਜ ਤਾਂ ਖੁਅੱਕਲਾਂ ਦੀ ਭੈਂ ਥੋਲ ਗਈ ਹੈ। ਕੋਈ ਸਿੱਧੇ ਮੂੰਹ ਘਿਓ ਲੈਣ ਨਹੀਂ ਜਾਂਦਾ। ਸਾਰੇ ਮਾਤਾ ਜੀ ਤੋਂ ਡਰਦੇ ਹਨ।"

ਉਸਤਾਦਾਂ ਦੇ ਉਸਤਾਦ ਸੰਤ ਥੰਤਾ ਸਿੰਘ ਜੀ ਬੂੜੇ ਡੱਲੀਆਂ ਦਾ ਜੱਥਾ ਵੀ ਨਾਲ ਆ ਰਲਿਆ ਸੀ। ਇਸ ਜੱਥੇ ਦਾ ਸਭ ਤੋਂ ਵੱਡਾ ਅਕਰਸ਼ਨ ਸੀ; ਸੰਤ ਇੰਦਰ ਸਿੰਘ ਢੋਲਕੀ ਵਾਲਾ।

ਇੰਦਰ ਸਿੰਘ ਦੀ ਢੋਲਕੀ ਦੀ ਧਾਂਕ ਸਾਰੇ ਪੰਜਾਬ ਵਿਚ ਪੈ ਗਈ ਸੀ। ਜਥੇਦਾਰ ਥੰਤਾ ਸਿੰਘ ਜੀ ਜਦੋਂ ਦੀਵਾਨ ਵਿਚ ਖਲੋ ਜਾਂਦੇ ਅਤੇ ਇੰਦਰ ਸਿੰਘ ਦੀ ਥਾਪ ਢੋਲਕੀ ਉਤੇ ਪੈਂਦੀ; ਵਿਰੋਧੀਆਂ ਦੇ ਦੀਵਾਨ ਉਖੜ ਜਾਂਦੇ ਅਤੇ ਛੋਟੇ ਛੋਟੇ ਪਿੰਡਾਂ ਵਿਚ ਵੀ ਵੱਡੇ ਮੇਲੇ ਜਿੰਨੀ ਰੌਣਕ ਲਗ ਜਾਂਦੀ। ਨੇੜੇ-ਨੇੜੇ ਪਿੰਡਾਂ ਦੇ ਆਮ ਆਦਮੀ, ਖਾਸ ਤੌਰ ਉਤੇ ਮੁਸਲਮਾਨ ਵੀ ਇਸ ਤਰ੍ਹਾਂ ਇਕੱਠੇ ਹੋ ਜਾਂਦੇ ਜਿਵੇਂ 'ਸ਼ਕਰ ਖੋਰੇ' ਮਠਿਆਈ ਉਤੇ।

ਕਲਾਸ ਵਾਲਾ ਇਸ ਇਲਾਕੇ ਦਾ ਬਹੁਤ ਵੱਡਾ ਪਿੰਡ ਸੀ।

ਭਾਈ ਖੁਸ਼ਹਾਲ ਸਿੰਘ ਜੀ ਨੇ ਮੈਨੂੰ ਦੱਸਿਆ, ਸੰਤਾਂ ਦਾ ਸ਼ਬਦ ਇਨ੍ਹਾਂ ਵਸਿਆ ਕਿ ਕੋਈ ਆਦਮੀ ਹਿਲਣ ਦਾ ਨਾਮ ਨਹੀਂ ਸੀ ਲੈਂਦਾ। ਢੋਲਕੀ ਦੀਆਂ ਗਤਾਂ ਏਨੀਆਂ ਮੋਹਕ ਸਨ ਜਦੋਂ ਖਾਲੀ ਢੋਲਕੀ ਵਜਦੀ ਉਦੋਂ ਸਾਰੀ ਲੋਕਾਈ ਸੂਫੀ

ਫ਼ਕੀਰਾਂ ਵਾਂਗ ਸਿਰ ਹਲੋਣ ਲਗ ਜਾਂਦੀ। ਢੋਲਕੀ ਦਾ ਅਸਰ ਇਥੋਂ ਤਕ ਹੋਇਆ ਜਦੋਂ ਦੀਵਾਨ ਦੀ ਸਮਾਪਤੀ ਹੋਈ ਤਾਂ ਮੁਸਲਮਾਨ ਚੌਧਰੀਆਂ ਨੇ ਸੰਤਾਂ ਨੂੰ ਕਿਹਾ ਰਾਤ ਦਾ ਦੀਵਾਨ ਸਾਡੇ ਮੁਹੱਲੇ ਵਿਚ ਲਗੇ ਅਤੇ ਸਤਿਗੁਰੂ ਜੀ ਵੀ ਦੀਵਾਨ ਦੀ ਸ਼ੋਭਾ ਵਧਾਉਣ।

ਸਤਿਗੁਰੂ ਜੀ ਚੋਧਰੀਆਂ ਦੀ ਅਰਜ਼ ਸੁਣ ਕੇ ਬੜੇ ਖੁਸ਼ ਹੋਏ। ਅਤੇ ਹੁਕਮ ਕੀਤਾ—ਰਾਤ ਨੂੰ ਨਹੀਂ, ਕਲ੍ਹ ਦਿਨੇ ਪਿਛਲੇ ਪਹਿਰ ਦਾ ਦੀਵਾਨ ਤੁਹਾਡੇ ਮਹੱਲੇ ਹੀ ਲਗੇਗਾ। ਮੁਸਲਮਾਨਾਂ ਨੂੰ ਤਾਂ ਜਾਣੀਂਦਾ ਚਾਅ ਹੀ ਚੜ੍ਹ ਗਿਆ। ਛਿੜਕਾਓ ਕਰਕੇ ਵਧੀਆ ਸ਼ਾਮਿਆਨੇ ਸਜਾਏ ਗਏ। ਢੋਲ ਵਜਾ ਕੇ ਸਾਰੇ ਇਲਾਕੇ ਵਿਚ ਹੋਕਾ ਦੇ ਦਿੱਤਾ ਦੀਵਾਨ ਦਾ। ਫੇਰ ਕੀ ਸੀ। ਢਾਣੀਆਂ ਦੀਆਂ ਢਾਣੀਆਂ ਆਣ ਜੁੜੀਆਂ। ਪਬਲਿਕ ਨੂੰ ਸਾਂਭਣਾ ਮੁਸ਼ਕਲ ਹੋ ਰਿਹਾ ਸੀ। ਹਿੰਦੂਆਂ ਤੌੜੇ ਰਖ ਕੇ ਪਿਆਉ ਲਾ ਦਿੱਤੇ। ਮੁਸਲਮਾਨਾਂ ਨੇ ਮਾਸ਼ਕੀਆਂ ਨੂੰ ਡਿਊਟੀਆਂ ਵੰਡ ਦਿੱਤੀਆਂ ਅਤੇ ਝਿਉਰਾਂ ਨੂੰ ਇਕ ਮਣ ਮਕਈ ਅਤੇ ਦੋ ਮਣ ਛੋਲੇ ਭੁੰਨ ਕੇ ਵਰਤਾਉਣ ਲਾ ਦਿੱਤਾ। ਉਧਰ ਗੰਨਿਆਂ ਵਾਲਿਆਂ ਨੇ ਗੱਡੇ ਲਿਆ ਖਲਿਹਾਰੇ। ਇਹੋ ਜਿਹਾ ਨਜ਼ਾਰਾ ਕਦੇ ਕਦੇ ਹੀ ਵੇਖਣ ਵਿਚ ਆਉਂਦਾ ਹੈ।

ਉੱਚੇ ਥੜ੍ਹੇ ਉਤੇ ਸਤਿਗੁਰੂ ਜੀ ਦਾ ਆਸਣ ਅਤੇ ਨਾਲ ਹੀ ਢੋਲਕ ਗੂੰਜਣ ਲਗ ਪਈ। ਸਿੰਘਾਂ ਦੀ ਦੇਖਾ ਦੇਖੀ, ਮੁਸਲਮਾਨ ਵੀ ਪੈਸਾ ਦੋ ਪੈਸੇ, ਦੁਆਨੀ ਚੁਆਨੀ ਅਤੇ ਰੁਪਏ ਮੱਥਾ ਟੇਕਣ ਲਗ ਪਏ। ਇਸ ਇਲਾਹੀ ਨਜ਼ਾਰੇ ਦਾ ਵਰਨਣ ਪੰਡਿਤ ਗੁਪਾਲ ਸਿੰਘ ਜੀ ਤਾਂ ਭਾਵੇਂ ਕਰ ਸਕਣ, ਮੇਰੇ ਵੱਸ ਤੋਂ ਬਾਹਰ ਹੈ।

ਸਤਿਗੁਰੂ ਜੀ ਮਹੱਲੇ ਦੀ ਸੇਵਾ ਸੰਭਾਲ ਵੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਸ਼ਾਮ ਦਾ, ਰਾਗੀਆਂ ਦਾ ਦੀਵਾਨ, ਏਥੇ ਹੀ ਸਜਾਉਣ ਦੀ ਆਗਿਆ ਦੇ ਦਿੱਤੀ। ਫੇਰ ਕੀ ਸੀ 'ਅੱਲਾ ਹੂ ਅਕਬਰ' ਅਤੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗੂੰਜ ਉਠੇ।

ਭਾਈ ਕਾਲੂ ਅਤੇ ਮੱਤੂ ਦਾ ਦੀਵਾਨ ਉਥੇ ਹੀ ਸਜ ਗਿਆ। ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੀ ਰਸਨਾ ਦੁਆਰਾ ਫ਼ਰੀਦ ਜੀ ਦਾ ਇਹ ਸ਼ਬਦ ਸ਼ੁਰੂ ਕੀਤਾ...

ਜਲ ਜਾਸੀਆ ਜਾਸੀਆ ਵੇ ਢੋਲਾ,
ਜਲ ਜਾਸੀ ਜਾਸੀ ਢੋਲਾ ॥
ਹੱਥ ਨਾ ਲਾਈਂ ਕਸੁੰਭੜੇ ਨੂੰ,
ਜਲ ਜਾਸੀ ਜਾਸੀ ਢੋਲਾ ॥

ਸੰਗਤਾਂ ਵਿਚ ਅਜੀਬ ਕਿਸਮ ਦਾ ਉਤਸ਼ਾਹ, ਉਮਾਹ ਤੇ ਵਿਸਮਾਦਤਾ ਤਾਰੀ ਹੋ ਗਈ। ਮੁਸਲਮਾਨ ਭਾਈਚਾਰੇ ਨੂੰ ਹੋਰ ਕੋਈ ਸਮਝ ਆਉਂਦੀ ਸੀ ਜਾਂ ਨਹੀਂ ਪਰ ਢੋਲਾ ਸ਼ਬਦ ਉਹਨਾਂ ਵਾਸਤੇ ਅਤਿਅੰਤ ਅਕਰਸ਼ਣ ਦਾ ਕਾਰਨ ਬਣ ਗਿਆ।

ਇਹ ਸ਼ਬਦ ਜਿਥੇ ਗਾਉਣ ਵਿਚ ਬਹੁਤ ਸੌਖਾ ਸੀ, ਉਥੇ ਧੁਨ ਇਸਦੀ ਅਤੀ ਖਿਚ ਪਾਊ ਸੀ। ਜਿਸ ਨੂੰ ਮੁੰਡੇ ਕਈ ਦਿਨਾਂ ਤਕ ਗੁਣਗੁਣਾਂਦੇ ਰਹੇ।

ਆਪਣੇ ਘਰਾਂ ਵਿਚ ਵੀ ਚੋਧਰੀਆਂ ਨੇ ਔਰਤਾਂ ਨੂੰ ਪ੍ਰੇਰਿਆ : "ਜਾਓ ਜਾ ਕੇ ਵਲੀ ਅੱਲਾਹ ਦੇ ਦਰਸ਼ਨ ਕਰੋ। ਖ਼ੁਦਾਵੰਦ ਕ੍ਰੀਮ ਸਾਡੀ ਅਰਜ਼ ਮੰਨ ਕੇ ਸਾਡੇ ਘਰ ਆਇਆ ਹੈ।"

ਕਾਲੀਆਂ ਚਾਦਰਾਂ, ਚੁੰਨੀਆਂ ਅਤੇ ਬੁਰਕਿਆਂ ਵਿਚ ਵਲ੍ਹੇਟੀਆਂ, ਸੁਆਨੀਆਂ ਨੇ ਵੀ ਰੇਜ਼ੇ ਆਣ ਮੱਥਾ ਟੇਕੇ। ਜੋ ਉਹਨਾਂ ਆਪੂੰ ਕੱਤ ਕੇ ਘਰੇ ਬਣਵਾਏ ਸਨ।

ਦੀਵਾਨ ਦੀ ਸਮਾਪਤੀ ਉਤੇ ਚੋਧਰੀਆਂ ਨੇ 51 ਰੁਪਏ ਚਾਂਦੀ ਦੇ, ਪੰਜ ਖੇਸ ਲਾਲ ਕੰਨੀ ਦੇ ਅਤੇ ਇਕ ਥਾਲ ਦੇਸੀ ਮਿਸ਼ਰੀ, ਬਾਦਾਮ, ਪਿਸਤਾ ਆਦਿ ਦਾ ਆਣ ਮੱਥਾ ਟੇਕਿਆ ਅਤੇ ਅਰਜ਼ ਕੀਤੀ; 'ਫੇਰ ਕਦੋਂ ਦਰਸ਼ਨ ਦਿਓਗੇ ?'

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਹੋਲੇ

—ਪ੍ਰਿੰਸੀਪਲ ਬੇਅੰਤ ਕੌਰ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹੋਲੇ ਬਾਰੇ ਫੁਰਮਾਂਦੇ ਹਨ :—

"ਇਹ ਤਿਓਹਾਰ ਬੜੇ ਚਿਰ ਦਾ ਹੈ। ਹੋਲੀ ਜਿਹੜੀ ਪ੍ਰਹਿਲਾਦ ਦੀ ਭੂਆ ਸੀ, ਨੂੰ ਇਹ ਮਾਣ ਸੀ ਕਿ ਮੈਂ ਅੱਗ ਵਿਚ ਸੜਦੀ ਨਹੀਂ, ਉਹ ਪ੍ਰਹਿਲਾਦ ਨੂੰ ਗੋਦ ਵਿਚ ਲੈ ਅੱਗ ਵਿਚ ਬੈਠੀ। ਭਾਈ ਗੁਰਦਾਸ ਜੀ ਕਹਿੰਦੇ ਨੇ....

"ਜਲ ਅਗਨੀ ਵਿਚ ਘਤਿਆ,
ਜਲਹਿ ਨਾ ਡੁਬਹਿ ਗੁਰ ਪ੍ਰਸਾਦਿ ॥"

ਹੋਲਕਾ ਸੜ ਗਈ। ਉਸ ਦਿਨ ਤੋਂ ਹਿੰਦੂ ਲੋਕ ਇਸ ਤਿਉਹਾਰ ਨੂੰ ਮਨਾਉਂਦੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸਦਾ ਨਾਮ ਹੋਲੀ ਤੋਂ ਹੋਲਾ ਕਰ ਦਿੱਤਾ ਤੇ ਇਸਨੂੰ ਆਰੰਭਿਆ। ਨਾਮਧਾਰੀਆਂ ਵਾਸਤੇ ਦੋ ਪਰਵ ਹਨ, ਗੁਰੂ ਗੋਬਿੰਦ ਸਿੰਘ ਦਾ ਬਨਾਉਣਾ ਹੋਲੇ ਦਾ ਮੇਲਾ ਤੇ ਗੁਰੂ ਬਾਲਕ ਸਿੰਘ ਜੀ ਦੇ ਜਨਮ ਦਾ ਦਿਨ।"*

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਹੋਰ ਵਿਸ਼ੇਸ਼ ਕ੍ਰਿਪਾ ਕੀਤੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਵਤਾਰ ਦਿਵਸ ਚੇਤ ਵਦੀ ਤੀਜ ਨੂੰ ਦੋ ਪਰਵਾ ਦੇ ਨਾਲ ਰਲਾ ਕੇ ਤ੍ਰਿਬੇਣੀ ਦਾ ਕੁੰਭ ਬਣਾ ਦਿੱਤਾ।

ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਨੇ ਹੋਲੇ ਦੇ ਤਿਉਹਾਰ ਦੀ ਪਰੰਪਰਾ ਨੂੰ ਨਾਮਧਾਰੀ ਪੰਥ ਵਿਚ ਸ਼ੁਰੂ ਕੀਤਾ। ਆਪ ਜੀ ਦੇ ਸਮੇਂ 1922 ਤੋਂ 1927 ਬਿਕਰਮੀ ਤਕ ਛੇ ਹੋਲੇ ਹੋਏ। ਸਤਿਗੁਰਾਂ ਦੇ ਬਦੇਸ ਭੇਜ ਦਿੱਤੇ ਜਾਣ ਉਪਰੰਤ ਅੰਗਰੇਜ਼ ਸਰਕਾਰ ਦੀਆਂ ਸਖਤੀਆਂ ਅਤੇ ਪਾਬੰਦੀਆਂ ਕਾਰਨ 27 ਸਾਲ ਹੋਲੇ ਨਾ ਹੋ ਸਕੇ। ਸੰਨ 1899 ਈ. ਤੋਂ ਸਤਿਗੁਰੂ ਹਰੀ ਸਿੰਘ ਜੀ ਨੇ ਫੇਰ

* ਸ੍ਰੀ ਸਤਿਗੁਰੂ ਜੀ ਦੇ ਟੇਪ ਕੀਤੇ ਹੋਏ ਉਪਦੇਸ਼ਾਂ 'ਚੋਂ।

ਹੋਲੇ ਮਨਾਉਣੇ ਆਰੰਭ ਕੀਤੇ । ਉਨ੍ਹਾਂ ਦੇ ਸਮੇਂ ਅੱਠ ਹੋਲੇ ਮਨਾਏ ਗਏ ।

1906 ਈਸਵੀ (1962 ਬਿ.) ਵਿਚ ਮਾਨਾਂ ਵਾਲੇ ਦੇ-ਹੋਲੇ ਸਮੇਂ ਨੇਤ੍ਰਾਂ ਦੀ ਤਕਲੀਫ ਕਰਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਆਪ ਨਾ ਜਾ ਸਕੇ ਤੇ ਮਾਤਾ ਜੀਵਨ ਕੌਰ ਜੀ ਤੇ ਸ੍ਰੀ ਮਹਾਰਾਜ (ਸਤਿਗੁਰ) ਪਰਤਾਪ ਸਿੰਘ ਜੀ ਨੂੰ ਹੋਲੇ 'ਚ ਭੇਜਿਆ ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਹੋਏ ਹੋਲੇ ਇਸ ਪ੍ਰਕਾਰ ਹਨ :—

ਨੰ:	ਈਸਵੀ	ਬਿਕ੍ਰਮੀ	ਅਸਥਾਨ
1.	1907	1963	ਨੁਸ਼ਹਿਰਾ ਜ਼ਿਲਾ ਗੁਜਰਾਤ
2.	1908	1964	ਫਿਲੌਕੇ-ਗੁਜਰਾਂਵਾਲਾ
3.	1909	1965	ਗਿੱਲੀ-ਸ਼ੇਖੂਪੁਰਾ
4.	1910	1966	45 ਚੱਕ-ਸਰਗੋਧਾ
5.	1911	1967	ਲਾਹੌਰ (ਖਾਸ)
6.	1912	1968	ਅਨੰਦਪੁਰ ਸਾਹਿਬ
7.	1913	1969	ਖੂਹ ਮਾਂਗਾ-ਲਾਹੌਰ
8.	1914	1970	ਖੋਟੇ-ਫਿਰੋਜ਼ਪੁਰ
9.	1915	1971	ਵਲਟੋਹਾ-ਲਾਹੌਰ
10.	1916	1972	ਗਿੱਲੀ-ਸ਼ੇਖੂਪੁਰਾ
11.	1917	1973	ਰਤਾ ਚੋਆ-ਲਾਇਲਪੁਰ
12.	1918	1974	ਚੂਹੇਝਾੜ-ਸ਼ੇਖੂਪੁਰਾ
13.	1919	1975	ਅਨੰਦਪੁਰ ਸਾਹਿਬ
14.	1920	1976	ਵਰਨ-ਸ਼ੇਖੂਪੁਰਾ
15.	1921	1977	ਮੁਕਤਸਰ-ਫਿਰੋਜ਼ਪੁਰ
16.	1922	1978	ਰਾਵਲਪਿੰਡੀ (ਖਾਸ)
17.	1923	1979	ਢੱਟੀਆਂ-ਲਾਇਲਪੁਰ
18.	1924	1980	ਬਿਜਲੀ ਵਾਲ-ਗੁਰਦਾਸਪੁਰ
19.	1925	1981	ਅੰਮ੍ਰਿਤਸਰ (ਖਾਸ)
20.	1926	1982	ਗੁਜਰਾਂਵਾਲੇ (ਖਾਸ)
21.	1927	1983	ਨਾਰੋਵਾਲ-ਸਿਆਲਕੋਟ
22.	1928	1984	ਵਲਟੋਹਾ-ਲਾਹੌਰ
23.	1929	1985	ਸਿਆਹੜ-ਲੁਧਿਆਣਾ
24.	1930	1986	ਚੂੰਨੀ-ਅੰਬਾਲਾ
25.	1931	1987	ਸੰਧਵਾ-ਜਲੰਧਰ
26.	1932	1988	ਸ੍ਰੀ ਭੈਣੀ ਸਾਹਿਬ-ਲੁਧਿਆਣਾ
27.	1933	1989	ਸ੍ਰੀ ਭੈਣੀ ਸਾਹਿਬ-ਲੁਧਿਆਣਾ
28.	1934	1990	ਸ੍ਰੀ ਭੈਣੀ ਸਾਹਿਬ-ਲੁਧਿਆਣਾ

ਨੰ:	ਈਸਵੀ	ਬਿਕ੍ਰਮੀ	ਅਸਥਾਨ
29.	1935	1991	ਸ੍ਰੀ ਭੈਣੀ ਸਾਹਿਬ-ਲੁਧਿਆਣਾ
30.	1936	1992	ਸ੍ਰੀ ਭੈਣੀ ਸਾਹਿਬ-ਲੁਧਿਆਣਾ
31.	1937	1993	ਸ਼ੇਖੂਪੁਰਾ-ਗੁਜਰਾਂਵਾਲਾ
32.	1938	1994	ਸ਼ੇਖੂਪੁਰਾ ਸ਼ਹਿਰ ਖਾਸ
33.	1939	1995	ਤਿਲਵਾੜਾ-ਸਿਆਲਕੋਟ
34.	1940	1996	ਸ੍ਰੀ ਭੈਣੀ ਸਾਹਿਬ (ਜਿਲਾ ਲੁਧਿਆਣਾ)
35.	1941	1997	ਸ੍ਰੀ ਭੈਣੀ ਸਾਹਿਬ (ਲੁਧਿਆਣਾ)
36.	1942	1998	ਸ੍ਰੀ ਭੈਣੀ ਸਾਹਿਬ (ਲੁਧਿਆਣਾ)
37.	1943	1999	ਸ੍ਰੀ ਭੈਣੀ ਸਾਹਿਬ (ਲੁਧਿਆਣਾ)
38.	1944	2000	ਸ੍ਰੀ ਭੈਣੀ ਸਾਹਿਬ (ਲੁਧਿਆਣਾ)
39.	1945	2001	ਸ਼ੇਖੂਪੁਰਾ ਸ਼ਹਿਰ ਖਾਸ
40.	1946	2002	ਚੁਗਾਵਾਂ-ਅੰਮ੍ਰਿਤਸਰ
41.	1947	2003	ਸ਼ੇਖੂਪੁਰਾ ਬੇਦਾਦ-ਗੁਜਰਾਂਵਾਲਾ
42.	1948	2004	ਸੰਤ ਨਗਰ-ਹਿਸਾਰ
43.	1949	2005	ਸੰਤ ਨਗਰ-ਹਿਸਾਰ
44.	1950	2006	ਬੈਂਕੋਕ-ਥਾਈਲੈਂਡ
45.	1951	2007	ਸ੍ਰੀ ਭੈਣੀ ਸਾਹਿਬ (ਲੁਧਿਆਣਾ)
46.	1952	2008	ਮੰਡੀ-ਹਿਮਾਚਲ
47.	1953	2009	ਟਾਲਾ ਸਾਹਿਬ
48.	1954	2010	ਨਕੋੜਾ-ਹਿਸਾਰ
49.	1955	2011	ਸੰਤ ਨਗਰ-ਹਿਸਾਰ
50.	1956	2012	ਦਿੱਲੀ ਖਾਸ
51.	1957	2013	ਸ੍ਰੀ ਭੈਣੀ ਸਾਹਿਬ-ਲੁਧਿਆਣਾ
52.	1958	2014	ਸੰਤ ਨਗਰ-ਹਿਸਾਰ ਅਤੇ ਕੰਪਾਲਾ (ਯੂਗੰਡਾ)
53.	1959	2015	ਸ੍ਰੀ ਜੀਵਨ ਨਗਰ-ਹਿਸਾਰ

ਹੋਲਿਆਂ ਵਿਚ ਸਤਿਗੁਰੂ ਜੀ ਦਾ ਆਪਣੇ ਰਾਗੀਆਂ ਸਮੇਤ ਸੁਰੀਲੀਆਂ ਸੁਰਾਂ ਰਾਹੀਂ ਅੰਮ੍ਰਿਤ ਵੇਲੇ ਤੋਂ ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ, ਮਨ ਖਿਚਵੀਆਂ ਧੁਨਾਂ ਰਾਹੀਂ ਢੋਲਕ ਛੈਣਿਆਂ ਦੀ ਗੁੰਜਾਰ ਨਾਲ ਹੋਲੇ ਦੇ ਦੀਵਾਨ ਸਜਾਣੇ, ਸ਼ੁੱਧ ਸ਼ਾਸਤ੍ਰੀਯ ਸੰਗੀਤ ਦੇ ਆਧਾਰ ਤੇ ਕੀਰਤਨ ਕਰਨਾ 'ਅੱਜ ਹੋਲਾ ਏ, ਅੱਜ ਹੋਲਾ ਏ, ਮਾਘ ਬਤੀਤ ਭਏ ਰੁਤਿ ਫਾਗਣ ਆਇ ਗਈ ਸਭ ਖੇਲਤ ਹੋਰੀ', ਕਵੀ ਦਰਬਾਰਾਂ ਵਿਚ ਵੱਖ-ਵੱਖ ਵਿਸ਼ਿਆਂ ਤੇ ਕਵਿਤਾਵਾਂ ਨਾਲ ਸਾਧ-ਸੰਗਤ ਨੂੰ ਆਨੰਦਿਤ ਕਰਨਾ,

ਨਾਮਧਾਰੀ ਦਰਬਾਰ ਦੀ ਹੋਂਦ ਕਾਇਮ ਕਰਨ ਤੋਂ ਉਪਰੰਤ ਵਿਸ਼ੇਸ਼ ਵਿਕੱਤ੍ਰਤਾਵਾਂ ਕਰਕੇ ਕਈ ਤਰ੍ਹਾਂ ਦੇ ਮਤੇ ਪਾਸ ਕਰਨੇ, ਸਮੇਂ-ਸਮੇਂ ਸਿਰ ਉੱਘੇ ਜਥੇਦਾਰਾਂ, ਪ੍ਰਚਾਰਕਾਂ ਨੇ ਨਾਮਧਾਰੀ ਇਤਿਹਾਸ ਦੇ ਵੱਖ-ਵੱਖ ਵਿਸ਼ਿਆਂ ਤੇ ਸਾਧ-ਸੰਗਤ ਨੂੰ ਗਿਆਨ ਪ੍ਰਦਾਨ ਕਰਕੇ ਸੂਝਵਾਨ ਬਨਾਣਾ, ਢਾਡੀਆਂ ਦਾ ਬੀਰ ਰਸ ਦੇ ਗੀਤ ਗਾਇਨ ਕਰਕੇ ਵਾਤਾਵਰਨ ਵਿਚ ਬੀਰ ਰਸ ਪ੍ਰਦਾਨ ਕਰਨਾ, ਹਵਨ ਕਰਕੇ ਵਾਤਾਵਰਨ ਨੂੰ ਸ਼ੁਧ ਤੇ ਸੁਗੰਧਮਈ ਬਨਾਣਾ, ਅੰਮ੍ਰਿਤ ਪਾਨ ਕਰਾ ਕੇ ਸਿੰਘ ਸਜਾਣਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਣੇ, ਸਤਿਗੁਰੂ ਜੀ ਦਾ ਸਾਰੀ ਸਾਧ-ਸੰਗਤ ਨੂੰ ਆਪਣੇ ਪਵਿੱਤ੍ਰ ਹਸਤ-ਕੰਵਲਾਂ ਨਾਲ ਲੰਗਰ ਛਕਾਣਾ, ਸੂਤਰੀਆਂ ਸੂਤਰ ਕੱਤਣਾ ਤੇ ਸ਼ੁਧ ਪਾਠ ਉਚਾਰਣ ਤੇ ਕਵਿਤਾਵਾਂ ਪ੍ਰਤਿਯੋਗਤਾਵਾਂ ਕਰਾ ਕੇ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਪਵਿਤ੍ਰ ਹਸਤ-ਕੰਵਲਾਂ ਨਾਲ ਜੇਤੂਆਂ ਨੂੰ ਇਨਾਮ ਵੰਡ ਕਰਕੇ ਉਤਸਾਹਿਤ ਕਰਨਾ, ਹੋਲੇ ਮਹੱਲਿਆਂ ਦੀ ਕੁਝ ਕੁ ਵਿਸ਼ੇਸ਼ਤਾਵਾਂ ਹਨ।

1907 ਈਸਵੀ ਨੁਸ਼ਹਿਰੇ ਦਾ ਹੋਲਾ ਸਤਿਗੁਰੂ ਪਰਤਾਪ ਸਿੰਘ ਜੀ ਦਾ ਗੁਰੂ ਰੂਪ ਵਿਚ ਪਹਿਲਾ ਹੋਲਾ ਸੀ। 1909 ਈਸਵੀ ਦੇ ਹੋਲੇ ਮਹੱਲੇ ਦੀ ਸੇਵਾ ਬਾਬਾ ਜਮੀਤ ਸਿੰਘ ਜੀ ਦੇ ਪਰਿਵਾਰ ਤੇ ਉਥੋਂ ਦੇ ਵਸਨੀਕਾਂ ਨੇ ਮਿਲ-ਜੁਲ ਕੇ ਕੀਤੀ। ਸੰਤ ਕਿਸ਼ਨ ਸਿੰਘ ਤੇ ਮਾਈ ਲਛਮੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਣਾਂ ਵਿਚ ਸੋਨੇ ਦੇ ਕੜਿਆਂ ਦੀ ਜੋੜੀ ਭੇਟਾ ਕੀਤੀ। ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਨੇ 'ਬਿਨ ਚਿਤ ਦੀਨ ਹਾਥ ਨ ਆਵੇ' ਤੇ ਪੁੱਤਰ ਨੰਦ ਦਾ ਨੀ ਨੰਦ ਦਾ ਪੜ੍ਹ ਕੇ ਸਾਰੀ ਸਾਧ-ਸੰਗਤ ਨੂੰ ਮਸਤਾਨੀ ਅਵਸਥਾ ਵਿਚ ਪਹੁੰਚਾ ਦਿੱਤਾ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬਚਨ ਕੀਤਾ 'ਅਸਾਂ ਸਿਖਰ ਦੀ ਸੇਵਾ ਤੇ ਸਿੱਖੀ ਦੇ ਸੁਆਦ ਦੀ ਮਸਤੀ ਜੋ ਗਿਲਾਂ ਦੇ ਹੋਲੇ ਤੇ ਵੇਖੀ ਹੈ, ਉਹ ਅੱਜ ਤਕ ਜਦੋਂ ਚੇਤੇ ਆਉਂਦਾ ਏ, ਝਾਤ ਅੰਦਰ ਪੈਂਦੀ ਏ, ਤਾਂ ਉਸੇ ਤਰ੍ਹਾਂ ਰਸ ਤੇ ਤਰਾਰਾ ਦੇਂਦਾ ਏ। ਉਸ ਦਿਨ ਤੋਂ ਮੇਰੇ ਮਨ ਐਸਾ ਅਸਰ ਹੋ ਗਿਆ ਏ, ਜਿਵੇਂ ਕੋਰੇ ਭਾਂਡੇ ਵਿਚ ਘਿਓ ਭਰ ਦੇਈ ਦਾ ਏ, ਤਾਂ ਉਹਦੇ ਰੋਮ ਰੋਮ ਵਿਚ ਰਚ ਜਾਂਦਾ ਏ ਤੇ ਉਹ ਫੇਰ ਕੋਰਿਆਂ ਨਾਲ ਸਾਰੀ ਉਮਰ ਨਹੀਂ ਰਲਦਾ।"

1912 ਈਸਵੀ ਨੂੰ ਅਨੰਦਪੁਰ ਸਾਹਿਬ ਸੰਤ ਜਵੰਦ ਸਿੰਘ ਜੀ ਨੇ ਆਪਣੇ ਸਾਥੀਆਂ ਸੰਤ ਕੇਸਰ ਸਿੰਘ ਜੀ, ਮਿੱਤ ਸਿੰਘ ਜੀ, ਸੰਤ ਲਾਲ ਸਿੰਘ ਜੀ ਆਦਿ ਨਾਲ ਸਲਾਹ ਕਰਕੇ ਹੋਲੇ ਦੇ ਇਸ ਪਾਵਨ ਪਰਵ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸਾਰੇ ਨਾਮਧਾਰੀ ਜਗਤ ਵਲੋਂ ਸ਼ਰਧਾ ਦੀ ਦਸਤਾਰ ਭੇਟਾ ਕੀਤੀ। ਸਿੰਘ ਸਭੀਆਂ, ਪੁਲਸ ਦੇ ਥਾਣੇਦਾਰ, ਸਿਪਾਹੀਆਂ ਸਮੇਤ, ਨਗਰ ਦੇ ਪੰਚੈਤੀਆਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੀ ਕ੍ਰਿਪਾ ਸਦਕਾ ਹੋਲੇ ਦਾ ਆਨੰਦ ਸਭ ਨੇ ਮਾਣਿਆ ਹੈ। ਸਤਿਗੁਰੂ ਜੀ ਨੇ ਬਚਨ ਕੀਤਾ—

'ਹਿੰਮਤ ਅੱਗੇ ਫਤਹਿ ਬਥੇਰੀ ਜੇ ਕੋਈ ਸੂਰਾ ਹੋਵੇ ਅਨਕਨ ਨਹੀਂ ਅੜਿਚਣਾ ਅੱਗੇ, ਜੇ ਉਦਮੀ ਪੂਰਾ ਹੋਵੇ।'

1913 ਈਸਵੀ ਦੇ ਹੋਲੇ ਦੀ ਪ੍ਰਵਾਨਗੀ ਸੰਤ ਮੱਸਾ ਸਿੰਘ ਜੀ ਮਸਤਾਨੇ ਨੂੰ

ਮਿਲ ਤਾਂ ਗਈ ਪਰ ਬਾਕੀ ਦੇ ਲੋਕ ਸੰਤ ਮੱਸਾ ਸਿੰਘ ਜੀ ਨਾਲ ਨਰਾਜ਼ ਹੋ ਗਏ। ਸੰਤ ਮੱਸਾ ਸਿੰਘ ਜੀ, ਜਦੋਂ ਹੋਲੇ ਦੀ ਉਗਰਾਹੀ ਲਈ ਗਏ ਤਾਂ ਬਹੁਤਿਆਂ ਨੇ ਇਹ ਉੱਤਰ ਦਿੱਤਾ, "ਤੁਸਾਂ ਸਾਥੋਂ ਬਿਨਾਂ ਪੁਛੇ ਹੋਲਾ ਮੰਗ ਲਿਆ, ਸਲਾਹ ਸੋਚ ਕਰ ਕੁਝ ਦਸਾਂਗੇ।" ਸੰਤ ਜੀ ਰਾਤ ਭਰ ਸੋਚ ਚਿੰਤਾ ਵਿਚ ਡੁਬੇ ਰਹੇ। ਪਰ ਸਤਿਗੁਰੂ ਜੀ ਨੂੰ ਆਪਣੇ ਪਿਆਰੇ ਭਗਤਾਂ ਦੀ ਹਮੇਸ਼ਾਂ ਹੀ ਚਿੰਤਾ ਰਹਿੰਦੀ ਹੈ। ਪਿਛਲੇ ਰਾਤ ਸਤਿਗੁਰੂ ਜੀ ਨੇ ਆਵਾਜ਼ ਦੇ ਕੇ ਕਿਹਾ, "ਉਠੋ ਸੰਤ ਜੀ ਇਸ਼ਨਾਨ ਕਰੋ ਤੇ ਭਜਨ ਕਰੋ। ਜੇ ਹੋਲਾ ਲੈਣ ਸਮੇਂ ਮੈਂ ਤੁਹਾਡਾ ਸਲਾਹੀ ਸਾਥੀ ਸਾਂ ਤਾਂ ਹੁਣ ਭੀ ਤੁਹਾਨੂੰ ਕਿਸੇ ਕੋਲ ਜਾਣ ਦੀ ਲੋੜ ਨਹੀਂ, ਮੈਂ ਆਪ ਸਭ ਕੰਮ ਕਰਾਂਗਾ।" ਸੰਤ ਜੀ ਹੁਕਮਾ-ਨੁਸਾਰ ਅੰਦਰ ਬੈਠ ਭਜਨ ਕਰਨ ਲਗੇ ਤੇ ਸਾਧ-ਸੰਗਤ ਆਪਣੇ ਆਪ ਉਨ੍ਹਾਂ ਕੋਲ ਪਹੁੰਚ ਕੇ ਮਾਇਆ ਦੀ ਵਰਖਾ ਕਰਨ ਲਗੀ। ਹੋਲਾ ਨਿਰਵਿਘਨ ਸੰਪੂਰਨ ਹੋਇਆ।

1918 ਈਸਵੀ ਨੂੰ ਸੰਤ ਮਿਤ ਸਿੰਘ ਜੀ ਦੋ ਚਾਰ ਦਿਨ ਪਹਿਲਾਂ ਹੋਲੇ ਦੇ ਸਥਾਨ ਚੂਹੇ ਝਾੜ (ਲਾਇਲਪੁਰ) ਪਹੁੰਚ ਗਏ। ਉਨ੍ਹਾਂ ਦੇ ਮਨ ਵਿਚ ਵਿਚਾਰ ਆਇਆ "ਜੇਕਰ ਸਤਿਗੁਰੂ ਜੀ ਮੈਨੂੰ ਕੁਝ ਵਿਖਾਣ ਮੈਂ ਤਾਂ ਹੀ ਮੰਨਾਗਾ।" ਅੰਤਰਜਾਮੀ ਸਤਿਗੁਰੂ ਜੀ ਅੰਮ੍ਰਿਤ ਵੇਲੇ ਮਿਤ ਸਿੰਘ ਨੂੰ ਮਿਲੇ ਤੇ ਚਪੇੜ ਉਤਾਂਹ ਚੁੱਕ ਕੇ ਕਿਹਾ, "ਬੋਲ ਕੀ ਵੇਖਣਾ ਹੈ ? ਜੋ ਕਹਿੰਦਾ ਫਿਰਦਾ ਹੈਂ, ਕੁਝ ਵੇਖ ਕੇ ਹੀ ਮੰਨਾਗਾ, ਬੋਲ ਕੀ ਵਿਖਾਵਾਂ ਤੈਨੂੰ!" ਸਤਿਗੁਰੂ ਜੀ ਦੇ ਬਚਨ ਸੁਣ ਕੇ ਮਿਤ ਸਿੰਘ ਨੇ ਉਤਾਂਹ ਵੇਖਿਆ ਤਾਂ ਉਹਨਾਂ ਨੂੰ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ, ਫੇਰ ਸਤਿਗੁਰੂ ਰਾਮ ਸਿੰਘ ਜੀ ਦੇ ਨੂਰਾਨੀ ਤੇ ਤੇਜ-ਮਈ ਚਿਹਰੇ ਦਾ ਐਸਾ ਝਲਕਾਰਾ ਪਿਆ ਕਿ ਹੋਸ਼, ਸੁਧ, ਬੁਧ ਸਭ ਵਿਸਰ ਗਈ। ਹੋਸ਼ ਆਉਣ ਤੇ ਸਤਿਗੁਰੂ ਜੀ ਦੇ ਪਵਿਤ੍ਰ ਚਰਨਾਂ ਵਿਚ ਧੰਨਵਾਦ ਕੀਤਾ ਤੇ ਸਾਰੀ ਸੰਗਤ ਨੂੰ ਸਤਿਗੁਰੂ ਜੀ ਦੀ ਕ੍ਰਿਪਾ ਤੇ ਦਰਸ਼ਨਾਂ ਦੀ ਬਖਸ਼ਸ਼ ਦਾ ਵਰਨਣ ਕੀਤਾ। ਮਿਤ ਸਿੰਘ ਤੇ ਸਤਿਗੁਰੂ ਜੀ ਦੀ ਬਖਸ਼ਸ਼ ਬਾਰੇ ਸੁਣ ਕੇ ਬਾਬਾ ਜੈਮਲ ਸਿੰਘ ਜੀ (ਮਾਂਗੇ ਦੇ ਖੂਹ ਵਾਲੇ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਿੱਖ ਸਨ) ਕਹਿਣ ਲਗੇ, "ਮੈਂ ਤਾਂ ਸਭ ਦੇ ਸਾਹਵੇਂ ਵਟਾਂ ਤੇ ਵੇਖਾਂਗਾ ਤੇ ਜੇਕਰ ਉਚੇਚੇ ਮੇਰੇ ਕੋਲ ਆਉਣਗੇ ਤਾਂ ਮੰਨਾਗਾ।"

ਸਤਿਗੁਰੂ ਪਰਤਾਪ ਸਿੰਘ ਜੀ ਸਿੱਖਾਂ ਸਮੇਤ ਨਹਿਰ ਤੋਂ ਇਸ਼ਨਾਨ ਕਰਕੇ ਵਾਪਸ ਆ ਰਹੇ ਸਨ। ਸਤਿਗੁਰੂ ਜੀ ਨੂੰ ਦੇਖ ਕੇ ਜੈਮਲ ਸਿੰਘ ਦੂਜੀ ਵਟੇ ਹੋ ਗਏ। ਸਤਿਗੁਰੂ ਜੀ ਭੀ ਦੂਰੋਂ ਹੀ ਦੂਜੀ ਵਟੇ ਹੋ ਗਏ। ਜੈਮਲ ਸਿੰਘ ਤੀਜੇ ਕਿੱਲੇ ਦੀ ਵਟ ਵਲ ਹੋ ਗਏ। ਸਤਿਗੁਰੂ ਜੀ ਅੱਗੋਂ ਦੀ ਹੋ ਕੇ ਕਿਹਾ "ਬਸ ਕਿ ਹੋਰ ਕੁਝ।"

1919 ਈ. ਅਨੰਦਪੁਰ ਸਾਹਿਬ ਵਿਖੇ ਹੋਲੇ ਮੇਲੇ ਤੇ ਇਕ ਦਿਨ ਕਾਲੂ ਦੇ ਸਾਥੀ ਬੱਚਿਆਂ ਮੋਕਲ, ਹਜ਼ਾਰੀ ਮੋਹਣੇ ਨੇ ਭਰੇ ਦੀਵਾਨ ਵਿਚ ਖੜੇ ਹੋ ਕੇ ਸੁਣਾਇਆ—

"ਸਾਈਆਂ ਲਾਜ ਰਖੀਂ ਲਾਈਆਂ ਅੱਖੀਆਂ ਦੀ।
ਸਾਨੂੰ ਸਾੜਦੀ ਏ ਬੋਲੀ ਸਖੀਆਂ ਦੀ।

ਉਹ ਆਖਦੀਆਂ ਤੂੰ ਝੂਠੀ ਏਂ ।
ਐਵੇਂ ਬਣ-ਬਣ ਬਹਿੰਦੀ ਅਨੂਠੀ ਏਂ ।''

ਸਤਿਗੁਰੂ ਜੀ ਤੇ ਸਾਰੀ ਸੰਗਤ ਸੁਣ ਕੇ ਵੈਰਾਗੀ ਹੋ ਗਏ । ਸਤਿਗੁਰੂ ਜੀ ਫੁਰਮਾਇਆ, ''ਇਹਨਾਂ ਨੂੰ ਬਾਦਾਮ ਤੇ ਹੋਰ ਇਨਾਮ ਦੇ ਕੇ ਚੁੱਪ ਕਰਾ ਦਿਓ ਕਿਉਂਕਿ ਐਡੇ ਦਰਦ ਭਰੇ ਬੋਲ ਸਹਾਰਨੇ ਬਹੁਤ ਕਠਿਨ ਹਨ ।''

'ਸਤਿਜੁਗ' ਸ਼ੁਰੂ

1920 ਈ. ਵਰਨ-ਸ਼ੇਖੂਪੁਰਾ ਦੇ ਹੋਲੇ ਤੇ ਪਹਿਲੇ ਦਿਨ ਲੰਗਰ ਵਿਚ ਤੋਟ ਆ ਗਈ । ਸਿੱਖਾਂ ਦੀ ਅਰਜ਼ ਕਰਨ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ, ''ਲੰਗਰ ਤੇ ਕਪੜੇ ਪਾ ਕੇ ਅਰਦਾਸ ਕਰੋ ।'' ਫਿਰ ਲੰਗਰ ਦੇ ਖੁਲ੍ਹੇ ਗਫੇ ਵਰਤਾਏ ਗਏ ਤੇ ਕੋਈ ਤੋਟ ਨਾ ਆਈ । ਇਸ ਮੇਲੇ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਸਤਿਜੁਗ ਅਖਬਾਰ ਨਿਰੰਕਾਰ ਸਿੰਘ ਚੇਤਨ ਤੇ ਮੰਗਲ ਸਿੰਘ ਫਤੂਹੀ ਚੱਕੀਆਂ ਦੀ ਸਹਾਇਤਾ ਨਾਲ ਪ੍ਰਕਾਸ਼ਿਤ ਕਰਕੇ ਲੈ ਕੇ ਪਹੁੰਚੇ । ਸਤਿਗੁਰੂ ਪਰਤਾਪ ਸਿੰਘ ਜੀ ਨੇ ਸਤਿਜੁਗ ਅਖਬਾਰ ਪੜ੍ਹਨ ਦੀ ਪ੍ਰੇਰਣਾ ਸਭ ਨੂੰ ਦਿੱਤੀ, ਤੇ ਹੁਕਮ ਕੀਤਾ ਕਿ ਸਭ ਨਾਮਧਾਰੀ ਸਤਿਜੁਗ ਦੇ ਗਾਹਕ ਬਨਣ । ਹੋਲੇ ਦੌਰਾਨ ਸਾਧ-ਸੰਗਤ ਨੇ ਪੰਜ ਕਿੱਲੇ ਕਮਾਦ ਇੰਦਰ ਸਿੰਘ ਦਾ ਭੰਨ ਲਿਆ ਸੀ । ਇੰਦਰ ਸਿੰਘ ਤੇ ਤਖਤ ਸਿੰਘ ਨੇ ਕੋਈ ਉਜਰ ਨਾ ਕੀਤਾ । ਇੰਦਰ ਸਿੰਘ ਜਦੋਂ ਕਰਜ਼ਾਈ ਹੁੰਦਾ ਮੇਲਾ ਕਰਦਾ । ਅਗਲੇ ਸਾਲ ਬਹੁਤ ਫਸਲ ਹੁੰਦੀ ਤੇ ਉਹ ਆਪਣਾ ਕਰਜ਼ਾ ਉਤਾਰ ਲੈਂਦਾ ।

ਨਾਮਧਾਰੀ ਦਰਬਾਰ ਦੀ ਸਥਾਪਨਾ

1921 ਈ. ਨੂੰ ਮੁਕਤਸਰ (ਫਿਰੋਜ਼ਪੁਰ) ਦੇ ਹੋਲੇ ਤੇ ਸੰਤ ਆਲਾ ਸਿੰਘ ਜੀ ਨੇ ਹੋਲੇ ਦੇ ਸਾਰੇ ਸਾਮਾਨ ਦਾ ਪ੍ਰਬੰਧ ਕਰ ਦਿੱਤਾ, ਪਰ ਤੰਬੂਆਂ ਦਾ ਕਿਰਾਇਆ ਦੋ ਸੌ ਦੇਣੇ ਬਾਕੀ ਰਹਿ ਗਏ । ਸੰਤ ਜੀ ਆਪਣੇ ਸਾਥੀਆਂ ਸਮੇਤ ਚੂਹੜਕਾਣੇ ਵਲ ਜਾ ਰਹੇ ਸਨ, ਕਿ ਰਸਤੇ ਵਿਚ ਸੰਤ ਸੁੰਦਰ ਸਿੰਘ ਜੀ ਸੰਤਾਂ ਨੂੰ ਮਿਲੇ । ਸੁੰਦਰ ਸਿੰਘ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਦੋ ਮਹੀਨੇ ਉਹ ਸੁੰਦਰ ਸਿੰਘ ਦੇ ਘਰ ਰਹਿ ਕੇ ਪ੍ਰਸਾਦਾ ਆਪ ਵੀ ਛਕਣ ਤੇ ਸਾਧ-ਸੰਗਤਾਂ ਨੂੰ ਵੀ ਛਕਾਣ । ਜੇਵਰ, ਕਪੜੇ ਮਕਾਨ ਆਦਿ ਤਾਂ ਲੋਕ ਗਹਿਣੇ ਪਾਂਦੇ ਹੀ ਹਨ, ਪਰ ਇਥੇ ਸੰਤ ਆਲਾ ਸਿੰਘ ਜੀ ਹੋਲੇ ਦੀ ਖਾਤਿਰ ਸੁੰਦਰ ਸਿੰਘ ਕੋਲ ਗਹਿਣੇ ਪੈ ਗਏ ਤੇ ਉਸਦੇ ਬਦਲੇ 200 ਰੁਪਏ ਦੀ ਰਕਮ ਤੰਬੂਆਂ ਵਾਲਿਆਂ ਨੂੰ ਪਹੁੰਚਾ ਦਿੱਤੀ ਗਈ । ਇਸ ਹੋਲੇ ਮਹੱਲੇ ਦੀ ਖਾਸ ਵਿਸ਼ੇਸ਼ਤਾ ਇਹ ਹੈ, ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ, ਜਿਸਦਾ ਮੁੱਖ ਉਦੇਸ਼ ਆਪਣੇ ਪੰਥਕ ਕੰਮਾਂ ਦੇ ਨਾਲ-ਨਾਲ ਸਰਕਾਰੀ ਕੰਮਾਂ ਨੂੰ ਸਿਰੇ ਚੜ੍ਹਾਣਾ ਸੀ । ਨਾਮਧਾਰੀ ਦਰਬਾਰ ਦੇ ਮੁੱਖੀ ਮਹਾਰਾਜ ਗੁਰਦਿਆਲ ਸਿੰਘ ਜੀ ਬਣੇ । ਇਸਦੇ

ਪਹਿਲੇ ਪ੍ਰਧਾਨ ਰਾਜਾ ਧਿਆਨ ਸਿੰਘ ਜੀ ਬਣੇ, ਫਿਰ ਲਛਮਣ ਸਿੰਘ, ਆਲਿਮ ਜੀ ਆਦਿ ਬਣਾਏ ਗਏ ।

ਮੰਗਣੀ ਬੰਦ

1924 ਈ. ਨੂੰ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਹੋਲੇ ਤੋਂ ਪਹਿਲਾਂ ਹੀ ਬਿਜਲੀਵਾਲ ਆਨ ਦਰਸ਼ਨ ਦਿੱਤੇ । ਸੰਤ ਲਾਲ ਸਿੰਘ ਜੀ ਤੇ ਉਹਨਾਂ ਦੇ ਸਪੁੱਤਰ ਗੁਰਬਖਸ਼ ਸਿੰਘ ਨੂੰ ਨਾਲ ਲੈ ਕੇ ਸਵੇਰੇ-ਸਵੇਰੇ ਲੰਗਰ ਤੇ ਦੀਵਾਨਾਂ ਦੇ ਸਥਾਨ ਵੇਖਣ ਗਏ । ਉਥੇ ਸਾਰਿਆਂ ਨੂੰ ਉਪਦੇਸ਼ ਦਿੱਤਾ, "ਸਾਧ-ਸੰਗਤ ਦੇ ਸੁਆਗਤ ਵਾਸਤੇ ਐਸੇ ਸੁਭਵਾਨ ਸਿੱਖਾਂ ਨੂੰ ਰਖਿਆ ਜਾਵੇ ਜਿਹੜੇ ਆਪਣੇ ਮਿੱਠੇ ਬਚਨਾਂ ਤੇ ਆਦਰ ਸਤਿਕਾਰ ਨਾਲ ਆਏ ਸਿੱਖਾਂ ਸਾਧਾਂ ਦਾ ਥੱਕੇਵਾਂ ਦੂਰ ਕਰ ਦੇਣ । ਅਸਲ ਹੋਲਾ ਇਹ ਹੈ, ਕਿ ਕੋਈ ਭੁੱਖਾ ਤਾਂ ਭਾਵੇਂ ਚਲਾ ਜਾਵੇ, ਪਰ ਦੁੱਖੀ ਨਾ ਜਾਵੇ । ਕੌੜੇ ਬਚਨਾਂ ਨਾਲ ਕਿਸੇ ਦਾ ਦਿਲ ਨਾ ਦੁਖਾਇਆ ਜਾਵੇ । ਕਿਸੇ ਨਾਲ ਵਾਧਾ ਨਾ ਕਰੋ ਤੇ ਅਨਿਆਂ ਜਰੋ ਨਾ । ਵਾਧਾ ਕਰਨ ਵਾਲੇ ਦੀ ਮੁਥਾਜੀ ਨਹੀਂ ਕਰਨੀ, ਮਾਰ ਨਹੀਂ ਖਾਣੀ ਮਰ ਭਾਵੇਂ ਜਾਣਾ ਪਵੇ, ਪਰ ਈਮਾਨਦਾਰੀ ਅਣਖ ਤੇ ਆਣ ਵਿਚ ਰਹਿਣਾ ।" 'ਇਸ ਹੋਲੇ ਮਹੱਲੇ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਮੁਟਿਆਰ ਹੋਈਆਂ ਬੀਬੀਆਂ ਦੀ ਮੰਗਣੀ ਕੋਈ ਨਾ ਕਰੇ, ਉਸੇ ਵੇਲੇ ਲੜਕਾ ਲੱਭ ਕੇ ਆਨੰਦ ਕਰ ਦੇਣਾ ਚਾਹੀਦਾ ਹੈ । ਮੰਗਣੀ ਕਰਨ ਵਾਲਿਆਂ ਨੂੰ ਡੰਨ ਲਗੇਗਾ ।'

1926 ਈ: ਨੂੰ ਗੁਜਰਾਂਵਾਲੇ ਦੇ ਹੋਲੇ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਬਚਨ ਕੀਤਾ, "ਸਾਨੂੰ ਸੰਤ ਕੇਸਰ ਸਿੰਘ ਜੀ ਚਵਿੰਡਾ ਵਾਲਿਆਂ ਦੇ ਬਚਨ ਯਾਦ ਆ ਜਾਂਦੇ ਹਨ, "ਮਹਾਰਾਜ ਐਡੀ ਵੱਡੀ ਕਾਰ ਕਲਿਜੁਗੀ ਜੀਵਾਂ ਤੋਂ ਨਾ ਲਿਆ ਕਰੋ, ਇਹ ਜੀਅ ਐਡਾ ਭਾਰ ਨਹੀਂ ਚੁੱਕ ਸਕਦੇ ਤੇ ਅਸੀਂ ਇਹ ਮੰਗ ਮੰਗਦੇ ਹਾਂ ਕਿ ਆਪਣੀ ਬਖਸ਼ਸ਼ ਦਾ ਦਰਵਾਜ਼ਾ ਇਹਨਾਂ ਜੀਆਂ ਲਈ ਸਦਾ ਖੁਲ੍ਹਾ ਰਖਣਾ ।"

ਮਾਈਆਂ ਤੇ ਕਿਰਪਾ

1929 ਈ. ਨੂੰ ਪਿੰਡ ਸਿਆਹੜ ਦੇ ਮੇਲੇ ਤੇ ਸੰਤ ਅਜੈਬ ਸਿੰਘ ਜੀ ਆਪਣੇ ਜੱਥੇ ਸਮੇਤ ਸਤਿਗੁਰੂ ਜੀ ਦੇ ਰੰਗੇ ਵਿਚ ਰੰਗੇ ਹੋਏ 'ਜੀ ਮੈਂ ਸੁਣ ਸੁਣ ਜੀਵਾਂ ਜਿਹੜੇ ਰਹੇ ਰਾਮ ਦੇ ਹੋ ।' ਉੱਚੀ-ਉੱਚੀ ਗਾਇਨ ਕਰ ਰਹੇ ਸਨ । ਸਤਿਗੁਰੂ ਪਰਤਾਪ ਸਿੰਘ ਜੀ ਨੇ ਲਾਂਗਰੀ ਕਿਰਪਾ ਸਿੰਘ ਨੂੰ ਕਿਹਾ "ਅੱਜ ਅਜੈਬ ਸਿੰਘ ਸਾਨੂੰ ਪ੍ਰਸਾਦਾ ਨਹੀਂ ਛਕਣ ਦਿੰਦਾ ।" ਉਸੇ ਵੇਲੇ ਸਾਧ-ਸੰਗਤ ਵਿਚ ਆ ਕੇ ਦਰਸ਼ਨ ਦਿੱਤੇ ਤੇ ਸਾਰੇ ਦੀਵਾਨ ਦਾ ਅਨੰਦ ਮਾਣਿਆ । ਸਤਿਗੁਰੂ ਜੀ ਅਜੈਬ ਸਿੰਘ ਹੋਰਾਂ ਦੇ ਸ਼ਬਦਾਂ ਦੀ ਮਿਠਾਸ ਤੇ ਰਸ ਦੀ ਸਲਾਹੁਣਾ ਕੀਤੀ ਕਿਉਂਕਿ ਉਹ ਗ੍ਰਿਹਸਤੀ ਸਨ ਅਤੇ ਕਿਰਤ ਦੀ ਕਮਾਈ ਤੇ ਭਰੋਸਾ ਰੱਖਦੇ ਸਨ ਤੇ ਪੰਥ ਪਿਆਰ ਵਿਚ ਰੁਝੇ ਪੰਥਕ ਕੰਮ ਸਿਰੇ ਚਾੜ੍ਹਦੇ ਸਨ ।

ਇਸੇ ਪਿੰਡ ਸਿਆਹੜ ਜਿਥੇ ਸਤਿਗੁਰੂ ਰਾਮ ਸਿੰਘ ਜੀ ਨੇ 1915* ਵਿਚ ਮਾਈਆਂ ਨੂੰ ਅੰਮ੍ਰਿਤ ਛਕਾ ਕੇ ਪੁਰਖਾਂ ਨਾਲ ਬਰਾਬਰੀ ਤੇ ਲੈ ਆਂਦਾ ਸੀ। ਸਭ ਤੋਂ ਪਹਿਲਾਂ ਸੰਤ ਰਣ ਸਿੰਘ ਜੀ ਨੰਬਰਦਾਰ ਦੀ ਮਹਿਲ ਖੇਮ ਕੌਰ ਨੇ ਕਛਹਿਰਾ ਧਾਰਨ ਕਰਕੇ ਅੰਮ੍ਰਿਤਪਾਨ ਕੀਤਾ ਤੇ ਫਿਰ 20-25 ਮਾਈਆਂ ਨੇ ਕਛਹਿਰੇ ਪਹਿਨ ਕੇ ਅੰਮ੍ਰਿਤ ਛਕ ਕੇ ਆਪਣਾ ਜਨਮ ਸਫਲ ਕੀਤਾ। ਦੋ ਸਾਲ ਬਾਅਦ ਇਸ ਮਾਈ ਖੇਮ ਕੌਰ ਨੇ ਰਾਮ-ਸਰ ਦੇ ਕੰਢੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਸੋਧ ਰੱਖਣ ਦੀ ਇੱਛਾ ਪ੍ਰਗਟ ਕੀਤੀ। ਸਤਿਗੁਰੂ ਰਾਮ ਸਿੰਘ ਜੀ ਨੇ ਮਾਈ ਖੇਮ ਕੌਰ ਨੂੰ ਰਾਮਸਰੋਂ ਇਸ਼ਨਾਨ ਕਰਾ ਸੋਧ ਰੱਖਾਈ ਤੇ ਉਸਨੂੰ ਸੋਧ ਮਰਿਆਦਾ ਦੀ ਸਿੱਖਿਆ ਦਿੱਤੀ। ਬੀਬੀ ਖੇਮ ਕੌਰ ਨਾਮਧਾਰੀ ਇਸਤ੍ਰੀ ਜਗਤ ਵਿਚ ਪਹਿਲੀ ਬੀਬੀ ਸੀ, ਜਿਸਨੇ ਕਛਹਿਰਾ ਧਾਰਨ ਕੀਤਾ, ਜਿਸਨੇ ਅੰਮ੍ਰਿਤ-ਪਾਨ ਕੀਤਾ, ਜਿਸਨੇ ਸੁਚ ਸੋਧ ਦੀ ਮਰਿਆਦਾ ਨੂੰ ਧਾਰਨ ਕੀਤਾ।

ਬੰਧਨ ਕਾਟੇ

1931 ਈ. ਨੂੰ ਸੰਧਵਾ ਦੇ ਮੇਲੇ ਤੇ ਰੂਪਾਣੇ ਦੇ ਉਤਮ ਸਿੰਘ ਤੇ ਅਰਜਨ ਸਿੰਘ ਨੇ ਸਭ ਸਾਧ-ਸੰਗਤ ਨੂੰ ਦੱਸਿਆ ਕਿ ਕਤਲ ਕਰਨ ਦੇ ਜੁਰਮ ਵਿਚ ਉਹਨਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ ਸੀ ਪਰ ਉਹਨਾਂ ਦੇ ਅੰਦਰ ਹੋਲਾ ਵੇਖਣ ਦੀ ਬਹੁਤ ਰੀਝ ਸੀ। ਸਤਿਗੁਰੂ ਜੀ ਨੇ ਉਹਨਾਂ ਦੀ ਅਰਦਾਸ ਸੁਣੀ ਤੇ ਅਧੀਂ ਰਾਤੀ ਘੋੜੇ ਤੇ ਚੜ੍ਹ ਦਰਸ਼ਨ ਦੇ ਕੇ ਬਚਨ ਕੀਤਾ, "ਹੋਲੇ ਤੇ ਆਵੀਂ', ਭਜਨ ਕਰੋ, ਬਰੀ ਹੋਵੋਗੇ।" ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਬੰਦ ਖਲਾਸ ਕੀਤੀ ਤੇ ਹੋਲੇ ਮੇਲੇ ਦੇ ਦਰਸ਼ਨ ਕਰਾਏ। ਇਸ ਹੋਲੇ ਤੇ ਬਾਰਸ਼ ਕਰਕੇ ਸਾਧ-ਸੰਗਤ ਨੂੰ ਕਾਫ਼ੀ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਅਗਲੇ ਪੰਜ ਸਾਲ ਹੋਲੇ ਸ੍ਰੀ ਭੈਣੀ ਸਾਹਿਬ ਵਿਖੇ ਕੀਤੇ।

ਹੋਲੇ ਏਦਾਂ ਆਓ

1933 ਈ. ਨੂੰ ਸ੍ਰੀ ਭੈਣੀ ਸਾਹਿਬ ਹੋਲੇ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਤਿਜੁਗ ਰਾਹੀਂ ਪ੍ਰਕਾਸ਼ਿਤ ਕਰਵਾ ਦਿੱਤਾ ਕਿ ਸ੍ਰੀ ਭੈਣੀ ਸਾਹਿਬ ਹੋਲੇ ਮੇਲੇ ਦੇ ਸ਼ੁਭ ਅਵਸਰ ਤੇ ਸਾਧ-ਸੰਗਤ ਨੇ ਇਸ ਤਰ੍ਹਾਂ ਪਹੁੰਚਣਾ ਹੈ—

—ਜਥੇਦਾਰ ਆਪਣੇ ਜਥਿਆਂ ਨਾਲ ਸ਼ਬਦ ਕੀਰਤਨ ਕਰਦੇ ਹੋਏ ਆਉਣ।

—ਅੰਮ੍ਰਿਤ ਵੇਲੇ ਉਠ ਕੇ ਸਣੇ-ਕੇਸੀ ਇਸ਼ਨਾਨ ਕਰਨ।

—ਚੰਗੀ ਸਾਫ਼ ਸੁਥਰੀ ਥਾਂ ਵੇਖ ਕੇ ਬੈਠ ਕੇ ਚੰਡੀ ਦੀ ਵਾਰ ਦਾ ਪਾਠ ਕਰਨ।

---

* ਬਿਕ੍ਰਮੀ

—ਹਰ ਨਗਰ ਦੇ ਕੋਲੋਂ ਢੋਲਕ ਛੈਣਿਆਂ ਦੀ ਆਵਾਜ਼ ਨਾਲ ਸ਼ਬਦ ਪੜ੍ਹਦੇ ਲੰਘਣ।

—ਜਿਸਨੇ ਭਜਨ ਪੁੱਛਿਆ ਹੋਵੇ ਉਸਦੀ ਰਸਦ ਲੈ ਪ੍ਰਸ਼ਾਦਾ ਛਕੋ ਨਹੀਂ ਤੇ ਆਪਣੇ ਕੋਲੋਂ ਰਸਦ ਪਾਣੀ ਖਰੀਦਣਾ।

—ਰੋਜ਼ ਦਾ 10-12 ਕੋਹ ਪੈਦਲ ਤੁਰਣਾ।

—ਕਿਸੇ ਭੇਖ ਜਾਂ ਮਤ ਦੀ ਨਿੰਦਾ ਨਾ ਕਰਨੀ।

—ਕਿਸੇ ਦਾ ਵੀ ਮੰਦੇ ਬੋਲ ਬੋਲ ਕੇ ਦਿਲ ਨਹੀਂ ਦੁਖਾਣਾ।

—ਰਸਤੇ ਵਿਚ ਜੇ ਇਕ ਵੀ ਨਵਾ ਸਿੱਖ ਸੱਜ ਜਾਏ, ਆਪਣੀ ਯਾਤਰਾ ਸਫਲ ਸਮਝੋ।

—ਭਜਨ ਦਸਣ ਤੋਂ ਪਿਛੋਂ ਉਸਨੂੰ ਸ੍ਰੀ ਭੈਣੀ ਸਾਹਿਬ ਆ ਕੇ ਸਾਧ-ਸੰਗਤ ਦੇ ਦਰਸ਼ਨ ਕਰਨ ਦੀ ਪ੍ਰੇਰਣਾ ਦੇਵੇ।

—ਆਪਣੇ ਕੋਲ ਪਿੱਤਲ ਦੀ ਥਾਂ ਲੋਹੇ ਦੇ ਗੜਵੇ ਰੱਖੋ।

—ਸਭ ਮਰਦ, ਇਸਤ੍ਰੀਆਂ ਨਾਮਧਾਰੀ ਪਹਿਰਾਵੇ ਵਿਚ ਹੀ ਆਉਣ।

1935 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਲਾ ਆਰੰਭ ਹੋਣ ਤੋਂ ਪਹਿਲਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਭ ਜਥੇਦਾਰਾਂ, ਰਾਗੀਆਂ ਆਦਿ ਨੂੰ ਹੁਕਮ ਕੀਤਾ ਕਿ ਆਪਣੇ ਸਤਿਗੁਰੂ ਜੀ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੀਰਤਨ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਸੂਰਜ ਵਲ ਮੁੱਖ ਕਰਨ ਤੇ ਪਰਛਾਵਾਂ ਆਪਣੇ ਆਪ ਪਿਛੇ ਲੱਗ ਟੁਰਦਾ ਹੈ, ਤਿਵੇਂ ਸਤਿਗੁਰੂ ਵਲ ਮੁੱਖ ਰਖਿਆਂ, ਮਾਇਕੀ ਪਦਾਰਥ ਆਪਣੇ ਆਪ ਪਿਛੇ ਲੱਗ ਟੁਰਦੇ ਹਨ।"

ਨੁਕਸਾਨ ਨਾ ਹੋਇਆ

1939 ਈ. ਦੇ ਹੋਲੇ ਤੇ ਤਿਲਹਾੜੇ ਦੇ ਜੱਟਾਂ ਨੂੰ ਫਿਕਰ ਪੈ ਗਿਆ ਕਿ ਸਾਧ-ਸੰਗਤ ਦੇ ਆਉਣ ਤੇ ਲੋਕਾਂ ਦੇ ਖੇਤ ਮਿਥੇ ਜਾਣਗੇ। ਸੰਤ ਭਗਤ ਸਿੰਘ ਜੀ ਨੇ ਜ਼ਿੰਮੇਵਾਰੀ ਲਈ, ਕਿ ਉਹ ਸੰਗਤਾਂ ਨੂੰ ਸਮਝਾ ਦੇਣਗੇ। ਪਿੰਡ ਦਾ ਇਕ ਚੌਧਰੀ ਤੇ ਆਖੇ ਲੱਗ ਗਿਆ ਪਰ ਦੂਸਰਾ ਨਾ ਮੰਨਿਆ। ਸੰਤਾਂ ਬਚਨ ਕੀਤਾ, "ਸਾਡਾ ਰੱਬ ਰਾਖਾ ਹੈ।" ਕੁਝ ਮੁਸਲਮਾਨਾਂ ਨੇ ਵਾਇਦਾ ਕੀਤਾ ਕਿ ਉਹ ਸੰਗਤਾਂ ਦਾ ਹਰ ਤਰ੍ਹਾਂ ਨਾਲ ਲਿਹਾਜ ਰੱਖਣਗੇ। ਅਕਾਲ-ਪੁਰਖ ਦੀ ਰਜ਼ਾ ਇਸ ਤਰ੍ਹਾਂ ਹੋਈ ਕਿ ਮੇਲੇ ਤੋਂ ਦੋ ਦਿਨ ਪਹਿਲਾਂ ਬੜੀ ਬਾਰਸ਼ ਤੇ ਗੜ੍ਹੇ ਪਏ, ਆਖੇ ਨਾ ਲਗਣ ਵਾਲਿਆਂ ਦੀ ਫ਼ਸਲ ਤਬਾਹ ਹੋ ਗਈ ਤੇ ਰਾਖੀ ਕਰਨ ਦੀ ਲੋੜ ਹੀ ਨਾ ਪਈ ਤੇ ਦੂਸਰਿਆਂ ਜਿਨ੍ਹਾਂ ਨੇ ਕਿਹਾ ਅਸੀਂ ਸੰਗਤਾਂ ਦੀਆਂ ਵਧੀਕੀਆਂ ਸਹਨ ਕਰਾਂਗੇ, ਉਨ੍ਹਾਂ ਦਾ ਕੋਈ ਨੁਕਸਾਨ ਨਾ ਹੋਇਆ।

ਨਾਮਧਾਰੀ ਦਰਬਾਰ ਦਾ ਇਕੱਠ ਦੋ ਦਿਨ ਹੋਇਆ, ਜਿਸ ਵਿਚ ਹੇਠ ਲਿਖਿਤ ਮਤੇ ਪਾਸ ਹੋਏ :—

1. ਰਾਜ-ਕੋਟ ਦੇ ਠਾਕਰ ਜੀ ਨੂੰ ਮਹਾਤਮਾ ਗਾਂਧੀ ਦੇ ਰਾਜਕੋਟ ਸਤਿਆਗ੍ਰਹਿ ਤੇ ਮਰਨ ਬ੍ਰਤ ਬਾਬਤ ਅਪੀਲ ਕੀਤੀ ਜਾਵੇ ਕਿ ਉਹ ਮਹਾਤਮਾ ਜੀ ਦੀਆਂ ਮੰਗਾਂ ਛੇਤੀ ਪਰਵਾਨ ਕਰਨ ।

2. ਸਤਿਗੁਰੂ ਜੀ ਦੇ ਚਰਨਾਂ ਵਿਚ ਸੁਭਾਸ਼ ਚੰਦਰ ਜੀ ਬੋਸ ਦੀ ਦੇਹ ਅਰੋਗਤਾ ਵਾਸਤੇ ਅਰਦਾਸ ਕੀਤੀ ਜਾਵੇ, ਤਾਂ ਕਿ ਉਹ ਦੇਸ਼-ਸੇਵਾ ਵਿਚ ਤੱਤਪਰ ਹੋ ਸਕਣ ।

3. ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਦਾ ਮੁਢ ਸ੍ਰੀ ਭੈਣੀ ਸਾਹਿਬ ਵਿਖੇ ਬਧਾ ਸੀ । ਇਸ ਲਈ ਐਤਕੀਂ ਕਾਂਗਰਸ ਦਾ ਸਾਲਾਨਾ ਇਜਲਾਸ ਸ੍ਰੀ ਭੈਣੀ ਸਾਹਿਬ ਵਿਖੇ ਕੀਤਾ ਜਾਵੇ ।

4. ਨਾਮਧਾਰੀ ਦਰਬਾਰ ਦੇ ਪ੍ਰਧਾਨ ਸੰਤ ਆਲਿਮ ਜੀ ਵਲੋਂ ਚੋਣਾਂ ਜਿੱਤਣ ਦੀ ਖੁਸ਼ੀ 'ਚ ਵਧਾਈ ਤੇ ਮਹਾਤਮਾ ਗਾਂਧੀ ਤੇ ਡਾ: ਕਿਚਲੂ ਜੀ ਨੂੰ ਹਿੱਤ ਤੇ ਹਮਦਰਦੀ ਦੀਆਂ ਤਾਰਾਂ ਭੇਜੀਆਂ ਜਾਣ ।

1941 ਈ. ਦੇ ਸ੍ਰੀ ਭੈਣੀ ਸਾਹਿਬ ਹੋਲੇ ਤੇ ਆਲਮ ਜੀ ਨੇ ਕਿਹਾ ਸਤਿਗੁਰੂ ਬਾਲਕ ਸਿੰਘ ਜੀ ਤੋਂ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਤਕ ਪਰਚਾਰਕ ਆਪਣੇ ਲਈ ਕਮਾਈ ਕਰਨ ਲਈ ਘਰੋਂ ਨਹੀਂ ਸਨ ਨਿਕਲਦੇ, ਸਗੋਂ ਆਪ ਸੰਪੰਨ ਹੋ ਕੇ ਗਿਆਨ ਨੂੰ ਦੂਸਰੇ ਲੋਕਾਂ ਤਕ ਪਹੁੰਚਾਣ ਲਈ ਘਰੋਂ ਨਿਕਲਦੇ ਸਨ । ਹੁਣ ਕੂਕੇ ਵੀ ਮਾਇਆ ਤੇ ਮਾਨ ਨੂੰ ਵਧੇਰੇ ਮਹੱਤਤਾ ਦੇਣ ਲੱਗ ਪਏ ਹਨ । ਇਸ ਵੇਲੇ ਵੱਧ ਤੋਂ ਵੱਧ ਵਿਦਿਆਲੇ ਖੋਲ੍ਹ ਕੇ ਲੋਕਾਂ ਨੂੰ ਨਾਮਧਾਰੀ ਪੰਥ ਬਾਰੇ ਵਧੇਰੇ ਗਿਆਨ ਦਿੱਤਾ ਜਾ ਸਕਦਾ ਹੈ । ਸਤਿਗੁਰੂ ਪਰਤਾਪ ਸਿੰਘ ਜੀ ਨੇ ਸਭ ਨੂੰ ਉਪਦੇਸ਼ ਦਿੱਤਾ, 'ਕਥਨੀ ਨਾਲੋਂ ਕਰਨੀ ਵਲ ਧਿਆਨ ਦੇਣ ਦੀ ਜ਼ਿਆਦਾ ਲੋੜ ਹੈ, ਤਾਂ ਹੀ ਅਸੀਂ ਦੂਸਰੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਾਂ ।'

ਮਿਲਾਪ ਕਾਨਫ਼ਰੰਸ

1942 ਈ. ਨੂੰ ਸ੍ਰੀ ਭੈਣੀ ਸਾਹਿਬ ਹੋਏ ਹੋਲੇ ਤੇ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੇ ਨਿਰਮਲੇ, ਉਦਾਸੀ, ਨਿਹੰਗ, ਹਿੰਦੂ, ਸਿੱਖ ਤੇ ਮੁਸਲਮਾਨ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਸਨ । ਆਲਮ ਜੀ ਨੇ 'ਹੋਇ ਇਕਤ੍ਰ ਮਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵਲਾਇ ।'' ਪੜ੍ਹ ਕੇ ਸਾਰਿਆਂ ਨੂੰ ਮੇਲ ਮਿਲਾਪ ਦਾ ਸੰਦੇਸ਼ ਦਿੱਤਾ । ਸਰਦਾਰ ਪਰਤਾਪ ਸਿੰਘ ਕੈਰੋਂ ਦੀ ਪ੍ਰਧਾਨਗੀ ਹੇਠ ਮਿਲਾਪ ਕਾਨਫ਼ਰੰਸ ਹੋਈ । ਹਰ ਰੋਜ਼ ਹਵਨ ਹੁੰਦਾ ਤੇ ਦੋ ਸੌ ਦੇ ਕਰੀਬ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਪ੍ਰਕਾਸ਼ ਕਰਕੇ ਪਾਠਾਂ ਦੇ ਭੋਗ ਪਾਏ ਗਏ । ਖੁਲ੍ਹੇ ਲੰਗਰ ਦੇ ਗੱਫੇ ਵਰਤਾਏ ਗਏ । ਸਤਿਗੁਰੂ ਜੀ, ਮਾਤਾ ਜੀਊਣ ਕੌਰ ਜੀ ਨੂੰ ਅਰਦਾਸ ਵਿਚ ਜ਼ਰੂਰ ਖਲਾਰਦੇ ਤੇ ਪ੍ਰਸਾਦਿ ਤੇ ਨਜ਼ਰ ਪੁਆਉਂਦੇ ਤੇ ਨਾਲ ਹੀ ਬਚਨ ਕਰਦੇ, ''ਮਾਤਾ ਜੀ ਦੀ ਨਜ਼ਰ ਤੇ ਹੱਥਾਂ ਵਿਚ ਰਿਧੀਆਂ ਸਿਧੀਆਂ ਹਨ । ਇਹੀ ਵਜ੍ਹਾ ਸੀ ਕਿ ਸਾਧ-ਸੰਗਤ ਦੇ ਛੱਕਣ ਤੋਂ ਉਪਰੰਤ ਵੀ ਲੰਗਰ ਬਚਿਆ ਰਹਿੰਦਾ ਹੈ ।'' ਪਸ਼ੂਆਂ ਦੀ ਪ੍ਰਦਰਸ਼ਨੀ ਹੋਈ ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਜੇਤੂਆਂ ਨੂੰ ਆਪਣੇ ਪਵਿਤ੍ਰ ਕਰ-ਕੰਵਲਾਂ ਰਾਹੀਂ ਇਨਾਮ ਦਿੱਤੇ ਤਾਂ ਨਾਲ ਹੀ ਬਚਨ ਕੀਤਾ ਕਿ ਜਿਹੜੇ ਪਸ਼ੂਆਂ ਦੀ ਚੰਗੀ ਨਸਲ ਬਨਾਉਣਾ ਚਾਹੁੰਦੇ ਹਨ, ਉਹਨਾਂ ਨੂੰ ਸਾਹਣ ਮੁਫ਼ਤ ਦਿੱਤੇ ਜਾਣਗੇ। ਸਤਿਗੁਰੂ ਜੀ ਸਭ ਨੂੰ ਸਿੱਖਿਆ ਦੇਣ ਲਈ ਬੋਲੇ :—

"ਜੇ ਉਹ ਲੋਕ ਇਕੱਠੇ ਹੋ ਸਕਦੇ ਹਨ ਜਿਨ੍ਹਾਂ ਦਾ ਇਕ ਮੇਜ਼ ਤੇ ਜਾਂ ਲਾਗੇ ਬੈਠ ਚਾਹ ਪੀਣਾ ਵੀ ਮੁਸ਼ਕਲ ਸੀ ਜਿਵੇਂ ਕਿ ਇੰਗਲੈਂਡ, ਰੂਸ, ਚੀਨ। ਮਜ਼ਹਬ ਦੇ ਲਿਹਾਜ ਨਾਲ ਇਹ ਇਕ ਦੂਸਰੇ ਤੋਂ ਬੜੇ ਦੂਰ ਹਨ, ਪਰ ਹੁਣ ਉਹ ਰਣ-ਭੂਮੀ ਵਿਚ, ਸਣੇ ਅਮਰੀਕਾ, ਜਰਮਨ, ਇਟਲੀ, ਜਾਪਾਨ ਵਿਰੁਧ ਇਕ ਹੋ ਜੁਟੇ ਹਨ ਤਾਂ ਅਸੀਂ ਕਿਵੇਂ ਇਕ ਨਹੀਂ ਹੋ ਸਕਦੇ।" ਦਸਮ ਗ੍ਰੰਥ ਸਾਹਿਬ ਦੀ ਬਾਣੀ ਤੇ ਜ਼ੋਰ ਦੇਂਦਿਆਂ ਕਿਹਾ ਕਿ "ਜੇ ਦਸਮ-ਗ੍ਰੰਥ ਸਾਹਿਬ ਦੀ ਬਾਣੀ ਨਹੀਂ ਮੰਨੋਗੇ, ਤਾਂ ਅੰਮ੍ਰਿਤ ਕਿਵੇਂ ਤਿਆਰ ਕਰੋਗੇ। ਅਰਦਾਸਾ ਕਿਥੋਂ ਲੈ ਕਰੋਗੇ ?"

ਹਿੰਦੂ-ਸਿੱਖ ਮਿਲਾਪ ਕਾਨਫ਼ਰੰਸ

1943 ਈ. ਨੂੰ ਸ੍ਰੀ ਭੈਣੀ ਸਾਹਿਬ ਹੋਏ ਹੋਲੇ ਤੇ 11 ਚੇਤਰ "ਹਿੰਦੂ-ਸਿੱਖ ਮਿਲਾਪ ਕਾਨਫ਼ਰੰਸ" ਹੋਣ ਕਰਕੇ ਬਹੁਤ ਹਿੰਦੂ, ਸਿੱਖ, ਪਤਵੰਤੇ, ਅਖ਼ਬਾਰਾਂ ਦੇ ਐਡੀਟਰ ਅਤੇ ਵਿਦਵਾਨ ਉਪਸਥਿਤ ਸਨ। ਸਤਿਗੁਰੂ ਪਰਤਾਪ ਸਿੰਘ ਜੀ ਸਭ ਆਇਆਂ ਨੂੰ ਆਪਣੀ ਮਿੱਠੀ-ਮਿੱਠੀ ਮੁਸਕਾਨ ਵੰਡਦੇ ਤੇ ਸਫ਼ੈਦ ਉਨ ਦੀ ਮਾਲਾ ਜੀ ਆਇਆਂ ਕਹਿ ਕੇ ਗਲੇ ਪਹਿਰਾਂਦੇ। ਸੰਤ ਨਿਧਾਨ ਸਿੰਘ ਆਲਮ ਨੇ ਸਭ ਨੂੰ ਕਿਹਾ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਰਜ਼ਾ ਹੈ ਕਿ ਅਸੀਂ ਸਾਰੇ ਮਿਲ ਜੁਲ ਕੇ ਰਹੀਏ। ਗੋਸਵਾਮੀ ਗਣੇਸ਼ ਦੱਤ, ਬਿਰਲਾ ਜੀ, ਆਲਿਮ ਜੀ, ਚੱਕਰਵਰਤੀ ਜੀ ਨੇ ਹਿੰਦੂ ਸਿੱਖ ਮਿਲਾਪ ਤੇ ਭਾਸ਼ਣ ਦਿੱਤੇ ਤੇ ਇਹ ਮਤੇ ਪਾਸ ਹੋਏ :—

1. ਹਿੰਦੂ ਸਿੱਖ ਮਿਲਾਪ।
2. ਗਊ ਰੱਖਿਆ।
3. ਸਵਦੇਸ਼ੀ ਲਿਬਾਸ।

ਇਸ ਮੇਲੇ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ :—

ਹਰ ਸਿੱਖ ਨੂੰ ਚੰਗੀ ਨਸਲ ਦੀ ਗਊ ਘਰ ਪ੍ਰਤੀ ਜ਼ਰੂਰੀ ਰੱਖਣੀ ਚਾਹੀਦੀ ਹੈ।

ਗ੍ਰਹਿਸਥ ਧਰਮ ਵੱਡਾ ਤੇ ਸਭ ਧਰਮਾਂ ਦਾ ਤਾਂ ਹੈ ਜੇ ਧਰਮ ਨਿਭਾਏ ਜਾਣ, ਨਹੀਂ ਤੇ ਹੈਵਾਨਾਂ, ਜਾਨਵਰਾਂ ਤਰ੍ਹਾਂ ਹੀ ਹੈ। ਕਾਮ ਤੇ ਚਾਮ ਦਾ ਸਾਕ ਪਾਕ ਤਦ ਹੀ ਏ ਜੇ ਪਾਪ ਰਹਿਤ ਜੁਗਤ ਵੀ ਵਰਤੇ।

ਮੈਂ ਤੁਹਾਡੇ ਭਲੇ ਦੀ ਸਿੱਖਿਆ ਦਿੰਦਾ ਹਾਂ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਬਦੇਸ਼ੋਂ ਭੇਜੇ ਹੁਕਮਨਾਮਿਆਂ ਵਿਚ ਪੱਕੀ ਕੀਤੀ ਹੈ, 18-20 ਬਰਸਾਂ ਤੋਂ ਘੱਟ ਲੜਕਾ, 15-16 ਤੋਂ ਘੱਟ ਲੜਕੀ ਕੋਈ ਨਾ ਵਿਆਹੇ, ਤੇ ਲਿਖਿਆ ਹੈ ਸਭ ਹੀ ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਣੇ ਜਿਸ ਦਾ ਅਰਥ ਹੈ ਲੜਕੇ ਲੜਕੀਆਂ ਪੜ੍ਹੇ

ਹੋਏ ਤੇ ਸਿਆਣੇ ਹੋਣ। ਕੂਕੇ ਦਾ ਬਾਣਾ ਰਾਮ ਦਾ ਬਾਣਾ ਹੈ। ਇਹ ਕਿਸੇ ਦੇ ਹੱਕ ਵਲ ਹੱਥ ਪਾਉਣ ਤੇ ਤੱਕਣ ਦੀ ਛੁੱਟੀ ਕੀ, ਫੁਰਨਾ ਹੀ ਨਹੀਂ ਹੋਣ ਦਿੰਦਾ।

ਇਨਾਮ ਦਿੱਤੇ

1944 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਹੋਲੇ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਸਤਿਜੁਗ ਦੇ ਪਰਚੇ ਵਿਚ ਪਹਿਲਾਂ ਹੀ ਹੇਠ-ਲਿਖਿਤ ਗੱਲਾਂ ਬਾਰੇ ਸੂਚਨਾ ਦੇ ਦਿੱਤੀ :—

1. ਸਵਾ ਲੱਖ ਪਾਠਾਂ ਵਿਚ ਹਿੱਸਾ ਲੈਣ ਵਾਲਿਆਂ ਵਿਚੋਂ ਜਿਹੜਾ ਪਾਠ ਕੰਠ ਕਰਕੇ ਸੁਧ ਪਾਠ ਸੁਣਾਵੇਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ।
2. ਸੂਤਰਾਂ ਦੀ ਪਰਖ ਕਰਨ ਪਿਛੋਂ ਵਧੀਆ ਸੂਤਰ ਦੀ ਕਤਾਈ ਤੇ ਇਨਾਮ ਦਿੱਤਾ ਜਾਵੇਗਾ।
3. ਪਸ਼ੂਆਂ ਦੀ ਭੀ ਪਰਖ ਹੋਵੇਗੀ।
4. ਜਥੇਦਾਰਾਂ ਤੇ ਪ੍ਰਚਾਰਕਾਂ ਨੂੰ ਵੀ ਇਨਾਮ ਦੇ ਕੇ ਉਤਸਾਹਿਤ ਕੀਤਾ ਜਾਵੇਗਾ।
5. ਬੇਰੁਜ਼ਗਾਰਾਂ ਲਈ ਵਿਹਾਰ ਤੇ ਕਮਜ਼ੋਰ ਵਰਗ ਦੀ ਸਹਾਇਤਾ ਕੀਤੀ ਜਾਵੇਗੀ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪ ਪਾਠ ਸੁਣਿਆ। ਸਾਧੂ ਸਿੰਘ ਦਾ ਸ਼ੁਧ ਪਾਠ ਤੇ ਉਚਾਰਣ ਸੁਣ ਕੇ ਬਚਨ ਕੀਤਾ, "ਇਹੋ ਜਿਹਾ ਸੁਧ ਗੁਰਬਾਣੀ ਦਾ ਪਾਠ ਤੇ ਮੈਂ ਵੀ ਸ਼ਾਇਦ ਹੀ ਕਰ ਸਕਾਂ।" ਸਤਿਗੁਰਾਂ ਸਾਧੂ ਸਿੰਘ ਨੂੰ 25 ਰੁਪਏ ਇਨਾਮ ਵਜੋਂ ਦਿੱਤੇ। ਬਾਵਾ ਸਿੰਘ ਥੰਗੇ ਵਾਲਿਆਂ ਨੂੰ ਲੱਕੜ ਦੀ ਬਾਂਹ ਬਣਾ ਕੇ ਲਿਆਉਣ ਤੇ, ਜਿਸ ਨਾਲ ਕਲਮ ਫੜ ਕੇ ਲਿਖਿਆ ਭੀ ਜਾ ਸਕਦਾ ਸੀ, ਸਤਿਗੁਰੂ ਜੀ ਨੇ ਇਨਾਮ ਦਿੱਤਾ। ਵੈਦ ਹਰਨਾਮ ਸਿੰਘ ਨੂੰ ਵਧੀਆ ਚਾਰਪਾਈ ਬਨਾਣ ਤੇ ਇਨਾਮ ਦਿੱਤਾ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬਚਨ ਕੀਤਾ, "ਮੈਂ ਇਕ ਰਾਤ ਝੂਰਦਾ ਸੁੱਤਾ। ਇੰਨਾ ਖਰਚ ਏ ਲੰਗਰ ਤੇ ਸੇਵਕਾਂ ਆਦਿ ਦਾ, ਮੈਂ ਕਿਵੇਂ ਨਿਭਾਵਾਂਗਾ ? ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕਿਹਾ, ਇਸ ਲੰਗਰ ਦਾ ਮੈਂ ਸਾਥੀ ਹਾਂ, ਤੂੰ ਬੇਫ਼ਿਕਰ ਹੋ ਸੇਵਾ ਕਰੀ ਜਾ। ਅਗਲੇ ਦਿਨ ਗਣੇਸ਼ਾ ਸਿੰਘ ਮਿੰਟਗੁਮਰੀ ਵਾਲਿਆਂ ਮਾਤਾ ਜੀ ਦੇ ਰੂਬਰੂ 10,000 ਰੁਪਏ ਲਿਆ ਮੱਥਾ ਟੇਕਿਆ ਤੇ ਕਿਹਾ ਇਹ ਮੇਰੇ ਮੁਨਾਫ਼ੇ ਦਾ ਹਿੱਸਾ ਹੈ। ਫਿਰ ਕਦੇ ਵੀ ਲੰਗਰ ਦਾ ਫ਼ਿਕਰ ਤੇ ਮਾਇਆ ਦੀ ਥੁੜ ਮਹਿਸੂਸ ਨਹੀਂ ਹੋਈ।

1945 ਈ. ਦਾ ਹੋਲਾ ਸਿਰ ਤੇ ਆ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਚਰਨ ਸਿੰਘ ਨੂੰ ਰਾਤ ਦਰਸ਼ਨ ਦੇ ਕੇ ਕਿਹਾ "ਹੋਲਾ ਸਿਰ ਤੇ ਆਇਆ ਹੈ, ਤੁਸੀਂ ਢਿਲੇ ਪਏ ਹੋ, ਜਿਹੜਾ ਕੰਮ ਕਲ੍ਹ ਕਰਨਾ ਹੈ, ਅੱਜ ਕਰੋ।" ਚਰਨ ਸਿੰਘ ਨੇ ਸਵੇਰੇ ਉਠ ਕੇ ਸਾਰੇ ਸਿੱਖਾਂ ਨੂੰ ਇਕੱਠਾ ਕੀਤਾ ਤੇ ਸਤਿਗੁਰੂ ਜੀ ਦਾ ਸੰਦੇਸ਼ ਸੁਣਾ ਦਿੱਤਾ। ਉਸੇ ਦਿਨ ਹੀ ਸਤਿਗੁਰੂ ਜੀ ਨੇ ਸਾਖਿਆਤ ਰੂਪ ਵਿਚ ਉਥੇ ਦਰਸ਼ਨ ਦਿੱਤੇ, ਤੇ

ਲੰਗਰ ਦੀ ਜਗ੍ਹਾ, ਖੂਹ, ਬਿਸਰਾਮ ਆਦਿ ਸਥਾਨਾਂ ਦਾ ਪ੍ਰਬੰਧ ਕਰਨ ਦਾ ਉਦਮ ਬਖਸ਼ਿਆ । ਹੋਲੇ ਤੇ ਸਤਿਗੁਰੂ ਜੀ ਨੇ ਫੁਰਮਾਇਆ, "ਇਸ ਨਗਰੀ ਵਿਚ ਆ ਕੇ ਸਾਨੂੰ ਭੈਣੀ ਸਾਹਿਬ ਭੁਲ ਜਾਂਦਾ ਹੈ ।" ਨਾਮਧਾਰੀ ਦਰਬਾਰ ਦੇ ਪ੍ਰਧਾਨ ਸੰਤ ਨਿਧਾਨ ਸਿੰਘ ਆਲਿਮ, ਸੈਕਟਰੀ ਚੱਕਰਵਰਤੀ ਜੀ ਦੇ ਅਧੀਨ ਨਾਮਧਾਰੀ ਦਰਬਾਰ ਦੀ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ :—

1. ਕਾਂਗਰਸ ਨਾਲ ਅਸੀਂ ਉਥੋਂ ਤਕ ਮਿਲ ਕੇ ਕੰਮ ਕਰ ਸਕਦੇ ਹਾਂ ਜਿਥੋਂ ਤਕ ਸਾਡੇ ਨਾਮਧਾਰੀ ਪੁਣੇ, ਸਿੱਖੀ ਧਰਮ ਨੂੰ ਕਸਰ ਨਾ ਲੱਗੇ ।

2. ਅਸੈਂਬਲੀਆਂ ਵਿਚ ਜਾਣ ਦੀ ਕੋਈ ਲੋੜ ਨਹੀਂ ਕਿਉਂਕਿ ਕਾਂਗਰਸ ਸੁਦੇਸ਼ੀ ਰਾਜ ਨਹੀਂ ਮੰਗਦੀ ਸਿਰਫ ਸੀਟਾਂ ਹੀ ਮੰਗਦੀ ਹੈ ।

3. ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹੀ ਆਨੰਦ ਮਰਿਯਾਦਾ ਹੋ ਰਹੀ ਹੈ ਜਿਸ ਵਿਚ ਕੁਝ ਵੀ ਵਾਧਾ ਘਾਟਾ ਨਹੀਂ ਹੋ ਸਕਦਾ ।

ਰਾਵੀ ਪਾਰ ਹੋ ਜਾਓ

1947 ਈ. ਸ਼ੇਖੂਪੁਰਾ ਦੇ ਹੋਲੇ ਦੇ ਸਮੇਂ ਹਰ ਪਾਸੇ ਦਾ ਵਾਤਾਵਰਣ ਅਸ਼ਾਂਤ ਸੀ । ਚਾਰੇਂ ਪਾਸੇ ਅੱਗਾਂ ਲੱਗ ਰਹੀਆਂ ਸਨ । ਸਤਿਗੁਰੂ ਪਰਤਾਪ ਸਿੰਘ ਜੀ ਨੇ 24 ਫੱਗਣ ਹੋਲੇ ਦੇ ਦੀਵਾਨ ਵਿਚ ਸੁਣਾਇਆ "ਕੋਈ ਕੂਕਾ ਜਾਂ ਹੋਰ ਇਹ ਨਾ ਆਖੇ ਕਿ ਪਤਾ ਨਹੀਂ ਦਿੱਤਾ । ਜੋ ਭਲਾ ਚਾਹੁੰਦਾ ਏ, ਅਵਲ ਤਾਂ ਬਿਆਸਾ ਤੋਂ ਪਾਰ ਹੋ ਜਾਵੇ ਨਹੀਂ ਤਾਂ ਰਾਵੀਓ ਜ਼ਰੂਰ ਪਾਰ ਹੋ ਜਾਵੇ ਜਿਸ ਬਚਣਾ ਹੈ । ਜੋ ਥੋੜ੍ਹਾ ਉਦਮ ਕਰੇ ਤੇ ਬਾਲ-ਬੱਚਾ ਲੈ ਕੇ ਲਾਹੋਰ ਜ਼ਿਲੇ ਤੋਂ ਪਾਰ ਕਰ ਛਵੇ ।" ਸਤਿਗੁਰੂ ਜੀ ਨੇ ਇਹ ਭੀ ਬਚਨ ਕੀਤਾ, "ਕੂਕਿਓ ਤੁਸਾਂ ਕਿਸੇ ਨੂੰ ਨਾ ਮਾਰਨਾ, ਨਾ ਕਿਸੇ ਦੀ ਕੋਈ ਚੀਜ਼ ਚੁਰਾਉਣੀ, ਖੋਹਣੀ ।" ਸਤਿਗੁਰੂ ਜੀ ਨੇ ਸਾਧ-ਸੰਗਤ ਨੂੰ ਵਿਸ਼ੇਸ਼ ਹੁਕਮ ਦਿੱਤਾ ਕਿ ਉਹ ਬੱਚਿਆਂ ਨੂੰ ਹੋਸ਼ ਸੰਭਾਲਣ ਤੋਂ ਬਾਅਦ ਉਹਨਾਂ ਨੂੰ ਦੁਬਾਰਾ ਭਜਨ ਦੁਆਇਆ ਕਰਨ ।

ਬਖਸ਼ੇ ਗਏ

1954 ਈ. ਦੇ ਹੋਲੇ ਪਿੰਡ ਨਕੋੜਾ ਵਿਖੇ ਸ੍ਰੀ ਸਤਿਗੁਰੂ ਜੀ ਨੇ ਪਵਿਤ੍ਰ ਰਸਨਾ ਤੋਂ ਫੁਰਮਾਇਆ :—

ਬਾਬਾ ਕਾਹਨ ਸਿੰਘ ਜੀ ਰੁਪਾਣਾ (ਮੁਕਤਸਰ) ਦੇ ਨੰਬਰਦਾਰ ਸਨ । ਬਾਬਾ ਜੀ ਦੇ ਲੜਕੇ ਤੋਂ ਉਸਦੇ ਦੋਸਤਾਂ ਮਿਤ੍ਰਾਂ ਨੇ ਵਲ ਕੇ ਝੂਠੀ ਗਵਾਹੀ ਦੁਆ ਦਿੱਤੀ । ਬਾਬਾ ਜੀ ਨੇ ਇਤਨੀ ਨਮੋਸ਼ੀ ਮੰਨੀ ਕਿ ਸਵੇਰੇ ਬਾਬਾ ਜੀ ਦੀ ਅਰਥੀ ਸ਼ਮਸ਼ਾਨ ਵਲ ਲੈ ਜਾਈ ਜਾ ਰਹੀ ਸੀ । ਇਹ ਹੈ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦਾ ਆਦਰਸ਼ । ਅੱਜ ਅਸੀਂ ਝੱਟ ਇਮਾਨ ਵੇਚ ਦਿੰਦੇ ਹਾਂ । ਸਤਿਗੁਰਾਂ ਬਚਨ ਕੀਤਾ ਮੇਰੀ ਖਾਹਸ਼ ਹੈ

ਕਿ ਪਿਛਲੇ ਗੁਨਾਹਗਾਰਾਂ ਨੂੰ ਜੋ ਅੱਜ ਹਾਜ਼ਰ ਹਨ ਬਖਸ਼ ਦਿੱਤਾ ਜਾਏ ਪਰ ਸ਼ਰਤ ਇਹ ਹੈ ਕਿ ਉਹ ਗੁਨਾਹ ਤੋਂ ਤੋਬਾ ਕਰਨ। ਜਿਨ੍ਹਾਂ ਦਾ ਲੈਣ ਦੇਣ ਦਾ ਆਪਸ ਦਾ ਝਗੜਾ ਹੈ ਉਹ ਪਹਿਲੋਂ ਹਿਸਾਬ ਸਾਫ਼ ਕਰਨ ਫਿਰ ਬਖਸ਼ੇ ਜਾਣਗੇ। ਸਤਿਗੁਰਾਂ ਫੁਰਮਾਇਆ ਹੁਣ ਸਾਡੀ ਆਪਣੀ ਹਕੂਮਤ ਹੈ। ਮੁਲਕ ਲਈ ਕੁਰਬਾਨੀ ਦਿਓ ਜੋ ਚਾਹੁੰਦਾ ਹੈ, ਫ਼ੌਜ ਵਿਚ ਭਰਤੀ ਹੋ ਕੇ ਭਾਰਤ ਦੀ ਸੇਵਾ ਕਰੇ। ਪਰ ਉਥੇ ਵੀ ਜੋ ਨਾਮ ਜਪੇਗਾ ਉਸਦੀ ਫਤਹਿ ਤੇ ਰੱਖਿਆ ਹੋਵੇਗੀ। ਅਸੀਂ ਚਾਹੁੰਦੇ ਹਾਂ ਕਿ ਹਰ ਮਾਈ ਭਾਈ ਦਾਈ ਮਾਲਾ ਪੱਕੀਆਂ ਫੇਰੇ ਦਰਸ਼ਨ ਨਮਿਤ।

ਨਾਮਧਾਰੀ ਦਰਬਾਰ ਨੇ ਹੇਠ ਮਤੇ ਪੇਸ਼ ਕੀਤੇ

1. ਨਾਮਧਾਰੀ ਦਰਬਾਰ ਦੇਸ਼ ਪ੍ਰਸਿਧ ਨਾਮਧਾਰੀ ਆਗੂ ਸ੍ਰ. ਆਤਮਾ ਸਿੰਘ ਜੀ ਰਾਵਲਪਿੰਡੀ ਮੈਂਬਰ ਪਾਰਲੀਮੈਂਟ ਦੇ ਪ੍ਰਲੋਕ ਗਮਨ ਕਰਨ ਤੇ ਹਾਰਦਿਕ ਦੁੱਖ ਪ੍ਰਗਟ ਕਰਦਾ ਹੈ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ ਉਹ ਸ੍ਰ. ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

2. ਨਾਮਧਾਰੀ ਦਰਬਾਰ ਸਰਦਾਰ ਜੀ ਦੀਆਂ ਨਾਮਧਾਰੀ ਪੰਥ ਦੀ ਉੱਨਤੀ ਅਤੇ ਭਲਾਈ ਨਮਿਤ ਘਾਲੀਆਂ ਹੋਈਆਂ ਘਾਲਾਂ ਦੀ ਪ੍ਰਸੰਸਾ ਕਰਦਾ ਹੈ।

3. ਨਾਮਧਾਰੀ ਦਰਬਾਰ ਇਸ ਗੱਲ ਦੀ ਪ੍ਰਬਲ ਮੰਗ ਕਰਦਾ ਹੈ ਕਿ ਦੇਸ਼ ਦੇ ਕਰਤਾ ਧਾਰਮਿਕ ਜਜ਼ਬੇ ਨੂੰ ਮੁੱਖ ਰੱਖਦਿਆਂ ਹੋਇਆਂ ਗਊ ਘਾਤ ਨੂੰ ਕਾਨੂੰਨ ਬੰਧ ਕਰਨ।

4. ਇਸ ਸੰਬੰਧ ਵਿਚ ਦੁੱਧ ਦੇਣ ਵਾਲੇ ਹਰ ਪਸ਼ੂਆਂ ਦੇ ਘਾਤ ਨੂੰ ਵੀ ਰੋਕਣਾ ਨਿਹਾਇਤ ਜ਼ਰੂਰੀ ਹੈ।

5. ਨਾਮਧਾਰੀ ਦਰਬਾਰ ਪੰਜਾਬ ਸਰਕਾਰ ਦਾ ਧਿਆਨ ਜ਼ਿ: ਗੁੜਗਾਵਾਂ ਵਿਖੇ ਹੋ ਰਹੇ ਗਊ ਬੱਧ ਵਲ ਦਿਵਾਉਂਦਾ ਹੋਇਆ ਉਸਨੂੰ ਰੋਕਣ ਦੀ ਮੰਗ ਕਰਦਾ ਹੈ।

6. ਦਰਬਾਰ ਪੰਜਾਬ ਸਰਕਾਰ ਦੀ ਸੇਵਾ ਵਿਚ ਕਈ ਵਾਰ ਇਹ ਬੇਨਤੀ ਕਰ ਚੁੱਕਾ ਹੈ, ਕਿ ਸੂਬੇ ਵਿਚੋਂ ਲਾਭਦਾਇਕ ਪਸ਼ੂਆਂ ਦਾ ਨਿਕਾਸ ਬੰਦ ਕੀਤਾ ਜਾਵੇ।

ਸਾਦਗੀ ਨਾਲ ਮੇਲੇ ਆਓ

1955 ਈ: ਨੂੰ ਸੰਤ ਨਗਰ ਹੋਲੇ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਹੁਕਮ ਦਿੱਤਾ : "ਅਸੀਂ ਹੋਲੇ ਤੇ ਆਏ ਹਾਂ, ਆਪਣਾ ਕੀਮਤੀ ਸਮਾਂ ਤੇ ਪੈਸਾ ਖਰਚ ਕੀਤਾ ਹੈ। ਇਸ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਆਪਣੇ ਸਮੇਂ ਤੇ ਧਨ ਦੀ ਠੀਕ ਵਰਤੋਂ ਕਰੀਏ। ਪੁਰਾਣੇ ਸਮੇਂ ਤੋਂ ਲੈ ਕੇ ਸਾਡੇ ਦੇਸ਼ ਵਿਚ ਧਾਰਮਕ ਮੇਲੇ ਹੁੰਦੇ ਆ ਰਹੇ ਹਨ। ਆਦਿ ਕਾਲ ਤੋਂ ਲੈ ਕੇ ਹੁਣ ਤਕ ਆਸਤਕ ਲੋਕਾਂ ਨੇ ਇਹੋ ਤੱਤ ਕੱਢਿਆ ਹੈ ਕਿ ਮੇਲਿਆਂ ਵਿਚ ਆ ਕੇ ਆਤਮਕ ਸ਼ਾਂਤੀ ਪ੍ਰਾਪਤ ਹੁੰਦੀ ਹੈ। ਅਸੀਂ

ਗੁਰੂ ਵਾਲੇ ਹਾਂ ਸਾਡੇ ਗੁਰੂਆਂ, ਸਿੱਖਾਂ ਨੇ ਆਪਣੇ ਸੀਸ ਦਿੱਤੇ, ਦੇਗਾਂ ਵਿਚ ਬੈਠੇ, ਆਰੇ ਨਾਲ ਚੀਰੇ ਗਏ, ਬਲਦੀਆਂ ਭੱਠੀਆਂ ਵਿਚ ਵੜ ਗਏ, ਸਿਰਫ਼ ਖੁਸ਼ੀਆਂ ਪ੍ਰਾਪਤ ਕਰਨ ਲਈ । ਤੁਸੀਂ ਸਾਰੇ ਸਤਿਗੁਰਾਂ ਨਮਿਤ ਪਾਠ ਕਰੋ ।

ਕੋਈ ਮਾਈ ਬੀਬੀ ਰੰਗਦਾਰ ਕਪੜੇ ਪਾ ਕੇ ਮੇਲੇ ਵਿਚ ਨਾ ਆਵੇ । ਨਾਮਧਾਰੀ ਭੈਣਾਂ ਤੇ ਮਾਵਾਂ ਇਨ੍ਹਾਂ ਸ਼ੋਖ ਰੰਗ ਵਾਲੇ ਕਪੜਿਆਂ ਦਾ ਤਿਆਗ ਕਰਨ । ਚੂੜੀਦਾਰ ਸੁਥਨ ਪਾ ਕੇ ਤੇ ਗਹਿਣੇ ਘਰਾਂ ਵਿਚ ਰੱਖ ਕੇ ਏਥੇ ਆਉਣ । ਉਮੀਦ ਹੈ ਕਿ ਸਰਬਤ ਸਾਧ-ਸੰਗਤ ਇਸ ਬੰਨੇ ਧਿਆਨ ਦੇਵੇਗੀ ਤੇ ਹੋਲੇ ਵਿਚ ਬੜੀ ਸਾਦਗੀ ਨਾਲ ਹੀ ਆਉਣ ਦੀ ਖੇਚਲ ਕਰੇਗੀ ।"

ਇਸ ਮੇਲੇ ਤੇ ਸਭ ਤੋਂ ਬਹੁਤਾ ਤੇ ਉਚੇਚਾ ਪ੍ਰਸਤਾਵ ਨਾਮਧਾਰੀ ਵਿਆਹਾਂ ਮੁਤੱਲਕ ਸੀ :

1. ਕੋਈ ਨਾਮਧਾਰੀ ਘਰ ਵਿਆਹ ਨਾ ਕਰੇ ।

2. ਕੋਈ ਨਾਮਧਾਰੀ ਮੁਕਲਾਵੇ ਦੀ ਰਸਮ ਅਦਾ ਨਾ ਕਰੇ ।

3. ਅਜਿਹਾ ਕਰਨ ਵਾਲੇ ਦਾ ਕੋਈ ਸਾਥ ਨਾ ਦੇਵੇ । ਭਾਵੇਂ ਉਹ ਆਪਣਾ ਪੁੱਤਰ ਜਾਂ ਭਰਾ ਵੀ ਕਿਉਂ ਨਾ ਹੋਵੇ ।

4. ਮਿਲਣੀ ਆਦਿ ਬੁਲਾ ਕੇ ਕੋਈ ਇਸ ਅਸੂਲ ਨੂੰ ਨਾ ਤੋੜੇ ਅਜਿਹਾ ਕਰਨ ਵਾਲੇ ਦਾ ਸਭ ਮਿਲ ਕੇ ਬਾਈਕਾਟ ਕਰਨ ।

ਦਿੱਲੀ ਵਿਚ ਪਹਿਲਾ ਹੋਲਾ

1956 ਈ. ਦੇ ਦਿੱਲੀ ਦੇ ਹੋਲੇ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਈਆਂ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ, 'ਨਾਮਧਾਰੀਓ ਦੁਨੀਆਂ ਵਿਚ ਰਲਣ ਦੀ ਕੋਸ਼ਿਸ਼ ਨਾ ਕਰੋ, ਆਪਣੇ ਬਾਣੇ ਨੂੰ ਨਾ ਛੱਡੋ ਰੰਗਦਾਰ ਕਪੜੇ ਬੀਬੀਆਂ ਨਾ ਪਾ ਕੇ ਆਉਣ ਅਤੇ ਚਾਲ ਚਲਨ ਨੂੰ ਉਚਿਆਂ ਰੱਖੋ । ਪਤੀ ਵਰਤ ਇਸਤ੍ਰੀਆਂ ਵਾਂਗ ਆਪਣੇ ਸਤਿਗੁਰੂ ਰਾਮ ਸਿੰਘ ਜੀ ਤੇ ਭਰੋਸਾ ਰੱਖੋ । ਦੀਨ ਦਿਆਲ ਜੀ ਨੇ ਸੀਤਾ ਦੀ ਮਿਸਾਲ ਦੇ ਕੇ ਦੱਸਿਆ ਕਿ ਸੀਤਾ ਭਾਵੇਂ ਰਾਵਣ ਦੀ ਕੈਦ ਵਿਚ ਰਹੀ ਪਰ ਉਸ ਨੇ ਆਪਣੇ ਸਤਿ ਨੂੰ ਆਂਚ ਨਾ ਲਗਣ ਦਿੱਤੀ । ਇਹ ਹਨ ਸਤੀ ਇਸਤ੍ਰੀਆਂ ਦੇ ਕਰਤੱਵ । ਇਸ ਤਰ੍ਹਾਂ ਸਿੱਖ ਨੂੰ ਵੀ ਆਪਣੇ ਗੁਰ ਤੋਂ ਬਿਨਾਂ ਕਿਸੇ ਵਲ ਨਹੀਂ ਝਾਕਣਾ ਚਾਹੀਦਾ ।

ਨੌਜਵਾਨ ਗਭਰੂਆਂ ਨੂੰ ਮੁਖਾਤਬ ਕਰਕੇ ਆਪ ਨੇ ਕਿਹਾ ਕਿ ਆਪਣੇ ਬਾਣੇ ਨੂੰ ਛੱਡ ਕਈ ਮੁੰਡੇ ਪੱਗਾਂ ਤਾਂ ਸਿੱਧੀਆਂ ਬੰਨਦੇ ਹਨ ਪਰ ਦਾਹੜੀਆਂ ਬੰਨ ਕੇ ਰੱਖਦੇ ਹਨ, ਜਿਹੜੇ ਕੇਸਾਂ ਵਿਚ ਜਲ ਨਹੀਂ ਪਾਂਦੇ ਉਹ ਕੂਕੇ ਕਿਵੇਂ ਰਹਿ ਗਏ ।

'ਮੋਇਆਂ ਜੀਵਦਿਆਂ ਗੱਤ ਹੋਵੇ
ਜਾਂ ਸਿਰ ਪਾਈਐ ਪਾਣੀ
ਨਾਨਕ ਸਿਰ ਖੁਥੇ ਸ਼ੈਤਾਨੀ
ਤਿਨਾਂ ਗਲ ਨ ਭਾਣੀ ।'

17 ਮਾਰਚ, 5 ਚੇਤਰ ਨੂੰ ਸਤਿਗੁਰਾਂ ਦਾ ਭਾਸ਼ਨ ਰੇਡਿਓ ਤੇ ਬਰਾਡਕਾਸਟ ਹੋਇਆ ਜੋ ਸਾਰੀ ਦੁਨੀਆ ਤੇ ਸੁਣਿਆ ਗਿਆ ।

ਸਤਿਗੁਰਾਂ ਫੁਰਮਾਇਆ ਅੱਜ ਸਿੱਖ ਨਾਮ ਬਾਣੀ ਤੇ ਰਹਿਤ ਮਰਯਾਦਾ ਨੂੰ ਭੁੱਲ ਚੁੱਕੇ ਹਨ । ਕਈ ਕੰਮ ਉਲਟੇ ਪੁਲਟੇ ਵੀ ਕਰਨ ਲੱਗ ਪਏ ਹਨ ।

"ਮੂਤ ਪਲੀਤੀ ਕਪੜ ਹੋਏ ।"

ਸੱਚੇ ਪਾਤਸ਼ਾਹ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਰਹਿਤ ਮਰਯਾਦਾ ਦੀ ਝਾਤੀ ਪਵਾਂਦਿਆਂ ਜੰਗਲ ਜਾਣਾ, ਅਸ਼ਨਾਨ ਕਰਨਾ, ਕੰਘਾ ਦੋਵੇਂ ਵੇਲੇ ਕਰਨਾ ਆਦਿ ਸ਼ੁਭ ਕਰਮ ਦੱਸ ਕੇ ਧਰਮ ਦਾ ਉਪਦੇਸ਼ ਦਿੱਤਾ ।

ਸਿੱਖੀ ਕੀ ਹੈ ? ਸਤੇ ਬਲਵੰਡ ਦੀ ਸਾਖੀ ਸੁਣਾਈ ਕਿ ਤਿੰਨ ਟਕੇ ਤੇ ਇਕ ਪੈਸਾ ਗੁਰੂ ਰਾਮ ਦਾਸ ਜੀ ਨੇ ਉਹਨਾਂ ਅੱਗੇ ਰੱਖ ਕੇ ਕਿਹਾ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰ ਦਾਸ ਜੀ ਤਿੰਨ ਸਿੱਖ ਪੂਰੇ ਹਨ । ਉਹਨਾਂ ਦੇ ਤਿੰਨ ਟਕੇ ਤੇ ਮੈਂ ਅੱਧਾ ਸਿੱਖ, ਮੇਰਾ ਇਕ ਪੈਸਾ, ਇਹ ਜੇ ਸਿੱਖੀ । ਸਾਨੂੰ ਆਪਣੀ ਸਿੱਖੀ ਦੀ ਬੜੀ ਆਕੜ ਹੈ । ਭਾਵੇਂ 20 ਮਾਲਾ ਵੀ ਰੋਜ਼ ਕੋਈ ਫੇਰੇ ਸਿੱਖ ਨਹੀਂ ਬਣ ਸਕਦਾ । ਕੇਵਲ ਸਤਿਗੁਰੂ ਦੀ ਕਿਰਪਾ ਤੇ ਬਖਸ਼ਸ਼ ਨਾਲ ਸਿੱਖ ਬਣਦਾ ਹੈ । ਗੁਰੂ ਦੀ ਕਿਰਪਾ ਨਾਲ ਇਕ ਸੈਕੰਡ ਵਿਚ ਜਣਾਈ ਹੋ ਜਾਂਦੀ ਹੈ ।

ਆਪ ਜੀ ਨੇ ਅਨੇਕਾਂ ਪ੍ਰਮਾਣ ਗੁਰਬਾਣੀ ਤੇ ਇਤਿਹਾਸ ਦੇ ਕੇ ਦੱਸਿਆ ਕਿ ਸਿੱਖੀ ਕੀ ਹੈ । ਇਹ ਭਾਸ਼ਨ ਰੇਡੀਓ ਰਾਹੀਂ ਬ੍ਰਾਡਕਾਸਟ ਕੀਤਾ ਜਾ ਰਿਹਾ ਸੀ ।

ਸ਼ਾਂਤੀ ਕਿਵੇਂ ਹੋ ਸਕਦੀ ਹੈ ? ਬਾਬਤ ਸਭ ਤੋਂ ਵੱਡੀ ਤੇ ਨੇਕ ਸਲਾਹ ਆਪ ਨੇ ਇਹ ਦਿੱਤੀ ਕਿ, ਜਿੰਨਾ ਚਿਰ ਕੋਈ ਆਦਮੀ ਕਿਸੇ ਜੀਵ ਨੂੰ ਦੁੱਖ ਦੇਂਦਾ ਹੈ ਉੱਨਾ ਚਿਰ ਸ਼ਾਂਤੀ ਨਹੀਂ ਹੋ ਸਕਦੀ, ਮਨ ਨੂੰ ਸੰਤੋਖ ਨਹੀਂ ਆ ਸਕਦਾ ।

ਮਨ ਸੰਤੋਖ ਸਰਬ ਜੀਅ ਦਇਆ
ਧੌਲ ਧਰਮ ਦਇਆ ਕਾ ਪੂਤ,
ਪਰ ਕਾ ਬੁਰਾ ਨ ਰਾਖਹੁ ਚੀਤ
ਤੁਮ ਕਉ ਦੁੱਖ ਨਹੀਂ ਭਾਈ ਮੀਤ ।

ਹਥਿਆਰਾਂ ਦੀ ਲੋੜ ਵੱਧ ਰਹੀ ਹੈ ਮਿੰਟ ਵਿਚ ਦੁਨੀਆਂ ਨੂੰ ਤਬਾਹ ਕਰਨ ਵਾਲੇ ਹਥਿਆਰ ਬਣ ਰਹੇ ਹਨ । ਜਿਹੜੇ ਸ਼ਾਂਤੀ ਚਾਹੁੰਦੇ ਹਨ, ਉਹ ਪਹਿਲੋਂ ਸਾਰੇ ਹਥਿਆਰ ਸਮੁੰਦਰ ਵਿਚ ਸੁਟ ਦੇਣ । ਗੱਲਾਂ ਨਾਲ ਸ਼ਾਂਤੀ ਨਹੀਂ ਹੋ ਸਕਦੀ ।

ਧਰਮ ਕਰਮ ਦੁਨੀਆਂ ਛੱਡ ਬੈਠੀ ਹੈ । ਕੂਕੇ ਵੀ ਨਿਤਨੇਮ ਛੱਡੀ ਜਾ ਰਹੇ ਹਨ । ਕੂਕਿਓਂ ਭੁਲੋ ਨਾ ਧਰਮ ਤੇ ਕਾਇਮ ਰਹੋ...ਲੋਕੀਂ ਆਪ ਮਹੱਲਾਂ ਵਿਚ ਰਹਿੰਦੇ ਹਨ ਪਰ ਗ਼ਰੀਬਾਂ ਦੀ ਕੁਲੀ ਵੀ ਨਹੀਂ ਭਾਉਂਦੀ । ਏਸ ਤਰ੍ਹਾਂ ਸ਼ਾਂਤੀ ਕਿਵੇਂ ਹੋ ਸਕਦੀ ਹੈ ? ਗ਼ਰੀਬਾਂ ਦੀ ਮਦਦ ਕਰੋ, ਨਾਮ ਜਪੋ, ਆਪੋ ਆਪਣੇ ਧਰਮ ਵਲ ਮੁੜੋ ।

ਗ਼ਰੀਬਾਂ ਨੂੰ ਵੀ ਸੰਤੋਖ ਰੱਖਣਾ ਚਾਹੀਦਾ ਹੈ ਅੱਜ ਦੁਨੀਆਂ ਕਬਜ਼ੇ ਤੇ ਤੁਲੀ ਹੋਈ ਹੈ । ਜੋ ਕਿਸੇ ਦੇ ਹੱਥ ਆ ਜਾਂਦਾ ਹੈ ਛੱਡਣ ਨੂੰ ਜੀਅ ਨਹੀਂ ਕਰਦਾ । ਲੋਕੀਂ

ਕਾਨੂੰਨ ਦੀ ਸ਼ਰਨ ਲੈ ਕੇ ਆਪਣੇ ਧਰਮ ਨੂੰ ਛੱਡ ਰਹੇ ਹਨ। ਕਾਨੂੰਨ ਕੁਝ ਪਿਆ ਕਹੇ ਪਰ ਆਪਣੇ ਬਚਨ ਨੂੰ ਨਾ ਤਿਆਗੋ, ਕਿਸੇ ਦਾ ਦਿਲ ਨਾ ਦੁਖਾਓ। ਆਪਣੇ ਧਰਮ ਗ੍ਰੰਥ ਪੜ੍ਹ ਕੇ ਵੇਖੋ, ਆਪ ਦੇ ਸਤਿਗੁਰੂਆਂ ਦੇ ਕਾਰਨਾਮੇ ਪੜ੍ਹੋ। ਫੇਰ ਆਪ ਨੂੰ ਸ਼ਾਂਤੀ ਮਿਲ ਸਕੇਗੀ।

ਕਿਸੇ ਸ਼ਾਂਤ ਨਾ ਆਈਆ।
ਬਿਨ ਸਤਿਗੁਰ ਕੇ ਉਪਦੇਸ।

ਸੱਚੇ ਪਾਤਸਾਹ ਜੀ ਨੇ ਗਊ ਰੱਖਿਆ ਉਤੇ ਚਾਨਣਾ ਪਾਇਆ। ਡਾਲਡੇ ਘਿਓ ਖਾਣ ਦੀ ਸਖਤ ਮਨਾਹੀ ਕੀਤੀ। ਆਪ ਨੇ ਫੁਰਮਾਇਆ ਜੋ ਇਹ ਡਾਲਡਾ, ਗਰੀ, ਮੂੰਗਫਲੀ ਤੇ ਤਿਲਾਂ ਦਾ ਜਮਾਇਆ ਹੋਇਆ ਹੈ ਤਾਂ ਤੁਸੀਂ ਤੇਲ ਕਿਉਂ ਨਹੀਂ ਖਾ ਲੈਂਦੇ। ਉਹ ਇਸ ਨਾਲੋਂ ਸਾਫ ਹੀ ਹੋਵੇਗਾ। ਪ੍ਰਣ ਕਰੋ ਕਿ ਡਾਲਡਾ ਘਿਓ ਨਹੀਂ ਖਾਵਾਂਗੇ। ਨਾਮਧਾਰੀ ਗਊਆਂ ਰੱਖਣ। ਸਭ ਆਪੋ ਆਪਣਾ ਰਾਜ ਮੰਗਦੇ ਹਨ, ਕਿਉਂ ਨਹੀਂ ਸਾਰੇ ਰਲ ਕੇ ਧਰਮ ਦਾ ਰਾਜ ਮੰਗਦੇ। ਚੰਡੀ ਦੀ ਵਾਰ ਤੋਂ ਮਗਰੋਂ ਅਰਦਾਸ ਕਰੋ ਕਿ ਹੇ ਜਗਦੰਬਾ ਗਊ ਘਾਤਕ ਦਾ ਨਾਸ ਕਰੋ। ਅੱਜ ਜੋ ਗਊ ਦਾ ਹਾਲ ਹੈ ਉਹ ਕਦੀ ਨਹੀਂ ਸੀ ਹੋਇਆ। ਗਊਆਂ ਦਾ ਬਹੁਤ ਬੁਰੀ ਤਰ੍ਹਾਂ ਕਤਲ ਹੋ ਰਿਹਾ ਹੈ। ਸਭ ਸਭਾ ਸੁਸਾਇਟੀਆਂ ਨੂੰ ਇਸ ਕੰਮ ਵਿਚ ਜੁਟ ਜਾਣ ਲਈ ਸਤਿਗੁਰਾਂ ਕਿਹਾ। ਮੰਡੀਆਂ ਵਿਚ ਡੰਗਰ ਵੇਚਣ ਦੀ ਆਪ ਨੇ ਮਨਾਹੀ ਕੀਤੀ ਅਤੇ ਆਏ ਸੱਜਣਾਂ ਦਾ ਸਤਿਗੁਰਾਂ ਬੜੇ ਪਿਆਰ ਨਾਲ ਧੰਨਵਾਦ ਕੀਤਾ।

ਪਿਛੋਂ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤੇ :

ਮੇਲੇ ਨੂੰ ਮੇਲਾ ਕਦੀ ਨਹੀਂ ਕਰਨਾ ਚਾਹੀਦਾ। ਧਾਰਮਿਕ ਮੇਲਿਆਂ ਵਿਚ ਧਰਮ ਦੀਆਂ ਹੀ ਗੱਲਾਂ ਕਰਿਆ ਕਰੋ ਰਾਜਨੀਤਿਕ ਮਸਲਿਆਂ ਨੂੰ ਧਰਮ ਵਿਚ ਨਹੀਂ ਲਿਆਉਣਾ ਚਾਹੀਦਾ, ਅੱਗੋਂ ਪਿਛੋਂ ਰਾਜਨੀਤਕ ਮੀਟਿੰਗਾਂ ਕਰ ਲਿਆ ਕਰੋ। ਸ਼ਬਦ (ਪਾਠ) ਜੋ ਸੰਗਤਾਂ ਕਰ ਰਹੀਆਂ ਹਨ ਦਾ ਜ਼ਿਕਰ ਕਰਦਿਆਂ ਸੱਚੇ ਪਾਤਸ਼ਾਹ ਜੀ ਨੇ ਕਿਹਾ ਜਿਹੜੇ ਸ਼ਬਦ ਮੋੜਦੇ ਹਨ ਉਹਨਾਂ ਦਾ ਸਤਿਗੁਰੂ ਦੇ ਦਰਬਾਰ ਵਿਚ ਕੀ ਹਾਲ ਹੋਵੇਗਾ ? ਹਿੱਸਾ ਸਾਰੇ ਪਾਓ ਵਾਂਝੇ ਨਾ ਰਹਿ ਜਾਇਓ।

ਗਊ ਰੱਖਿਆ

1957 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਹੋਲੇ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਭਾਸ਼ਨ ਵਿਚ ਦੱਸਿਆ ਕਿ, "ਉਹ ਨਾਮਧਾਰੀ ਹੀ ਨਹੀਂ ਜਿਹੜਾ ਗਊ ਰੱਖਿਆ ਨਹੀਂ ਕਰਦਾ। ਅਸੀਂ ਉਹਨਾਂ ਗਊ ਰੱਖਿਆ ਕਰਨ ਵਾਲੇ ਨਾਮਧਾਰੀਆਂ ਦੀ ਬਦੌਲਤ ਮਸ਼ਹੂਰ ਹੋਏ ਹਾਂ ਜਿਨ੍ਹਾਂ ਗਊਆਂ ਬਦਲੇ ਸੀਸ ਦਿੱਤੇ ਸਨ। ਮੈਂ ਉਹਨਾਂ ਮੁਸਲਮਾਨਾਂ ਦਾ ਵੀ ਸਾਥੀ ਹਾਂ ਜਿਹੜੇ ਗਊ ਰੱਖਿਆ ਵਿਚ ਵਿਸ਼ਵਾਸ ਰੱਖਦੇ ਹਨ। ਮੈਂ ਸਭ ਭਰਾਵਾਂ ਨੂੰ ਕਹਾਂਗਾ ਕਿ ਉਹ ਮੰਡੀ ਵਿਚ ਡੰਗਰ ਨਾ ਵੇਚਣ।"

ਸਤਿਗੁਰੂ ਪਰਤਾਪ ਸਿੰਘ ਜੀ ਨੇ ਆਨੰਦਾਂ ਤੋਂ ਪਿਛੋਂ ਸਤਿਗੁਰੂ ਦਸ਼ਮੇਸ਼ ਜੀ ਦੇ ਪਿਛੋਂ ਦੀ ਸਿੱਖੀ ਦਾ ਵਰਨਣ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਰਿਆਦਾ ਸੰਬੰਧੀ ਪ੍ਰਭਾਵਸ਼ਾਲੀ ਉਪਦੇਸ਼ ਦਿੱਤਾ । ਅਰ ਲੜਕੇ ਲੜਕੀਆਂ ਨੂੰ ਗੁਰਮਤਿ ਵਿਚ ਤੱਤਪਰ ਰਹਿਣ ਦੀ ਤੇ ਗੁਰਮੁਖੀ ਅੱਖਰ ਪੜ੍ਹਨ ਵਾਸਤੇ ਤਾਕੀਦ ਕੀਤੀ । ਲਾਵਾਂ ਹਵਨ ਦੇ ਦੁਆਲੇ ਲੈਣ ਦਾ ਪ੍ਰਯੋਜਨ ਦੱਸਦਿਆਂ ਹਜ਼ੂਰ ਨੇ ਫੁਰਮਾਇਆ ਕਿ ਹਵਨ ਦੀ ਅਗਨ ਵਰ ਕੰਨਿਆ ਵਾਸਤੇ ਸਾਰੀ ਜ਼ਿੰਦਗੀ ਵਾਸਤੇ ਸਾਖੀ ਰੂਪ ਹੈ ।

ਸੰਤ ਨਗਰ ਦਾ ਹੋਲਾ

1958 ਈ. ਨੂੰ ਪਿੰਡ ਸੰਤ ਨਗਰ (ਜਗ ਮਲੇਰਾ) ਵਿਖੇ ਹੋਦੇ ਹੋਲੇ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਾਧ-ਸੰਗਤ ਨੂੰ ਪਵਿਤ੍ਰ ਉਪਦੇਸ਼ ਦਿੱਤੇ :—

ਜਿਸਦੇ ਘਰ ਵਿਆਹ ਰਚਿਆ ਹੋਵੇ, ਉਹ ਕੋਸ਼ਿਸ਼ ਕਰਦਾ ਹੈ ਕਿ ਸੁਖ ਸ਼ਾਂਤੀ ਨਾਲ ਸਾਰੇ ਕੰਮ ਸਿਰੇ ਚੜ੍ਹ ਜਾਣ । ਇਸੇ ਤਰ੍ਹਾਂ ਹੀ ਹੋਲੇ ਦੇ ਮੇਲੇ ਨੂੰ ਸਮਝ ਕੇ ਦਿਨ ਰਾਤ ਸਾਧ-ਸੰਗਤ ਦੀ ਸੇਵਾ ਵਿਚ ਜੁਟ ਜਾਓ ਤੇ ਬੜੀ ਨਿਮਰਤਾ ਨਾਲ ਆਪਣੀਆਂ-ਆਪਣੀਆਂ ਡਿਊਟੀਆਂ ਭੁਗਤਾਣੀਆਂ ਹਨ ।

ਨਾਮਧਾਰੀਆਂ ਨੂੰ ਹੋਲਾ ਮੇਲਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦਾਤ ਹੈ ਤੇ ਸਤਿਗੁਰਾਂ ਦੇ ਦਰਸ਼ਨ ਨਮਿਤ ਕਰੀਦਾ ਹੈ, ਇਸ ਲਈ ਇਸਦੇ ਨਾਲ ਘੋਲਾਂ ਤੇ ਕਬੱਡੀਆਂ ਦਾ ਕੋਈ ਜੋੜ ਨਾ ਜੋੜਿਆ ਜਾਵੇ ।

ਆਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਤਿਗੁਰੂ ਜੀ ਬਚਨ ਕੀਤਾ ਅਸੀਂ ਜਿਹੜੇ ਦੇਸ਼ ਦੇ ਵੱਖ ਵੱਖ ਹਿਸਿਆਂ ਤੋਂ ਏਥੇ ਆ ਕੇ ਇਕੱਠੇ ਹੋਏ ਹਾਂ, ਚਾਰ ਦਿਨ ਸਿਰਫ ਤਮਾਸ਼ਾ ਹੀ ਨਹੀਂ ਵੇਖਣਾ ਗੁਰਸਿੱਖੀ ਸਰੋਵਰ 'ਚੋਂ ਅਸਾਂ ਅੰਮ੍ਰਿਤਪਾਨ ਵੀ ਕਰਨਾ ਹੈ । ਇਸ ਲਈ ਹਰ ਮਾਈ ਭਾਈ ਜਿੰਨੇ ਦਿਨ ਏਥੇ ਰਹੇ ਘੱਟੋ-ਘੱਟ ਇਕ ਮਾਲਾ ਭਜਨ ਦੀ ਤੇ ਢਾਈ ਢਾਈ ਮਾਲਾ ਭਗੌਤੀਆਂ ਦੀਆਂ ਜ਼ਰੂਰ ਫੇਰੀਆਂ ਜਾਣ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਯਾਦ ਕਰਵਾਇਆ ਤੇ ਫੁਰਮਾਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਨ ਕੀਤਾ ਸੀ ਕਿ ਜਦੋਂ ਸੁਹੇਵੇ ਸਾਹਿਬ ਵਿਚਲੇ ਜੰਡ ਨੂੰ ਪਿੱਪਲ ਖਾ ਜਾਵੇਗਾ ਤਦੋਂ ਉਹ ਸਮਾਂ ਅਵੱਸ਼ ਆਵੇਗਾ ਜਿਸ ਦੀ ਬਾਬਤ ਸੌ ਸਾਖੀ ਅਤੇ ਹੋਰ ਗ੍ਰੰਥਾਂ ਵਿਚ ਲਿਖਿਆ ਹੈ । ਹੁਣ ਜੰਡ ਨੂੰ ਪਿੱਪਲ ਨੇ ਖਾ ਲਿਆ ਹੈ, ਕੋਈ ਕਿਸੇ ਨਾਲ ਰਲ ਕੇ ਨਹੀਂ ਚਲਦਾ । ਝੂਠ, ਪਾਪ ਤੇ ਉਪਦਰਵ ਬੇਥਾਹ ਹੋ ਗਏ ਹਨ । ਵਿਸ਼ਵਾਸ ਘਾਤ ਹਰ ਥਾਂ ਪਰਧਾਨ ਹੈ । ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਹੋਣ ਦੀਆਂ ਇਹੋ ਨਿਸ਼ਾਨੀਆਂ ਹਨ । ਤੁਸੀਂ ਸਤਿਗੁਰੂ ਵਾਲੇ ਹੋ, ਦੁਨੀਆਂ ਤੇ ਭਾਂਬੜ ਬਲਦੇ ਹਨ ਪਰ ਤਾਂ ਵੀ ਅੱਜ ਤੁਸੀਂ ਆਪਣੀ ਰੱਖਿਆ ਆਪ ਕਰ ਸਕਦੇ ਹੋ । ਸਾਡਾ ਕੀਤਾ ਹੋਇਆ ਭਜਨ ਪਾਠ ਸਾਡੀ ਸਹਾਇਤਾ ਕਰੇਗਾ । ਅਸੀਂ ਚਾਹੁੰਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ, ਉਹਨਾਂ ਦੀ ਇਹ ਸਿੱਖੀ ਗੁਲਜ਼ਾਰ ਉਹਨਾਂ ਦੇ ਹਾਜ਼ਰ ਕਰਕੇ ਸੁਰਖਰੂ ਹੋਈਏ ।

ਸਤਿਗੁਰੂ ਜੀ ਨੇ ਅੱਜ ਦੇ ਬਚਨਾਂ ਵਿਚ ਹੀ ਨਲਕੇ ਦਾ ਜਲ ਵਰਤਣ ਵਾਲੇ ਨਾਮਧਾਰੀਆਂ ਨੂੰ ਮੁਖਾਤਬ ਕਰਦਿਆਂ ਫਰਮਾਇਆ ਕਿ ਜੇਕਰ ਆਪ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਅਮਲ ਵਿਚ ਲਿਆਂਦੀ ਮਰਿਆਦਾ ਦੇ ਧਾਰਨੀ ਨਹੀਂ ਰਹਿ ਸਕਦੇ, ਨਲਕੇ ਦਾ ਪਾਣੀ ਪੀਂਦੇ ਹੋ, ਦੁਕਾਨਾਂ ਹੋਟਲਾਂ ਦਾ ਗੰਦਾ ਭੋਜਨ ਵਰਤਦੇ ਹੋ, ਚਾਹਾਂ ਪੀਂਦੇ ਹੋ ਜਿਨ੍ਹਾਂ ਵਿਚ ਤਮਾਕੂ ਦੀਆਂ ਪੁਠਾਂ ਵੀ ਦਿੱਤੀਆਂ ਜਾਂਦੀਆਂ ਹਨ, ਡਾਲਡਾ ਵਰਤਦੇ ਹੋ ਜਿਸ ਵਿਚ ਚਰਬੀ ਮਿਲਾਣ ਤਕ ਵੀ ਅਪੜਿਆ ਜਾਂਦਾ ਹੈ ਤਾਂ ਤੁਸੀਂ ਸਾਰੇ ਹੀ ਬਿਨਾਂ ਛੂਤ ਅਛੂਤ ਦਾ ਭਰਮ ਕੀਤਿਆਂ ਇਕੋ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕ ਸਕਦੇ ਹੋ। ਸਾਡੀ ਵੱਖਰੀ ਪੰਗਤ ਸਿਰਫ ਉਹਨਾਂ ਨਾਮਧਾਰੀਆਂ ਲਈ ਹੀ ਹੈ ਜੋ ਚਿਰਾਂ ਤੋਂ ਸੁਚ ਸੋਧ ਦਾ ਜਲ ਪ੍ਰਸਾਦ ਛਕਦੇ ਆ ਰਹੇ ਹਨ।

ਕੰਪਾਲਾ ਦਾ ਹੋਲਾ

1958 ਈ. ਵਿਚ ਕੰਪਾਲਾ ਯੂਗੰਡਾ ਵਿਚ ਵੀ ਹੋਲਾ ਹੋਇਆ ਜਿਥੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਦੀਵਾਨ ਵਿਚ ਉਪਸਥਿਤ ਸਭ ਸਾਧ-ਸੰਗਤ ਨੂੰ ਉਪਦੇਸ਼ ਦਿੱਤਾ ਕਿ ਸ੍ਰੀ ਗੁਰੂ ਨਾਨਕ ਨਾਮ ਲੇਵਾ ਸਮੂਹ ਸੰਪ੍ਰਦਾਵਾਂ ਨੂੰ ਸਦਾ ਇਕੱਤਰ ਹੋ ਕੇ ਰਹਿਣਾ ਚਾਹੀਦਾ ਹੈ। ਸ੍ਰੀ ਭੈਣੀ ਸਾਹਿਬ ਵਿਖੇ 1933 ਵਿਚ ਹੋਈ ਗੁਰੂ ਨਾਨਕ ਸਰਬ ਸੰਪ੍ਰਦਾਇ* ਦਾ ਹਵਾਲਾ ਦਿੰਦਿਆਂ ਸਤਿਗੁਰੂ ਜੀ ਨੇ ਫੁਰਮਾਇਆ ਕਿ ਭਾਵੇਂ ਕੋਈ ਕਿੰਨੇ ਗੁਰੂਆਂ ਤਕ ਮੰਨੇ ਪਰ ਸਾਨੂੰ ਗੁਰੂ ਨਾਨਕ ਨਾਮ ਤੇ ਜ਼ਰੂਰ ਇਕੱਤਰ ਹੋ ਜਾਣਾ ਚਾਹੀਦਾ ਹੈ ਕਿਉਂਕਿ ਗੁਰੂ ਨਾਨਕ ਸਾਡਾ ਮੁੱਢ ਹੈ ਤੇ ਅਸੀਂ ਸਾਰੇ ਉਨ੍ਹਾਂ ਦੀ ਫੁਲਵਾੜੀ ਹਾਂ। ਇਸ ਲਈ ਸਦਾ ਇਕੱਠੇ ਬੈਠ ਕੇ ਦੀਵਾਨ ਲਾਓ ਕੀਰਤਨ ਕਰੋ ਤੇ ਸਾਂਝੀਆਂ ਵਿਚਾਰਾਂ ਕਰਨ ਦੇ ਯਤਨ ਕਰੋ। ਸਤਿਗੁਰੂ ਰਾਮ ਸਿੰਘ ਜੀ ਤੇ ਮਹਾਰਾਜ ਦੀ ਅਪਾਰ ਕਿਰਪਾ ਹੈ ਜਿਸ ਦੀ ਮਿਹਰ ਦੇ ਸਦਕੇ ਅੱਜ ਤੁਸੀਂ ਸਾਰੇ ਸੁਖੀ ਨਜ਼ਰ ਆਉਂਦੇ ਹੋ। ਭਾਵੇਂ ਸੁਖ ਵਿਚ ਰੱਬ ਜ਼ਰੂਰ ਭੁੱਲ ਜਾਂਦਾ ਹੈ ਪਰ ਉਸਨੂੰ ਚੇਤੇ ਰੱਖਣ ਦੇ ਯਤਨ ਨਾਮ ਬਾਣੀ ਦੇ ਅਭਿਆਸ ਦੁਆਰਾ ਕਰਦੇ ਰਹਿਣਾ ਸਾਡਾ ਜ਼ਰੂਰੀ ਫ਼ਰਜ਼ ਹੈ।

ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੀ ਦੱਸੀ ਕੜਾਹ ਪ੍ਰਸ਼ਾਦ ਦੇ ਕਰਨ ਦੀ ਵਿਧੀ ਦਾ ਵਰਨਣ ਕੀਤਾ। ਬਹੁਤ ਸੰਤਾਨ ਹੋਣ ਦੇ ਦੁੱਖ ਨੂੰ ਅਨੁਭਵ ਕਰਦਿਆਂ ਸਤਿਗੁਰੂ ਜੀ ਫੁਰਮਾਇਆ ਦਵਾਈਆਂ ਦੀ ਵਰਤੋਂ ਨਾ ਕਰਕੇ ਮਨ ਦੁਆਰਾ ਸੰਜਮ ਦਾ ਅਭਿਆਸ ਕਰੋ ਜਿਸ ਨਾਲ ਸਰੀਰ ਦਾ ਭੀ ਬਚਾਅ ਹੋ ਸਕੇ। ਹਰ ਬੱਚੇ ਦਾ ਚਾਰ ਪੰਜ ਸਾਲ ਦਾ ਫਰਕ ਹੋਣਾ ਅਤਿ ਜ਼ਰੂਰੀ ਹੈ।

---

* 1934 ਈਸਵੀ—ਸੰਪਾਦਕ

ਸਤਿਗੁਰਾਂ ਦਾ ਆਖਰੀ ਹੋਲਾ

1959 ਈ. ਨੂੰ ਜੀਵਨ ਨਗਰ ਦੇ ਹੋਲੇ ਤੇ ਸਤਿਗੁਰੂ ਜੀ ਨੇ ਬਚਨ ਕੀਤੇ :—

ਇਹ ਮੇਲੇ, ਇਹ ਹੋਲੇ ਭਾਗਾਂ ਨਾਲ ਹੀ ਕਰਵਾਣ ਦਾ ਇਤਫਾਕ ਹੁੰਦਾ ਹੈ। ਇਹਨਾਂ ਵਿਚ ਉਦਮ ਨੂੰ ਕਦੇ ਨਹੀਂ ਵਿਸਾਰਨਾ ਚਾਹੀਦਾ ਤੇ ਨਾ ਹੀ ਆਪਣਾ ਆਪ ਬਚਾਅ ਕੇ ਡਿਊਟੀਆਂ ਤੋਂ ਸੰਕੋਚ ਕਰਨਾ ਚਾਹੀਦਾ ਹੈ। ਇਹ ਹੋਲੇ ਮੇਲ਼ੇ ਭੁਗਤਾਣੇ ਮਿਲਵੀਂ ਜਨ-ਸ਼ਕਤੀ ਦਾ ਹੀ ਕੰਮ ਹੁੰਦਾ ਹੈ। ਕੋਈ ਇਹ ਨਾ ਸਮਝੇ ਕਿ ਅਮਕਾ ਕੰਮ ਮੇਰੇ ਜ਼ਿੰਮੇ ਨਹੀਂ, ਮੈਨੂੰ ਕਿਹਾ ਨਹੀਂ ਗਿਆ ਜਾਂ ਕੋਈ ਹੋਰ ਬਹਾਨਾ ਲਾਣਾ ਠੀਕ ਨਹੀਂ। ਲੋੜ ਹੈ ਮੇਰੇ ਵਿਚ ਲੋੜੀਂਦੇ ਕੰਮਾਂ ਨੂੰ ਸੇਵਾ ਸਮਝ ਕੇ ਆਪੇ ਕੀਤਾ ਜਾਏ। ਸੇਵਾ ਕਰਦਿਆਂ ਮਨ ਨਿਰਮਲ, ਮਤ ਉੱਚੀ, ਹਉਮੈ ਦਾ ਨਾਸ ਤੇ ਆਤਮਾ ਦਾ ਵਿਕਾਸ ਹੁੰਦਾ ਹੈ ਅਤੇ ਸੇਵਾ ਕਰਦਿਆਂ ਹੀ ਮਨੁੱਖਾ ਜਨਮ ਸਫਲਾ ਹੋ ਸਕਦਾ ਹੈ। 'ਗੁਰ ਸੇਵਾ ਤੇ ਭਗਤਿ ਕਮਾਈ। ਤਬ ਇਹ ਮਾਨਸ ਦੇਹੀ ਪਾਈ।'

19 ਫੱਗਣ ਨੂੰ ਸ਼ਾਮ ਦੇ ਦੀਵਾਨ ਵਿਚ ਸ੍ਰੀ ਸਤਿਗੁਰੂ ਜੀ ਨੇ ਸਾਧ-ਸੰਗਤ ਦੇ ਨਾਮ ਸੰਦੇਸ਼ ਦਿੰਦਿਆਂ ਇਸ ਖੁਸ਼ੀ ਦਾ ਇਜ਼ਹਾਰ ਕੀਤਾ ਕਿ ਨਾਮਧਾਰੀਆਂ ਨੇ ਸਦਾ ਹੀ ਗੁਰ-ਹੁਕਮੀ ਤੇ ਫੁੱਲ ਚਾੜ੍ਹੇ ਹਨ ਅਤੇ ਹੁਕਮ ਨੂੰ ਖਿੜੇ ਮੱਥੇ ਪਰਵਾਨ ਕੀਤਾ ਹੈ। ਹੁਣ ਨਿਕਾ ਜਿਹਾ ਹੰਭਲਾ ਹੋਰ ਮਾਰਨ ਦੀ ਲੋੜ ਹੈ ਤੇ ਉਹ ਹੈ। ਲੱਖ ਪਾਠਾਂ ਦੀ ਪੂਰਤੀ ਹਿੱਤ ਤਾਣ ਲਾਣਾ। ਸ੍ਰੀ ਸਤਿਗੁਰੂ ਜੀ ਨੇ ਭਾਸ਼ਣ ਕਰਦਿਆਂ ਬਾਬਾ ਜਵਾਹਰ ਸਿੰਘ ਜੀ ਦਾ ਬਚਨ ਯਾਦ ਕਰਵਾਇਆ।*

ਬਾਬਾ ਜੀ ਸਤਿਗੁਰਾਂ ਦੇ ਪਰਦੇਸ਼ ਗਮਨ ਤੋਂ 3 ਸਾਲ ਬਾਅਦ ਰੰਗੂਨ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਦਰਸ਼ਨ ਪਰਸੇ। ਸਤਿਗੁਰੂ ਰਾਮ ਸਿੰਘ ਜੀ ਨੇ ਵੰਗਾਰਿਆ ਕਿ ਜਿਹੜੇ ਕਹਿੰਦੇ ਸੀ ਕਿ ਉਹ ਸਰਬੰਸ ਨਿਉਛਾਵਰ ਕਰਨਗੇ, ਉਹ ਕੇਵਲ ਪਾਠ ਕਰਨ ਸਾਡੇ ਨਮਿਤ। ਏਸ ਬਚਨ ਨੂੰ 47 ਸਾਲ ਹੋ ਗਏ ਹਨ। ਤਦ ਤੋਂ ਅਖੰਡ ਪਾਠ ਤੇ ਸਧਾਰਨ ਪਾਠਾਂ ਦਾ ਪਰਵਾਹ ਜਾਰੀ ਹੈ। ਪਰ ਪੂਰੇ ਕਾ ਕੀਆ ਹੀ ਸਭ ਪੂਰਾ ਹੋ ਸਕਦਾ ਹੈ। ਸਤਿਗੁਰੂ ਜੀ ਨੇ 2 ਲੱਖ ਪਾਠ ਕਰਵਾਣ ਲਈ ਕਿਹਾ ਸੀ, ਸਾਥੋਂ ਉਹ ਪੂਰਾ ਨਹੀਂ ਹੋਇਆ। ਹੁਣ ਤੀਸਰੀ ਵਾਰ ਪਾਠ ਤੋਰੇ ਹੋਏ ਹਨ। ਅਸੀਂ ਸਭ ਅੱਗੇ ਅਰਜ਼ ਕਰਦੇ ਹਾਂ—'ਕਰਹੁ ਜਤਨ ਜੇ ਹੋਇ ਮਿਹਰਵਾਨਾਂ।' ਮਿਲ ਕੇ ਹੰਭਲਾ ਮਾਰੋ ਤੇ ਅਗਲੇ ਹੋਲੇ ਨੂੰ ਪਾਠਾਂ ਦੇ ਭੋਗ ਪਾ ਕੇ ਇਸ ਪ੍ਰਯੋਗ ਵਲੋਂ ਸੁਰਖਰੂ ਹੋਈਏ।

ਸਤਿਗੁਰੂ ਜੀ ਨੇ ਕੌਮਾਂਤਰੀ ਅਮਨ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਅਮਨ ਅਮਨ ਕਰਦਿਆਂ ਜੰਗੀ ਬਦਲਾਂ ਨੇ ਆਕਾਸ਼ ਮੱਲ ਰਖਿਆ ਹੈ। ਠੰਢੀ ਲੜਾਈ ਜੰਗੀ ਬੁਖਾਰ ਨੂੰ ਕਾਇਮ ਰੱਖਣ ਲਈ ਚਲਾਈ ਜਾ ਰਹੀ ਹੈ। ਰੂਸ ਤੇ ਚੀਨ ਵਰਗੀਆਂ ਮਹਾਨ ਤਾਕਤਾਂ ਅਮਨ ਦੀਆਂ ਖਾਹਸ਼ਮੰਦ ਹੁੰਦੀਆਂ ਹੋਈਆਂ ਵੀ ਹਥਿਆਰ

---

* ਬਾਬਾ ਦਰਬਾਰਾ ਸਿੰਘ—ਸੰਪਾਦਕ

ਬਣਾਣ ਤੇ ਮਜਬੂਰ ਹਨ, ਪਰ ਮੁਖਾਲਫ ਟਿਚਕਰਾਂ ਕਰਦੇ ਹਨ ਉਹ ਅਮਨ ਦੀਆਂ ਗੱਲਾਂ ਚੰਗੀਆਂ ਨਹੀਂ ਸਮਝਦੇ। ਪਰ ਹੋਣਾ ਉਹੋ ਹੈ ਜੋ ਉਹਦੀ ਰਜ਼ਾ ਹੈ। ਪਰੰਤੂ ਸਤਿਗੁਰੂ ਰਾਮ ਸਿੰਘ ਜੀ ਅੱਜ ਤੋਂ 82 ਸਾਲ ਪਹਿਲਾਂ, ਪਹਿਲੀ ਵੇਰ ਭਾਰਤ ਵਿਚ ਅਮਨ ਦਾ ਸਫੇਦ ਝੰਡਾ ਝੁਲਾ ਕੇ ਸੰਸਾਰ ਨੂੰ ਅਮਨ ਦਾ ਸੰਦੇਸ਼ ਦਿੱਤਾ।

ਬੇਟਰਮੈਂਟ ਟੈਕਸ ਬਾਰੇ ਸਤਿਗੁਰੂ ਜੀ ਨੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਫਰਮਾਇਆ, ਬੇਟਰਮੈਂਟੈਕਸ ਕਿਸਾਨਾਂ ਨਾਲ ਬੜਾ ਅਨਿਆਇ ਹੈ : ਕਿਸਾਨਾਂ ਦੀਆਂ ਏਸ ਮਸਲੇ ਤੇ ਗ੍ਰਿਫਤਾਰੀਆਂ ਅਤੇ ਤਸ਼ਦਦ ਕੋਈ ਸਿਆਣੀ ਨੀਤੀ ਨਹੀਂ। ਪਿਛੋਂ ਸਤਿਗੁਰੂ ਜੀ ਨੇ ਹੁਕਮ ਕੀਤਾ :—ਇਹ ਆਨੰਦ ਮਰਆਦਾ ਜਿਸ ਵਿਚ ਸਮੁੱਚੀ ਜੁੜੀ ਸੰਗਤ ਜਾਂਞੀ ਮਾਂਞੀ ਦੇ ਤੌਰ ਤੇ ਸੱਭਦੀ ਹੈ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਖੋਟਿਆਂ ਦੇ ਮੇਲੇ ਤੇ ਪਰਚਲਤ ਕੀਤੀ ਸੀ। ਸਾਦਗੀ ਬੇ-ਰਸਮਗੀ ਦਾ ਏਦੂੰ ਵੱਧ ਹੋਰ ਕੀ ਨਜ਼ਾਰਾ ਹੋ ਸਕਦਾ ਹੈ।''

1959 ਈ. ਦਾ ਹੋਲਾ ਮਹੱਲਾ ਸਤਿਗੁਰੂ ਪਰਤਾਪ ਸਿੰਘ ਜੀ ਦਾ ਆਖਰੀ ਹੋਲਾ ਸੀ। ਭਾਈ ਧਿਆਨ ਸਿੰਘ ਜੀ ਦੇ ਸ਼ਬਦਾਂ ਵਿਚ—

ਇਹੋ ਮਹੱਲਾ ਹੋਲਾ ਖੇਲੇਂ।
ਨਦੀਆ ਵਾਹੁ ਸੰਜੋਗੀ ਮੇਲੇ।

ਸਤਿਗੁਰੂ ਜੀ ਸਾਧ-ਸੰਗਤ ਨੂੰ ਸਦੀਵੀ ਵਿਛੋੜਾ ਦੇ ਗਏ ਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਪੰਥ ਦੇ ਰਹਿਨੁਮਾ, ਰਹਿਬਰ ਤੇ ਪੱਥ-ਪ੍ਰਦਰਸ਼ਕ ਬਣੇ।

ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪੂਰਵ ਗੁਰੂਆਂ ਦੀ ਚਲਾਈ ਹੋਈ ਹੋਲੇ ਦੀ ਪਰੰਪਰਾ ਨੂੰ ਅਗਾਂਹ ਵਧਾਂਦਿਆਂ ਹੋਇਆਂ ਹੋਰ ਸੁਦ੍ਰਿੜ ਕੀਤਾ। ਹੋਲੇ ਦੇ ਸੁਭ ਪਰਵ ਵਿਚ ਹੁਣ ਬੱਚੇ ਅਗਾਂਹ ਵੱਧ ਚੜ੍ਹ ਕੇ ਹਿੱਸਾ ਲੈ ਕੇ ਸਤਿਗੁਰੂ ਜੀ ਦੀਆਂ ਅਪਾਰ ਖੁਸ਼ੀਆਂ ਤੇ ਸਨੇਹ ਦੇ ਪਾਤਰ ਬਣ ਗਏ ਹਨ। ਛੋਟੇ-ਛੋਟੇ ਬੱਚੇ ਆਪਣੀਆਂ ਮਧੁਰ ਸੁਰੀਲੀਆਂ ਸ਼ਾਸਤ੍ਰੀਯ ਧੁਨਾਂ ਰਾਹੀਂ ਸ਼ਬਦ ਗਾਇਨ ਕਰਕੇ, ਆਸਾ ਦੀ ਵਾਰ ਤੇ ਵਾਰੇ ਦਾ ਕੀਰਤਨ, ਹੋਲੇ ਦੇ ਦੀਵਾਨ, ਕਥਾਵਾਂ, ਭਾਸ਼ਨ ਆਦਿ ਤੇ ਦਸਮ ਗ੍ਰੰਥ ਦੇ ਪਾਠਾਂ ਦੇ ਭੋਗ ਪਾ ਕੇ, ਆਨੰਦ ਕਾਰਜ ਵੇਲੇ ਲਾਵਾਂ ਪੜ੍ਹ ਕੇ, ਹੋਲੇ ਦੇ ਸੁਭ ਅਵਸਰ ਤੇ ਸਭ ਉਪਸਥਿਤ ਸਾਧ-ਸੰਗਤ ਨੂੰ ਵਿਸਮਾਦਿਤ ਕਰਦੇ ਹਨ।

ਉਹਨਾਂ ਦੀ ਕਲਪਨਾ ਦਾ ਮਨੁੱਖ

—ਅਮਰ ਭਾਰਤੀ

ਸਤਿਗੁਰੂ ਪਰਤਾਪ ਸਿੰਘ ਜੀ ਜਦੋਂ ਇਕ ਮਨੁੱਖ ਦੀ ਗੱਲ ਕਰਦੇ ਨੇ ਤਾਂ ਉਹ ਮਨੁੱਖ ਇਹੋ ਜਿਹਾ ਨਹੀਂ ਹੁੰਦਾ—ਜਿਹੜਾ ਹਰ ਗਲੀ ਤੇ ਹਰ ਮੋੜ ਉਪਰ ਅੱਜ ਮਿਲ ਜਾਂਦਾ ਹੈ। ਹਰ ਗਲੀ-ਮੋੜ ਉਪਰ ਆਮ ਮਿਲ ਜਾਣ ਵਾਲਾ ਮਨੁੱਖ ਵੀ ਭਾਵੇਂ ਜਾਤੀ ਜਾਂ ਜੂਨ ਵਲੋਂ ਇਕ ਘੱਟ ਚੁਰਾਸੀ ਲੱਖ ਜੂਨਾਂ ਦਾ ਸਰਦਾਰ ਹੀ ਅਖਵਾਏਗਾ—ਪਰ ਬਿਰਤੀਆਂ ਵਲੋਂ ਉਹ ਆਮ ਤੌਰ ਤੇ ਉਨ੍ਹਾਂ ਜੂਨਾਂ ਵਿਚੋਂ ਹੀ ਕੋਈ ਇਕ ਹੁੰਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੀ ਕਲਪਨਾ ਦਾ ਮਨੁੱਖ ਉਹ ਹੈ ਜਿਸ ਨੇ ਆਪਣੀਆਂ ਬਿਰਤੀਆਂ ਨੂੰ ਸੋਧਿਆ ਹੈ ਤੇ ਸੋਧ ਕੇ ਉਨ੍ਹਾਂ ਉਪਰ ਅੰਕੁਸ਼ ਲਗਾਇਆ ਹੈ। ਇਹੋ ਜਿਹੇ ਮਨੁੱਖ ਲਈ ਆਪ ਕੁਝ ਸ਼ਰਤਾਂ ਰੱਖਦੇ ਹਨ।

ਬ੍ਰਹਮਚਾਰੀ ਨੂੰ ਸਾਡੇ ਧਰਮ ਸ਼ਾਸਤਰਾਂ ਵਿਚ ਦੋ ਤਰ੍ਹਾਂ ਨਾਲ ਵੇਖਿਆ-ਮੰਨਿਆਂ ਗਿਆ ਹੈ—ਪਹਿਲਾ; ਬ੍ਰਹਮ ਅਰਥਾਤ ਪਰਮਾਤਮਾ ਵਿਚ ਹੀ ਵਿਚਰਨ ਵਾਲਾ (ਚਰਯਾ ਕਰਨ ਵਾਲਾ) ਜਾਂ ਪਰਮਾਤਮਾ ਨਾਲ ਇਕਸੁਰ ਰਹਿਣ ਵਾਲਾ; ਅਤੇ ਦੂਜਾ ਬਿੰਦੂ ਨੂੰ ਜਾਂ ਵੀਰਯ ਨੂੰ ਸੰਭਾਲ ਕੇ ਰੱਖਣ ਤੇ ਵਰਤਣ ਵਾਲਾ। ਇਕ ਪੂਰੀ ਤਰ੍ਹਾਂ ਧਾਰਮਕ ਵਿਅਕਤੀ ਦੋਹਾਂ ਪੱਖਾਂ ਤੋਂ ਬ੍ਰਹਮਚਾਰੀ ਹੁੰਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੀ ਸ਼ਬਦਾਂ ਵਿਚ—"ਬ੍ਰਹਮਚਾਰੀ ਕੈਸਾ ਹੋਵੇ ? ਜਿਹੜਾ ਜ਼ਬਾਨ ਨਾਲ ਐਸਾ ਸ਼ਬਦ ਨਾ ਕਹੇ, ਕਰੋਧ ਨਾ ਆਵੇ, ਕਾਮ ਨਾ ਜਿਨ੍ਹਾਂ (ਸ਼ਬਦਾਂ) ਨਾਲ ਆਵੇ, ਲਾਲਚ ਨਾ ਜਿਨ੍ਹਾਂ ਨਾਲ ਪੈਦਾ ਹੋਵੇ, ਕਿਸੇ ਚੀਜ਼ ਨਾਲ ਮੋਹ ਨਾ ਪੈਦਾ ਹੋਵੇ।... ਸਾਰਕਤਾਵਲੀ ਛੋਟਾ ਜਿਹਾ ਪੁਸਤਕ ਹੈ, ਉਨ੍ਹਾਂ ਨੇ ਲਿਖਿਆ ਹੈ—

'ਧਰਮ ਸਰਬ ਸੁਖ ਖਾਨ ਜਾਨ ਸਭ ਕੋ ਹਿਤਕਾਰੀ।
ਧਰਮ ਧਰੇ ਬੁਧਵਾਨ ਨਿਰੰਤਰ ਚਿੱਤ ਮਝਾਰੀ।'

"ਕਿਉਂਕਿ ਧਰਮ ਨੇ ਇਹ ਗੱਲ ਦੱਸਣੀ ਹੈ—ਧਰਮ ਤੋਂ ਇਹ ਪਤਾ ਲੱਗਣਾ ਹੈ ਕਿ ਕਿਸੇ ਦੀ ਚੀਜ਼ ਨਾ ਛੇੜੋ। ਬਗਾਨੀ ਅੰਸ਼ ਦਾ ਤਿਆਗ ਕਰੋ, ਤਾਂ ਫਿਰ ਕਿਉਂ ਰੌਲਾ ਪਊ ਜਦੋਂ ਮੇਰੇ ਚਿੱਤ ਵਿਚ ਕੋਈ ਚੀਜ਼ ਹੀ ਨਹੀਂ ਕਿ ਮੈਂ ਕਿਸੇ ਦੀ ਕੋਈ

ਛੋੜਨੀ ਹੈ। ਜੇ ਸਾਰਿਆਂ ਨੂੰ ਇਹ ਗਿਆਨ ਹੋ ਜਾਵੇ, ਕੋਈ ਨਾ ਛੇੜੇ। ਆਪੋ ਆਪਣੇ ਥਾਂ ਖੜੇ ਰਹਿਣ। ਕਿਉਂ ? ਕਿਸੇ ਦੀ ਕੀ ਜ਼ਰੂਰਤ ਹੈ ? ਕੀ ਐਟਮ ਬੰਬਾਂ ਦੀ ਜ਼ਰੂਰਤ ਹੈ, ਹਾਈਡਰੋਜਨ ਬੰਬਾਂ ਦੀ ਕਿਆ ਲੋੜ ਹੈ, ਸਾਰੇ ਇਕੋ ਵੇਰ ਸਮੁੰਦਰ 'ਚ ਸੁਟੇ ਜਾਣ, ਧਰਮ ਉਤੇ ਖੜੇ ਹੋ ਜਾਣ,....ਸਤਿਗੁਰੂ ਨਾਨਕ ਦੇਵ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਗੋਬਿੰਦ ਸਿੰਘ ਕਿਸੇ ਰੂਪ 'ਚ ਉਹ ਆਏ, ਉਹਨਾਂ ਨੇ ਆ ਕੇ ਹੋਰ ਕੁਛ ਨਹੀਂ ਕੀਤਾ। 'ਧੌਲ ਧਰਮ ਪੁਕਾਰੈ ਧਰਾ ਹੇਠ ਖੜੋਆ' ਭਾਈ ਗੁਰਦਾਸ ਜੀ ਕਹਿੰਦੇ ਨੇ—ਕੋਇ ਨਾ ਥੰਮੇ ਸਾਧ ਬਿਨ ਸਾਧ ਨਾ ਦਿੱਸੇ ਜਗ ਵਿਚ ਕੋਆ।' 'ਸਾਧ ਨਾਮ ਨਿਰਮਲ ਜਾ ਕੇ ਕਰਮ'—ਜਿਹਦੇ ਕਰਮਾਂ ਵਿਚ ਮੈਲ ਨਹੀਂ, ਉਹ ਸਾਧ ਹੈ। ਨਾ ਭਗਵੇਂ ਵਾਲਾ, ਨਾ ਚਿੱਟਿਆਂ ਵਾਲਾ, ਨਾ ਕਿਰਪਾਨ ਵਾਲਾ; ਏਥੇ ਰੌਲਾ ਈ ਨਹੀਂ।''

ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੀ ਕਲਪਨਾ ਦਾ ਮਨੁੱਖ ਸਿਰਜਨ ਲਈ ਭਾਰਤੀ ਸਮਾਜ ਪਰੰਪਰਾ ਦੇ ਚਾਰ ਆਸ਼ਰਮਾਂ ਦੀ ਗੱਲ ਕੀਤੀ ਹੈ। ਬ੍ਰਹਮਚਰਜ ਆਸ਼ਰਮ, ਗ੍ਰਿਹਸਥ ਆਸ਼ਰਮ, ਬਾਣਪ੍ਰਸਥ ਆਸ਼ਰਮ ਅਤੇ ਸੰਨਿਆਸ ਆਸ਼ਰਮ। ਪਹਿਲੇ ਅਰਥਾਤ ਬ੍ਰਹਮਚਰਜ ਆਸ਼ਰਮ ਦੀ ਚਰਚਾ ਕਰਦਿਆਂ ਆਪ ਫੁਰਮਾਉਂਦੇ ਹਨ—''ਪਹਿਲਾ ਹਿੱਸਾ ਸੀ ਇਸਦਾ ਕਿ ਬ੍ਰਹਮਚਾਰੀ ਹੋਵੇ। ਪਰ ਇਹ ਬਣੇ ਬ੍ਰਹਮਚਾਰੀ ਕਿਸ ਤਰ੍ਹਾਂ ? ਇਹਨੂੰ ਬਣਾਵੇ ਕੌਣ ? ਇਹਨੂੰ ਸਿੱਖਿਆ ਕਿਥੋਂ ਮਿਲੇ ?'' ਆਪਣੇ ਇਸ ਸਵਾਲ ਦਾ ਜਵਾਬ ਖ਼ੁਦ ਹੀ ਦੇਂਦਿਆਂ ਹੋਇਆਂ ਇਸ ਦੀ ਜ਼ਿੰਮੇਵਾਰੀ ਇਸ ਦੇ ਮੂਲ ਵਿਚ ਜਾ ਕੇ ਪਹਿਲਾਂ ਉਸ ਧਿਰ ਨੂੰ ਦੇਂਦੇ ਹਨ ਜਿਹੜੀ ਪਰਤੱਖ ਰੂਪ ਵਿਚ ਬੱਚੇ ਦੇ ਜਨਮ ਦਾ ਕਾਰਨ ਬਣਦੀ ਹੈ—ਅਤੇ ਉਹ ਧਿਰ ਹੈ ਮਾਤਾ ਤੇ ਪਿਤਾ। ਦੂਜੀ ਧਿਰ ਹੈ ਆਸ਼ਰਮ-ਗੁਰੂ। ਬ੍ਰਹਮਚਰਜ ਆਸ਼ਰਮ ਦੀ ਸਾਰਥਕਤਾ ਲਈ ਪਹਿਲਾਂ ਆਦਰਸ਼ ਗ੍ਰਿਹਸਥ ਆਸ਼ਰਮ ਜਾਂ ਗ੍ਰਿਹਸਥ ਧਰਮ ਦੀ ਲੋੜ ਹੈ। ਆਪ ਕਹਿੰਦੇ ਹਨ—''ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਐ, 'ਕਹੂੰ ਗ੍ਰਿਸਥ ਧਰਮ ਅਪਾਰ।' ਭਾਈ ਗੁਰਦਾਸ ਜੀ ਨੇ 'ਜੈਸੇ ਸਰ ਸਰਿਤਾ ਸਕਲ ਮਹਿ ਸਮੁੰਦਰ ਬਡੋ'—ਸਾਰੀਆਂ ਨਦੀਆਂ ਵਿਚੋਂ ਸਮੁੰਦਰ ਬਡਾ ਐ, 'ਮੇਰੁ ਮਹਿ ਸਮੇਰੁ ਬਡੋ'। ਪਹਾੜਾਂ ਵਿਚੋਂ ਸੁਮੇਰ ਪਰਬਤ ਬਡੇ। 'ਪਾਰਸ ਪਖਾਨਵੋ'—ਪੱਥਰਾਂ ਵਿਚੋਂ ਪਾਰਸ ਬਡੇ—'ਪੰਛੀਆਂ ਵਿਚੋਂ ਹੰਸ, ਮ੍ਰਿਗ ਗਜਨ ਮੈਂ ਸਾਰਦੂਲ'—ਸ਼ੇਰਾਂ ਵਿਚੋਂ ਸਾਰਦੂਲ ਕੇਹਰ ਸ਼ੇਰ। ਧਾਤ ਮੈਂ ਕਨਕ ਗਾਤ ਅਭਿਮਾਨ ਹੈ। ਧਾਤੂਆਂ ਵਿਚੋਂ ਸੋਨੇ ਨੂੰ ਉੱਤਮ ਧਾਤੂ ਮੰਨਿਐ। ਉਹ ਕਹਿੰਦੇ ਨੇ, 'ਗਿਆਨਨ ਮਹਿ ਗਿਆਨ, ਧਿਆਨਨ ਮਹਿ ਧਿਆਨ ਗੁਰ, ਸਗਲ ਧਰਮ ਮਹਿ ਗ੍ਰਿਸਤ ਪਰਧਾਨ ਹੈ।'

''ਮਹਾਂਪੁਰਖ ਸਨ ਇਕ ਸਾਡੇ ਪੰਜਾਬ ਵਿਚ ਸਾਧੂ। ਉਹ ਦਵਾਈ ਦੇਂਦੇ ਸਨ। ਜਿਨ੍ਹਾਂ ਦੇ ਬੱਚਾ ਨਹੀਂ ਸੀ ਹੁੰਦਾ ਤਾਂ ਉਹਨਾਂ ਦੇ ਹੋ ਜਾਂਦਾ ਸੀ। ਪਰ ਉਹ ਸ਼ਰਤ ਨਾਲ ਕਹਿ ਲੈਂਦੇ ਸੀ ਕਿ 'ਸਾਡੀ ਦਵਾਈ ਖਾਣ ਵਾਲਾ ਇਸਤਰੀ ਪੁਰਸ਼ ਪਹਿਲੀ ਰਾਤ ਸੰਗ ਨਾ ਕਰੇ।' ਕਿਆ ਬੁਰੀਆਂ ਬੁਰੀਆਂ ਗੱਲਾਂ ਮੇਰੀ ਧੌਲੀ ਦਾਹੜੀ ਨਾਲ ਤੁਹਾਨੂੰ ਵੀ ਜਾਪਦੀਆਂ ਹੋਣਗੀਆਂ, ਪਰ ਜੇ ਤੁਸੀਂ ਇਹਨਾਂ ਦੇ ਤੱਤ ਨੂੰ ਦੇਖੋਗੇ ਤਾਂ

ਤੁਹਾਨੂੰ ਪਤਾ ਲਗੇਗਾ—ਉਹਨਾਂ ਪੁਛਿਆ, ਉਹ ਕਹਿੰਦਾ, 'ਬਈ ਗੱਲ ਇਹ ਐ ਕਿ ਮੈਂ ਇਹ ਚਾਹਨਾਂ, ਬੱਚਾ ਤਾਂ ਮੇਰੀ ਦਵਾਈ ਨੇ ਪੈਦਾ ਕਰ ਈ ਦੇਣੈ, ਪਰ ਜਿਹੜਾ (ਰਾਤ ਦੇ) ਪਹਿਲੇ ਵਕਤ ਦਾ (ਇਸਤ੍ਰੀ) ਸੰਗ ਹੈ ਉਹਦੇ ਨਾਲ ਰਾਕਸ਼ ਬਿਰਤੀ ਪੈਦਾ ਹੁੰਦੀ ਹੈ, (ਰਾਤ ਦੇ) ਪਿਛਲੇ ਵਕਤ ਦੇ (ਸੰਭੋਗ) ਨਾਲ ਦੇਵਤਾ ਬਿਰਤੀ। ਮੇਰੀ ਦਵਾਈ ਦਿੱਤੀ ਤੋਂ ਬੱਚਾ ਤਾਂ ਕੋਈ ਦੇਵਤਾ ਪੈਦਾ ਹੋਵੇ !''

ਬ੍ਰਹਮਚਰਜ ਦਾ ਪਾਲਨ ਕਰਨ ਤੋਂ ਬਿਨਾ ਸਰੀਰਕ, ਮਾਨਸਿਕ ਤੇ ਅਧਿਆਤਮਕ ਕਿਸੇ ਤਰ੍ਹਾਂ ਦਾ ਵੀ ਬਲ ਸੰਚਿਤ ਨਹੀਂ ਕੀਤਾ ਜਾ ਸਕਦਾ। ਅਤੇ ਬਲ ਦਾ ਸੰਚੈ ਹੋਣ ਤੋਂ ਬਿਨਾ ਕਿਸੇ ਕਾਰਜ ਦੀ ਸਿੱਧੀ ਨਹੀਂ ਹੋ ਸਕਦੀ। ਸ਼ਾਸਤ੍ਰ ਵਿਚ ਕਿਹਾ ਹੈ, 'ਨਾਯਮਾਤਮਾ ਬਲਹੀਨੇਨ ਲਭਯਹ।' ਸਮਾਜਕ ਦ੍ਰਿਸ਼ਟੀ ਤੋਂ ਵਿਆਹ ਨਾ ਕਰਨਾ ਅਤੇ ਵਿਆਹ ਕਰਕੇ ਆਪਣੀ ਪਤਨੀ ਨਾਲ ਸੰਜਮ ਪੂਰਬਕ ਰਹਿਣਾ—ਇਹ ਦੋਵੇਂ ਹੀ ਬ੍ਰਹਮਚਰਜ ਦੇ ਰੂਪ ਹਨ। ਪਰਾਈ ਇਸਤ੍ਰੀ ਦੇ ਪ੍ਰਤੀ ਭੋਰਾ ਭਰ ਵੀ ਚਿੱਤ ਵਿਚ ਚਾਹ ਆ ਜਾਣ ਤੇ ਬ੍ਰਹਮਚਰਜ ਤੋਂ ਗਿਰਾਵਟ ਆ ਜਾਂਦੀ ਹੈ, ਕਿਉਂਕਿ ਚਿੱਤ ਦੀ ਉਹ ਅਵਸਥਾ ਵਿਭਚਾਰ ਦੇ ਘੇਰੇ ਵਿਚ ਹੀ ਗਿਣੀ ਜਾਂਦੀ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਵੀਰਜ ਦੀ ਸੰਭਾਲ ਬਾਰੇ ਕਹਿੰਦੇ ਹਨ—''ਤਾਂ ਮੈਂ ਇਹ ਅਰਜ ਤੁਹਾਡੇ ਅੱਗੇ ਕਰਨੀ ਸੀ ਕਿ ਤੁਹਾਡਾ ਪਦਾਰਥ ਜਿਹੜਾ ਹੈ ਤੁਹਾਨੂੰ ਪਤਾ ਹੈ ਕਿ ਸੌ ਬੂੰਦ ਲਹੂ ਦੀ ਕਿੰਨੀ ਤਾਕਤ ਨਾਲ ਤੁਸੀਂ ਬਣਾ ਸਕੋ—(ਇਸ ਨਾਲ) ਇਕ ਮਿਝ ਦੀ ਬੂੰਦ ਬਣਦੀ ਹੈ—ਚਰਬੀ ਦੀ। ਸੋ ਚਰਬੀ ਦੀ ਬੂੰਦ ਤੋਂ ਬਾਅਦ ਇਕ ਮਣੀ ਦੀ ਬੂੰਦ ਬਣਦੀ ਹੈ। ਜਿਹੜਾ ਰੋਜ਼ ਲਹੂ ਏਨਾ ਖ਼ਰਾਬ ਕਰੋ, ਕਿੱਧਰ ਜਾਓਗੇ ?''

ਸਤਿਗੁਰੂ ਜੀ ਭਲੇ ਸਮਿਆਂ ਦੀ ਗੱਲ ਕਰਦਿਆਂ ਕਹਿੰਦੇ ਹਨ—''ਨਿਯਮ ਸੀ ਓਦੋਂ ਲੋਕਾਂ ਦਾ ਕਿ ਜਿੰਨਾ ਚਿਰ ਮਾਤਾ ਦੇ ਕੋਲ ਬੱਚਾ ਹੈ, ਓਨਾ ਚਿਰ ਪਤੀ ਕਦੇ (ਬੱਚੇ ਦੀ) ਮਾਤਾ ਦੇ ਨਾਲ ਟੱਚ ਨਹੀਂ ਸੀ ਕਰਦਾ, ਅੰਗ ਨਹੀਂ ਸੀ ਛੁਹਾਉਂਦਾ। ਉਹਦੇ ਨਾਲ ਕਦੇ ਐਸੀ ਗੱਲ ਨਹੀਂ ਸੀ ਕਰਦਾ ਜਿਹੜੀ ਬੱਚੇ ਦੀ ਭਾਵਨਾ ਵਿਚ ਆਵੇ। ਭਾਵੇਂ ਤੁਸੀਂ ਤਿੰਨ ਮਹੀਨੇ ਦੇ ਬੱਚੇ ਨੂੰ ਮੰਨ ਲਓ ਪਏ ਨੂੰ ਮੰਜੀ ਉੱਤੇ, ਉਹ ਉਸ ਵਕਤ ਵੀ ਦੇਖਦਾ ਹੈ। ਔਰ ਉਹਦੇ 'ਚ ਉਹ ਚੀਜ਼ਾਂ ਆਉਂਦੀਆਂ ਨੇ ਅਰ ਉਹ ਹਰਕਤਾਂ ਵਧਦੀਆਂ ਨੇ। ਸਾਡੇ ਮਤਲਬ ਦੀਆਂ ਇਹ ਗੱਲਾਂ ਹਨ, ਕਿਉਂਕਿ ਜੋ 'ਜਾਨ ਨਾਲ ਹੀ ਜਹਾਨ ਹੈ।' ਦੁਨੀਆਂ ਵਿਚ ਇਹ ਗੱਲ ਮਸ਼ਹੂਰ ਹੈ। ਮਾਤਾ ਸਾਡੀਆਂ—ਕਲ੍ਹ ਪਰਸੋਂ ਇਕ ਅਨੰਦ ਹੋਇਆ ਹੈ। ਬੀਬੀ ਤੁਰੀ ਜਾਂਦੀ ਡਿੱਗਣ ਲੱਗੀ ਸੀ, ਫੜ ਕੇ ਬਚਾਈ, ਕਿਉਂ ਸਾਡੀ ਧੀ ਐਸੀ ਹੋਵੇ ? ਸਿੰਘਣੀ ਸ਼ੇਰ ਦੀ ਬੱਚੀ ਇਹੋ ਜਿਹੀ ਕਿਉਂ ਹੋਵੇ ? ਧਿਆਨ ਦਿਓ, ਉਲਾਦ ਨੂੰ ਪਾਲਣ ਵੱਲ ਧਿਆਨ ਨਹੀਂ। ਕਪੜੇ ਬਹੁਤੇ ਪਵਾ ਦੇਣ ਵੱਲ ਧਿਆਨ ਹੈ। ਲੇਕਿਨ ਇਸ ਗੱਲ ਦਾ ਕੋਈ ਧਿਆਨ ਨਹੀਂ ਕਿ ਇਸਦਾ ਸਰੀਰ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਹੈ। ਤਾਂ ਮੈਂ ਇਹ ਅਰਜ਼ ਕਰਾਂਗਾ, ਤੁਸੀਂ ਲੋਕ ਆਪਣੇ ਆਪਣੇ ਅੰਦਰ ਝਾਤੀ ਮਾਰ ਕੇ ਧਿਆਨ ਦਿਓ ਔਰ ਇਸ ਨੂੰ ਇਹੋ ਜਿਹੀ ਚੀਜ਼—ਜਿਸ ਤਰ੍ਹਾਂ ਜੂਏ ਵਿਚ ਸਭ ਕੁਝ ਹਾਰ ਜਾਈਦੈ,

ਇਸ ਤਰ੍ਹਾਂ ਵਿਸ਼ੇ ਦੇ ਭੋਗ ਵਿਚ ਸਰੀਰ ਸਾਰਾ ਹਾਰ ਜਾਂਦੈ। ਜਿਹੜਾ ਰਾਤ ਦਿਨ ਦਾ ਇਹੋ ਖਿਆਲ ਹੈ ਇਹ ਸਾਡੇ ਸ਼ੁਗਲ ਵਾਸਤੇ ਚੀਜ਼ ਨਹੀਂ ਸੀ, ਜੀਹਨੂੰ ਅਸਾਂ ਇਕ ਆਪਣਾ ਤਮਾਸ਼ਾ ਮੰਨ ਕੇ ਆਪਣਾ ਚਸਕਾ ਬਣਾਇਐ। ਇਸ ਦਾ ਮਤਲਬ ਸੀ ਕਿ ਜਿਸ ਭਾਰਤ ਦੇ ਅਸੀਂ ਰਹਿਣ ਵਾਲੇ ਹਾਂ, ਅਸੀਂ ਉਸ ਦਾ ਵਾਧਾ ਕਰਨਾ ਹੈ। ਪਰ ਵਾਧਾ ਕਿਹੋ ਜਿਹਾ ਕਰਨੈ ?... ਲੋਹੇ ਦੀ ਲੱਠ ਪੈਦਾ ਕਰਨੀ ਏ। ਇਹ ਨਹੀਂ ਪੈਦਾ ਕਰਨੀ ਕਿ ਉਥੇ ਫੂਸ ਦੀ ਬੱਧੀ ਹੋਈ ਪੰਡ ਹੈ, ਕਿ ਜਿਸਦੀ ਮਰਜ਼ੀ ਉਹਨੂੰ ਅੱਗ ਲਾ ਦਏ ਤੇ ਉਹ ਜਲ ਜਾਏ, ਧੱਕ ਦਵੇ ਤਾਂ ਵੀ ਪਾਣੀ ਵਿਚ ਡਿੱਗ ਪਵੇ, ਰੁੜ੍ਹ ਜਾਵੇ। ਮੈਂ ਅਰਜ਼ ਕਰਾਂਗਾ ਤੁਹਾਡੇ ਅੱਗੇ, ਮਾਈਆਂ ਅੱਗੇ ਵੀ,—ਮਾਈਆਂ ਦਾ ਇਕ ਵੱਡਾ ਧਰਮ ਹੈ।

"...ਉਹ ਕਿਥੇ ਸਨ ਸਾਡੀਆਂ ਮਾਤਾ ਮਦਾਲਸਾ ਜੈਸੀਆਂ ਜਿਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਜੰਮਦਿਆਂ ਤੋਂ ਹੀ ਉਪਦੇਸ਼ ਦਿੱਤਾ ਕਿ ਤੂੰ ਸੁੱਧ ਹੈਂ ਤੂੰ ਬੁੱਧ ਹੈਂ। ਇਹ ਜਗਤ ਜਿਹੜਾ ਹੈ ਤੂੰ ਛੱਡ ਦੇ ਇਸ ਨੂੰ। ਜਿਦਣ ਬੱਚੇ ਨੇ ਜਵਾਨ ਹੋਣਾ, ਮਾਈ ਦੇ ਇਸ ਉਪਦੇਸ਼ ਤੇ ਉਹਨੇ ਬਨ ਨੂੰ ਚਲੇ ਜਾਣਾ। ਅਖੀਰ ਤੇ ਰਾਜੇ ਨੇ ਆਖਿਆ, 'ਬਈ ਕਰਮਾ ਵਾਲੀਏ, ਇਹ ਸਾਰਾ ਰਾਜ ਭਾਗ ਜਾਏਗਾ, ਤੂੰ ਇਸ ਨੂੰ ਥੋੜ੍ਹਾ ਜਿਹਾ ਵਿਵਹਾਰਕ ਰਹਿਣ ਦੇ।' (ਮਾਈ ਨੇ) ਇਹੋ ਚੀਜ਼ ਲਿਖ ਕੇ—ਸੁਧੋ ਸੀ, ਬੁਧੋ ਸੀ, ਜਗਤ ਮਾਇਆ ਪ੍ਰਵਰਤਨੋ ਸੀ—(ਪੁੱਤਰ ਦੇ) ਡੌਲੇ ਨਾਲ ਤਵੀਤ ਬੰਨ੍ਹ ਕੇ ਆਖਿਆ ਕਿ ਕਾਕਾ, ਜੇ ਤੈਨੂੰ ਅਤੀ ਦੁੱਖ ਹੋਵੇ ਤਾਂ ਇਹਨੂੰ ਓਦੋਂ ਖੋਹਲ ਕੇ ਪੜ੍ਹ ਲਵੀਂ। ਉਹ ਰਾਜ ਕਰਦਾ ਰਿਹਾ। ਜ਼ਿਆਦਾ ਤਕਲੀਫ਼ ਆਈ। ਤਵੀਤ ਖੋਹਲ ਕੇ ਵੇਖਿਆ, ਛੱਡ ਕੇ ਕਹਿੰਦਾ ਹੈ—'ਲੈ ਭਾਈਆ, ਮੈਨੂੰ ਤਾਂ ਲੋੜ ਈ ਕਾਸੇ ਦੀ ਨਹੀਂ।' ਗੁਰੂ ਸਾਹਿਬ ਨੇ ਵੀ ਬਾਣੀ ਵਿਚ ਕਿਹਾ ਹੈ ਕਿ 'ਤੁਮ ਕਉ ਦੁੱਖ ਨਹੀਂ ਭਾਈ ਮੀਤ।' ਉਹ ਮਹਾਂਪੁਰਸ਼, ਇਹ ਸਾਡੀਆਂ ਮਾਤਾਂ, ਉਹ ਗਾਰਗੀ ਜੈਸੀਆਂ, ਮਾਤਾ ਅਨੁਸੂਈਆ ਜੈਸੀਆਂ ਮਾਤਾ, ਤਪ ਦੇ ਬਲ ਵਾਲੀਆਂ ਉਹ ਮਾਤਾ, ਕਿਆ ਕੋਸ਼ਕੀ ਸੀ ਨਾ ਉਸਦਾ ? ਜਿਹਨੇ ਸੂਰਜ ਨਹੀਂ ਸੀ ਚੜ੍ਹਨ ਦਿੱਤਾ। ਉਹ ਮਾਤਾ ਜਿਨ੍ਹਾਂ ਵਿਚ ਤਾਕਤ ਸੀ। ਉਹਨਾਂ ਆਖਿਆ, 'ਤੇਰਾ ਪਤੀ ਸੂਰਜ ਚੜ੍ਹਦੇ ਨੂੰ ਮਰ ਜਾਣੈ, ਉਸ ਆਖਿਆ, 'ਮੈਂ ਸੂਰਜ ਈ ਨਹੀਂ ਚੜ੍ਹਨ ਦੇਣਾ। ਸ੍ਰਿਸ਼ਟੀ ਤੇ ਹਨੇਰਾ ਹੋ ਗਿਆ। ਸਾਡੀਓ ਬੀਬੀਓ, ਮਾਈਓ, ਭੈਣੋ, ਤੁਸੀਂ ਭੀ ਓਹੋ ਜਿਹੀਆਂ ਹੀ ਬਣ ਸਕਦੀਆਂ ਓ ਅਗਰ ਤੁਸੀਂ ਆਪਣੇ ਆਚਰਨ ਨੂੰ ਉੱਚਾ ਕਰੋ। ਰਾਵਨ ਸੀਤਾ ਨੂੰ ਚੁਕ ਕੇ ਲਿਜਾ ਸਕਦਾ ਹੈ। ਸਤ ਨਹੀਂ ਭੰਗ ਕਰ ਸਕਦਾ, ਉਸਦੇ ਸਤ ਦਾ ਬਲ ਸੀ, ਜਿਥੇ ਆ ਕੇ ਉਸ ਦੇ ਤੱਪ ਦੇ ਅੱਗੇ ਉਹ ਗੱਲ ਨਹੀਂ ਸੀ ਕਰ ਸਕਦਾ।"

ਸਤਿਗੁਰੂ ਪਰਤਾਪ ਸਿੰਘ ਜੀ ਬ੍ਰਹਮਚਰਜ ਦੀ ਮਿਸਾਲ ਦੇਂਦਿਆਂ ਦੱਸਦੇ ਹਨ—"ਅਰਜੁਨ ਜਿਸ ਵੇਲੇ ਤੀਰ ਦੀ ਵਿੱਦਿਆ, ਬਾਣਾ ਦੀ ਵਿੱਦਿਆ ਸਿਖਣ ਲੱਗਿਆ ਤਾਂ ਉਸ ਨੂੰ ਉਪਦੇਸ਼ ਮਿਲਿਆ, (ਵਿਆਹਿਆ ਹੋਇਆ ਸੀ) ਕਿ ਤੂੰ ਇਕ ਸਾਲ ਭਰ ਆਪਣੀ ਇਸਤ੍ਰੀ ਦੇ ਪੱਲੇ ਨਾਲ ਪੱਲਾ ਗੰਢ ਕੇ ਇਕੋ ਇਕ ਕਪੜੇ ਵਿਚ ਰਹਿਣਾ ਏ। ਔਰ ਇਕੋ ਜਗ੍ਹਾ ਸਉਣੇ ਪਰ ਮਨ ਨਹੀਂ ਚੱਲਣ ਦੇਣਾ। ਆਪਣੀ

ਇਸਤ੍ਰੀ ਵੱਲ। ਤਾਂ ਤੂੰ ਇਸ ਤੀਰ ਵਿੱਦਿਆ ਵਿਚ ਪਰਪੱਕ ਹੋਏਂਗਾ। ਉਨ੍ਹਾਂ ਮਹਾਂਪੁਰਖਾਂ ਨੇ ਐਸੇ ਪ੍ਰਣ ਨਿਭਾਏ। ਕਿਆ ਸਾਡੇ ਕੋਲੋਂ ਇਕ ਦਿਨ ਵੀ ਲੰਘਦੈ ਅੱਜ ? ਅਸੀਂ ਕਰਦੇ ਹਾਂ ਕੁਛ ? ਸਾਡਾ ਕੋਈ ਹੈ ਹਾਲ ? ਅੱਜ ਕਿਉਂ ਅਰਜੁਨ ਦੇ ਬਾਣਾਂ ਦਾ ਨਾਉਂ ਹੈ ? ਕਰਨ ਦੇ ਬਾਣ ਬੜੇ ਤਕੜੇ ਸਨ, ਦੁਰਯੋਧਨ ਦੇ ਬੜੇ ਤਗੜੇ ਸਨ ਪਰ ਨਾਉਂ ਆਉਂਦਾ ਹੈ ਅਰਜੁਨ ਦੇ ਬਾਣਾਂ ਦਾ—ਕਿ ਉਸਨੇ ਨਿਯਮ ਨੂੰ ਪਾਲ ਕੇ ਇਸ ਬਾਣ ਵਿੱਦਿਆ ਨੂੰ ਸਿੱਖਿਆ ਸੀ।

"...ਗੁਰੂ ਹਰੀ ਸਿੰਘ ਜੀ ਦੇ ਦੋਹਤੇ ਸਨ ਨਰੈਣ ਸਿੰਘ ਹੁਰੀਂ। (ਸਾਡੀ ਪਹਿਲੀ ਮਾਤਾ ਦੇ ਰਿਸ਼ਤਿਓਂ) ਉਨ੍ਹਾਂ ਨੂੰ ਕੁਸੰਗਤ ਬੜੀ ਹੋਈ। ਉਹਨਾਂ ਇਕ ਔਰਤ ਕੱਢ ਕੇ ਲੈ ਆਂਦੀ। ਲੇਕਿਨ ਉਹ ਕਸਰਤ ਕਰਦੇ ਸਨ। ਕੱਢੀ ਹੋਈ ਔਰਤ ਨਾਲ ਰੋਜ਼ ਸੌਂਦੇ ਸਨ ਪਰ ਨੇੜੇ ਨਹੀਂ ਸੀ ਜਾਂਦੇ।"

ਸਤਿਗੁਰੂ ਪਰਤਾਪ ਸਿੰਘ ਜੀ ਬਰਥ ਕੰਟਰੋਲ ਦੇ ਤਰੀਕਿਆਂ ਨਾਲ ਵੀਰਜ ਦੀ ਸੰਭਾਲ ਦੀ ਗੱਲ ਦੱਸਦਿਆਂ ਫੁਰਮਾਉਂਦੇ ਹਨ—"ਹੁਣ ਲੋਕ ਦਵਾਈਆਂ ਵਰਤਦੇ ਨੇ ਬਰਥ ਕੰਟਰੋਲ (ਲਈ) । ਕਿਆ ਬਰਥ ਕੰਟਰੋਲ ਹੈ ! ਇਹ ਤਾਂ ਦਿਮਾਗੀ ਬਰਥ ਕੰਟਰੋਲ ਹੈ। ਚਾਹੇ ਸਾਰੀ ਉਮਰ ਇਹ ਬਰਥ ਕੰਟਰੋਲ ਕਰ ਸਕਦਾ ਹੈ। ਜੋ ਸਿੱਖ ਕਿਸੇ ਕੋਲੋਂ ਦਵਾਈਆਂ ਖਾ ਖਾ ਕੇ ਵੀਰਜ ਨੂੰ ਰੋਕਦੇ ਨੇ। ਏਥੋਂ ਚਲਦਾ ਹੈ ਜਿਸ ਵੇਲੇ, ਏਥੋਂ ਹਿੱਲ ਜਾਂਦਾ ਹੈ। ਉਹ (ਫਿਰ) ਜਿੱਥੇ ਵੀ ਠਹਿਰਦਾ ਹੈ, ਦੇਹ ਦੇ ਕਿਸੇ ਅੰਗ ਦਾ ਨਾਸ ਕਰ ਦੇਂਦਾ ਹੈ। ਸੁਜ਼ਾਕ ਕਿਉਂ ਹੁੰਦੇ ਨੇ ਲੋਕਾਂ ਨੂੰ ? ਅੱਗੇ ਜਾਣਾ ਨਹੀਂ ਮਿਲਦਾ, ਪਿੱਛੋਂ ਚਲਦੈ। ਉਹ ਰੁਕਦੈ ? ਕੋਈ ਚੀਜ਼ ਰੁਕੇ, ਜੇ ਹੜ੍ਹ ਦਾ ਪਾਣੀ ਰੁਕੇ ਤਾਂ ਲਾਂਭਾਂ ਦੀਆਂ ਕੰਧਾਂ ਢਾਹ ਦਏਗਾ। ਦੌੜਿਆ ਜਾਂਦਾ ਘੋੜਾ ਕਿਸੇ ਚੀਜ਼ ਵਿਚ ਵੱਜੇ, ਮਰ ਜਾਏਗਾ ਜਾਂ ਮਾਰ ਦਏਗਾ। ਲੋੜ ਹੈ ਇਸ ਗੱਲ ਦੀ ਕਿ ਜਿਹੜੀ ਚੀਜ਼ ਜਿਸ ਵੇਲੇ ਦੀ ਹੈ ਉਸ ਨੂੰ ਵਰਤੋ।

"ਪਜਾਮੇ ਨੂੰ ਪਜਾਮੇ ਦੀ ਥਾਂ ਪਾਓ, ਪਜਾਮੇ ਨੂੰ ਪੱਗ ਦੀ ਥਾਂ ਨਾ ਬੰਨ੍ਹੋ। ਪੱਗ ਨੂੰ ਲੱਤਾਂ 'ਚ ਨਾ ਪਾਓ। ਮੈਂ ਅਰਜ਼ ਕਰਾਂਗਾ ਨੌਜਵਾਨਾਂ ਅੱਗੇ ਕਿ ਤੁਹਾਡਾ ਜਿੱਥੋਂ ਤਕ ਹੋਵੇ ਦੋ ਸਾਲ ਦਾ ਤਿੰਨ ਸਾਲ ਦਾ ਫਰਕ ਤੁਹਾਡੇ ਬੱਚਿਆਂ ਦਾ ਹੋਣਾ ਚਾਹੀਦਾ ਹੈ। ਇਹ ਤੁਹਾਡਾ ਆਪਣਾ ਇੰਤਜ਼ਾਮ ਹੈ। ਸਾਡੀਆਂ ਧੀਆਂ ਦਾ, ਸਾਡੇ ਬੱਚਿਆਂ ਦਾ, ਸਾਡਿਆਂ ਭਰਾਵਾਂ ਦਾ ਤੇ ਭੈਣਾਂ ਦਾ ਇਹ ਆਪਣਾ ਇੰਤਜ਼ਾਮ ਹੈ। ਇਹਦੇ 'ਚ ਕਿਸੇ ਦਾ ਲੈਣਾ ਦੇਣਾ ਨਹੀਂ . ਜੇ ਇਸ ਤਰ੍ਹਾਂ ਕਰ ਲਓਗੇ, ਔਲਾਦ ਤਾਕਤਵਰ ਪੈਦਾ ਹੋਵੇਗੀ। ਜਦੋਂ ਬੱਚੇ ਕੋਲ ਹੋਣ ਉਨ੍ਹਾਂ ਨੂੰ ਲੋਰੀ ਸਤਿਗੁਰਾਂ ਦੇ ਨਾਮ ਦੀ ਦਿਓ, ਬਾਣੀ ਦੀ ਦਿਓ। ਉਨ੍ਹਾਂ ਨੂੰ ਰੋਜ਼ ਅਰਦਾਸ ਕਰਨ ਦੀ ਜਾਚ ਦੱਸੋ। ਸਾਡੇ ਭਾਈ ਸਾਹਿਬ ਵੀ ਸ਼ਰਾਬ ਪੀ ਘਰ ਆ ਕੇ ਨਾ ਚਲੇ ਜਾਣ ਆਪਣੀ ਘਰ ਵਾਲੀ ਕੋਲ। ਜੇ ਉਨ੍ਹਾਂ ਨੇ ਕੋਈ ਬੱਚੇ ਪੈਦਾ ਕਰਨੇ ਹਨ ਤਾਂ ਉਹ ਵੀ ਆਪਣੀ ਬਿਰਤੀ ਨੂੰ ਟਿਕਾਣੇ ਲਿਆ ਕੇ ਇਸ਼ਨਾਨ ਪਾਣੀ ਕਰਕੇ, ਦੋਵੇਂ ਜੀਅ ਸਤਿਗੁਰਾਂ ਅੱਗੇ ਅਰਦਾਸ ਕਰਨ ਤਾਂ ਕੋਈ ਦਾਤਾ, ਕੋਈ ਭਗਤ, ਕੋਈ ਸੂਰਮਾ ਪੈਦਾ ਹੋਵੇ—ਨਾ ਕਿ ਗੰਦ। ਦੁਨੀਆਂ 'ਚ ਅੱਗੇ ਥੋੜ੍ਹਾ ਪਿਆ

ਹੈ ! ਘਾਟਾ ਨਹੀਂ ਰਿਹਾ ਕਿਸੇ ਚੀਜ਼ ਦਾ। ਔਰ ਤੁਸੀਂ ਦੇਖੋ ਆਪੋ ਆਪਣੇ ਸਰੀਰਾਂ ਨੂੰ ਦੇਖੋ, ਅਗਰ ਤੁਸੀਂ ਪੰਦਰਾਂ ਦਿਨਾਂ ਦੀ ਬਜਾਏ ਅੱਜ ਇਕ ਮਹੀਨੇ ਦਾ ਪ੍ਰਣ ਕਰ ਲਓਗੇ ਤਾਂ ਮੈਂ ਸਮਝਾਂਗਾ ਮੈਨੂੰ ਬੜਾ ਫਾਇਦਾ ਪਹੁੰਚਿਐ। ਸਾਲ ਵਾਲੇ ਦੋ ਸਾਲਾਂ ਤੇ ਚਲੇ ਜਾਓ, ਦੋ ਵਾਲੇ ਚਹੁੰ ਸਾਲਾਂ ਤੇ ਚਲੇ ਜਾਓ। ਇਸ ਤਰ੍ਹਾਂ ਤੁਹਾਡੇ 'ਚ ਦੇਹਾਂ ਨਾ ਰਹਿਣਗੀਆਂ। ਇਹ ਹੈ ਗ੍ਰਿਸਤ ਧਰਮ।"

ਯੋਗ ਸ਼ਾਸਤਰ ਅਨੁਸਾਰ ਸਾਡਾ ਜੀਵਨ ਪ੍ਰਾਣ ਦੇ, ਦੂਜੇ ਸ਼ਬਦਾਂ ਵਿਚ ਸਵਾਸਾ ਦੇ ਆਸਰੇ ਹੈ। ਜਨਮ ਵੇਲੇ ਪਹਿਲਾ ਸਵਾਸ ਲੈਣ ਤੋਂ ਜੀਵਨ ਸ਼ੁਰੂ ਹੁੰਦਾ ਹੈ ਤੇ ਮਰਨ ਵੇਲੇ ਅੰਤਿਮ ਸਾਹ ਤਿਆਗਣ ਨਾਲ ਮੌਤ ਹੋ ਜਾਂਦੀ ਹੈ। ਸਾਹ ਅਸੀਂ ਗਿਣੇ ਮਿਥੇ ਲੈ ਕੇ ਆਉਂਦੇ ਹਾਂ—ਉਨ੍ਹਾਂ ਵਿਚ ਕੋਈ ਵਾਧਾ-ਘਾਟਾ ਨਹੀਂ ਹੁੰਦਾ। ਲੰਮੀ ਉਮਰ ਜਾਂ ਛੋਟੀ ਉਮਰ ਵਿਚ ਸਾਹਾਂ ਦੀ ਗਿਣਤੀ ਦਾ ਫਰਕ ਕੋਈ ਨਹੀਂ ਪੈਂਦਾ ਪਰ ਸਮੇਂ ਦਾ ਫਰਕ ਢੇਰ ਸਾਰਾ ਪੈ ਸਕਦਾ ਹੈ—ਦਿਨ—ਛਿਣ ਬਦਲ ਸਕਦੇ ਹਨ। ਏਸੇ ਅਧਾਰ ਤੇ ਹੀ ਕਿਹਾ ਜਾਂਦਾ ਹੈ ਕਿ ਯੋਗੀਆਂ ਦੀ ਦੀਰਘ ਆਯੂ ਹੁੰਦੀ ਹੈ ਤੇ ਭੋਗੀਆ ਦੀ ਅਲਪ ਆਯੂ। ਯੋਗ ਸ਼ਾਸਤਰ ਅਨੁਸਾਰ ਮੰਨਿਆਂ ਜਾਂਦਾ ਹੈ ਕਿ ਇਕ ਵਿਅਕਤੀ ਇਕ ਦਿਨ-ਰਾਤ ਵਿਚ ਇੱਕੀ ਹਜ਼ਾਰ ਛੇ ਸੋ ਵਾਰੀ ਸਾਹ ਲੈਂਦਾ-ਛੱਡਦਾ ਹੈ। ਲੱਗਭਗ ਇਕ ਮਿੰਟ ਵਿਚ ਪੰਦਰਾਂ ਵਾਰੀ। ਸਹਿਜ ਭਾਅ ਤੇ ਸੰਜਮ ਨਾਲ ਬੈਠਦਿਆਂ ਉਠਦਿਆਂ, ਖਾਂਦਿਆਂ, ਪੀਂਦਿਆਂ, ਟੁਰਦਿਆਂ, ਦੌੜਦਿਆਂ, ਸੌਂਦਿਆਂ ਤੇ ਗਾਉਂਦਿਆਂ ਇਕ ਵਿਅਕਤੀ ਜੋ ਸਾਹ ਲੈਂਦਾ ਤੇ ਛੱਡਦਾ ਹੈ, ਉਸ ਦੀ ਨਾਸਾਂ ਤੋਂ ਔਸਤ ਦੂਰੀ ਛੇ ਤੋਂ ਲੈ ਕੇ ਬਾਰਾਂ ਉਂਗਲਾਂ ਤਕ ਰਹਿੰਦੀ ਹੈ। ਸਾਹ ਦੇ ਬਾਹਰ ਨਿਕਲਣ ਵੇਲੇ ਉਸਦੀ ਨਾਸਾਂ ਤੋਂ ਦੂਰੀ ਜਿੰਨੀਂ ਜ਼ਿਆਦਾ ਹੋਵੇਗੀ—ਕਾਲ ਦੀ ਗਤੀ ਵੀ ਓਨੀਂ ਹੀ ਤੇਜ਼ ਹੋ ਕੇ, ਸਵਾਸਾਂ ਦੀ ਗਿਣਤੀ ਵੀ ਦੂਰੀ ਦੇ ਹਿਸਾਬ ਹੀ ਬਦਲ ਜਾਏਗੀ। ਆਮ ਤੌਰ ਤੇ ਜੇਕਰ ਸਵਾਸ ਪ੍ਰਸਵਾਸ ਦੀ ਦੂਰੀ ਔਸਤ ਬਾਰਾਂ ਉਂਗਲਾਂ ਹੈ ਤਾਂ ਉਨ੍ਹਾਂ ਦੀ ਗਿਣਤੀ ਇਕ ਮਿੰਟ ਵਿਚ ਪੰਦਰਾਂ ਹੋਵੇਗੀ। ਅਤੇ ਜੇ ਯੋਗ ਅਭਿਆਸ ਨਾਲ ਸਵਾਸ ਪ੍ਰਸਵਾਸ ਦੀ ਦੂਰੀ ਇਕ ਉਂਗਲ ਘੱਟ, ਅਰਥਾਤ ਗਿਆਰਾਂ ਉਂਗਲਾਂ ਹੋ ਜਾਵੇ ਤਾਂ ਗਿਣਤੀ ਵੀ 'ਸਵਾ' ਘੱਟ ਜਾਏਗੀ। ਦੋ ਉਂਗਲਾਂ ਦੀ ਦੂਰੀ ਘਟਣ ਨਾਲ ਗਿਣਤੀ ਢਾਈ ਘੱਟ ਜਾਏਗੀ। ਏਸ ਤਰ੍ਹਾਂ ਜਿਹੜੇ ਲੋਕ ਯੋਗ ਅਭਿਆਸ ਨਾਲ ਸਾਹ ਦੀ ਦੂਰੀ ਜਿੰਨੀਆਂ ਉਂਗਲਾਂ ਘਟਾਉਂਦੇ ਜਾਂਦੇ ਹਨ, ਉਹਨਾਂ ਦੀ ਸਾਹ ਲੈਣ ਛੱਡਣ ਦੀ ਗਿਣਤੀ ਘੱਟਦੀ ਜਾਂਦੀ, ਕੁੰਭਕ ਵਧਦਾ ਜਾਂਦਾ ਅਤੇ ਦਿਨ ਰਾਤ ਚੱਲਣ ਵੇਲੇ ਸਾਹਾਂ ਦੇ ਖ਼ਰਚ ਵਿਚ ਬੱਚਤ ਹੋਣ ਨਾਲ ਉਨ੍ਹਾਂ ਦੀ ਉਮਰ ਵੱਧ ਜਾਂਦੀ ਹੈ।

ਪਰ ਸਵਾਸਾਂ ਦਾ ਖ਼ਰਚਾ ਇਸ ਤੋਂ ਬਿਲਕੁਲ ਉਲਟ ਨਤੀਜੇ ਵੀ ਦੇਂਦਾ ਹੈ। ਟੁਰਨ ਨਾਲ ਸਵਾਸਾਂ ਦੀ ਦੂਰੀ ਬਾਰਾਂ ਉਂਗਲਾਂ ਤੋਂ ਲੈ ਕੇ ਛੱਬੀ ਉਂਗਲਾਂ ਤਕ ਪਹੁੰਚਦੀ ਹੈ। ਇਸੇ ਹਿਸਾਬ ਸਵਾਸ ਕਾਹਲੇ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਗਿਣਤੀ 'ਸਵਾ' ਦੇ ਹਿਸਾਬ ਪ੍ਰਤੀ ਉਂਗਲ ਵਿੱਥ ਤੇ ਵੱਧ ਜਾਂਦੀ ਹੈ। ਤੇਜ਼ ਦੌੜਨ ਨਾਲ ਸਵਾਸਾਂ ਦੀ ਦੂਰੀ ਬਤਾਲੀ ਉਂਗਲਾਂ ਤਕ ਜਾ ਪੁਜਦੀ ਹੈ ਤੇ ਗਿਣਤੀ ਵੀ ਪ੍ਰਤੀ ਉਂਗਲ ਦੀ ਦੂਰੀ ਦੇ ਨਾਲ 'ਸਵਾ' ਦੇ ਹਿਸਾਬ ਵੱਧ ਜਾਂਦੀ ਹੈ। ਨੀਂਦ ਵਿਚ ਇਹ

ਦੂਰੀ ਤੀਹ ਉਂਗਲਾਂ ਤਕ ਜਾਂਦੀ ਹੈ ਤੇ ਖਾਣ ਵੇਲੇ ਵੀਹ ਉਂਗਲਾਂ ਤਕ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ "ਅਲਪ ਆਹਾਰ ਸੁਲਪ ਸੀ ਨਿੰਦ੍ਰਾ" ਦਾ ਉਪਦੇਸ਼ ਦਿੱਤਾ ਹੈ। ਕਿ ਹਰ ਵੇਲੇ ਖਾਣ ਹੀ ਨਾ ਬੈਠੇ ਰਹੋ ਤੇ ਫਿਰ ਖਾ ਖਾ ਕੇ ਸੁੱਤੇ ਹੀ ਨਾ ਰਹੋ। ਸਵਾਸਾਂ ਦੀ ਦੂਰੀ ਤੇ ਗਤੀ ਸਭ ਤੋਂ ਜ਼ਿਆਦਾ ਵਧਦੀ ਹੈ ਇਸਤ੍ਰੀ ਸਮਾਗਮ ਵੇਲੇ। ਉਸ ਵੇਲੇ ਇਸ ਦੂਰੀ ਤਰਵੰਜਾ ਤੋਂ ਲੈ ਕੇ ਤਰੇਹਠ ਉਂਗਲਾਂ ਤਕ ਪਹੁੰਚ ਜਾਂਦੀ ਹੈ ਤੇ ਮਿੰਟ ਵਿਚ ਸਾਹਾਂ ਦਾ ਖ਼ਰਚਾ ਵੀ ਓਸੇ ਹਿਸਾਬ ਵੱਧ ਜਾਂਦਾ ਹੈ। ਇੰਜ ਜਿਹੜੇ ਲੋਕ ਰੋਜ਼ ਸਵਾਸਾਂ ਦੀ ਵਰਤੋਂ ਜਿਸ ਹਿਸਾਬ ਨਾਲ ਕਰਦੇ ਹਨ ਓਸੇ ਹਿਸਾਬ ਹੀ ਉਨ੍ਹਾਂ ਦੇ ਸਵਾਸਾਂ ਦੀ ਬੈਂਕ ਪੂੰਜੀ ਵਿਚ ਵਾਧਾ-ਘਾਟਾ ਹੁੰਦਾ ਹੈ ਤੇ ਉਸੇ ਹਿਸਾਬ ਹੀ ਉਹਨਾਂ ਦੇ ਜੀਵਨ ਦੀ ਲੰਬਾਈ-ਛੁਟਾਈ ਤੇ ਹੁੰਦੀ ਹੈ।

ਪੰਜਾਬੀ ਵਿਚ ਕਿਸੇ ਕਿਸੇ ਵੱਲੋਂ ਇਕ ਦਿਨ-ਰਾਤ ਵਿਚ ਸਵਾਸਾਂ ਦੀ ਗਿਣਤੀ ਚੋਵੀ ਹਜ਼ਾਰ ਮੰਨੀ ਜਾਂਦੀ ਹੈ—ਇਕ ਘੰਟੇ ਵਿਚ ਇਕ ਹਜ਼ਾਰ ਸਵਾਸ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਵਾਸਾਂ ਦੇ ਹਿਸਾਬ ਨਾਲ ਵੀ ਆਪਣੇ ਸੇਵਕਾਂ ਨੂੰ ਆਪਣੇ ਪਹਿਲੇ ਕਥਨ ਅਨੁਸਾਰ ਸਮਝਾਣ ਦਾ ਜਤਨ ਕੀਤਾ ਹੈ ਤੇ ਫੁਰਮਾਇਆ ਹੈ—ਇਕ ਕਵੀ ਨੇ ਲਿਖਿਐ, ਸਵਾਸਾਂ ਦੇ ਬਾਬਤ ਕਿ,

'ਬੈਠਤ ਬਾਰਾਂ, ਚਲੰਤ ਅਠਾਰਾਂ ਸੋਵਤ ਜਾਏ ਤੀਸਾ,
ਮੈਥੁਨ ਕਰਦਿਆਂ ਚੌਸਠ ਜਾਵੇ ਕਿਉਂ ਨਾ ਭਜੇ ਜਗਦੀਸਾ।'

"ਜਿੰਨੇ ਚਿਰ ਵਿਚ ਸਵਾਸ ਬਾਰਾਂ ਜਾਂਦੇ ਨੇ, ਉਨੇ ਚਿਰ ਵਿਚ ਚੌਂਠ੍ਹ ਚਲੇ ਜਾਂਦੇ ਹਨ ਤਾਂ ਪੰਜਾਹ ਵਰ੍ਹਿਆਂ ਦੀ ਥਾਂ ਦਸਾਂ ਵਰ੍ਹਿਆਂ ਦੀ ਉਮਰ ਰਹਿ ਗਈ ਨਾ ?

'ਚਵ੍ਹੀ ਹਜ਼ਾਰ ਖਰਚ ਰੋਜ਼ ਦਾ, ਆਮਦਨ ਮੂਲ ਨਾ ਥੀਵੇ।
ਜਿਸ ਬੰਦੇ ਨੂੰ ਇਤਨਾ ਘਾਟਾ, ਸੋ ਬੰਦਾ ਕਿਉਂ ਜੀਵੇ ?'

"ਫਿਰ ਚਵ੍ਹੀ ਹਜ਼ਾਰ ਤੋਂ ਉਤਲਾ ਕਰਦੇ ਹਾਂ ਜਿਹੜਾ, ਵਾਧੂ ਕਰਦੇ ਹਾਂ, ਤਾਂ ਮੈਂ ਅਰਜ਼ ਕਰਾਂਗਾ ਕਿ ਅੱਜ ਇਹੋ ਹੀ ਮੇਰੇ ਦਿਲ ਵਿਚ ਚੀਜ਼ ਆਈ ਸੀ ਕਿ ਮੈਂ ਜਦੋਂ ਬੱਚੇ ਬੱਚੀਆਂ ਨੂੰ ਦੇਖਦਾ ਹਾਂ ਤੇ ਉਹਨਾਂ ਦੇ ਮਾਸ ਨਹੀਂ ਪਿੰਡੇ ਉੱਤੇ, ਚੇਹਰੇ ਉੱਤੇ ਲਾਲੀ ਨਹੀਂ, ਉਸਦਾ ਕਾਰਨ ਹੋਰ ਕੋਈ ਨਹੀਂ, ਬਹੁਤ ਔਲਾਦ ਹੈ। ਜ਼ਿਆਦਾ ਐਸੇ ਤਰੀਕੇ ਅਸੀਂ ਪੈ ਗਏ ਹਾਂ ਕਿ ਮੇਰੇ ਪੰਜ ਬੱਚੇ, ਪੰਡਿਤ ਜੀ ਦੇ ਛੇ ਕਿਉਂ ਨੇ, ਸੇਵਕ ਜੀ ਦੇ ਅੱਠ ਕਿਉਂ ਨੇ, ਮੈਂ ਏਦੂੰ ਵਧਾਂ। ਇਹ ਵੇਖੋ ਕਿ ਮੇਰਾ ਇਕ ਬੱਚਾ ਕਿੰਨਿਆਂ ਬੱਚਿਆਂ ਨਾਲ ਲੜ ਸਕਦੈ, ਕਿੰਨੇ ਬੱਚਿਆਂ ਜਿੰਨਾ ਬੋਝ ਚੁੱਕ ਸਕਦੈ, ਕਿੰਨਿਆਂ ਬੱਚਿਆਂ ਜਿੰਨਾ ਉਹਦਾ ਦਿਮਾਗ਼ ਕੰਮ ਕਰਦੈ ਤੇ ਤੁਹਾਨੂੰ ਪਤਾ ਲੱਗੇ ਕਿ ਤੁਸੀਂ ਕੁਝ ਕਰਨ ਜੋਗੇ ਹੋ ਜਾਓ। ਕਿਸ ਤਰ੍ਹਾਂ ਉਹ ਸੂਰਮੇ ਹੋ ਗਏ ਸਨ 'ਕਰਨ' ਜੈਸੇ। ਉਹਨਾਂ ਦੀਆਂ ਮਾਵਾਂ ਕੀ ਕਰਦੀਆਂ ਸਨ। ਉਹ ਤਪ ਕਰਦੀਆਂ ਸਨ, ਉਹ ਬੱਚਿਆਂ ਨੂੰ ਸਿੱਖਿਆ ਦੇਂਦੀਆਂ ਸਨ। ਐਸੀਆਂ ਚੀਜ਼ਾਂ ਨਹੀਂ ਸਨ ਦੇਂਦੀਆਂ, ਚੁਰਚੁਰੀਆਂ ਖਾਣ ਨੂੰ ਜਿਨ੍ਹਾਂ 'ਚ ਮਸਾਲੇ ਪਏ ਹੋਣ, ਕਦੇ ਠੰਢੀਆਂ ਕਦੇ ਤੱਤੀਆਂ ਜਿਹਦੇ ਨਾਲ ਦੰਦ ਖ਼ਰਾਬ ਹੋ ਜਾਣ। ਸਾਡੇ ਲੋਕ ਲੋਹਾ ਚੱਬ ਜਾਂਦੇ ਸਨ। ਉਹਨਾਂ

ਦੇ ਦੰਦ ਏਨੇ ਕਰੜੇ ਸਨ। ਉਹ ਕਦੇ ਐਸੀਆਂ ਚੀਜ਼ਾਂ ਨਹੀਂ ਸਨ ਵਰਤਦੇ। ਉਹ ਆਪਣੀਆਂ ਦੇਹਾਂ ਨੂੰ ਸਾਂਭ ਕੇ ਰੱਖਦੇ ਸਨ। ਅਗਰ ਤੁਸੀਂ ਹੁਣ ਵੀ ਇਸ ਗੱਲ ਵੱਲ ਧਿਆਨ ਦਿਓਗੇ—ਭਾਵੇਂ ਮੈਂ ਇਸ ਦੇ ਕਹਿਣ ਦੇ ਲਾਇਕ ਨਹੀਂ। ਜਿੰਨਾਂ ਕੁਝ ਕਰਨਾ ਚਾਹੀਦਾ ਸੀ ਮੈਂ ਭੀ ਆਪਣੇ ਸਰੀਰ ਨੂੰ ਨਹੀਂ ਸਾਂਭ ਸਕਿਆ। ਲੇਕਿਨ ਮੈਨੂੰ ਇਸ ਗੱਲ ਦਾ ਪਤਾ ਹੈ ਬਈ ਏਨੀ ਤਾਕਤ ਸਰੀਰ ਵਿਚ ਹੋ ਸਕਦੀ ਹੈ ਜਿਸ ਦੀ ਆਦਮੀ ਕਦੇ ਗਿਣਤੀ ਨਹੀਂ ਕਰ ਸਕਦਾ ਕਿ ਮੇਰੇ ਵਿਚ ਕਿੰਨੀ ਕੁ ਤਾਕਤ ਹੈ।

"ਕੀ ਗੱਲ ਸੀ ਉਹਨਾਂ ਦੀ ਕਿ ਹਾਥੀ ਦੇ ਸੰਗਲ ਉਤੇ ਪੈਰ ਧਰ ਦਿੱਤਾ ਸੀ ਤੇ ਹਾਥੀ ਖੜਾ ਕਰ ਦਿੱਤਾ ਸੀ। ਇਕ ਬੱਚੇ ਨੇ ਮਾਈ ਦੇ ਨੇ। ਦਿੱਲੀ ਵਿਚ ਹਾਥੀ ਦੇ ਪੈਰ ਵਿਚ ਸੰਗਲ ਲਮਕਦਾ ਜਾਂਦਾ ਸੀ ਪਿਛਾੜੀ ਦਾ, ਤਾਂ ਉਸ ਮਾਈ ਦੇ ਬੱਚੇ ਨੇ ਪੈਰ ਧਰ ਦਿੱਤਾ ਓਥੇ ਈ ਹਾਥੀ ਰੁਕ ਗਿਆ ਸੀ। ਉਹ ਵੀ ਸਾਡਾ ਹਿੰਦੁਸਤਾਨ ਦਾ ਮੁੰਡਾ ਸੀ।"

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤੇ ਕੀਰਤਨ

—ਮਾ. ਅਜੀਤ ਸਿੰਘ 'ਚੀਮਾ'

ਕੀਰਤਨ ਦਾ ਮੂਲ ਕੀਰਤਿ ਹੈ ਜਿਸ ਦੇ ਅਰਥ ਹਨ ਜਸ, ਸੋਭਾ, ਵਡਿਆਈ ਜਾਂ ਗੁਣਾਨਵਾਦ। ਸ੍ਰੀ ਅਚਾਰਯ ਭਾਨੂ ਜੀ ਨੇ ਅਮਰ ਕੋਸ਼ ਵਿਚ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ।

''ਕੀਰਤ ਯਸਚ ਵਿਸਤਾਰਿ ਪਰਸ਼ਾਦਿ ਕਦਰਮਧਪਿ 'ਚ'' ਭਾਵ ਅਜਿਹਾ ਕਾਰਜ ਕਰਨਾ ਜਿਸ ਨਾਲ ਜਸ ਤੋਂ ਅਨੰਦ ਆਵੇ। ਸੋ ਪ੍ਰਭੂ ਦੀ ਸੋਭਾ ਜਨ ਜਸ ਜੋ ਸੰਗੀਤ ਦੁਆਰਾ ਕੀਤੀ ਜਾਵੇ ਉਹ ਮਨ ਦੀ ਇਕਾਗਰਤਾ ਅਤੇ ਸ਼ਾਂਤੀ ਪ੍ਰਦਾਨ ਕਰਦੀ ਹੈ,। ਪ੍ਰਭੂ ਚਰਨਾਂ ਨਾਲ ਮਨ ਨੂੰ ਜੋੜਨਾ। ਕੀਰਤਨ ਹੀ ਸਭ ਤੋਂ ਵਧੀਆ ਸਾਧਨ ਹੈ। ਕਾਰ ਲਾਈਨ ਨੇ ਕਿਹਾ ਹੈ ਕਿ ਸੰਗੀਤ ਹੀ ਫਰਿਸ਼ਤਿਆਂ ਦੀ ਜ਼ਬਾਨ ਹੈ। ਲੂਥਰ ਕਹਿੰਦਾ ਹੈ ਕਿ ਸੰਗੀਤ ਪੈਗੰਬਰਾਂ ਦੀ ਕਲਾ ਹੈ ਜੋ ਆਤਮਾ ਦੀ ਅਸ਼ਾਂਤੀ ਦੂਰ ਕਰਦੀ ਹੈ। ਭਾਵੇਂ ਸੰਗੀਤ ਦੀ ਕਲਾ ਵੇਦ ਕਾਲ ਤੋਂ ਤੁਰੀ ਆਉਂਦੀ ਹੈ, ਪਰ ਕੀਰਤਨ ਵਰਗੀ ਸ਼ਕਤੀਸ਼ਾਲੀ ਦਾਤ ਸਾਕਾਰ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋਂਦ ਵਿਚ ਆਈ। ਜਰਮਨ ਦੇ ਪ੍ਰਸਿੱਧ ਫਿਲਾਸਫਰ ਹੀਗਲ ਨੇ ਰਾਗ ਬਾਰੇ ਜੋ ਵਿਚਾਰ ਦਸੇ ਹਨ, ਉਹ ਗੁਰਬਾਣੀ ਨਾਲ ਮਿਲਦੇ ਜੁਲਦੇ ਹਨ ''ਸੰਗੀਤ ਉਸ ਪ੍ਰਮਾਤਮਾ ਨੂੰ ਇੰਦਰੀਆਂ ਦੇ ਮਾਧਿਅਮ ਰਾਹੀਂ ਪ੍ਰਗਟ ਕਰਦਾ ਹੈ ਜਿਹੜਾ ਕਿ ਤਰਕ ਆਦਿ ਨਾਲ ਨਹੀਂ ਹੋ ਸਕਦਾ।''

ਗੁਰੂ ਨਾਨਕ ਦੇਵ ਜੀ ਨੇ ਵੀ ਜਪੁਜੀ ਸਾਹਿਬ ਵਿਚ ਰਸਨਾ ਨੂੰ ਪ੍ਰੇਰਤ ਕੀਤਾ ਹੈ ਜਿਵੇਂ ''ਅਖਰੀ ਗਿਆਨ ਗੀਤ ਗੁਣ ਗਾਹ'', ਸੋ ਰਸਨਾ ਰਾਹੀਂ ਗਾ ਕੇ, ਕੰਨਾਂ ਰਾਹੀਂ ਸੁਣ ਕੇ ਪ੍ਰਭੂ ਨੂੰ ਆਪਣੇ ਅੰਦਰ ਪ੍ਰਗਟ ਕਰਨਾ ਬੜਾ ਸੁਖੇਨ ਢੰਗ ਹੈ। ਗੁਰਬਾਣੀ ਨੂੰ ਰਾਗਾਂ ਦੁਆਰਾ ਗਾਉਣਾ, ਸੁਰ–ਤਾਲ ਨੂੰ ਕਾਇਮ ਰੱਖ ਕੇ ਗਾਉਣਾ ਹੀ ਅਸਲ ਕੀਰਤਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਬਾਣੀ ਰਾਗਾਂ ਵਿਚ ਉਚਾਰਨ ਕੀਤੀ ਤੇ ਉਹ ਮਰਦਾਨੇ ਦੀ ਰਬਾਬ ਦੀਆਂ ਤਰਬਾਂ ਵਿਚ ਜ਼ਾਹਰ ਹੋਈ। ਮਰਦਾਨੇ ਤੋਂ ਬਾਅਦ ਗੁਰੂ ਘਰ ਵਿਚ ਸੱਤਾ ਬਲਵੰਡਾ, ਭਾਈ ਬਾਬਕ, ਭਾਈ ਅਬਦੁੱਲਾ, ਨੱਥ ਮਲ, ਗੁਲਾਬ ਰਾਇ, ਭਾਈ ਪਹਿਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ

ਸਮੇਂ ਭਾਈ ਮੱਦੂ ਤੇ ਸੱਦੂ ਹੋਏ ਸਨ ਜੋ ਗੁਰੂ ਸਾਹਿਬ ਦੇ ਸਾਹਮਣੇ ਸਵੇਰ ਅਤੇ ਸ਼ਾਮ ਦੀ ਚੌਕੀ ਕਰਦੇ ਸਨ। ਇਸ ਪ੍ਰੰਪਰਾਂ ਨੂੰ ਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਅਤੇ ਫਿਰ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਪੂਰਨ ਰੂਪ ਵਿਚ ਕਾਇਮ ਰੱਖਿਆ। ਪੁਰਾਣੀਆਂ ਰੀਤਾਂ ਅਤੇ ਰਾਗ ਦੇ ਸਹੀ ਸਰੂਪ ਨੂੰ ਜਿੰਦਾ ਰੱਖਣ ਲਈ ਸ੍ਰੀ ਭੈਣੀ ਸਾਹਿਬ ਵਿਚ ਸੰਗੀਤ ਵਿਦਿਆਲਾ ਸ਼ੁਰੂ ਕੀਤਾ। ਕਵਿਤਾ ਵਿਚ ਸੰਗੀਤ ਬਾਰੇ ਇਸ ਤਰ੍ਹਾਂ ਮੈਂ ਸ਼ਰਧਾਜਲੀ ਭੇਟ ਕੀਤੀ ਹੈ :—

ਉਹਨਾਂ ਕਲਾਕਾਰ ਸਭ ਹਿੰਦ ਦੇ ਭੈਣੀ ਮੰਗਵਾਏ।
ਮੁਰਦਾਂ ਹੋਏ ਸੰਗੀਤ ਨੂੰ ਉਸ ਟੀਕੇ ਲਾਏ।
ਧੁਰਪਦ ਅਤੇ ਧਮਾਰ ਤੇ ਮੁੜ ਜੋਬਨ ਆਏ।
ਭੁਮਰਾ ਆੜਾ ਇਕ ਤਾਰ ਜੈ ਤਾਰ ਜਗਾਏ।
ਚਾਲੂ ਕੀਤੀ ਪਾਤਸ਼ਾਹ ਉਹ ਰੀਤ ਪੁਰਾਣੀ।
ਰਾਗਾਂ ਦੇ ਵਿਚ ਗਾਵਣੀ ਉਹਨਾਂ ਦਸੀ ਬਾਣੀ।

ਪੁਰਾਣੇ ਰਾਗੀਆਂ ਰਬਾਬੀਆਂ ਦੀਆਂ ਰੀਤਾਂ ਅਤੇ ਗਾਇਕ ਸ਼ੈਲੀਆਂ ਹੁਣ ਵੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਪਾਸੋਂ ਸੁਣੀਆਂ ਜਾ ਸਕਦੀਆਂ ਹਨ। ਸਤਿਗੁਰੂ ਪਰਤਾਪ ਸਿੰਘ ਜੀ ਖਾਸ ਤੌਰ ਤੇ ਧੁਰਪਦ ਗਾਉਣ ਵਾਲਿਆਂ ਦਾ ਬੜਾ ਸਨਮਾਨ ਕਰਦੇ ਸਨ। ਸ੍ਰੀ ਭੈਣੀ ਸਾਹਿਬ ਵਿਚ ਆਪ ਨੇ ਬੜੀ ਮਹਾਨ ਸੰਗੀਤ ਕਨਫ਼ਰੰਸ ਕੀਤੀ ਜਿਸ ਵਿਚ ਹਿੰਦੁਸਤਾਨ ਦੇ ਪ੍ਰਸਿੱਧ ਰਾਗੀਆਂ ਭਾਗ ਲਿਆ। ਇਸ ਕਾਨਫ਼ਰੰਸ ਵਿਚ ਭਾਵੇਂ ਸਭ ਤੋਂ ਵਧੀਆ ਗਾਇਨ ਭਾਈ ਗੁਰਬਖਸ਼ ਸਿੰਘ ਜੀ ਲੁਧਿਆਣੇ ਵਾਲਿਆਂ ਦਾ ਸੀ, ਪਰ ਸਤਿਗੁਰੂ ਜੀ ਨੇ ਪਹਿਲਾਂ ਇਨਾਮ ਭਾਈ ਹਰਨਾਮ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਨੂੰ ਦੇ ਕੇ ਸਨਮਾਨਤ ਕੀਤਾ।* ਇਸ ਕਾਨਫ਼ਰੰਸ ਨਾਲ ਸਾਰੇ ਸਿੱਖ ਜਗਤ ਵਿਚ ਗੁਰਬਾਣੀ ਰਾਗਾਂ ਵਿਚ ਗਾਉਣ ਦੀ ਜਾਗ੍ਰਿਤਾ ਆਈ।

ਇਥੇ ਨਾਮਧਾਰੀ ਜਗਤ ਨਾਲ ਸੰਬੰਧਤ ਰਾਗੀਆਂ ਦਾ ਵਰਣਨ ਕਰਨਾ ਅਤਿ ਜ਼ਰੂਰੀ ਹੈ। ਰਬਾਬੀਆਂ ਵਿਚੋਂ ਭਾਈ ਕਾਲੂ ਸੰਦਲ, ਭਾਈ ਮੋਤੀ, ਭਾਈ ਗੁਰਮੁਖ ਸਿੰਘ ਮਾਹਵਾ ਵਰਣਨਯੋਗ ਹਨ। ਭਾਈ ਬਦਨ ਸਿੰਘ ਮੋਲੀ, ਭਾਈ ਮਾਧੋ ਕਾਨਾ ਭੇਸੀ ਵੀ ਇਸੇ ਘਰ ਤੋਂ ਫੈਜ਼ਯਾਬ ਹੋਏ ਸਨ। ਭਾਈ ਹਰਨਾਮ ਸਿੰਘ ਜੀ, ਸੰਤ ਨਿਧਾਨ ਸਿੰਘ ਜੀ 'ਆਲਮ, ਆਪਣੇ ਸਮੇਂ ਚੋਟੀ ਦੇ ਗਾਇਕ ਅਤੇ ਪ੍ਰਚਾਰਕ ਰਹੇ ਹਨ। ਪਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਲ ਸੰਤ ਦਰਸ਼ਨ ਸਿੰਘ ਅਤੇ ਖਜ਼ਾਨ ਸਿੰਘ ਜੀ ਨੇ ਸਭ ਤੋਂ ਜ਼ਿਆਦਾ ਸਮਾਂ ਗੁਜ਼ਾਰਿਆ ਹੈ। ਇਸ ਲਈ ਇਹਨਾਂ ਨੂੰ ਹਜ਼ੂਰੀ ਰਾਗੀ ਕਿਹਾ ਜਾਂਦਾ ਸੀ। ਜਦ ਕਦੀ ਇਹਨਾਂ ਸਾਜਾਂ ਤੇ ਸ਼ਾਨ ਵਜਾ ਕੇ ਸ਼ਬਦ ਸ਼ੁਰੂ ਕਰਨਾ ਤਾਂ ਅਨੇਕਾ ਸਿੰਘ ਦੀਵਾਨ ਵਿਚ ਮਸਤਾਨੇ ਹੋ ਜਾਂਦੇ ਸਨ। ਸੰਤ ਖਜ਼ਾਨ

* ਕਿਉਂਕਿ ਉਨ੍ਹਾਂ ਰਾਗ ਦੀ ਸੁਧਤਾ ਦਾ ਜ਼ਿਆਦਾ ।ਖਿਆਲ ਰੱਖਿਆ ਸੀ।

ਸਿੰਘ ਜੀ ਦਾ ਸੁਭਾਅ ਬੜਾ ਹੱਸਮੁਖ ਸੀ । ਇਸ ਦੀ ਹਰ ਇਕ ਅਦਾ, ਮਖੌਲ ਤੇ ਟਿਚਰ ਇਸ ਦੀ ਕਲਾ ਹੇਠ ਢੱਕੀਆਂ ਜਾਂਦੀਆਂ । ਸਤਿਗੁਰ ਜੀ ਇਸ ਨਾਲ ਮਖੌਲ ਕਰ ਕੇ ਦੀਵਾਨ ਵਿਚ ਹੀ ਆਪਣਾ ਮਨ ਖੁਸ਼ ਕਰ ਲੈਂਦੇ ਸਨ । ਇਕ ਵਾਰੀ ਹੋਲੇ ਦਾ ਮੇਲਾ– ਸ੍ਰੀ ਭੈਣੀ ਸਾਹਿਬ ਮੇਲਾ ਬਹੁਤ ਭਰਿਆ ਹੋਇਆ ਸੀ । ਮੱਥਾ ਟੇਕਣ ਵਾਲਿਆਂ ਦੀ ਬਹੁਤ ਲੰਮੀ ਲਾਈਨ ਲੱਗੀ ਹੋਈ ਸੀ ਜਿਸ ਕਰਕੇ ਰਾਗੀਆਂ ਅਤੇ ਗੁਰੂ ਜੀ ਵਿਚ ਇਕ ਕੰਧ ਬਣੀ ਹੋਈ ਸੀ । ਖਜ਼ਾਨ ਸਿੰਘ ਨੇ ਤਬਲਾ ਵਜਾਉਣਾ ਬੰਦ ਕਰ ਦਿੱਤਾ । ਸਤਿਗੁਰੂ ਜੀ ਨੇ ਪੁੱਛਿਆ ਕਿ ਤਬਲਾ ਨਹੀਂ ਵਜਾਉਂਦਾ ? "ਜਿੰਨਾ ਚਿਰ ਅੱਖ ਨਾਲ ਅੱਖ ਨਹੀਂ ਮਿਲਦੀ, ਉਨਾਂ ਚਿਰ ਜੋੜੀ ਨਹੀਂ ਵੱਜ ਸਕਦੀ" ਖਜ਼ਾਨ ਸਿੰਘ ਨੇ ਉੱਤਰ ਦਿੱਤਾ । ਸਤਿਗੁਰੂ ਜੀ ਨੇ ਮੱਥਾ ਟੇਕਣ ਵਾਲਿਆਂ ਨੂੰ ਰੋਕ ਦਿੱਤਾ । ਫਿਰ ਕੀਰਤਨ ਦਾ ਉਹ ਰਸ ਬਣਿਆ ਜੋ ਕਹਿਣ ਕਥਨ ਤੋਂ ਬਾਹਰ ਸੀ ।

ਇਕ ਵਾਰੀ ਸੰਤ ਗਿਆਨ ਸਿੰਘ ਅਲਮਸਤ ਅਤੇ ਉਸ ਦਾ ਪੁੱਤਰ ਠਾਕੁਰ ਜੀ ਸ੍ਰੀ ਭੈਣੀ ਸਾਹਿਬ ਚੌਕੀ ਭਰਨ ਲਈ ਹਾਜ਼ਰ ਹੋਏ, ਪਰ ਆਪ ਨਾਲ ਜੋੜੀ ਵਾਲਾ ਕੋਈ ਨਹੀਂ ਸੀ । ਗੁਰੂ ਜੀ ਦੇ ਹੁਕਮ ਨਾਲ ਸੰਤ ਖਜ਼ਾਨ ਸਿੰਘ ਨੇ ਜੋੜੀ ਦਾ ਸਾਥ ਦਿੱਤਾ । ਉਸ ਦਿਨ ਜੋ ਖਜ਼ਾਨ ਸਿੰਘ ਜੀ ਨੇ ਆਪਣੀ ਕਲਾ ਦੀ ਪ੍ਰਦਰਸ਼ਨੀ ਕੀਤੀ ਉਸ ਨਾਲ ਸਾਰੀ ਦੁਨੀਆਂ ਅਸ਼ ਅਸ਼ ਕਰ ਉਠੀ । ਭਾਈ ਗੁਰਬਖਸ਼ ਸਿੰਘ ਲੁਧਿਆਣੇ ਵਾਲਿਆਂ ਉਠ ਕੇ ਪੰਜ ਰੁਪਏ ਦੇ ਕੇ ਖੁਸ਼ੀਆਂ ਨਾਲ ਉਸ ਨੂੰ ਭਰਪੂਰ ਕਰ ਦਿੱਤਾ । ਸਤਿਗੁਰੂ ਜੀ ਕਹਿਣ ਲੱਗੇ ਬੜੀ ਮਿਹਨਤ ਨਾਲ ਇਸ ਮੁੰਡੇ (ਖਜ਼ਾਨ ਸਿੰਘ) ਨੂੰ ਤਿਆਰ ਕੀਤਾ ਹੈ ।

1952 ਵਿਚ ਫਗਵਾੜੇ ਵਿਸ਼ਕਰਮਾ ਮੰਦਰ ਵਿਚ ਦੁਆਬੇ ਦੀ ਸੰਗਤ ਵਲੋਂ ਪ੍ਰਯੋਗ ਦਾ ਮੇਲਾ ਕੀਤਾ ਗਿਆ । ਉਸ ਵਿਚ ਕਈ ਰਾਗੀ ਜਥਿਆਂ ਨੇ ਦਰਸ਼ਨ ਦਿੱਤੇ । ਸ੍ਰੀ ਪੰਨਾ ਲਾਲ ਕੱਥਕ ਅਤੇ ਮਾਸਟਰ ਰਤਨ ਹਰੀਆਬਾਦੀ ਅਤੇ ਭਾਈ ਗੁਰਬਖਸ਼ ਸਿੰਘ ਜੀ ਦਾ ਨਾਂ ਵਰਣਨਯੋਗ ਸੀ । ਭਾਈ ਪੰਨਾ ਲਾਲ ਕੱਥਕ ਨੇ ਸੋਰਠ ਰਾਗ ਗਾਇਨ ਕੀਤਾ । ਸਤਿਗੁਰੂ ਜੀ ਨੇ ਪੰਨਾ ਲਾਲ ਨੂੰ ਕਿਹਾ ਕਿ ਤੇਰੇ ਕੋਲੋਂ ਕਈ ਵਾਰੀ ਦੇਸ਼ ਰਾਗ ਦਾ ਸਰੂਪ ਬਣ ਜਾਂਦਾ ਸੀ । ਇਸ ਨੂੰ ਬੜਾ ਸਾਵਧਾਨੀ ਨਾਲ ਗਾਉਣਾ ਚਾਹੀਦਾ ਹੈ । ਪੰਨਾ ਲਾਲ ਨੇ ਗੁਰੂ ਜੀ ਦੇ ਚਰਨ ਫੜ ਲਏ ਤੇ ਕਹਿਣ ਲੱਗਾ, ਆਪ ਜੀ ਤੋਂ ਬਿਨਾਂ ਸੰਸਾਰ ਦਾ ਕੋਈ ਮਾਨਵ, ਰਾਗ ਦੀ ਇਨੀ ਸੂਝ ਨਹੀਂ ਰੱਖਦਾ । ਇਹ ਆਪ ਹੀ ਹੋ ਜੋ ਸਾਡੀਆਂ ਗਲਤੀਆਂ ਫੜ ਲੈਂਦੇ ਹੋ ।

ਸਤਿਗੁਰੂ ਜੀ ਇਕ ਵਾਰ ਝੰਡੇਰ ਪਿੰਡ (ਅੰਮ੍ਰਿਤਸਰ) ਦੌਰੇ ਤੇ ਗਏ । ਉਥੇ ਬੜਾ ਭਾਰੀ ਇਕੱਠ ਹੋਇਆ । ਉਥੇ ਇਕ ਸਿੱਖ ਨੇ ਸੰਤ ਫਤਿਹ ਸਿੰਘ ਨਾਲ ਦੇਹਧਾਰੀ ਗੁਰੂ ਤੇ ਚਰਚਾ ਸ਼ੁਰੂ ਕਰ ਦਿੱਤੀ ਜੋ ਤਿੰਨ ਘੰਟੇ ਤਕ ਹੁੰਦੀ ਰਹੀ ।

ਉਹ ਸਰਦਾਰ ਦੇਹਧਾਰੀ ਗੁਰੂ ਦੇ ਫਲਸਫੇ ਤੇ ਕਾਇਲ ਨਾ ਹੋ ਸਕਿਆ । ਸ਼ਾਮ ਦੇ ਦੀਵਾਨ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਰਾਗੀਆਂ ਨਾਲ ਮਿਲ ਕੇ ਇਹ ਸ਼ਬਦ ਸ਼ੁਰੂ ਕੀਤਾ :

"ਮੰਞ ਕੁਚਜੀ ਅਮਾਵਨ ਡੋਸੜੇ ਤਉ ਕੀ ਸਹੁ ਰਾਵਨ ਜਾਉ ਜੀਉ ।"

ਇਸ ਸ਼ਬਦ ਦਾ ਰੰਗ ਐਸਾ ਬੱਝਾ ਜਿਵੇਂ ਮਾਨੋਂ ਤੇਤੀ ਕਰੋੜ ਦੇਵਤਾ ਅਕਾਸ਼ 'ਚੋਂ ਉੱਤਰ ਕੇ ਧਰਤੀ ਤੇ ਆ ਬੈਠਾ। ਉਹ ਸਿੱਖ ਜੋ ਦੇਹਧਾਰੀ ਗੁਰੂ ਦੇ ਸਖਤ ਖਿਲਾਫ਼ ਸੀ, ਦੀਵਾਨ ਵਿਚੋਂ ਉਠ ਕੇ ਧਨ ਸਤਿਗੁਰੂ ਰਾਮ ਸਿੰਘ ਕਹਿਣ ਲੱਗ ਪਿਆ। ਸਤਿਗੁਰਾਂ ਦੇ ਸ਼ਬਦ ਨੇ ਉਸ ਨੂੰ ਐਸਾ ਵਿੰਨ੍ਹਿਆ ਕਿ ਉਸ ਦੀ ਸੁੱਧ ਬੁਧ ਹੀ ਭੁਲ ਗਈ। ਉਹ ਭਜਨ ਪੁਛ ਕੇ ਸਿੱਖ ਬਣਿਆ (ਇਸ ਸਾਖੀ ਦੀ ਤਕਦੀਕ ਸੰਤ ਗਿਆਨ ਸਿੰਘ ਜੀ ਬਹਾਦਰ ਸੈਨ ਵਾਲਿਆਂ ਕੀਤੀ)।

ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਆਖਰੀ ਹੋਲਾ ਸ੍ਰੀ ਭੈਣੀ ਸਾਹਿਬ ਵਿਚ ਹੋਇਆ।* ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਤੋਂ ਪਿੱਛੋਂ ਭੈਰਵੀ ਦੀ ਚੌਕੀ ਸ਼ੁਰੂ ਹੋਈ। ਰਾਗੀਆਂ ਨੇ ("ਪਿਰ ਦੇਖਣ ਕੀ ਆਸ") ਸ਼ਬਦ ਸ਼ੁਰੂ ਕੀਤਾ। ਇਕ ਪਾਸੇ ਰਾਗੀ ਅਤੇ ਦੂਜੇ ਪਾਸੇ ਸਤਿਗੁਰੂ ਦੇ ਸਾਥੀ ਸਿੰਘਾਂ ਨੇ ਭੈਰਵੀ ਦੇ ਅਲਾਪ ਵਾਰੀ ਵਾਰੀ ਕਰਨੇ ਸ਼ੁਰੂ ਕੀਤੇ। ਇਸ ਦਰਦ ਭਰੇ ਸ਼ਬਦ ਨਾਲ ਦੀਵਾਨ ਵਿਚ ਮਸਤਾਨਿਆਂ ਦਾ ਹੜ੍ਹ ਆ ਗਿਆ। ਸਾਰੀ ਸੰਗਤ ਦੀਆਂ ਅੱਖਾਂ ਵਿਚੋਂ ਹੰਝੂਆਂ ਦੇ ਮੋਤੀ ਕਿਰ ਰਹੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੀ ਦੇਹ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੀ ਜਲਵਾ ਨੁਮਾਈ ਹੋ ਰਹੀ ਸੀ। ਇਸ ਦੀਵਾਨ ਵਿਚ ਇਕ ਕਰਨਾਲ ਤੋਂ ਖੁੱਲ੍ਹਾ ਸਿੰਘ, ਸ਼ਬਦ ਸੁਣ ਕੇ ਮਸਤੀ ਨਾਲ ਚਰਨਾਂ ਤੇ ਡਿੱਗ ਪਿਆ ਅਤੇ ਕਿੰਨਾ ਚਿਰ ਹੀ ਬੇਸੁਰਤ ਪਿਆ ਰਿਹਾ।

ਸਤਿਗੁਰੂ ਜੀ ਨੇ ਉਸ ਦੇ ਸਿਰ ਤੇ ਹੱਥ ਫੇਰ ਕੇ ਸੁਰਤ ਵਿਚ ਆਂਦਾ।

ਸਤਿਗੁਰੂ ਜੀ ਦੇ ਦੇਹ ਕਰਕੇ ਵਿਛੋੜਾ ਦੇਣ ਦੇ ਦਿਨ ਨੇੜੇ ਆ ਰਹੇ ਸਨ। ਦੇਹ ਬਹੁਤ ਕਮਜ਼ੋਰ ਹੋ ਚੁੱਕੀ ਸੀ। ਇਕ ਦਿਨ ਸ੍ਰੀ ਜੀਵਨ ਨਗਰ ਕੋਠੀ ਵਿਚ ਸ਼ਾਮ ਦਾ ਦੀਵਾਨ ਲੱਗਾ ਹੋਇਆ ਸੀ। ਸੰਤ ਦਰਸ਼ਨ ਸਿੰਘ, ਖਜ਼ਾਨ ਸਿੰਘ ਨੇ ਪਹਾੜੀ ਰਾਗ ਵਿਚ ਇਹ ਸ਼ਬਦ ਧਮਾਰ ਵਿਚ ਸ਼ੁਰੂ ਕੀਤਾ (ਘੋਲ ਘੁਮਾਈ ਲਾਲਨਾ) ਇਸ ਸ਼ਬਦ ਨਾਲ ਅਕਾਸ਼ ਗੂੰਜ ਉਠਿਆ, ਮਸਤੀਆਂ ਦੇ ਆਲਮ ਛਾ ਗਏ। ਸਤਿਗੁਰੂ ਜੀ ਨੇ ਦੋਵੇਂ ਬਾਹਾਂ ਖੜੀਆਂ ਕਰਕੇ ਆਖਿਆ ਬਸ, ਰੱਜ ਗਏ ਹਾਂ। ਮਹਾਂਪੁਰਖਾਂ ਦਾ ਭੋਜਨ ਤਾਂ ਰਾਗ ਤੇ ਗੁਰਬਾਣੀ ਹੈ ਜਿਵੇਂ "ਭੋਜਨੰ ਗੁਪਾਲ ਕੀਰਤਨੰ"

ਸਤਿਗੁਰੂ ਜੀ ਦੇ ਜੀਵਨ ਦਾ ਇਕ ਆਖਰੀ ਵਾਕਿਆ ਪੇਸ਼ ਕਰਦਾ ਹਾਂ। ਸਤਿਗੁਰੂ ਜੀ ਦੀ ਸਿਹਤ ਬਿਲਕੁਲ ਨਿਰਬਲ ਹੋ ਚੁੱਕੀ ਸੀ ਅਤੇ ਜ਼ਿੰਦਗੀ ਦੇ ਦਿਨ ਗੇਣਵੇਂ ਹੀ ਰਹਿ ਗਏ ਸਨ। ਸਤਿਗੁਰੂ ਜੀ ਇਕ ਦਿਨ ਗੋਲ ਮੰਦਰ ਵਿਚ ਬਿਰਾਜਮਾਨ ਸਨ। ਖਾਸ ਨਿਕਟ ਵਰਤੀਆਂ ਤੋਂ ਬਿਨਾਂ ਅੰਦਰ ਜਾਣ ਦੀ ਕਿਸੇ ਨੂੰ ਆਗਿਆ ਨਹੀਂ ਸੀ। ਸੰਤ ਖਜ਼ਾਨ ਸਿੰਘ ਰਾਗੀ ਨੇ ਦਰਸ਼ਨਾਂ ਲਈ, ਸਤਿਗੁਰਾਂ ਦੇ ਦਰ ਤੇ ਬਾਹਰੋਂ ਹੀ ਨਮਸਕਾਰ ਕੀਤੀ। ਸੰਤ ਰਤਨ ਸਿੰਘ ਲਾਂਗਰੀ ਨੇ ਅੰਦਰ ਜਾ ਕੇ ਅਰਜ਼ ਕੀਤੀ ਸੱਚੇ ਪਾਤਸ਼ਾਹ ਖਜ਼ਾਨ ਸਿੰਘ ਦਰਸ਼ਨ ਕਰਨ ਆਇਆ ਹੈ। ਸਤਿਗੁਰੂ ਜੀ ਨੇ ਹੁਕਮ

---

* ਸ੍ਰੀ ਜੀਵਨ ਨਗਰ ਵਿਖੇ ਹੋਇਆ ਸੀ—ਸੰਪਾਦਕ

ਕੀਤਾ ਮੇਰੇ ਨਾਲ ਬਚਨ ਨਾ ਕਰੇ ਅਤੇ ਮੱਥਾ ਟੇਕ ਕੇ ਬਾਹਰ ਨਿਕਲ ਜਾਵੇ। ਖਜ਼ਾਨ ਸਿੰਘ ਜਦ ਅੰਦਰ ਗਿਆ ਤਾਂ ਨਿਰਬਲ ਸਰੀਰ ਦੇਖ ਕੇ ਅਥੱਰੂ ਕੇਰਦਾ ਹੀ ਬਾਹਰ ਆ ਗਿਆ। 10 ਮਿੰਟ ਬਾਅਦ ਸਤਿਗੁਰੂ ਜੀ ਸੰਤ ਰਤਨ ਸਿੰਘ ਜੀ ਨੂੰ ਕਹਿਣ ਲੱਗੇ ਸ਼ਬਦ ਸੁਣਨ ਨੂੰ ਦਿਲ ਕਰਦਾ ਹੈ। ਵੱਡੇ ਬਾਬਾ ਜੀ ਅਤੇ ਛੋਟੇ ਬਾਬਾ ਜੀ ਨੂੰ ਬੁਲਾ ਕੇ ਲਿਆਉ। ਖਜ਼ਾਨ ਸਿੰਘ ਜੀ ਨੇ ਤਬਲਾ ਸ਼ੁਰੂ ਕੀਤਾ, ਬਾਬਾ ਜੀ ਨੇ ਬੜੇ ਪ੍ਰੇਮ ਨਾਲ ਇਕ ਸ਼ਬਦ ਗਾਇਨ ਕੀਤਾ। ਸਤਿਗੁਰੂ ਜੀ ਨੇ ਕਿਹਾ ਤੇਰੇ ਇਸ ਤਬਲੇ ਦੀਆਂ ਗਤਾਂ ਦੇ ਦੀਵਾਨੇ ਹੋਏ ਰਹੇ ਹਾਂ।

ਸਤਿਗੁਰੂ ਜੀ ਨੇ ਇਕ ਸਾਖੀ ਇਸ ਤਰ੍ਹਾਂ ਸੁਣਾਈ। ਜੰਮੂ ਦੇ ਰਾਜੇ ਨੇ ਇਕ ਬੜਾ ਸਿਆਣਾ ਕਲੌਂਤ ਰੱਖਿਆ ਹੋਇਆ ਸੀ। ਉਹ ਰਾਜੇ ਨੂੰ ਦੋ ਵੇਲੇ ਰਾਗ ਸੁਣਾਇਆ ਕਰਦਾ ਸੀ। ਰਾਜੇ ਨਾਲ ਕਲੌਂਤ ਦਾ ਇਹ ਵਾਇਦਾ ਸੀ ਕਿ ਜਦ ਮੈਂ ਭੋਜਨ ਖਾ ਲਵਾਂ ਤਾਂ ਮੈਨੂੰ ਰਾਗ ਕਰਨ ਲਈ ਬਿਲਕੁਲ ਨਹੀਂ ਕਹਿਣਾ। ਇਸ ਤਰ੍ਹਾਂ ਕਾਫ਼ੀ ਸਮਾਂ ਗੁਜਰਦਾ ਗਿਆ। ਇਕ ਦਿਨ ਰਾਜੇ ਦੇ ਕੁਝ ਖਾਸ ਪ੍ਰਾਹੁਣੇ ਆਏ। ਕਲੌਂਤ ਇਸ ਉਡੀਕ ਵਿਚ ਰਿਹਾ ਕਿ ਸ਼ਾਇਦ ਰਾਜਾ ਮੈਨੂੰ ਗਾਉਣ ਲਈ ਬੁਲਾਏਗਾ। ਪਰ ਰਾਜੇ ਨੇ ਨਾ ਬੁਲਾਇਆ ਤੇ ਕਲੌਂਤ ਨੇ ਰੋਟੀ ਖਾ ਲਈ। ਰਾਜੇ ਦੇ ਪ੍ਰਾਹੁਣਿਆਂ ਕਿਹਾ ਕਿ ਹੇ ਰਾਜਨ, ਸਾਨੂੰ ਆਪਣੇ ਰਾਗੀ ਤੋਂ ਰਾਗ ਸੁਣਾਉ। ਰਾਜੇ ਨੇ ਇਕ ਆਦਮੀ ਕਲੌਂਤ ਨੂੰ ਬੁਲਾਉਣ ਲਈ ਭੇਜਿਆ। ਪਰ ਕਲੌਂਤ ਨੇ ਕਿਹਾ ਕਿ ਮੈਂ ਰੋਟੀ ਖਾ ਲਈ ਹੈ ਤੇ ਮੈਂ ਨਹੀਂ ਆ ਸਕਦਾ। ਪ੍ਰਾਹੁਣਿਆਂ ਨੇ ਫਿਰ ਤਰਕ ਨਾਲ ਕਿਹਾ ਕਿ ਇਕ ਮਰਾਸੀ ਵੀ ਤੁਹਾਡੇ ਆਖੇ ਨਹੀਂ ਲੱਗਦਾ। ਰਾਜਾ ਫਿਰ ਆਪ ਉਸ ਕਲੌਂਤ ਨੂੰ ਬਲਾਉਣ ਗਿਆ। ਪਰ ਕਲੌਂਤ ਨੇ ਕਿਹਾ ਤੁਹਾਡਾ ਮੇਰੇ ਨਾਲ ਇਕਰਾਰ ਹੈ ਕਿ ਰੋਟੀ ਖਾਣ ਤੋਂ ਬਾਅਦ ਨਹੀਂ ਗਾਵਾਂਗਾ। ਜਦ ਰਾਜੇ ਨੂੰ ਵੀ ਕੋਰਾ ਜਵਾਬ ਮਿਲ ਗਿਆ ਤਾ ਰਾਜੇ ਨੇ ਕਲੌਂਤ ਨੂੰ ਮਰਵਾਉਣ ਦਾ ਹੁਕਮ ਦੇ ਦਿੱਤਾ। ਬੜੇ ਵੱਡੇ ਇਕੱਠ ਵਿਚ ਜਦ ਜਲਾਦ ਕਲੌਂਤ ਦਾ ਸਿਰ ਕੱਟਣ ਲੱਗਾ ਤਾਂ ਰਾਜੇ ਨੇ ਭੱਜ ਕੇ ਜੱਲਾਦ ਦੇ ਹੱਥੋਂ ਤਲਵਾਰ ਫੜ ਲਈ ਤੇ ਮੌਤ ਦਾ ਹੁਕਮ ਵਾਪਸ ਲੈ ਲਿਆ। ਰਾਜੇ ਭਰੇ ਦਰਬਾਰ ਵਿਚ ਆਖਿਆ ਇਡੇ ਵੱਡੇ ਕਲਾਕਾਰ ਨੂੰ ਮਾਰਨਾ ਬਹੁਤ ਸੌਖਾ ਹੈ ਅਤੇ ਪੈਦਾ ਕਰਨਾ ਬਹੁਤ ਔਖਾ ਹੈ। ਇਸ ਲਈ ਮੈਂ ਇਸ ਦੀ ਕਲਾ ਨੂੰ ਮੁੱਖ ਰੱਖ ਕੇ ਇਸ ਨੂੰ ਮੁਆਫ ਕਰਦਾ ਹਾਂ। ਸਤਿਗੁਰੂ ਜੀ ਕਹਿਣ ਲੱਗੇ ਇਕ ਕਲਾਕਾਰ ਜਾਂ ਵਿਦਵਾਨ ਨੂੰ ਮਾਰਨ ਨਾਲ ਸੌ ਗਊ ਦੇ ਕਤਲ ਕਰਨ ਜਿੰਨਾ ਪਾਪ ਲੱਗਦਾ ਹੈ। ਸਤਿਗੁਰੂ ਜੀ ਨੇ ਕਿਹਾ ਕੀਰਤਨ ਦੀ ਪ੍ਰੰਪਰਾ ਨੂੰ ਮੇਰੇ ਪਿੱਛੋਂ ਇਸ ਤਰ੍ਹਾਂ ਹੀ ਕਾਇਮ ਰੱਖਿਆ ਜਾਵੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਸ ਤਰ੍ਹਾਂ ਕੀਰਤਨ ਦੀ ਪਰੰਪਰਾ ਨੂੰ ਵਿਕਸਿਤ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੀ ਹੈ। ਉਹ ਕਿਸੇ ਹੋਰ ਮਜਬੂਨ ਵਿਚ ਲਿਖਿਆ ਜਾਵੇਗਾ, ਪਰ ਹੁਣ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਿੱਖ ਜਗਤ ਵਿਚ ਜੋ ਰਾਗਾਂ ਦੀ ਦੁਰਗਤੀ ਹੋ ਰਹੀ ਹੈ ਇਹ ਬਹੁਤ ਹੀ ਗਲਤ ਹੈ। ਰਾਗੀ ਕਿਸੇ ਰਾਗ ਦੀ ਸਥਾਈ ਕਿਸੇ ਰਾਗ ਦਾ ਅੰਤਰਾ ਲੈ ਕੇ ਚਾਰ ਮਾਤਰਾ ਵਿਚ ਸ਼ੁਰੂ ਕਰ ਦਿੰਦੇ ਹਨ। ਬਹੁਤੇ ਸੱਜਣ ਬੇਸੁਰੇ ਤੇ ਬੇਤਾਰੇ ਹਨ ਜੋ ਰਾਗ ਦਾ ਜਨਾਜ਼ਾ ਚੁੱਕ ਕੇ ਸਿਵਿਆਂ

ਵਿਚ ਫੂਕਣ ਵੱਲ ਹੀ ਤੁਰੇ ਹੋਏ ਹਨ। ਮੇਰੇ ਇਨ੍ਹਾਂ ਸ਼ਬਦਾਂ ਦੀ ਪਰੌੜ੍ਹਤਾ ਭਾਈ ਗੁਰਚਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਰਾਗੀ ਸੈਦ ਪੁਰੀਆਂ ਨੇ ਸਿੰਘ ਸਭਾ ਦੇ ਰਸਾਲੇ ਸੰਗੀਤ ਸ਼ਦਾਬਦੀ ਪੰਨਾ 153 ਤੇ ਇਸ ਤਰ੍ਹਾਂ ਕੀਤੀ ਹੈ।

ਭਾਈ ਸਾਹਿਬ ਸੰਤਾ ਸਿੰਘ ਜੀ ਰਾਗੀ ਨੇ ਅਕਾਲ ਚਲਾਣੇ ਤੋਂ ਇਕ ਮਹੀਨਾ ਪਹਿਲਾਂ ਵਿਚਾਰ ਵਟਾਂਦਰਾ ਕਰਦਿਆਂ ਹੋਇਆਂ ਬੜੇ ਦੁੱਖੀ ਦਿਲ ਨਾਲ ਇਹ ਗੱਲ ਆਖੀ ਸੀ ਕਿ ਹੁਣ ਤਾਂ ਦਿਲ ਕਰਦਾ ਹੈ ਕਿ ਭਾਈ ਲਾਲ ਜੀ ਅਤੇ ਭਾਈ ਸਾਂਈਦਿੱਤਾ ਵਰਗੇ ਵਿਦਵਾਨਾਂ ਪਾਸੋਂ ਕਈ ਸਾਲਾਂ ਵਿਚ ਸਿੱਖੀ ਹੋਈ ਸਾਰੀ ਕੀਰਤਨ ਦੀ ਵਿਦਿਆ ਨੂੰ ਆਪਣੇ ਦਿਮਾਗ ਵਿਚੋਂ ਧੋ ਕੇ ਬਾਹਰ ਕੱਢ ਦੇਈਏ ਤੇ ਨਵੇਂ ਸਿਰੇ ਤੋਂ ਅੱਜ ਕਲ੍ਹ ਦੇ ਪ੍ਰਚਲਤ ਢੰਗ ਵਾਲਾ ਕੀਰਤਨ ਦੋ ਚਾਰ ਮਹੀਨਿਆਂ ਵਿਚ ਸਿੱਖ ਲਈਏ। ਐਸਾ ਹੀ ਜ਼ਿਕਰ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਨੇ ਕੀਤਾ। 1971 ਵਿਚ ਵਲਾਇਤ ਜਾਣ ਤੋਂ ਪਹਿਲਾਂ ਸਾਨੂੰ ਪਤਾ ਲੱਗਾ ਕਿ ਭਾਈ ਸਾਹਿਬ ਜੀ ਸਖ਼ਤ ਬੀਮਾਰ ਹਨ। ਅਸੀਂ ਦਿੱਲੀ ਤੋਂ ਲੁਧਿਆਣੇ ਉਨ੍ਹਾਂ ਦੇ ਦਰਸ਼ਨ ਕਰਨ ਗਏ। ਉਹ ਬਿਸਤਰੇ ਤੇ ਲੇਟੇ ਹੋਏ ਹੀ ਕਾਫ਼ੀ ਸਮਾਂ ਬਚਨ ਕਰਦੇ ਰਹੇ। ਉਸ ਵਕਤ ਲੁਧਿਆਣੇ ਸ਼ਹਿਰ ਵਿਚ ਐਸੇ ਰਾਗੀ ਸਿੰਘ ਦੀ ਜੈ ਜੈ ਕਾਰ ਹੋ ਰਹੀ ਸੀ ਜਿਸ ਦੀ ਗੁਰਮਤਿ ਸੰਗੀਤ ਬਾਰੇ ਖੋਜ ਤੇ ਮਿਹਨਤ ਸਿਫਰ ਦੇ ਬਰਾਬਰ ਹੀ ਸੀ। ਭਾਈ ਸਾਹਿਬ ਜੀ ਨੇ ਸੰਗਤਾਂ ਦੀ ਸੂਝ ਬੂਝ ਵਿਚ ਇਤਨਾ ਸਸਤਾਪਨ ਅਨੁਭਵ ਕਰਕੇ ਬੜੇ ਦੁਖੀ ਦਿਲ ਨਾਲ ।ਏਹ ਅੱਖਰ ਆਖੇ ਸੀ ਕਿ ਹੁਣ ਕੀਰਤਨ ਦੀ ਵਿਦਿਆ ਦਾ ਤਾਂ ਭੋਗ ਹੀ ਪਿਆ ਸਮਝੋ। ਕਿਉਂ ਜਾਪਦਾ ਹੈ ਕਿ ਸਿੱਖ ਸੰਗਤਾਂ ਗੁਰੂ ਆਸ਼ੇ ਨੂੰ ਬਿਲਕੁਲ ਹੀ ਭੁਲਾਈ ਜਾ ਰਹੀਆਂ ਹਨ।

ਕਾਸ਼! ਸਿੱਖ ਨੌਜਵਾਨ ਭੈਣੀ ਸਾਹਿਬ ਆ ਕੇ ਰਾਗ ਸਿਖਣ ਅਤੇ ਧ੍ਰੁਪਦ ਧਮਾਰ ਦੀ ਸੋਝੀ ਲੈਣ ਅਤੇ ਸਾਡੇ ਬਲਜੀਤ ਸਿੰਘ ਤੇ ਘੁੱਲਾ ਪਿੰਕੀ ਬਣ ਕੇ ਸਿੱਖ ਜਗਤ ਦਾ ਨਾਮ ਰੌਸ਼ਨ ਕਰਨ।

ਅਭੁੱਲ ਯਾਦਾਂ

—ਆਤਮਾ ਸਿੰਘ ਸਨਖਤ੍ਰਵੀ

"ਜਿਨ੍ਹਾਂ ਵਿਚ ਸੀ ਝਲਕ ਨੂਰਾਨੀ।
ਜਿਨ੍ਹਾਂ ਵਿਚ ਸੀ ਕਸ਼ਸ਼ ਰੂਹਾਨੀ।
ਜਿਨ੍ਹਾਂ ਵਿਚ ਸੀ ਦਿਲ ਰਹਿਮਾਨੀ।
ਜਿਨ੍ਹਾਂ ਵਿਚ ਸੀ ਸ਼ਕਤ ਲਾਸਾਨੀ।
ਦਰਸ ਜਿਨ੍ਹਾਂ ਦਾ ਭਾਨ ਸਮਾਨੀ।
ਪਰਸ ਜਿਨ੍ਹਾਂ ਦਾ ਪਾਰਸਿਆਨੀ।
ਤਰਸ ਜਿਨ੍ਹਾਂ ਦਾ ਸਭ ਲਈ ਜਾਨੀ।
ਬਰਸ ਜਿਨ੍ਹਾਂ ਦਾ ਬਿਰਹੋਂ ਪਾਨੀ।,,....

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਉਹ ਸਾਗਰ ਸਨ ਜਿਨ੍ਹਾਂ ਦਾ ਪਾਰਾਵਾਰ ਪਾਇਆ ਹੀ ਨਹੀਂ ਜਾ ਸਕਦਾ ਅੰਥਵਾ ਸਤਿਗੁਰੂ ਜੀ ਵਿਅਕਤੀਗਤ ਰੂਪ ਵਿਚ ਆਕਾਸ਼ ਨਾਲੋਂ ਵੀ ਵੱਧ ਵਿਸ਼ਾਲਤਾ ਤੇ ਵਿਆਪਕਤਾ ਰੱਖਦੇ ਸਨ।

ਕੋਈ ਵਿਗਿਆਨੀ ਸਾਗਰ ਦੀਆਂ ਲਹਿਰਾਂ ਜਾਂ ਅਕਾਸ਼ ਮੰਡਲ ਦੀ ਸੀਮਾ ਅਥਵਾ ਅਰਬਾਂ ਦੀ ਤਾਦਾਦ ਵਿਚ ਤਾਰਿਆਂ ਦਾ ਮੁਲੰਕਣ ਕਰ ਲਵੇ ਤਾਂ ਮੰਨਿਆਂ ਜਾ ਸਕਦਾ ਹੈ, ਪਰ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਗੁਣਾਂ, ਕਰਤਵਾਂ, ਪਰਉਪਕਾਰਾਂ, ਜਾਂ ਪਿਆਰ ਦਾ ਮੁਲੰਕਣ ਕੋਈ ਮਨੁੱਖ ਕਦੇ ਭੀ ਨਹੀਂ ਕਰ ਸਕਦਾ। ਪਰ ਆਪਣੀ ਤੁਛ ਬੁਧੀ ਅਨੁਸਾਰ ਸਤਿਗੁਰੂ ਜੀ ਦੇ ਅਨਗਿਣਤ ਅੱਖੀਂ ਵੇਖੇ ਅਦੁੱਤੀ ਚੋਜਾਂ ਤੇ ਬਚਨਾਂ ਵਿਚੋਂ ਅੰਸ਼ਿਕ ਮਾਤ੍ਰਾ ਵਿਚ ਕੁਝ ਇਕ ਕੌਤਕ ਇਸ ਤਰ੍ਹਾਂ ਸਨ।

ਪਹਿਲੀ ਨੂਰਾਨੀ ਝਲਕ

ਮਹਾਨ ਪਰਉਪਕਾਰੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਾਲ ਸਖਾਈ ਸੰਤ ਟਹਿਲ ਸਿੰਘ ਜੀ ਨੇ ਸੰਮਤ 1977 ਵਿਚ "ਨਾਮਧਾਰੀ ਸ੍ਰਿਸ਼ਟੀ ਸੁਧਾਰ ਸਤਿਜੁਗੀ ਆਸ਼ਰਮ" ਦੇ ਨਾਮ ਦੀ ਨਾਮਧਾਰੀ ਧਰਮਸਾਲਾ ਸਨਖਤ੍ਰੇ (ਜਿਥੇ ਮੇਰੇ ਮਾਤਾ ਪਿਤਾ

ਡੇਰੇ ਦੀ ਸੇਵਾ ਸੰਭਾਲ ਕਰਿਆ ਕਰਦੇ ਸਨ) ਵਿਖੇ ਫਰੀ ਵਿਦਿਆਲਾ ਜਾਰੀ ਕੀਤਾ, ਜਿਸ ਵਿਚ ਦੂਰੋਂ ਨੇੜਿਓਂ ਨਾਮਧਾਰੀ ਵਿਦਿਆਰਥੀ ਆ ਕੇ ਮਾਸਟਰ ਬੂੜ ਸਿੰਘ ਜੀ ਤੋਂ ਵਿਦਿਆ ਪੜ੍ਹਿਆ ਕਰਦੇ ! ਦੂਰੋਂ ਆਏ ਵਿਦਿਆਰਥੀਆਂ ਦੇ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਵੀ ਸੰਤਾਂ ਦੇ ਪੁਰਸ਼ਾਰਥ ਤੇ ਹੀ ਆਧਾਰਤ ਸੀ। ਮੈਂ ਉਸ ਵਿਦਿਆਲੇ ਦਾ ਸਭ ਤੋਂ ਸਰੀਰ ਕਰਕੇ ਕਮਜ਼ੋਰ ਪਰ ਪੜ੍ਹਾਈ ਵਿਚ ਅਵੱਲ ਰਹਿਣ ਵਾਲਾ ਵਿਦਿਆਰਥੀ ਸਾਂ। ਸੰਮਤ 1980 ਦੇ ਕਰੀਬ ਇਕ ਵਾਰੀ ਟਪਿਆਲੇ ਦੇਉਆਂ (ਜੋ ਸਨਖਤ੍ਰੇ ਤੋਂ ਦੋ ਮੀਲ ਪੱਛਮ ਵੱਲ ਸੀ) ਵਿਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਉਹਨਾਂ ਦਿਨਾਂ ਵਿਚ ਜਲ੍ਹਿਆਂ ਵਾਲੇ ਬਾਗ਼ ਦਾ ਕਾਂਡ ਹੋ ਚੁੱਕਾ ਸੀ ਤੇ ਮਹਾਤਮਾ ਗਾਂਧੀ ਵਰਗੇ ਲੀਡਰ ਜੇਲ੍ਹਾਂ ਵਿਚ ਬੰਦ ਸਨ। ਮਾਸਟਰ ਬੂੜ ਸਿੰਘ ਜੀ ਨੇ ਇਕ ਗੀਤ ਜਿਹਾ ਬਣਾ ਕੇ ਮੈਨੂੰ ਤੇ ਸਾਧਾ ਸਿੰਘ ਜੀ ਖਾਰਾ ਦੇਉਆਂ ਤੇ ਗਿਆਨ ਸਿੰਘ ਜੀ (ਜਥੇਦਾਰ) ਨੂੰ ਜ਼ਬਾਨੀ ਯਾਦ ਕਰਵਾਇਆ। ਉਸ ਵੇਲੇ ਸਾਡੀ ਤਿੰਨਾਂ ਦੀ ਉਮਰ 8-9 ਸਾਲ ਦੇ ਲੱਗ ਪਗ ਸੀ। ਉਹ ਗੀਤ ਅਸਾਂ ਟਪਿਆਲੇ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਤੋਤਲੀ ਜਿਹੀ ਆਵਾਜ਼ ਵਿਚ ਗਾਇਆ। ਜਿਸਦੀਆਂ ਦੋ ਲਾਈਨਾਂ ਇਹ ਸਨ :

"ਚੀਨੀ ਵਾਲੇ ਪਾਤਸ਼ਾਹ ਕਿਉਂ ਦੇਰ ਲਗਾਈ,
ਸੰਗਤ ਤੇਰੇ ਦਰਸ ਦੀ ਆਹੀ ਤਿਰਹਾਈ।"

ਬਸ ਇਹ ਗੀਤ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਨੂਰਾਨੀ ਝਲਕ ਦਾ ਮੇਰਾ ਤੇ ਮੇਰੇ ਸਾਥੀਆਂ ਦਾ ਅਜਿਹਾ ਵਿਚੋਲਾ ਬਣਿਆ ਜਿਸਨੇ ਮੈਨੂੰ ਹਮੇਸ਼ਾ ਵਾਸਤੇ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਜੋੜ ਦਿੱਤਾ ਤੇ ਸੱਚੇ ਪਾਤਸ਼ਾਹ ਜੀ ਨੇ ਅੰਤਮ ਸਵਾਸਾਂ ਤਕ ਮੈਨੂੰ ਚਰਨਾਂ ਦਾ ਸੇਵਕ ਬਣਾਈ ਰਖਿਆ।

ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਕਾਲ ਚਲਾਣਾ

ਸੰਮਤ 1986 ਦੇ ਹੋਲੇ ਤੋਂ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹਰ ਸਾਲ ਦੀ ਤਰ੍ਹਾਂ ਜਦ ਦੜਪ ਦੇ ਦੌਰੇ ਤੇ ਸਨਖਤ੍ਰੇ ਦਰਸ਼ਨ ਦਿੱਤੇ ਤਾਂ ਮੈਨੂੰ ਹੁਕਮ ਕੀਤਾ ਕਿ ਸ੍ਰੀ ਭੈਣੀ ਸਾਹਿਬ ਗੁਰਬਾਣੀ ਦੇ ਸ਼ੁਧ ਪਾਠ ਕਰਵਾਉਣ ਵਾਲਾ ਵਿਦਿਆਲਾ ਜਾਰੀ ਕੀਤਾ ਹੈ ਜਿਸ ਵਿਚ ਬਹੁਤ ਸਾਰੇ ਬੱਚਿਆਂ ਤੋਂ ਇਲਾਵਾ ਦੋਵੇਂ ਕਾਕੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ) ਵੀ ਪੜ੍ਹ ਰਹੇ ਹਨ। ਜੇ ਫੁਰਸਤ ਹੋਵੇ ਤਾਂ ਦੋ ਕੁ ਮਹੀਨੇ ਤੂੰ ਭੀ ਓਥੇ ਆ ਕੇ ਸ੍ਰੀ ਗ੍ਰੰਥ ਸਾਹਿਬ ਦਾ ਇਕ ਪਾਠ ਕਰ ਲੈ। (ਭਾਵੇਂ ਉਹਨਾਂ ਦਿਨਾਂ ਵਿਚ ਮੇਰਾ ਪਾਠ ਬਹੁਤ. ਚਲੰਤ ਤੇ ਸਰਲਤਾ ਵਾਲਾ ਸੀ, ਪਰ ਲਗਾਂ ਮਾਤ੍ਰਾਂ ਦਾ ਜਿਵੇਂ ਸ੍ਰੀ ਭੈਣੀ ਸਾਹਿਬ ਉਚਾਰਨ ਕਰਵਾਇਆ ਜਾਂਦਾ ਸੀ ਉਹ ਮੈਂ ਨਹੀਂ ਸਾਂ ਕਰਦਾ ਹੁੰਦਾ) ਸੱਚੇ ਪਾਤਸ਼ਾਹ ਜੀ ਦੇ ਪਿਆਰ ਭਰੇ ਹੁਕਮ ਨੂੰ ਮੈਂ ਸਵੀਕਾਰ ਤਾਂ ਕਰ ਲਿਆ, ਪਰ ਪਹਿਲੀ ਵਾਰੀ ਸ੍ਰੀ ਭੈਣੀ ਸਾਹਿਬ ਜਾਣ ਵਾਸਤੇ ਕਿਸੇ ਸਾਥੀ ਦੀ ਲੋੜ ਸੀ ਤੇ ਕੁਦਰਤੀ

ਸ੍ਰੀ ਮਾਨ ਸੰਤ ਟਹਿਲ ਸਿੰਘ ਜੀ ਸਦੋਂਵਾਲੀਆਂ ਦੇ ਚਾਚੇ ਦੇ ਪੁੱਤਰ ਸੰਤ ਬੂੜ ਸਿੰਘ ਜੀ ਸੋਧੀ ਸਨਖਤ੍ਰ ਆ ਗਏ ਤੇ ਉਨ੍ਹਾਂ ਦੇ ਸਾਥ ਨਾਲ ਮੇਰਾ ਸ੍ਰੀ ਭੈਣੀ ਸਾਹਿਬ ਜਾਣ ਦਾ ਪ੍ਰੋਗਰਾਮ ਬਣ ਗਿਆ। ਹਾੜ ਮਹੀਨੇ ਦੇ ਆਖਰੀ ਦਿਨ ਸਨ ਜਦੋਂ ਮੈਂ ਸੰਤ ਬੂੜ ਸਿੰਘ ਜੀ ਸਦੋਂਵਾਲੀਆਂ ਨਾਲ ਸ੍ਰੀ ਭੈਣੀ ਸਾਹਿਬ ਗਿਆ ਤੇ ਹੁਕਮ ਅਨੁਸਾਰ ਵਿਦਿਆਰਥੀਆਂ ਨਾਲ ਮਿਲ ਕੇ ਮੈਂ ਭੀ ਸੰਥਾ ਲੈਣੀ ਸ਼ੁਰੂ ਕਰ ਦਿੱਤੀ।

ਉਹਨਾਂ ਦਿਨਾਂ ਵਿਚ ਹੀ ਸ੍ਰੀ ਮਾਨ ਬਾਬਾ ਸੋਣ ਸਿੰਘ ਜੀ ਸਦੋਂਵਾਲੀਏ ਵੀ ਏਥੇ ਆਏ ਹੋਏ ਸਨ। ਉਨ੍ਹਾਂ ਦੇ ਡੇਰੇ ਵਿਚ ਹੀ ਸੰਤ ਬੂੜ ਸਿੰਘ ਜੀ ਦਾ ਤੇ ਮੇਰਾ ਡੇਰਾ ਸੀ ਤੇ ਬਾਬਾ ਜੀ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਜੀ ਦੇ ਵਿਸ਼ੇਸ਼ ਨਿਕਟਵਰਤੀ ਸਾਧੂਆਂ ਵਿਚੋਂ ਬੜੇ ਸ਼ਰਧਾਲੂ ਸੇਵਕ ਸਨ। ਭਾਵੇਂ ਬਾਲ ਅਵਸਥਾ ਕਾਰਨ ਮੈਨੂੰ ਸਾਰੇ ਪੰਥਕ ਪ੍ਰੋਗਰਾਮਾਂ ਦਾ ਕੋਈ ਗਿਆਨ ਨਹੀਂ ਸੀ, ਪਰ ਬਾਬਾ ਸੋਣ ਸਿੰਘ ਜੀ ਨੇ ਜਦ ਕਦੇ ਦੀਵਾਨ ਵਿਚੋਂ ਆਣ ਕੇ ਗੁਰੂ ਘਰ ਦੇ ਬਚਨ ਕਰਨੇ ਤਾਂ ਉਹ ਬਚਨ ਮੈਂ ਬੜੀ ਦਿਲਚਸਪੀ ਨਾਲ ਸੁਣਿਆ ਕਰਨੇ। ਉਹਨਾਂ ਦਿਨਾਂ ਵਿਚ ਬਾਬਾ ਜੀ ਦੱਸਿਆ ਕਰਦੇ ਸਨ ਕਿ :—

ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਤਪਦਿਕ ਦੀ ਬੀਮਾਰੀ ਦੇ ਇਲਾਜ ਵਾਸਤੇ ਤੇ ਗਰਮੀ ਤੋਂ ਬਚਾਣ ਵਾਸਤੇ ਪਹਾੜਾਂ ਵਿਚ ਬਟੋਤੀ ਅਸਥਾਨ ਤੇ ਲਿਜਾਇਆ ਗਿਆ ਹੋਇਆ ਸੀ ਤੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਕੁਝ ਸਰੀਰਾਂ ਸਮੇਤ ਇਨ੍ਹਾਂ ਦੀ ਹਰ ਸਮੇਂ ਹਰ ਢੰਗ ਨਾਲ ਸੇਵਾ ਸੰਭਾਲ ਕਰਦੇ ਸਨ। ਇਕ ਦਿਨ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਬਟੋਤੀ ਵਿਖੇ ਅਚਨਚੇਤ ਸ਼ਾਂਤ ਹੋ ਗਏ। ਅਜੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਇਨ੍ਹਾਂ ਦੇ ਸਾਂਤ ਹੋਣ ਬਾਰੇ ਸੋਚ ਹੀ ਰਹੇ ਸਨ ਕਿ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਸਰੀਰ ਵਿਚ ਫਿਰ ਤੋਂ ਹਰਕਤ ਆ ਗਈ ਤੇ ਨੇਤਰ ਖੋਲ੍ਹ ਕੇ ਸਾਰੇ ਸਰੀਰਾਂ ਨੂੰ ਅਫਸੋਸ ਵਿਚ ਬੈਠਿਆਂ ਵੇਖਿਆ।

ਮਹਾਰਾਜ ਨਿਹਾਲ ਸਿੰਘ ਜੀ ਜੋ ਉਸ ਵਕਤ ਉਨ੍ਹਾਂ ਸਰ੍ਹਾਣੇ ਬੜੀ ਚਿੰਤਾ ਦੀ ਹਾਲਤ ਵਿਚ ਬੈਠੇ ਸਨ, ਨੂੰ ਹੋਰ ਨੇੜੇ ਕਰਕੇ ਬੜੇ ਧੀਰਜ ਨਾਲ ਦੱਸਿਆ, ਕਿ ਮੇਰਾ ਸੂਖਮ ਸਰੀਰ ਪ੍ਰਾਣ ਰਹਿਤ ਹੋ ਕੇ ਜਦ ਸੱਚਖੰਡ ਪਹੁੰਚਿਆ ਤਾਂ ਦਰਵਾਜੇ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਬੈਠੇ ਸਨ। ਉਨ੍ਹਾਂ ਮੈਨੂੰ ਦਰਵਾਜ਼ੇ ਤੋਂ ਅੱਗੇ ਨਹੀਂ ਲੰਘਣ ਦਿੱਤਾ ਤੇ ਹੁਕਮ ਕੀਤਾ ਕਿ ਪਹਿਲਾਂ ਤੂੰ ਸ੍ਰੀ ਭੈਣੀ ਸਾਹਿਬ ਜਾ ਕੇ ਵਕਤ ਦੇ ਮਾਲਕ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਬਖ਼ਸ਼ਿਸ਼ ਕਰਵਾ ਤੇ ਜਿਵੇਂ ਉਹ ਹੁਕਮ ਕਰਨ, ਸੋਧ ਮਰਯਾਦਾ ਧਾਰਨ ਕਰਕੇ ਏਥੇ ਆਓ। ਫਿਰ ਤੁਹਾਨੂੰ ਸੱਚਖੰਡ ਵਿਚ ਅਸਥਾਨ ਪ੍ਰਾਪਤ ਹੋਵੇਗਾ। ਇਸ ਵਾਸਤੇ ਮੈਨੂੰ ਏਥੋਂ ਸ੍ਰੀ ਭੈਣੀ ਸਾਹਿਬ ਲੈ ਚਲੋ। ਮਹਾਰਾਜ ਨਿਹਾਲ ਸਿੰਘ ਜੀ ਨੇ ਆਖਿਆ, "ਮਹਾਰਾਜ ਤੁਹਾਡਾ ਸਰੀਰ ਬਹੁਤ ਕਮਜ਼ੋਰ ਹੈ, ਅਰ ਇਸ ਹਾਲਤ ਵਿਚ ਕਿਧਰੇ ਵੀ ਜਾਣਾ ਬਹੁਤ ਮੁਸ਼ਕਿਲ ਹੈ?" ਮਹਾਰਾਜ ਗੁਰਦਿਆਲ ਸਿੰਘ ਜੀ ਨੇ ਬੜੇ ਜੋਸ਼ ਭਰੇ ਸ਼ਬਦਾਂ ਵਿਚ ਆਖਿਆ, "ਮਹਾਰਾਜ! ਤੁਸੀਂ ਕਿਸੇ ਕਿਸਮ ਦਾ ਫ਼ਿਕਰ ਨਾ ਕਰੋ ਤੇ ਮੈਨੂੰ ਸ੍ਰੀ ਭੈਣੀ ਸਾਹਿਬ ਲੈ ਚਲੋ, ਮੈਨੂੰ ਕੁਝ ਨਹੀਂ ਹੁੰਦਾ।"

ਜਦ ਮਹਾਰਾਜ ਨਿਹਾਲ ਸਿੰਘ ਜੀ ਇਹਨਾਂ ਨੂੰ ਲੈ ਕੇ ਸ੍ਰੀ ਭੈਣੀ ਸਾਹਿਬ ਆਏ ਉਸ ਵਕਤ ਮੈਂ ਵੀ ਉਥੇ ਸੇਂਚੀ ਤੋਂ ਪਾਠ ਕਰਿਆ ਕਰਦਾ ਸਾਂ।

ਸ੍ਰੀ ਮਹਾਰਾਜ ਜੀ ਦਾ ਡੇਰਾ ਠੰਢੇ ਥਾਂ ਰਾਮਸਰ ਤੇ ਵਰਨੀਆਂ ਵਾਲੀ ਕੋਠੀ ਦੇ ਰਸਤੇ ਵਾਲੇ ਜਾਮਨੂਆਂ ਹੇਠ ਇਕ ਵਧੀਆ ਤੰਬੂ ਵਿਚ ਲਾਇਆ ਗਿਆ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਉਸ ਵਕਤ ਜੋ ਆਪਣੇ ਪਿਆਰ ਦਾ ਪ੍ਰਗਟਾਵਾ ਕਰਦਿਆਂ ਜਿਵੇਂ ਹਰ ਪ੍ਰਕਾਰ ਦੇ ਇਲਾਜ ਅਤੇ ਸੇਵਾ ਸੰਭਾਲ ਅਥਵਾ ਇਤਨੀ ਕਮਜ਼ੋਰ ਸਿਹਤ ਸਮੇਂ ਮਰਯਾਦਾ ਦੀ ਪੂਰਤੀ ਦਾ ਜਿਵੇਂ ਪ੍ਰਬੰਧ ਕੀਤਾ ਤੇ ਬਾਬਾ ਸੋਣ ਸਿੰਘ ਜੀ ਜਿਵੇਂ ਦੱਸਿਆ ਕਰਦੇ, ਮੈਂ ਉਸਦਾ ਬਿਆਨ ਕਰ ਹੀ ਨਹੀਂ ਸਕਦਾ।

ਸੱਚੇ ਪਾਤਸ਼ਾਹ ਜੀ ਨੇ ਹੁਕਮ ਦੇ ਰਖਿਆ ਸੀ ਕਿ ਸਾਰੇ ਸ੍ਰੀ ਗ੍ਰੰਥ ਸਾਹਿਬ ਦੇ ਵਿਦਿਆਰਥੀ ਦੋ ਦੋ ਘੰਟੇ ਤੰਬੂ ਵਿਚ ਸ੍ਰੀ ਮਹਾਰਾਜ ਜੀ ਪਾਸ ਪੰਜ ਗ੍ਰੰਥੀ ਦਾ ਪਾਠ ਸਵੇਰੇ ਤੋਂ ਸ਼ਾਮ ਤਕ ਕਰਿਆ ਕਰਨ। ਇਹ ਪ੍ਰੋਗਰਾਮ ਵੀ ਚਾਲੂ ਹੋ ਗਿਆ ਹੋਇਆ ਸੀ।

ਜਿਸ ਦਿਨ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਸਰੀਰ ਸ਼ਾਂਤ ਹੋਇਆ ਉਸ ਦਿਨ ਤੰਬੂ ਵਿਚ ਪੰਜ ਗ੍ਰੰਥੀ ਦਾ ਪਾਠ ਕਰਨ ਦੀ ਮੇਰੀ ਡਿਊਟੀ ਸੀ। ਮਹਾਰਾਜ ਜੀ ਦੇ ਹੇਠਾਂ ਤੇ ਉਪਰ ਸੋਧ ਦੇ ਬਸਤ੍ਰ ਸਨ। ਮਹਾਰਾਜ ਨਿਹਾਲ ਸਿੰਘ ਜੀ ਦੇ ਹੱਥਾਂ ਵਿਚ ਰੂੰ ਦੇ ਬਣਾਏ ਹੋਏ ਦਸਤਾਨੇ ਵੀ ਸੁਚੇ ਕਪੜੇ ਦੇ ਹੀ ਸਨ।

ਮੇਰੇ ਪਾਠ ਕਰਦਿਆਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਉਨ੍ਹਾਂ ਦੀ ਖਬਰ ਸੁਰਤ ਲੈਣ ਵਾਸਤੇ ਤੰਬੂ ਵਿਚ ਆਏ ਤਾਂ ਮਹਾਰਾਜ ਜੀ ਨੇ ਸਤਿਗੁਰੂ ਜੀ ਨੂੰ ਨੇੜੇ ਹੋ ਕੇ ਅਰਜ਼ ਸੁਣਨ ਲਈ ਇਸ਼ਾਰਾ ਕੀਤਾ।

ਮੈਂ ਉਸ ਵਕਤ ਬਾਵਨ ਅੱਖਰੀ ਦੇ 28ਵੇਂ ਸਲੋਕ ਦਾ ਪਾਠ ਕਰ ਰਿਹਾ ਸਾਂ।

ਸਲੋਕ ਇਹ ਸੀ :—

ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁ ਪ੍ਰਸੰਨ।
ਜੋ ਜਨ ਪ੍ਰਭਿ ਅਪੁਨੇ ਕਰੇ ਨਾਨਕ ਤੇ ਧਨਿ ਧੰਨਿ ॥ 28 ॥

ਸੱਚੇ ਪਾਤਸ਼ਾਹ ਜੀ ਨੇ ਮਹਾਰਾਜ ਜੀ ਦੀ ਅਰਜ਼ ਸੁਣਨ ਤੋਂ ਬਾਅਦ ਗਲ ਵਿਚ ਰੁਮਾਲੀ ਪਾ ਕੇ ਰਸਨਾ ਕਰਕੇ ਗੁਪਤ ਅਰਦਾਸਾ ਕੀਤਾ ਤੇ ਜਦੋਂ ਅਰਦਾਸੇ ਦੀ ਸਮਾਪਤੀ ਕਰਕੇ ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਦੇ ਸਰ੍ਹਾਣੇ ਉਤੇ ਮਸਤਕ ਨਿਵਾਇਆ ਤਾਂ ਉਸ ਵਕਤ ਤਕ ਮਹਾਰਾਜ ਗੁਰਦਿਆਲ ਸਿੰਘ ਜੀ ਸਦਾ ਵਾਸਤੇ ਸ਼ਾਂਤ ਹੋ ਚੁੱਕੇ ਸਨ।

ਮਹਾਰਾਜ ਜੀ ਦਾ ਸਸਕਾਰ ਦੂਸਰੇ ਦਿਨ ਕੀਤਾ ਗਿਆ ਤੇ ਜੱਪ ਪ੍ਰਯੋਗ ਦੀ ਸਮਾਪਤੀ ਤੇ ਬਹੁਤ ਭਾਰੀ ਇਕੱਠ ਹੋਇਆ। ਇਸ ਸਮਾਗਮ (1986 ਸੰਮਤ) ਸਮੇਂ ਸੰਤ ਲਾਲ ਸਿੰਘ ਜੀ ਬੂਰੇ ਗਿਲਾਂ ਵਾਲਿਆਂ ਦੇ ਅਰਜ਼ ਕਰਨ ਉਤੇ, ਜਿਤਨੇ ਭੀ ਨਾਮਧਾਰੀ ਪੰਥਕ ਉਲੰਘਨਾ ਕਾਰਨ ਤਨਖਾਹੀਏ ਕਰਾਰ ਦਿੱਤੇ ਹੋਏ ਸਨ, ਉਨ੍ਹਾਂ ਵਾਸਤੇ ਇਹ ਐਲਾਨ ਕੀਤਾ ਗਿਆ ਕਿ ਜਿਹੜੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ

ਦੇ ਭੋਗ ਤੇ ਆ ਜਾਣਗੇ ਬਗੈਰ ਸੰਗਤ ਵਿਚ ਖਲੋ ਕੇ ਮੁਆਫੀ ਮੰਗਣ ਦੇ, ਬਿਨਾ ਕਿਸੇ ਡੰਨ ਵਗੈਰਾ ਦੇ, ਸਭ ਨੂੰ ਬਖਸ਼ਿਆ ਜਾਵੇਗਾ ।

ਮੱਝ ਲੈ ਜਾ

ਜਦੋਂ ਮੈਂ ਕੁਝ ਸਿਆਣਾ ਹੋਇਆ ਤਾਂ ਸਵਾ ਲੱਖ ਪਾਠਾਂ ਸਮੇਂ ਆਪਣੇ ਇਲਾਕੇ ਵਿਚ ਸਾਧ ਸੰਗਤ ਨੂੰ ਪਾਠ ਤਕਸੀਮ ਕਰਨ ਦੀ ਸੇਵਾ ਮੈਨੂੰ ਬਖਸ਼ ਦਿੱਤੀ । ਇਸਦੇ ਨਾਲ ਹੀ ਸਹਿਜੇ ਸਹਿਜੇ ਮੇਲਿਆਂ ਤੇ ਨਾਮਧਾਰੀ ਨਗਰਾਂ ਵਿਚ ਹੋਣ ਵਾਲੇ ਅਨੰਦ ਕਾਰਜਾਂ ਦੇ ਨਾਮ ਨੋਟ ਕਰਨ ਤੇ ਪ੍ਰਬੰਧ ਦੀ ਸੇਵਾ ਵੀ ਮੇਰੇ ਜਿੰਮੇ ਲਾ ਦਿੱਤੀ ਗਈ। ਇਸ ਤੋਂ ਇਲਾਵਾ ਨਾਮਧਾਰੀ ਦਰਬਾਰ ਦੀਆਂ ਮੀਟਿੰਗਾਂ ਵਿਚ ਵੀ ਮੈਨੂੰ ਸ਼ਾਮਲ ਕੀਤਾ ਜਾਣ ਲੱਗਾ, ਤੇ ਸ੍ਰੀ ਭੈਣੀ ਸਾਹਿਬ ਜਦ ਸੰਮਤ 2001 ਨੂੰ ਦਸਮ ਸ੍ਰੀ ਗ੍ਰੰਥ ਸਾਹਿਬ ਦੇ ਅਖੰਡ ਪਾਠ ਹੋਏ ਤਾਂ ਉਨ੍ਹਾਂ ਵਿਚ ਮੈਨੂੰ ਵੀ ਹਾਜ਼ਰ ਹੋਣ ਦਾ ਹੁਕਮ ਭੇਜਿਆ ਗਿਆ ।

ਉਹਨਾਂ ਦਿਨਾਂ ਵਿਚ ਸਨਖਤ੍ਰੇ ਆਪਣੇ ਡੇਰੇ ਵਿਚ ਲਵੇਰਾ ਕੋਈ ਨਹੀਂ ਸੀ, ਤੇ ਇਕ ਗਊ ਤੇ ਦੋ ਮੱਝਾਂ ਕੁਦਰਤੀ ਮਰ ਗਈਆਂ ਹੋਈਆਂ ਸਨ । ਜਦ ਸੱਚੇ ਪਾਤਸ਼ਾਹ ਜੀ ਦਾ ਅਖੰਡ ਪਾਠਾਂ ਵਾਸਤੇ ਸ੍ਰੀ ਭੈਣੀ ਸਾਹਿਬ ਆਉਣ ਦਾ ਪੱਤਰ ਪਹੁੰਚਿਆ, ਤਾਂ ਮੈਂ ਆਪਣੇ ਪੂਜਯ ਪਿਤਾ ਨਾਲ ਸੁਭਾਵਿਕ ਹੀ ਗੱਲ ਕੀਤੀ, ਕਿ ਸਮਾਂ ਮਿਲਣ ਤੇ ਸ੍ਰੀ ਸਤਿਗੁਰੂ ਜੀ ਪਾਸ ਅਰਜ਼ ਕਰਾਂਗਾ, ਕਿ ਡੇਰੇ ਵਾਸਤੇ ਕੋਈ ਗਊ ਜਾਂ ਮੱਝ ਦਿੱਤੀ ਜਾਵੇ । ਸੰਤਾਂ ਆਖਿਆ ਅਰਜ਼ ਕੀ ਕਰਨੀ ਹੈ, ਉਹ ਅੰਤਰਜਾਮੀ ਸਭ ਕੁਝ ਜਾਣਦੇ ਹੀ ਹਨ । ਦਸੀ ਹੋਈ ਤਾਰੀਖ ਤੇ ਮੈਂ ਸ੍ਰੀ ਭੈਣੀ ਸਾਹਿਬ ਪਹੁੰਚ ਗਿਆ ਤੇ ਅਖੰਡ ਪਾਠਾਂ ਵਿਚ ਸ਼ਾਮਲ ਹੋ ਗਿਆ ।

ਇਕ ਦਿਨ ਮੈਂ ਕੋਠੀ ਵਾਲੇ ਲੰਗਰ ਵਿਚੋਂ ਪ੍ਰਸ਼ਾਦਾ ਛੱਕ ਕੇ ਇਕੱਲਾ ਰਾਮਸਰ ਵੱਲ ਜਾ ਰਿਹਾ ਸਾਂ ਕਿ ਖੂਹ ਵਾਲੀ ਕੋਠੀ ਦੇ ਬਰਾਂਡੇ ਵਿਚ ਸੱਚੇ ਪਾਤਸ਼ਾਹ ਵੀ ਇਕੱਲੇ ਹੀ ਬੈਠੇ ਸਨ । ਮੈਂ ਨਮਸਕਾਰ ਕਰਕੇ ਜਦ ਜਾਣ ਲੱਗਾ ਤਾਂ ਹੁਕਮ ਹੋਇਆ, ਮਹਿੰਤਾ ਗੱਲ ਸੁਣ ? ਮੈਂ ਹੁਕਮ ਮੰਨ ਕੇ ਉਥੇ ਹੀ ਬੈਠ ਗਿਆ । ਅੰਤਰਜਾਮੀ ਪਾਤਸ਼ਾਹ ਜੀ ਬਚਨ ਕੀਤਾ, ਮਹਿੰਤਾ 5-6 ਦਿਨ ਹੋਏ ਹਨ ਮੈਂ ਮੱਝਾਂ ਵਾਲੇ ਤਬੇਲੇ ਗਿਆ ਸਾਂ, ਉਥੇ ਇਕ ਮੱਝ ਮੈਂ ਤੇਰੇ ਵਾਸਤੇ ਵੇਖ ਆਇਆ ਹਾਂ । ਜਦੋਂ ਪਾਠ ਕਰਕੇ ਜਾਵੇਂਗਾ ਉਹ ਮੱਝ ਲੈ ਜਾਵੀਂ ਅਰ ਇਸਦੇ ਨਾਲ ਹੀ ਉਸ ਮੱਝ ਦੇ ਦੁੱਧ ਘਿਉ ਦੇ ਗੁਣਾਂ ਬਾਬਤ ਦੱਸਿਆ । ਮੈਂ ਮਨ ਹੀ ਮਨ ਵਿਚ ਸਨਖਤ੍ਰੇ ਡੇਰੇ ਵਿਚ ਕੀਤੀਆਂ ਗੱਲਾਂ ਨੂੰ ਯਾਦ ਕਰ ਕਰਕੇ ਹੈਰਾਨ ਹੋ ਰਿਹਾ ਸੀ ਅਰ ਸੱਚੇ ਪਾਤਸ਼ਾਹ ਜੀ ਦੀ ਅੰਤਰਜਾਮਤਾ ਦਾ ਸ਼ੈਦਾਈ ਹੋ ਰਿਹਾ ਸਾਂ ।

ਅਖੰਡ ਪਾਠਾਂ ਦੇ ਦੌਰਾਨ ਹੀ ਮੈਂ ਸੰਤ ਤਰਨ ਸਿੰਘ ਜੀ ਵਹਿਮੀ ਦੇ ਸਹਿਯੋਗ ਨਾਲ 'ਅਦੁੱਤੀ ਚੋਜ' ਨਾਮੇ ਮਾਤਾ ਸਾਹਿਬ ਕੌਰ ਜੀ ਪੱਧਰੀ ਵਾਲੀ ਦਾ ਗੰਗਾ ਵਾਲਾ ਪ੍ਰਸੰਗ ਕਵਿਤਾ ਵਿਚ ਲਿਖਿਆ ਅਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਲੁਧਿਆਣੇ ਤੋਂ ਪ੍ਰਕਾਸ਼ਤ ਕਰਵਾਇਆ ।

ਸਤਿਗੁਰੂ ਦੀਆਂ ਖੁਸ਼ੀਆਂ

ਅਖੰਡ ਪਾਠਾਂ ਦੀ ਸਮਾਪਤੀ ਵਾਲੇ ਦਿਨ ਸਾਡੇ ਗਰੁਪ ਵਾਲੇ ਅਖੰਡ ਪਾਠਾਂ ਦਾ ਭੋਗ ਸ਼ਾਮ ਦੇ ਚਾਰ ਵਜੇ ਪੈ ਗਿਆ । ਅਰ ਅਸੀਂ ਸਾਰੇ ਪਾਠੀ ਪਾਠਾਂ ਵਲੋਂ ਵਿਹਲੇ ਹੋ ਕੇ ਅਚਿੰਤ ਹੋਏ ਆਪਣੇ ਤੰਬੂ ਵਿਚ ਸੁੱਤੇ ਹੋਏ ਸਾਂ ਕਿ ਦੱਸ ਵਜੇ ਦੇ ਕਰੀਬ ਇਕ ਸਿੰਘ ਨੇ ਅਵਾਜ਼ ਦੇ ਕੇ ਮੈਨੂੰ ਜਗਾਇਆ ਤੇ ਆਖਿਆ ਕਿ ਵਰਨੀਆਂ ਵਾਲੀ ਕੋਠੀ ਵਾਲਾ ਅਖੰਡ ਪਾਠ ਬਾਕੀ ਪਾਠਾਂ ਨਾਲੋਂ ਕਾਫ਼ੀ ਪਿਛਾਂਹ ਹੈ। ਇਸ ਵਾਸਤੇ ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਹੈ ਕਿ ਮਹੰਤ ਸਨਖਤ੍ਰ ਨੂੰ ਆਖੋ ਕਿ ਚਾਰ ਵਜੇ ਅੰਮ੍ਰਿਤ ਵੇਲੇ ਉਥੇ ਜਾ ਕੇ ਰੋਲ ਲਾਵੇ, ਤਾਂ ਕਿ ਉਸ ਪਾਠ ਦਾ ਭੋਗ ਵੀ ਦੂਜੇ ਪਾਠਾਂ ਨਾਲ ਪੈ ਜਾਵੇ ।

ਮੈਂ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਕੋਠੀ ਰੋਲ ਲਾਉਣ ਜਦ ਗਿਆ ਤਾਂ ਉਥੇ ਸ੍ਰੀ ਦਸਮ ਗ੍ਰੰਥ ਦੇ ਗੰਧ੍ਰਬ ਬਜ਼ੁਰਗ ਅਖੰਡ ਪਾਠੀ ਸਨ, ਮੈਨੂੰ ਵੇਖ ਕੇ ਹੈਰਾਨ ਹੋ ਗਏ, ਕਿ ਇਹ ਛੋਟਾ ਜਿਹਾ ਮੁੰਡਾ ਕਿਵੇਂ ਪਾਠ ਦੀ ਲੇਟ ਕੱਢ ਦੇਵੇਗਾ ? ਮੈਂ ਸ੍ਰੀ ਸਤਿਗੁਰੂ ਜੀ ਦਾ ਧਿਆਨ ਤੇ ਅਰਦਾਸਾ ਕਰਕੇ ਰੋਲ ਤੇ ਬੈਠ ਗਿਆ । ਉਸ ਵਕਤ ਕੋਈ 85 ਕੁ ਪੱਤਰੇ ਪੜ੍ਹਨ ਵਾਲੇ ਸਨ । ਜਦ ਮੈਂ ਤੁਕ ਦੂਸਰੇ ਪਾਠੀ ਪਾਸੋਂ ਫੜੀ ਤਾਂ ਤਿੰਨੇ ਚਾਰੇ ਪਾਠੀ ਮੇਰੇ ਦੁਆਲੇ ਪਾਠ ਸੁਣਨ ਲਈ ਖਲੋ ਗਏ । ਪਤਾ ਨਹੀਂ ਸ੍ਰੀ ਸਤਿਗੁਰੂ ਜੀ ਨੇ ਕੀ ਕਲਾ ਵਰਤਾਈ, ਮੇਰੀ ਜੀਭ ਵਿਚ ਹਵਾ ਨਾਲੋਂ ਵੀ ਤੇਜ਼ੀ ਤੇ ਸਰਲਤਾ ਆ ਗਈ ਤੇ ਉੱਚੀ ਉੱਚੀ ਦੋ ਢਾਈ ਘੰਟਿਆਂ ਵਿਚ ਹੀ ਉਸ ਅਖੰਡ ਪਾਠ ਦਾ ਭੋਗ ਪਾ ਕੇ ਜਦ ਮੈਂ ਛਪਰਾਂ ਵਿਚ ਆਇਆ ਤਾਂ ਸੱਚੇ ਪਾਤਸ਼ਾਹ ਏਥੇ ਦੋ ਅਖੰਡ ਪਾਠਾਂ ਦਾ ਭੋਗ ਹਜ਼ੂਰੀ ਵਿਚ ਪਵਾ ਰਹੇ ਸਨ । ਮੈਂ ਜਦ ਆ ਕੇ ਨਮਸਕਾਰ ਕੀਤੀ ਤਾਂ ਮੈਨੂੰ ਵੇਖ ਕੇ ਸਤਿਗੁਰੂ ਜੀ ਇਤਨੇ ਪ੍ਰਸਨ ਹੋਏ ਜਿਤਨੇ ਮੈਂ ਬਿਆਨ ਹੀ ਨਹੀਂ ਕਰ ਸਕਦਾ ਤੇ ਉਸੇ ਵਕਤ ਸੰਤ ਰਤਨ ਸਿੰਘ ਜੀ ਨੂੰ ਹੁਕਮ ਕੀਤਾ, ਰਤਨ ਛੇਤੀ ਮਹੰਤ ਨੂੰ ਲੰਗਰ ਵਿਚ ਲਿਜਾ ਕੇ ਦੁੱਧ ਵਿਚ ਵਧੇਰਾ ਘਿਉ ਪਾ ਕੇ ਛਕਾ । ਰਤਨ ਸਿੰਘ ਅਰਜ਼ ਕੀਤੀ ਗ਼ਰੀਬ ਨਿਵਾਜ਼ ਅਰਦਾਸਾ ਹੋਣ ਵਾਲਾ ਹੈ, ਸੱਚੇ ਪਾਤਸ਼ਾਹ ਜੀ ਨੇ ਜ਼ਰਾ ਖੜਕਵੀਂ ਅਵਾਜ਼ ਨਾਲ ਆਖਿਆ ਤੂੰ ਅਰਦਾਸੇ ਨੂੰ ਕੀ ਆਖਣਾ ਹੈ ਛੇਤੀ ਇਸ ਨੂੰ ਨਾਲ ਲਿਜਾ ਕੇ ਦੁੱਧ ਛਕਾ । ਸੰਤ ਰਤਨ ਸਿੰਘ ਜੀ ਨੇ ਲਿਆ ਕੇ ਦੁੱਧ ਘਿਓ ਦਾ ਇਕ ਬਾਟਾ ਭਰ ਦਿੱਤਾ । ਮੈਂ ਅਜੇ ਦੁੱਧ ਛੱਕ ਹੀ ਰਿਹਾ ਸਾਂ ਕਿ ਸੱਚੇ ਪਾਤਸ਼ਾਹ ਲੰਗਰ ਵਿਚ ਆ ਦਰਸ਼ਨ ਦਿੱਤੇ ਤੇ ਅਨੰਤ ਖੁਸ਼ੀਆਂ ਬਖਸ਼ੀਆਂ ।

ਸਤਿਗੁਰ ਪੂਰਾ ਵੈਦ ਹੈ

ਸਨਖਤ੍ਰ ਤੋਂ ਦੋ ਮੀਲ ਪੱਛਮ ਟਪਿਆਲਾ ਦੇਊਆਂ ਦੇ ਜਥੇਦਾਰ ਸੰਤ ਸਿੰਘ ਦੇ ਘਰ ਮੇਲਾ ਸੀ । ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਕਾਲੂ ਰਬਾਬੀ ਲੌਂਦੇ ਵੇਲੇ ਦਾ ਕੀਰਤਨ ਕਰ ਰਹੇ ਸਨ । ਇਲਾਕੇ ਦੇ ਸੈਂਕੜੇ ਸ਼ਰਧਾਲੂ ਸੱਚੇ ਪਾਤਸ਼ਾਹ ਜੀ ਦੇ ਦਰਸ਼ਨਾਂ ਨੂੰ ਆਏ ਹੋਏ ਸਨ । "ਪਿਰ ਦੇਖਨ ਦੀ ਆਸ" ਦਾ

ਬ੍ਰਿਹੋਂ ਭਰਿਆ ਸ਼ਬਦ ਸਭ ਸਰੋਤਿਆਂ ਨੂੰ ਮੰਤ੍ਰ ਮੁਗਧ ਕਰ ਰਿਹਾ ਸੀ, ਸਰਦੀ ਦੇ ਮੌਸਮ ਵਿਚ ਹੋਈ ਬਾਰਸ਼ ਨੇ ਸਮੇਂ ਨੂੰ ਹੋਰ ਵੀ ਸੁਹਾਵਨਾ ਬਣਾ ਰਖਿਆ ਸੀ ਕਿ ਦੋ ਮੁਸਲਮਾਨ ਸੱਜਣਾਂ ਵੀ ਦੀਵਾਨ ਵਿਚ ਆ ਕੇ ਸ੍ਰੀ ਸਤਿਗੁਰੂ ਜੀ ਨੂੰ ਸਿਜਦਾ ਕਰਕੇ ਸਾਹਮਣੇ ਉਥੇ ਹੀ ਬੈਠ ਗਏ ।

ਸ੍ਰੀ ਸਤਿਗੁਰੂ ਜੀ ਨੇ ਬੜੀ ਕਿਰਪਾ ਦ੍ਰਿਸ਼ਟੀ ਨਾਲ ਉਨ੍ਹਾਂ ਵੱਲ ਤਕਿਆ ਅਰ ਮੁਸਕਰਾਹਟਾਂ ਭਰੇ ਮੁਖਾਰ ਬਿੰਦ ਤੋਂ ਬਚਨ ਕੀਤਾ :

"ਕਿਉਂ ਭਾਈ ਕੀ ਗੱਲ ਹੈ ?"

ਉਹਨਾਂ ਵਿਚੋਂ ਵੱਡਾ ਆਦਮੀ ਜਿਸਦੀ ਉਮਰ 50 ਸਾਲ ਦੇ ਕਰੀਬ ਹੋਵੇਗੀ, ਹੱਥ ਜੋੜ ਕੇ ਆਖਣ ਲੱਗਾ :—"ਬਾਬਾ ਜੀ ਮੇਰੇ ਇਸ ਲੜਕੇ ਨੂੰ ਮਿਰਗੀ ਦਾ ਦੌਰਾ ਪੈਂਦਾ ਹੈ । ਤੇ ਬੜਾ ਇਲਾਜ ਕੀਤਾ ਹੈ, ਕਿਧਰਿਓਂ ਕੋਈ ਫਾਇਦਾ ਨਹੀਂ ਹੋਇਆ । ਮੇਰਾ ਇਹ ਇਕੋ ਹੀ ਪੁੱਤਰ ਹੈ । ਮੈਂ ਬਾਬਾ ਜੀ ਸਨਖਤ੍ਰੇ ਦੇ ਇਕ ਸਿੱਖ (ਮੂਲ ਸਿੰਘ) ਦੁਕਾਨਦਾਰ ਪਾਸੋਂ ਆਪ ਦੀ ਸਿਫਤ ਸੁਣ ਕੇ ਤੁਹਾਡੀ ਦਰਗਾਹ ਵਿਚ ਹਾਜ਼ਰ ਹੋਇਆ ਹਾਂ । ਆਪ ਮੇਰੇ ਪੁੱਤਰ ਉਤੇ ਨਦਰੇ ਕਰਮ ਕਰੋ, ਤੇ ਇਹ ਬੀਮਾਰੀ ਦੂਰ ਕਰੋ ।"

ਖੁਸ਼ੀਆਂ ਦੇ ਭੰਡਾਰ ਸਤਿਗੁਰੂ ਜੀ ਨੇ ਬੜੇ ਪਿਆਰ ਭਰੇ ਲਹਿਜੇ ਨਾਲ ਬਚਨ ਕੀਤਾ, ਤੁਸੀਂ ਕਿਹੜੇ ਪਿੰਡੋਂ ਆਏ ਹੋ ? ਉਸ ਸੱਜਣ ਨੇ ਬੜੀ ਨਿੰਮ੍ਰਤਾ ਨਾਲ ਹੱਥ ਜੋੜੀ ਆਖਿਆ, ਬਾਬਾ ਜੀ ਬੁੱਢੇ ਪਿੰਡੋਂ (ਇਹ ਬੁੱਢਾ ਪਿੰਡ ਸਨਖਤ੍ਰੇ ਤੋਂ 3–4 ਮੀਲ ਚੜ੍ਹਦੇ ਪਾਸੇ ਸੀ) ਆਏ ਹਾਂ । ਦੀਨ ਦਿਆਲ ਪਾਤਸ਼ਾਹ ਬਚਨ ਕੀਤਾ, ਸੱਜਣਾ ਜੇ ਤੂੰ ਪੁੱਤਰ ਦੀ ਮਿਰਗੀ ਹਟਾਉਣੀ ਹੈ ਤਾਂ ਤੁਹਾਨੂੰ ਮਾਸ, ਸ਼ਰਾਬ ਤੇ ਤਮਾਕੂ ਛੱਡਣਾ ਪਵੇਗਾ । ਉਸ ਮੁਸਲਮਾਨ ਨੇ ਬੜੀ ਅਧੀਨਗੀ ਤੇ ਵਿਸ਼ਵਾਸ ਨਾਲ ਅਰਜ਼ ਕੀਤੀ, "ਬਾਬਾ ਜੀ ਜੇ ਮੇਰਾ ਪੁੱਤਰ ਰਾਜੀ ਹੋ ਜਾਵੇ ਤਾਂ ਮੈਂ ਕਦੇ ਇਨ੍ਹਾਂ ਚੀਜ਼ਾਂ ਵੱਲ ਜ਼ਿੰਦਗੀ ਭਰ ਨਾ ਵੇਖਾਂਗਾ, ਮੈਨੂੰ ਪੁੱਤਰ ਪਿਆਰਾ ਹੈ ਕਿ ਇਹ ਚੀਜ਼ਾਂ ? ਮੇਰੇ ਉਤੇ ਮਿਹਰਬਾਨੀ ਕਰੋ ।"

ਜਦੋਂ ਇਹ ਬਚਨ ਹੋ ਰਹੇ ਸਨ ਤਾਂ ਮੈਂ ਭੀ ਉਹਨਾਂ ਦੇ ਨੇੜੇ ਹੀ ਬੈਠਾ ਸਾਂ, ਸੱਚੇ ਪਾਤਸ਼ਾਹ ਹੁਕਮ ਕੀਤਾ : ਮਹਿਤਾ ! ਦੋਹਾਂ ਨੂੰ ਭਜਨ ਦੇ ਦੇ ਅਤੇ ਗਲ ਵਿਚ ਬਧੇ ਸਾਰੇ ਧਾਗੇ ਇਨ੍ਹਾਂ ਪਾਸੋਂ ਲੁਹਾ ਕੇ ਪਰਾਂ ਸੁਟ ਦੇ ।

ਹੁਕਮ ਮੰਨ ਕੇ ਮੈਂ ਭਜਨ ਦੇ ਦਿੱਤਾ ਤੇ ਉਨ੍ਹਾਂ ਨੇ ਸਾਰੇ ਧਾਗੇ ਆਪਣੀ ਹੱਥੀਂ ਲਾਹ ਕੇ ਮੈਨੂੰ ਦੇ ਦਿੱਤੇ ਤੇ ਰੋਗ ਦੀ ਨਵਿਰਤੀ ਕਰਵਾ ਕੇ ਉਹ ਵਡਭਾਗਾ ਮੁਸਲਮਾਨ ਸਤਿਗੁਰੂ ਦਾ ਜਸ ਕਰਦਾ ਆਪਣੇ ਘਰ ਮੁੜਿਆ । ਉਸ ਦੇ ਬੱਚੇ ਨੂੰ ਫੇਰ ਮਿਰਗੀ ਨਹੀਂ ਪਈ ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਅਵਤਾਰ ਸ਼ਤਾਬਦੀ

—ਡਾ. ਧਿਆਨ ਸਿੰਘ

ਭਾਰਤ ਦੀ ਸੁਤੰਤਰਤਾ ਵਾਸਤੇ, ਅਹਿੰਸਾ ਦੇ ਸਭ ਤੋਂ ਪਹਿਲੇ ਅਲੰਮਬਰਦਾਰ ਸਤਿਗੁਰੂ ਰਾਮ ਸਿੰਘ ਜੀ ਨੂੰ, ਜਦੋਂ ਅੰਗਰੇਜ਼ ਸਾਮਰਾਜ ਨੇ ਆਪਣੀ ਕੁਟੱਲ ਨੀਤੀ ਵਰਤ ਕੇ, ਸੂਬਿਆਂ ਸਹਿਤ 18 ਜਨਵਰੀ 1872 ਈ. ਨੂੰ ਜਲਾਵਤਨ ਕੀਤਾ ਸੀ, ਤਾਂ ਜਾਂਦੀ ਵਾਰੀ ਚੀਨੀ ਵਾਲੇ ਪਾਤਿਸ਼ਾਹ ਜੀ ਨੇ ਨਾਮਧਾਰੀ ਪੰਥ ਦੀ ਜ਼ੁੰਮੇਂਵਾਰੀ, ਆਪਣੇ ਛੋਟੇ ਭਰਾ ਬੁਧ ਸਿੰਘ, ਜਿਨ੍ਹਾਂ ਨੂੰ ਬਾਅਦ ਵਿਚ ਸਤਿਗੁਰੂ ਹਰੀ ਸਿੰਘ ਜੀ ਦੇ ਨਾਂ ਨਾਲ ਸਤਿਕਾਰਿਆ ਗਿਆ ਸੀ, ਨੂੰ ਸੰਭਾਲਣਾ ਕਰਨ ਦਾ ਤਾਕੀਦੀ ਹੁਕਮ ਕੀਤਾ ਸੀ।

ਅੰਗਰੇਜ਼ ਸਰਕਾਰ ਵਲੋਂ ਅਸਹਿ ਤੇ ਅਕਹਿ ਸਖਤੀਆਂ ਤੇ ਪਾਬੰਦੀਆਂ ਨੂੰ ਖਿੜੇ ਮੱਥੇ ਸਹਾਰਦਿਆਂ ਹੋਇਆਂ ਸਤਿਗੁਰੂ ਹਰੀ ਸਿੰਘ ਜੀ ਨਾਮਧਾਰੀ ਪੰਥ ਦੀ ਸੁਚੱਜੀ ਅਗਵਾਈ ਕਰਦੇ ਰਹੇ ਸਨ। ਪੁਲਿਸ ਦੀ ਧਾੜ ਵਲੋਂ ਨਾਮਧਾਰੀਆਂ ਦੀ ਸਖਤ ਪੜਚੋਲ ਕੀਤੀ ਜਾਂਦੀ ਸੀ ਅਤੇ ਸ੍ਰੀ ਭੈਣੀ ਸਾਹਿਬ ਨੂੰ ਨਜ਼ਰਬੰਦੀ ਦਾ ਕਿਲ੍ਹਾ ਬਣਾ ਰੱਖਿਆ ਸੀ।

ਸਤਿਗੁਰੂ ਹਰੀ ਸਿੰਘ ਜੀ ਨੂੰ ਅੰਗਰੇਜ਼ਾਂ ਵਲੋਂ ਜ਼ਮੀਨਾਂ ਤੇ ਹੋਰ ਕਈ ਲਾਲਚ ਦੇ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੁਤੰਤਰਤਾ ਲਈ ਲਾਈ ਚੰਗਿਆੜੀ ਨੂੰ ਖਤਮ ਕਰਨ ਦੀ ਸਿਰਤੋੜ ਕੋਸ਼ਿਸ਼ ਕੀਤੀ ਗਈ, ਪਰ ਕੂਟਲ ਤੇ ਖਤਰਨਾਕ ਨੀਤੀਆਂ ਅਪਨਾਉਣ ਦੇ ਬਾਵਜੂਦ ਅੰਗਰੇਜ਼ ਸਰਕਾਰ ਸਫਲ ਨਾ ਹੋ ਸਕੀ, ਜਿਸ ਕਰਕੇ ਤਕਰੀਬਨ ਪੰਜਾਹ ਸਾਲਾਂ ਤਕ ਪੁਲਸ ਦੀ ਚੌਕੀ ਸ੍ਰੀ ਭੈਣੀ ਸਾਹਿਬ ਬਿਠਾ ਰੱਖੀ ਗਈ ਸੀ। ਦੂਜੇ ਪਾਸੇ ਨਾਮਧਾਰੀਆਂ ਨੇ ਵੀ ਅਕਾਲ ਪੁਰਖ ਦੀ ਰਜ਼ਾ ਨੂੰ ਸਿਰ ਮੱਥੇ ਪ੍ਰਵਾਨ ਕਰਦਿਆਂ ਹੋਇਆਂ, ਆਪਣੇ ਸਤਿਗੁਰੂ ਜੀ ਦੀ ਅਗਵਾਈ ਹੇਠਾਂ ਅੰਗਰੇਜ਼ੀ ਸਰਕਾਰ ਦਾ ਮੁਕੰਮਲ ਬਾਈਕਾਟ ਕਰਕੇ ਭਾਰਤ ਦੀ ਸੁਤੰਤਰਤਾ ਲਈ ਜੱਦੋਜਹਿਦ ਜਾਰੀ ਰੱਖੀ।

ਜਦੋਂ ਅਤਿਆਚਾਰਾਂ ਤੇ ਸਖ਼ਤੀਆਂ ਦੇ ਝੱਖੜਾਂ ਦਾ ਅੰਤ ਹੋਣ ਦਾ ਸਮਾਂ ਨੇੜੇ

ਆਇਆ ਤਾਂ ਚੇਤ ਸੁਦੀ ਤਿੰਨ 1947 ਬਿਕ੍ਰਮੀ* ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੂਜਯ ਮਾਤਾ ਜੀਵਨ ਕੌਰ ਦੀ ਕੁਖ ਤੋਂ ਇਕ ਮਹਾਨ ਆਤਮਾ ਨੇ ਅਵਤਾਰ ਧਾਰਿਆ। ਕਾਲੀ ਬੋਲੀ ਸ਼ੱਖੜਾਂ ਦੀ ਰਾਤ ਇਕਦਮ ਖੁਸ਼ੀਆਂ ਤੇ ਖੇੜਿਆਂ ਵਿਚ ਬਦਲ ਗਈ। ਕੁਦਰਤ ਦਾ ਭਾਣਾ, ਉਸੇ ਦਿਨ ਅੰਗਰੇਜ਼ ਸਰਕਾਰ ਨੇ ਸ੍ਰੀ ਭੈਣੀ ਸਾਹਿਬ ਬਿਠਾਈ ਪੁਲਿਸ ਚੌਕੀ ਉਠਾ ਦਿੱਤੀ ਤੇ ਪਾਬੰਦੀਆਂ ਖਤਮ ਕਰਨ ਦਾ ਹੁਕਮ ਜਾਰੀ ਕਰ ਦਿੱਤਾ।**

ਸਤਿਗੁਰੂ ਹਰੀ ਸਿੰਘ ਜੀ ਨੂੰ ਜਦੋਂ ਬਾਲਕ ਜਨਮ ਦੀ ਖਬਰ ਮਿਲੀ, ਤਾਂ ਉਹਨਾਂ ਨੇ ਇਸ ਮਹਾਂਬਲੀ ਅਵਤਾਰ ਨੂੰ "ਵੱਡੇ ਪਰਤਾਪ ਵਾਲਾ" ਕਹਿ ਕੇ ਸਤਿਕਾਰਿਆ। ਜਿਨ੍ਹਾਂ ਦਾ ਨਾਮ ਪਰਤਾਪ ਸਿੰਘ ਰਖਿਆ ਗਿਆ ਸੀ।

ਅਟੱਲ ਪਰਤਾਪੀ ਜੀ ਨੇ ਛੋਟੀ ਉਮਰ ਵਿਚ ਹੀ ਗੁਰਬਾਣੀ ਤੇ ਸੰਗੀਤ ਵਿਦਿਆ, ਘੋੜ ਸਵਾਰੀ, ਕੁਸ਼ਤੀ ਤੇ ਗਤਕਾ ਆਦਿ ਵਿਚ ਅਤੀ ਦਿਲਚਸਪੀ ਰੱਖਦਿਆਂ ਹੋਇਆਂ ਬਹੁਤ ਹੀ ਕਾਮਯਾਬੀ ਪ੍ਰਾਪਤ ਕਰ ਲਈ।

ਜਦੋਂ ਆਪ ਜੀ ਸੋਲਾਂ ਸਾਲਾਂ ਦੇ ਹੋਏ ਤਾਂ ਅਕਾਲ ਪੁਰਖ ਦੀ ਰਜ਼ਾ ਕਾਰਨ ਸਤਿਗੁਰੂ ਹਰੀ ਸਿੰਘ ਜੀ ਜੇਠ ਵਦੀ ਦਸਵੀਂ 1963 ਬਿਕ੍ਰਮੀ ਨੂੰ ਜੋਤੀ ਜੋਤ ਸਮਾ ਗਏ, ਤਾਂ ਅਟੱਲ ਪਰਤਾਪੀ ਜੀ ਨੂੰ ਛੋਟੀ ਉਮਰ ਵਿਚ ਹੀ ਗੁਰਤਾ ਦੀ ਭਾਰੀ ਜ਼ੁੰਮੇਵਾਰੀ ਸੰਭਾਲਣੀ ਪੈ ਗਈ ਜਿਸ ਨੂੰ ਆਪ ਨੇ ਬੜੇ ਉਤਸ਼ਾਹ, ਲਗਨ, ਮੇਹਨਤ ਤੇ ਹਿੰਮਤ ਨਾਲ ਨਾਮਧਾਰੀ ਪੰਥਕ ਕੰਮਾਂ ਨੂੰ ਉੱਨਤੀ ਦੇ ਮਾਰਗ ਤੇ ਲੈ ਜਾ ਕੇ ਚੋਟੀ ਤੇ ਪਹੁੰਚਾ ਦਿੱਤਾ।

ਸਤਿਗੁਰੂ ਜੀ ਦੀ ਯਾਦ-ਦਾਸ਼ਤ ਤੇ ਚੇਤਨਤਾ ਬੜੀ ਹੈਰਾਨ ਕਰ ਦੇਣ ਵਾਲੀ ਸੀ, ਬੀਤੇ ਸਮੇਂ ਦੀਆਂ ਤਾਰੀਖਾਂ, ਵਕਤ, ਮਹੀਨਾ ਆਪ ਜੀ ਨੂੰ ਇੰਝ ਯਾਦ ਸਨ, ਜਿਵੇਂ ਉਹ ਘਟਨਾਵਾਂ ਹੁਣੇ ਹੀ ਹੋਈਆਂ ਹਨ। ਉਹਨਾਂ ਅੰਦਰ ਪਿਆਰ ਤੇ ਮਿਲਵਰਤਨ ਦੀ ਅਥਾਹ ਸ਼ਕਤੀ ਭਰੀ ਹੋਈ ਸੀ। ਉਹ ਮਹਾਨ ਸ਼ਕਤੀ, ਗ਼ਰੀਬ ਨਿਵਾਜ ਤੇ ਘੱਟ ਘੱਟ ਦੀਆਂ ਜਾਨਣ ਵਾਲੇ ਸਤਿਗੁਰੂ ਸਨ। ਉਹਨਾਂ ਦੇ ਮੁਖਾਰ ਬਿੰਦ ਤੋਂ ਨਿਕਲਿਆ ਇਕ ਇਕ ਸ਼ਬਦ ਵੀ ਕਰਾਮਾਤੀ ਸ਼ਕਤੀ ਰੱਖਦਾ ਸੀ। ਸਰਬਤ ਦੇ ਭਲੇ ਤੇ ਨਾਮਧਾਰੀਆਂ ਲਈ ਉਹਨਾਂ ਜਿਹੜੀਆਂ ਘਾਲਾਂ ਘਾਲੀਆਂ ਸਨ ਉਹ ਇਕ ਸੁਨਿਹਰੀ ਇਤਿਹਾਸ ਹੈ।

ਮੈਨੂੰ ਆਪਣੇ ਬਚਪਨ ਵੇਲੇ ਦੀਆਂ ਯਾਦਾਂ ਜਦੋਂ ਸਾਹਮਣੇ ਆਉਂਦੀਆਂ ਹਨ ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਨਿੱਜੀ ਸੇਵਕਾਂ ਸਹਿਤ ਘੋੜਿਆਂ ਤੇ ਦੌਰਾ ਕਰਦੇ

---

* ਚੇਤਰ ਵਦੀ ਤੀਜ, ਸੰਮਤ 1946 ਬਿਕਰਮੀ ਅਰਥਾਤ 9 ਮਾਰਚ 1890 ਈ.

** ਨਾ ਤਾਂ ਪਾਬੰਦੀਆਂ ਹਟਾਈਆਂ ਗਈਆਂ ਸਨ ਅਤੇ ਨਾ ਹੀ ਪੁਲਿਸ ਚੌਕੀ ਹੀ ਉਠਾਈ ਗਈ ਸੀ। ਪੁਲਿਸ ਚੌਕੀ ਤਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਵਤਾਰ ਤੋਂ ਲੱਗਭਗ 33 ਸਾਲ ਬਾਅਦ 1923 ਈ. ਵਿਚ ਹਟਾਈ ਗਈ ਸੀ।
—ਸੰਪਾਦਕ

ਸਨ । ਸਾਡੇ ਪਿੰਡ ਗਲੋਟੀਆਂ ਖੁਰਦ ਜ਼ਿਲਾ ਸਿਆਲਕੋਟ (ਹੁਣ ਪਾਕਿਸਤਾਨ) ਕਈ ਵਾਰੀ ਦਰਸ਼ਨ ਦਿੰਦੇ ਹੁੰਦੇ ਸਨ ਤਾਂ ਉਹ ਸਤਿਜੁਗੀ ਨਜ਼ਾਰਾ ਸੰਗਤਾਂ ਦੇ ਮਨਾਂ ਨੂੰ ਮੋਹ ਲੈਣ ਵਾਲਾ ਹੁੰਦਾ ਸੀ । ਇਹ ਪਿੰਡ ਵੀ ਬੜਾ ਭਾਗਸ਼ਾਲੀ ਸੀ, ਜਿਥੇ ਪਹਿਲਾਂ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਦਰਸ਼ਨ ਦਿੱਤੇ ਸਨ । ਪਿੰਡ ਵਿਚ ਇਕ ਆਲੀਸ਼ਾਨ ਇਤਿਹਾਸਕ ਗੁਰਦੁਆਰਾ ਬਣਾਇਆ ਹੋਇਆ ਹੈ, ਹਰ ਸਾਲ ਪਿੰਡ ਦੀ ਸੰਗਤ ਰਲ ਕੇ ਧਾਰਮਕ ਮੇਲਾ ਕਰਦੀ ਹੁੰਦੀ ਸੀ । ਪੰਜਾਹ ਹਜ਼ਾਰ ਤੋਂ ਉਪਰ ਸੰਗਤਾਂ ਦਾ ਇਕੱਠ ਹੋ ਜਾਇਆ ਕਰਦਾ ਸੀ । ਇਸੇ ਪਿੰਡ ਦੇ ਇਕ ਦਿਤੂ ਤਰਖਾਣ ਦਾ ਹੰਕਾਰ ਤੋੜਨ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨ੍ਹਾਂ ਦਾ ਦੌਰਾ ਉਸ ਵੇਲੇ ਪਿੰਡ ਜੰਡੂਸਾਹੀ, ਤਹਿਸੀਲ ਡਸਕਾ ਸੀ ਤੋਂ ਚੀਨੀ ਘੋੜੀ ਤੇ ਸਵਾਰ ਹੋ ਕੇ ਪਿੰਡ ਗਲੋਟੀਆ ਖੁਰਦ ਦਿਤੂ ਦੇ ਖੂਹ ਤੇ ਜਾ ਕੇ ਦਰਸ਼ਨ ਦਿੱਤੇ ਤੇ ਦਿਤੂ ਜੋ ਹੁੱਕੀ ਪੀ ਰਿਹਾ ਸੀ ਦਰਸ਼ਨ ਕਰਦਿਆਂ ਸਾਰ ਮਸਤਾਨਾ ਹੋ ਗਿਆ ਤੇ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਸੀ । ਭਜਨ ਪੁੱਛ ਕੇ ਸਿੱਖ ਸੱਜ ਗਿਆ ਅਤੇ ਸਤਿਗੁਰੂ ਜੀ ਦੇ ਹੁਕਮ ਨਾਲ ਉਥੇ ਖੂਹ ਪਾਸ ਇਕ ਬੜਾ ਬਣਾਇਆ ਗਿਆ ਜਿਥੇ ਸੰਤ ਧਿਆਨ ਸਿੰਘ ਪੱਥਰਾਂ ਵਾਲੇ, ਜੋ ਇਸ ਖੂਹ ਤੇ ਜ਼ਮੀਨ ਦੇ ਮਾਲਕ ਸਨ, ਆਪਣੇ ਪਾਸੋਂ ਧਨ ਖਰਚ ਕੇ ਨਾਮਧਾਰੀ ਧਰਮਸ਼ਾਲਾ ਬਣਵਾਈ ਸੀ । ਸੰਗਮਰਮਰ ਦੀਆਂ ਚੌਗਾਠਾਂ ਤੇ ਸੋਨੇ ਦਾ ਗੁੰਬਦ ਬਣਾ ਕੇ ਨਾਮਧਾਰੀਆਂ ਲਈ ਦਮਦਮਾ ਨਾਮ ਅਸਥਾਨ ਬਣਾਇਆ ਸੀ । ਜਿਥੇ ਹਰ ਸਾਲ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਹੁੰਦਾ ਸੀ ।

ਭਾਵੇਂ ਇਸ ਪਿੰਡ ਵਿਚ ਸਾਡੇ ਚਾਰ ਘਰ ਨਾਮਧਾਰੀਆਂ ਦੇ ਸਨ ਅਤੇ ਸੰਤ ਧਿਆਨ ਸਿੰਘ ਪੱਥਰਾਂ ਵਾਲੇ ਜੋ ਲਾਹੌਰ ਰਹਿੰਦੇ ਸਨ, ਦਾ ਪਰਿਵਾਰ ਇਥੇ ਆਉਂਦਾ ਰਹਿੰਦਾ ਸੀ ਪਰ ਸਾਰਾ ਪਿੰਡ ਅਕਾਲੀ ਵੀਚਾਰਾਂ ਦਾ ਹੋਣ ਦੇ ਬਾਵਜੂਦ ਲੋਕ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਕਰਕੇ ਅੱਤੀ ਪ੍ਰਸਨ ਹੁੰਦੇ ਸਨ । ਸੰਤ ਨਿਧਾਨ ਸਿੰਘ ਆਲਿਮ, ਸੰਤ ਅਤਰ ਸਿੰਘ, ਸੰਤ ਨੱਥਾ ਸਿੰਘ ਪਤੰਗ ਅਤੇ ਸੰਤ ਡੂਰੀ ਵਾਲਿਆਂ ਦਾ ਜੱਥਾ ਕਈ ਕਈ ਦਿਨ ਇਥੇ ਰਹਿੰਦਾ । ਪਿੰਡ ਦੇ ਸਾਂਝੇ ਸਕੂਲ ਦੀ ਗਰਾਊਂਡ ਵਿਚ ਨਾਮਧਾਰੀਆਂ ਦੇ ਦੀਵਾਨਾਂ ਦਾ ਪ੍ਰਬੰਧ ਕੀਤਾ ਜਾਂਦਾ ਸੀ ! ਇਹਨਾਂ ਦੀਵਾਨਾਂ ਦਾ ਪਿੰਡ ਦੇ ਲੋਕਾਂ ਤੇ ਬਹੁਤ ਚੰਗਾ ਪ੍ਰਭਾਵ ਪੈਂਦਾ ਸੀ ।

ਸਤਿਗੁਰੂ ਪਰਤਾਪ ਸਿੰਘ ਜੀ ਨਾਮਧਾਰੀ ਫੁਲਵਾੜੀ ਨੂੰ ਸਰਸਬਜ਼ ਰੱਖਣ ਲਈ, ਦੀਵਾਨਿਆਂ, ਮਸਤਾਨਿਆਂ ਤੇ ਲਾਂਗਰੀਆਂ ਨੂੰ ਆਪਣੀ ਪਾਰਖੂ ਨਿਗਾਹ ਨਾਲ ਹਰ ਵੇਲੇ ਨਿਵਾਜਦੇ ਸਨ । ਮੈਨੂੰ ਚੰਗੀ ਤਰ੍ਹਾਂ ਸੰਭਾਲ ਏ ਜਦੋਂ ਮੈਂ ਬਾਰ੍ਹਾਂ ਕੁ ਸਾਲਾਂ ਦਾ ਸੀ ਸਤਿਗੁਰੂ ਜੀ ਸਾਡੇ ਪਿੰਡ ਦਮਦਮੇ ਦਰਸ਼ਨ ਦਿੱਤੇ ਸਨ । ਜਦੋਂ ਸਾਡੇ ਗ਼ਰੀਬਖਾਨੇ ਚਰਨ ਪਾਉਣ ਦੀ ਕਿਰਪਾ ਕੀਤੀ ਤਾਂ ਸਾਡੀ ਮਾਤਾ ਨੇ ਭਾਈ ਮੰਗਲ ਸਿੰਘ ਦੀ ਸ਼ਾਦੀ ਬਾਰੇ ਅਰਜ਼ ਕੀਤੀ ।

"ਮਾਈ ਤੇਰੇ ਕਿਤਨੇ ਪੁੱਤਰ ਹਨ ?" ਸਤਿਗੁਰੂ ਜੀ ਪੁੱਛਿਆ ।

"ਪੰਜ ਪੁੱਤਰ ਹਨ" ਮਾਤਾ ਨੇ ਕਿਹਾ ।

"ਚਾਰ ਪੁੱਤਰ ਤੇਰੇ ਵਿਆਹੇ ਜਾਣਗੇ, ਮਾਈ ਮੰਗਲ ਸਿੰਘ ਸਾਡੇ ਜੋਗਾ ਰਹਿਣ ਦੇ।" ਮਾਤਾ 'ਸਤਿ ਬਚਨ' ਕਰਕੇ ਚੁੱਪ ਕਰ ਗਈ।

ਸਤਿਗੁਰੂ ਜੀ ਦੀ ਜਿਸ ਤੇ ਮੇਹਰ ਦੀ ਨਿਗਾਹ ਪੈਂਦੀ ਸੀ ਉਸ ਦੀ ਕਾਇਆਂ ਹੀ ਕਲਪ ਹੋ ਜਾਂਦੀ ਸੀ। ਭਾਈ ਮੰਗਲ ਸਿੰਘ ਪਹਿਲਾਂ ਹੀ ਗੁਰੂ ਚਰਨਾਂ ਵਿਚ ਹਰ ਵੇਲੇ ਲੀਣ ਰਹਿੰਦੇ ਸਨ ਹੁਣ, ਸੋਨੇ ਤੇ ਸੁਹਾਗੇ ਦਾ ਕੰਮ ਹੋ ਗਿਆ। ਭਾਈ ਜੀ ਨੇ ਸੁੱਚ ਸੋਧ ਰੱਖ ਲਈ ਤੇ ਸਾਧ ਸੰਗਤ ਦੀ ਸੇਵਾ ਵਿਚ ਜੁਟ ਪਏ ! ਇਹਨਾਂ ਦਾ ਨਾਮ ਨਾਮਧਾਰੀ ਪੰਥ ਵਿਚ ਭਾਈ ਮੰਗਲ ਸਿੰਘ ਲਾਂਗਰੀ ਕਰਕੇ ਪ੍ਰਚੱਲਤ ਹੋ ਗਿਆ। ਆਪ ਨੇ ਦੇਸ਼ ਤੇ ਪ੍ਰਦੇਸ਼ ਵਿਚ, ਸਤਿਗੁਰੂ ਜੀ ਦੇ ਨਿੱਜੀ ਸੇਵਕਾਂ ਨਾਲ ਰਹਿ ਕੇ ਲੰਗਰ ਦੀ ਸੇਵਾ ਕੀਤੀ। ਅੱਜ ਕਲ੍ਹ ਬੁਢੇਪੇ ਦੀ ਉਮਰ ਵਿਚ ਸਤਿਗੁਰੂ ਜੀ ਦੇ ਚਰਨਾਂ ਵਿਚ ਲੀਣ ਰਹਿੰਦਿਆਂ ਹੋਇਆਂ ਉਹ ਹੁਸ਼ਿਆਰਪੁਰ ਰਹਿ ਰਹੇ ਹਨ।

੦ ਸਤਿਗੁਰੂ ਜੀ ਆਪਣੇ ਸੇਵਕਾਂ ਦੀ ਹਰ ਵੇਲੇ ਪੈਜ ਰੱਖਦੇ ਸਨ ਅਤੇ ਹੰਕਾਰੀਆਂ ਦਾ ਮਾਨ ਤੋੜਨ ਵਾਸਤੇ ਸਰਬ ਕਲਾ ਸਮੱਰਥ ਸਨ। ਮੈਨੂੰ ਉਹ ਦਿਨ ਵੀ ਅੱਜ ਯਾਦ ਆਉਂਦੇ ਹਨ ਜਦੋਂ ਕਿ ਮੈਂ ਜਨਵਰੀ 1933 ਈ. ਵਿਚ ਆਪਣੀ ਪ੍ਰੈਕਟਿਸ ਡਸਕਾ ਜ਼ਿਲਾ ਸਿਆਲਕੋਟ (ਹੁਣ ਪਾਕਿਸਤਾਨ) ਵਿਚ ਸ਼ੁਰੂ ਕੀਤੀ ਸੀ। ਡਸਕੇ ਇਕ ਸੰਤ ਲਾਭ ਸਿੰਘ ਨਾਮਧਾਰੀ ਪਿੰਡ ਕਹਿਰ ਵਾਲੀ ਆਪਣੀ ਪਤਨੀ ਸਣੇ ਰਹਿੰਦੇ ਸਨ। ਸੰਤਾਂ ਨੇ ਆਪਣਾ ਮਕਾਨ ਬਣਾ ਕੇ ਇਕ ਹੋਰ ਜਗ੍ਹਾ ਸੜਕ ਤੇ ਖਰੀਦ ਕੇ ਉਥੇ ਖੂਹੀ ਲਵਾਈ ਤੇ ਇਕ ਦੋ ਕਮਰੇ ਬਣਾ ਕੇ ਨਾਮਧਾਰੀ ਧਰਮਸ਼ਾਲਾ ਲਈ ਦਾਨ ਕੀਤੀ ਤੇ ਮਰਨ ਸਮੇਂ ਵਸੀਅਤ ਵੀ ਕਰ ਗਏ ਸਨ। ਡਸਕੇ ਤਕਰੀਬਨ ਪੰਜਾਹ ਘਰ ਰਾਮਗੜ੍ਹੀਆਂ ਦੇ ਸਨ ਜੋ ਨਾਮਧਾਰੀ ਨਹੀਂ ਸਨ ਪਰ ਉਹ ਸੰਤਾਂ ਦੇ ਚੜ੍ਹਾਈ ਕਰਨ ਮਗਰੋਂ ਉਸ ਜਗ੍ਹਾ ਨੂੰ ਗੁਰਦੁਆਰਾ ਰਾਮਗੜ੍ਹੀਆ 'ਬਨਾਣਾ' ਚਾਹੁੰਦੇ ਸਨ। ਪਰ ਮਾਈ ਧਰਮਸਾਲਾ ਨਾਮਧਾਰੀ ਹੀ ਰੱਖਣੀ ਸੀ।

ਚੂੰਕਿ ਮੇਰੇ ਤੇ ਸਤਿਗੁਰੂ ਜੀ ਦੀ ਕਿਰਪਾ ਦ੍ਰਿਸ਼ਟੀ ਸੀ ਅਤੇ ਬਚਪਨ ਤੋਂ ਨਾਮਧਾਰੀ ਸੰਤਾਂ, ਮਹੰਤਾਂ ਤੇ ਜਥੇਦਾਰਾਂ ਤੋਂ ਮੈਨੂੰ ਕਾਫ਼ੀ ਪ੍ਰੇਰਣਾ ਮਿਲਦੀ ਰਹਿਣ ਕਰਕੇ ਨਾਮਧਾਰੀ ਪੰਥ ਦੇ ਕੰਮ ਕਰਨ ਵਿਚ ਕਾਫ਼ੀ ਦਿਲਚਸਪੀ ਸੀ, ਨਾਮਧਾਰੀ ਧਰਮਸਾਲਾ ਲਈ ਮਾਈ ਜੀ ਦੇ ਉੱਦਮ ਨੇ ਮੈਨੂੰ ਪ੍ਰੇਰਿਆ। ਮੇਰੀਆਂ ਨਾਮਧਾਰੀ ਰੁੱਚੀਆਂ ਤੇ ਸਿੱਧੀ ਦਸਤਾਰ ਵੇਖ ਕੇ ਡਸਕੇ ਦੇ ਅਕਾਲੀ ਪਹਿਲਾਂ ਹੀ ਮੇਰੇ ਖਿਲਾਫ਼ ਸਨ। ਇਹ ਰਾਮਗੜ੍ਹੀਏ ਵੀ ਧਰਮਸਾਲਾ ਨਾਮਧਾਰੀ ਦੇ ਪ੍ਰਬੰਧ ਕਾਰਨ ਮੇਰੀ ਜਾਣ ਦੇ ਤਿਹਾਏ ਹੋ ਗਏ ਪਰ ਸਤਿਗੁਰੂ ਪਰਤਾਪ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਕਰਕੇ, ਭਾਰੀ ਰੁਕਾਵਟਾਂ ਦੇ ਬਾਵਜੂਦ ਨਾਮਧਾਰੀ ਧਰਮਸਾਲਾ ਕਾਇਮ ਰੱਖਣ ਵਿਚ ਮੈਂ ਕਾਮਯਾਬ ਹੋ ਗਿਆ।

੦੦ ਜ਼ਿਲਾ ਸਿਆਲਕੋਟ ਵਿਚ ਬਾਬਾ ਖੜਕ ਸਿੰਘ ਦੀ ਅਕਾਲੀ ਪਾਰਟੀ ਦਾ ਡਸਕਾ ਵਿਖੇ ਕਾਫ਼ੀ ਜ਼ੋਰ ਸੀ, ਜਿਸ ਕਰਕੇ ਟਹਿਲ ਸਿੰਘ ਫੱਕਰ ਨੇ ਡਸਕੇ ਆ ਕੇ ਆਪਣਾ ਡੇਰਾ ਜਮਾਇਆ ਤੇ ਨਾਮਧਾਰੀਆਂ ਦੇ ਵਿਰੁੱਧ ਹਰ ਵੇਲੇ ਮੁਖਾਲਫ਼ਤ ਦੀ ਜੁਆਲਾ ਜਲਾਈ ਰੱਖਦਾ ਸੀ। ਇਕ ਵਾਰੀ ਉਸ ਨੇ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠਾਂ ਇਕ ਭਾਰੀ ਅਕਾਲੀ ਕਾਨਫ਼ਰੰਸ ਨਾਮਧਾਰੀਆਂ ਦੇ ਵਿਰੁੱਧ ਰੱਖੀ ਸੀ। ਮੈਂ

ਜੁਰੱਅਤ ਕਰਕੇ ਇਕ ਪੈਮਫੱਲਟ ਉਰਦੂ ਵਿਚ ਜਿਸਦਾ ਮੁੱਖ ਹੈਡਿੰਗ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਦੀਦਾਰੇ ਸਤਿਗੁਰੂ" ਛਪਵਾ ਕੇ ਫਕਰ ਦੀ ਤਕਰੀਰ ਕਰਨ ਤੋਂ ਪਹਿਲਾਂ ਹੀ ਸਟੇਜ ਤਕ ਪਹੁੰਚਾ ਦਿੱਤਾ।

ਮੈਂ ਹੀ ਉਹਨਾਂ ਦੇ ਗੁਰਦੁਆਰੇ ਦਾ ਮੈਂਬਰ ਮਾਸਟਰ ਤਾਰਾ ਸਿੰਘ ਦੀ ਪਾਰਟੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਵਲੋਂ ਨਾਮੀਨੇਟ ਹੋ ਗਿਆ ਸੀ। ਸਤਿਗੁਰੂ ਜੀ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਉਹਨਾਂ ਮੇਰੀ ਇਸ ਦਲੇਰੀ ਦੀ ਅਤੀ ਪ੍ਰਸੰਸਾ ਕੀਤੀ।

੦੦੦ ਪਿੰਡ ਤਲਿਹਾੜਾ ਜ਼ਿਲਾ ਸਿਆਲਕੋਟ ਵਿਖੇ ਨਾਮਧਾਰੀ-ਹੋਲਾ ਮਹੱਲਾ ਕਰਨ ਬਾਰੇ ਜਦੋਂ ਸੰਤ ਵਜੀਰ ਸਿੰਘ ਦੇ ਚਾਰ ਘਰਾਂ ਨੇ ਪੰਜਾਹ ਮਾਨੀਆਂ ਕਣਕ ਤੇ ਪੰਜ ਸੋ ਰੁਪਏ ਨਕਦ ਉਗ੍ਰਾਹੀ ਦੇ ਕੇ ਸਤਿਗੁਰੂ ਜੀ ਪਾਸ ਸ਼ੇਖੂਪੁਰਾ ਬਦਾਦ ਦੇ ਹੋਲੇ ਸਮੇਂ ਤਲਿਹਾੜਾ ਲਈ ਹੋਲਾ ਦੀ ਦਰਖਾਸਤ ਦਿੱਤੀ ਤਾਂ ਸਤਿਗੁਰੂ ਜੀ ਨੇ, ਉਹਨਾਂ ਦੀ ਅਰਜ ਮਨਜੂਰ ਨਹੀਂ ਕੀਤੀ ਸੀ। ਪਰ ਕਾਫ਼ੀ ਸਮੇਂ ਮਗਰੋਂ ਟਹੇਲ ਸਿੰਘ ਦਾ ਹੰਕਾਰ ਤੋੜਨ ਲਈ ਸਤਿਗੁਰੂ ਜੀ ਨੇ ਹੋਲਾ ਪਿੰਡ ਤਲਿਹਾੜਾ ਕਰਨ ਦੀ ਕਿਰਪਾਲਤਾ ਕੀਤੀ। ਤਲਿਹਾੜਾ ਵਿਖੇ ਪਹਿਲੀ ਮੀਟਿੰਗ ਤੇ ਸਤਿਗੁਰੂ ਜੀ ਨੇ ਦਾਸ ਨੂੰ ਸਾਰਾ ਪ੍ਰਬੰਧ ਸੌਂਪਿਆ ਸੀ। ਕੀ ਇਹ ਕਰਾਮਾਤ ਨਹੀਂ ? ਢਾਈ ਰੁਪੇ ਉਗ੍ਰਾਹੀ ਦੇਣ ਵਾਲੇ ਨੂੰ ਸਾਰੇ ਹੋਲੇ ਦਾ ਇਨਚਾਰਜ ਥਾਪਿਆ ਸੀ।

੦੦੦੦ ਇਕ ਵਾਰੀ ਸਤਿਗੁਰੂ ਜੀ ਸ੍ਰੀ ਜੀਵਨ ਨਗਰ ਤੋਂ ਭਾਖੜਾ ਨਹਿਰ ਦੀ ਪੱਟੜੀ ਰਾਹੀਂ ਪਟਿਆਲੇ ਵੱਲ ਆਪਣੇ ਨਿੱਜੀ ਸੇਵਕਾਂ ਸਹਿਤ ਆ ਰਹੇ ਸਨ ਭਾਈ ਮੰਗਲ ਸਿਘ ਲਾਂਗਰੀ ਵੀ ਨਾਲ ਸਨ। ਜਦੋਂ ਕਾਰ ਸਮਾਨਾਂ ਦੇ ਪੁਲ ਪਹੁੰਚੀ ਤਾਂ ਭਾਈ ਜੀ ਨੇ ਉਥੇ ਉਤਰਨ ਲਈ ਅਰਜ਼ ਕੀਤੀ : 'ਇਥੇ ਮੇਰਾ ਛੋਟਾ ਭਰਾ ਡਾ: ਧਿਆਨ ਸਿੰਘ ਰਹਿੰਦਾ ਹੈ ਮੈਂ ਉਸਨੂੰ ਮਿਲਣਾ ਹੈ।' ਸਤਿਗੁਰੂ ਜੀ ਨੇ ਮੁਸਕਰਾ ਕੇ ਪੁੱਛਿਆ, "ਡਾਕਟਰ ਧਿਆਨ ਸਿੰਘ ਤੇਰਾ ਭਰਾ ਹੈ ?" 'ਹਾਂ ਜੀ'-ਭਾਈ ਜੀ ਨੇ ਕਿਹਾ।

"ਤੂੰ ਸਾਧੂ ਤੇ ਉਹ ਹੁਸ਼ਿਆਰ ! ਉਹ ਤੇਰਾ ਕਿਸ ਤਰ੍ਹਾਂ ਭਰਾ ਹੋ ਸਕਦਾ ਹੈ।" ਇਹ ਕਹਿ ਕੇ ਭਾਈ ਜੀ ਨੂੰ ਪੁਲ ਤੇ ਉਤਾਰ ਕੇ ਕਾਰ ਪਟਿਆਲੇ ਨੂੰ ਚਲੀ ਗਈ। ਭਾਈ ਜੀ ਨੇ ਘਰ ਆ ਕੇ ਜਦੋਂ ਇਹ ਗੱਲ ਪਰਿਵਾਰ ਵਿਚ ਕੀਤੀ ਤਾਂ ਸਾਰੇ ਹੱਸ ਪਏ।

੦੦੦੦੦ ਉਸ ਮਹਾਨ ਸ਼ਕਤੀ ਦੇ ਦਰਸ਼ਨ ਕਰਦਿਆਂ ਹੀ ਸਤਿਗੁਰੂ ਜੀ ਦੀ ਹੋਂਦ ਨੂੰ ਨਾ ਮੰਨਣ ਵਾਲਿਆਂ ਨੂੰ ਵੀ ਉਹਨਾਂ ਦੇ ਆਤਮਕ ਬਲ ਦੀ ਦਾਦ ਦੇਣੀ ਪੈਂਦੀ ਸੀ। 1953 ਈ. ਵਿਚ ਸਤਿਗੁਰੂ ਜੀ ਪਿੰਡ ਰਾਜਲਾਂ, ਜ਼ਿਲਾ ਪਟਿਆਲਾ ਵਿਖੇ ਇਕ ਨਾਮਧਾਰੀ ਮੇਲੇ ਤੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ ਸੀ। ਮੈਂ ਤੇ ਮੇਰਾ ਇਕ ਰਾਮਗੜ੍ਹੀਆ ਸੱਜਣ ਜੋ ਕਿ ਕੱਟਰ ਆਰੀਆ ਸਮਾਜੀ ਸੀ ਦੋਵੇਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਉਸ ਪਿੰਡ ਜੋ ਸਾਮਾਨੇ ਪੰਜ ਕੁ ਕਿਲੋਮੀਟਰ ਦੂਰ ਸੀ, ਗਏ। ਮੈਂ ਸਤਿਗੁਰੂ ਜੀ ਨੂੰ ਮੱਥਾ ਟੇਕਿਆ ਤੇ ਉਹਨਾਂ ਦੀ ਮਿਹਰ ਤੇ ਪਿਆਰ ਭਰੀ ਨਿਗਾਹ ਕਾਰਨ ਫਿਰ ਨੇੜ ਤਾਜ਼ਾ ਹੋ ਗਈ। ਮੇਰੇ ਮਗਰੋਂ ਜਦੋਂ ਉਸ ਦਲਜੀਤ ਸਿੰਘ ਨੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਨੂਰਾਨੀ ਨਿਗਾਹ ਨਾਲ ਉਸ ਵੱਲ ਤਕਿਆ। ਜਦੋਂ ਅਸੀਂ ਦੋਵੇਂ ਮੱਥਾ ਟੇਕ ਕੇ ਦੀਵਾਨ ਵਿਚ ਬੈਠੇ ਤਾਂ ਉਸਨੇ ਮੈਨੂੰ ਹੈਰਾਨਗੀ

ਪ੍ਰਗਟ ਕਰਦਿਆਂ ਹੋਇਆਂ ਕਿਹਾ, "ਵਾਕਿਆ ਈ ਆਪ ਦਾ ਸਤਿਗੁਰੂ ਰੂਹਾਨੀ ਤਾਕਤ ਵਾਲਾ ਹੈ, ਜਦੋਂ ਮੈਂ ਮੱਥਾ ਟੇਕਿਆ ਤਾਂ ਮੇਰੇ ਪੈਰਾਂ ਤੋਂ ਲੈ ਕੇ ਦਿਮਾਗ ਤਕ ਇਕ ਬਿਜਲੀ ਦੇ ਕਰੰਟ ਵਾਂਗੂ ਸਾਰੇ ਸਰੀਰ ਵਿਚ ਅਸਰ ਹੋਇਆ ਹੈ। ਮੈਨੂੰ ਇਹਨਾਂ ਵਿਚ ਕਰਾਮਾਤ ਦਾ ਚਮਤਕਾਰ ਮਲੂਮ ਹੋਇਆ ਹੈ।" ਇਹ ਉਪ੍ਰੋਕਤ ਘਟਨਾਵਾਂ ਤਾਂ ਸਮੁੰਦਰ ਵਿਚੋਂ ਬੂੰਦ ਮਾਤਰ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਲਈ ਸਦਾਚਾਰਕ, ਧਾਰਮਿਕ, ਸਮਾਜਿਕ ਤੇ ਰਾਜਨੀਤਕ ਚਾਰ ਮੁੱਖ ਨਿਸ਼ਾਨੇ ਉਲੀਕੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬੜੀ ਦਰਿੜਤਾ ਤੇ ਪੱਕੇ ਇਰਾਦੇ ਨਾਲ ਇਹਨਾਂ ਤੇ ਅਮਲ ਕੀਤਾ ਸੀ।

ਸਦਾਚਾਰਕ

—ਆਚਰਣ ਦੀ ਉਚੇਤਾ ਤੇ ਸਦਾਚਾਰ ਆਦਿ ਵੱਲ ਆਪ ਜੀ ਬਹੁਤ ਬਰੀਕੀ ਨਾਲ ਤਕਦੇ ਤੇ ਪੁਰਾਤਨ ਸਭਿਅਤਾ, ਬ੍ਰਹਮਚਾਰੀਆ ਆਦਿ ਸੱਦ ਗੁਣਾਂ ਦੇ ਆਪ ਪੂਰਨ ਪਰਤੀਕ ਸਨ।

ਧਾਰਮਿਕ

—ਸਤਿਗੁਰੂ ਜੀ ਗੁਰਬਾਣੀ ਦੇ ਲੱਖਾਂ ਪਾਠਾਂ ਦਾ ਪ੍ਰਵਾਹ ਚਲਾਇਆ ਸੀ। ਸ੍ਰੀ ਗ੍ਰੰਥ ਸਾਹਿਬ ਦੇ ਹਜ਼ਾਰਾਂ ਅਖੰਡ ਪਾਠ ਕਰਵਾਏ ਸਨ ਅਤੇ ਸ੍ਰੀ ਦਸਮ ਗ੍ਰੰਥ ਦੇ ਸਾਧਾਰਨ ਤੇ ਅਖੰਡ ਪਾਠ ਵੀ ਕਰਵਾਏ ਸਨ ਅਤੇ ਭੋਗ ਪੁਆਣ ਤੇ ਕਾਫ਼ੀ ਖਰਚ ਕੀਤਾ ਸੀ। ਆਪ ਜੀ ਨੇ ਗੁਰਮਤਿ ਸੰਗੀਤ ਨੂੰ ਸੁਰਜੀਤ ਰੱਖਣ ਲਈ ਸੰਮੇਲਨ ਕਰਕੇ ਸੰਗੀਤਕਾਰਾਂ ਨੂੰ ਸਨਮਾਨਤ ਕੀਤਾ ਸੀ।

—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਹੋਏ ਪੂਰਨਿਆਂ ਤੇ ਚਲ ਕੇ ਹਵਨ ਤੇ ਵਰਨੀਆਂ ਦਾ ਪ੍ਰਵਾਹ ਚਲਾਇਆ ਸੀ।

—ਅੰਗਰੇਜ਼ ਸਰਕਾਰ ਨੇ ਜਦੋਂ ਲਾਹੌਰ ਅੰਦਰ ਬੁੱਚੜਖ਼ਾਨਾ ਤਿਆਰ ਕਰਨ ਦੀ ਵਿਉਂਤ ਘੜੀ ਤਾਂ ਸਤਿਗੁਰੂ ਜੀ ਨੇ ਗਊ ਗ਼ਰੀਬ ਦੀ ਰੱਖਿਆ ਲਈ ਸ੍ਰੀ ਭੈਣੀ ਸਾਹਿਬ ਵਿਖੇ ਇਕ ਮਹਾਨ (ਵਿਸ਼ਾਲ) ਯੱਗ-ਹਵੱਨ ਕੀਤਾ ਸੀ, ਤੇ ਜਿਸ ਦਿਨ ਯੱਗ ਹਵੱਨ ਦੀ ਪੂਰਨ ਅਹੂਤੀ ਪਾਈ ਸੀ ਉਸੇ ਦਿਨ ਅੰਗਰੇਜ਼ ਸਰਕਾਰ ਨੇ ਲਾਹੌਰ ਅੰਦਰ ਬੁੱਚੜਖ਼ਾਨਾ ਨਾ ਬਨਾਉਣ ਦੀ ਘੋਸ਼ਣਾ ਕਰ ਦਿੱਤੀ। ਜਿਸਨੂੰ ਸੁਣ ਕੇ ਪੰਜਾਬੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਸੀ।

—ਸਤਿਗੁਰੂ ਜੀ ਨੇ ਜਦੋਂ ਇਹ ਅਨੁਭਵ ਕੀਤਾ ਕਿ ਗੁਰੂ ਨਾਨਕ ਨੂੰ ਮੰਨਣ ਵਾਲੀਆਂ ਸਭ ਸੰਪਰਦਾਵਾਂ ਆਪੋ ਵਿਚ ਖਿਚੋਤਾਨ ਹੋਣ ਕਰਕੇ ਧਰਮ ਦੇ ਅਸਲ ਨਿਸ਼ਾਨੇ ਤੋਂ ਭਟਕ ਕੇ ਉਲਝ ਰਹੀਆਂ ਹਨ, ਤਾਂ ਉਹਨਾਂ ਨੇ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫ਼ਰੰਸ, ਸ੍ਰੀ ਭੈਣੀ ਸਾਹਿਬ ਵਿਖੇ ਕੀਤੀ ਅਤੇ ਸਭ ਨੂੰ ਇਕ ਸਟੇਜ ਤੇ

ਇਕੱਠਿਆਂ ਕਰਕੇ ਮੰਡਨ ਰੂਪ ਵਿਚ ਪ੍ਰਚਾਰ ਕਰਨ ਲਈ ਸਰਬ ਸੰਮਤੀ ਨਾਲ ਪਾਸ ਕੀਤਾ ਸੀ। ਜਿਸਨੂੰ ਸਭ ਸੰਪ੍ਰਦਾਵਾਂ ਨੇ ਬਹੁਤ ਸਰਾਹਿਆ ਸੀ।

—ਆਪ ਜੀ ਪਸ਼ੂ ਪਾਲਣ ਵਿਚ ਕਮਾਲ ਦੀ ਰੁੱਚੀ ਰੱਖਦੇ ਸਨ। ਉਨ੍ਹਾਂ ਦੀ ਨਸਲ ਸੁਧਾਰਨ ਲਈ ਬਹੁਤ ਦਿਲਚਸਪੀ ਰੱਖਦੇ ਸਨ।

—ਸ੍ਰੀ ਭੈਣੀ ਸਾਹਿਬ ਜੋ ਅਖੰਡ ਲੰਹ ਚੀਨੀ ਵਾਲੇ ਪਾਤਿਸ਼ਾਹ ਵੇਲੇ ਤੋਂ ਚਲਦੀ ਆ ਰਹੀ ਸੀ ਉਸਦੀ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕੀਤੀ ਸੀ। ਲੱਖਾਂ ਅਥਿੱਤੀ ਇਥੇ ਲੰਗਰ ਛੱਕ ਕੇ ਗੁਰੂ ਜੀ ਦਾ ਜੱਸ ਗਾਇਨ ਕਰਦੇ ਸਨ।

ਸਮਾਜਿਕ

—ਲੋਕ ਭਲਾਈ ਤੇ ਸਰਬਤ ਦੇ ਭਲੇ ਲਈ ਅਟੱਲ ਪ੍ਰਤਾਪੀ ਸਤਿਗੁਰੂ ਜੀ ਨੂੰ ਹਿੰਮਤ ਕਰਨੀ ਵਿਰਸੇ ਵਿਚ ਮਿਲੀ ਹੋਈ ਸੀ।

—ਆਪ ਜੀ ਨੇ ਪੰਜਾਬੀ ਬੋਲੀ ਦੀ ਉੱਨਤੀ ਲਈ ਇਕ ਵਿਸ਼ਾਲ ਪੰਜਾਬੀ ਕਾਨਫਰੰਸ ਨਵੰਬਰ 1942 ਈ. ਵਿਚ ਸ੍ਰੀ ਭੈਣੀ ਸਾਹਿਬ ਕਰਕੇ ਕਈ ਤਜਵੀਜ਼ਾਂ ਪਾਸ ਕਰਕੇ ਉਸ ਤੇ ਅਮਲ ਕਰਨ ਲਈ ਪ੍ਰੇਰਣਾ ਕੀਤੀ ਸੀ।

—ਸਤਿਗੁਰੂ ਜੀ ਨੇ ਦਾਨ ਤੇ ਭੂਦਾਨ ਲਈ ਕਾਫ਼ੀ ਦਿਲਚਸਪੀ ਲਈ ਸੀ। ਬਿਹਾਰ ਦੇ ਭੂਚਾਲ ਪੀੜਤਾਂ ਦੀ ਮਦਦ ਲਈ ਖਦਰ ਤੇ ਦਾਣੇ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਰਾਜਿੰਦਰ ਪ੍ਰਸਾਦਿ ਜੀ ਨੂੰ ਦਿੱਤੇ ਸਨ।

—ਫੇਰ ਇਕ ਵਾਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਸ੍ਰੀ ਭੈਣੀ ਸਾਹਿਬ ਆਉਣ ਤੇ ਬੰਗਾਲ ਦੇ ਕਾਲ ਪੀੜਤਾਂ ਲਈ ਚਾਵਲਾਂ ਦੀ ਸਹਾਇਤਾ 1954–55 ਵਿਚ ਦਿੱਤੀ ਸੀ।

—1947 ਈ. ਨੂੰ ਪਾਕਿਸਤਾਨ ਬਣਨ ਵੇਲੇ ਸਤਿਗੁਰੂ ਜੀ ਨੇ ਹਜ਼ਾਰਾਂ ਮਨੁੱਖਾਂ ਦੀ ਲੱਖਾਂ ਰੁਪਏ ਖਰਚ ਕੇ, ਅੰਨ, ਬਸਤ੍ਰ ਅਤੇ ਬੀਜਣ ਲਈ ਜ਼ਮੀਨਾਂ ਤੇ ਮਾਲ ਡੰਗਰ ਦੇ ਕੇ ਵਿਤੋਂ ਵੱਧ ਸਹਾਇਤਾ ਕੀਤੀ ਸੀ।

—ਜਦੋਂ ਪੰਜਾਬ ਵਿਚ 1959 ਵਿਚ ਹੜਾਂ ਕਰਕੇ ਤਬਾਹੀ ਹੋਈ ਸੀ। ਉਸ ਵੇਲੇ ਸਤਿਗੁਰੂ ਜੀ ਨੇ ਹੜ ਪੀੜਤਾਂ ਨੂੰ ਕਪੜੇ, ਤੰਬੂ ਆਦਿ ਦੇ ਕੇ ਮਦਦ ਕੀਤੀ ਸੀ।

—ਸਤਿਗੁਰੂ ਜੀ ਨੇ ਅੰਗਰੇਜ਼ ਸਰਕਾਰ ਦਾ "ਪਾੜੋ ਤੇ ਰਾਜ ਕਰੋ" ਕੂਟੱਨ ਨੀਤੀ ਨੂੰ ਅਸਫਲ ਕਰਨ ਲਈ ਸ੍ਰੀ ਭੈਣੀ ਸਾਹਿਬ ਵਿਖੇ ਹਿੰਦੂ-ਸਿੱਖ-ਮੁਸਲਮਾਨ ਏਕਤਾ ਕਾਨਫਰੰਸ ਹਜ਼ਾਰਾਂ ਰੁਪੈ ਖਰਚ ਕੇ ਕੀਤੀ। ਕਿਉਂਕਿ ਭਾਰਤ ਵਿਚ ਵੱਸ-ਰਹੀਆਂ ਕੌਮਾਂ ਇਕ ਦੂਜੇ ਦੇ ਖ਼ੂਨ ਦੀਆਂ ਤਿਹਾਈਆਂ ਨਜ਼ਰ ਆਉਣ ਲੱਗ ਪਈਆਂ ਸਨ। ਉਹਨਾਂ ਵਿਚ ਏਕਤਾ ਤੇ ਪਰਸਪਰ ਪਿਆਰ ਪੈਦਾ ਕਰਨ ਲਈ ਕਾਨਫਰੰਸ ਕਰਕੇ ਸਿਰ ਤੋੜ ਕੋਸ਼ਿਸ਼ ਕੀਤੀ ਗਈ ਸੀ।

ਰਾਜਨੀਤਕ

—ਸਤਿਗੁਰੂ ਜੀ ਅੰਗਰੇਜ਼ ਸਰਕਾਰ ਦੇ ਖਿਲਾਫ ਉੱਨਾਂ ਚਿਰ ਰਹੇ ਜਦੋਂ ਤਕ ਅੰਗਰੇਜ਼ ਭਾਰਤ ਛੱਡ ਕੇ ਨਹੀਂ ਚਲਿਆ ਗਿਆ ਸੀ। ਸਭ ਤੋਂ ਵੱਡੀ ਗੱਲ ਹੈਰਾਨ ਕਰਨ ਵਾਲੀ ਇਹ ਸੀ, ਕਿ ਜਿਹੜੇ ਸੁਤੰਤਰਤਾ ਸੰਗ੍ਰਾਮੀ, ਅੰਡਰ ਗਰਾਉਂਡ ਰਹਿ ਕੇ ਅੰਗਰੇਜ਼ਾਂ ਦੇ ਖਿਲਾਫ ਕਾਰਵਾਈਆਂ ਕਰਦੇ ਸਨ, ਸ੍ਰੀ ਭੈਣੀ ਸਾਹਿਬ ਉਹਨਾਂ ਨੂੰ ਪਨਾਹ ਦਿੱਤੀ ਜਾਂਦੀ ਸੀ ਅਤੇ ਖੁਰਾਕ ਰਿਹਾਇਸ਼ ਦਾ ਪ੍ਰਬੰਧ ਵੀ ਕੀਤਾ ਜਾਂਦਾ ਸੀ। ਅੰਗਰੇਜ਼ੀ ਸਰਕਾਰ ਨੂੰ ਪਤਾ ਹੋਣ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ ਸੀ।

—ਜਦੋਂ 1929 ਈ. ਨੂੰ ਆਲ ਇੰਡੀਆ ਕਾਂਗਰਸ ਦਾ ਸਾਲਾਨਾ ਸਮਾਗਮ ਲਾਹੌਰ ਰਾਵੀ ਦਰਿਆ ਦੇ ਕੰਢੇ ਤੇ ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋਇਆ ਸੀ, ਤਾਂ ਬਾਬਾ ਖੜਕ ਸਿੰਘ ਨੇ ਕਾਂਗਰਸ ਨਾਲ ਕੁਝ ਮਤਭੇਦ ਹੋਣ ਕਾਰਨ ਕਾਂਗਰਸ ਅਜਲਾਸ ਦਾ ਮੁਕੰਮਲ ਬਾਈਕਾਟ ਕਰਕੇ ਕਿਹਾ ਸੀ ਕਿ ਜੋ ਸਿੱਖ ਇਸ ਇਜਲਾਸ ਵਿਚ ਜਾਵੇਗਾ, ਉਹ ਸਿੱਖ ਨਹੀਂ ਰਹੇਗਾ। ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਮਹਾਰਾਜ ਨਿਹਾਲ ਸਿੰਘ ਜੀ ਦੀ ਅਗਵਾਈ ਵਿਚ ਹਜ਼ਾਰਾਂ ਨਾਮਧਾਰੀਆਂ ਨੇ ਸ਼ਮੂਲੀਅਤ ਕੀਤੀ। ਜਲੂਸ ਤੇ ਲੰਗਰ ਦੇ ਪ੍ਰਬੰਧ ਨੇ ਆਮ ਜਨਤਾ ਨੂੰ ਕਾਫੀ ਪ੍ਰਭਾਵਤ ਕੀਤਾ ਸੀ, ਤਾਂ ਫਿਰ ਦੂਜੇ ਸਿੱਖ ਵੀ ਕਾਫ਼ੀ ਗਿਣਤੀ ਵਿਚ ਕਾਂਗਰਸ ਅਜਲਾਸ ਦੇ ਮੰਡਲ ਵਿਚ ਸ਼ਾਮਲ ਹੋ ਗਏ ਅਤੇ ਲੱਖਾਂ ਦੀ ਤਾਦਾਦ ਵਿਚ ਭਾਰਤ ਦੀ ਮੁਕੰਮਲ ਆਜ਼ਾਦੀ ਵਾਸਤੇ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ।

ਇਸ ਬਾਰੇ ਪ੍ਰਸਿਧ ਦੇਸ਼ ਭਗਤ, ਕੌਮੀ ਆਗੂ ਬਾਬਾ ਗੁਰਦਿਤ ਸਿੰਘ ਕਾਮਾ ਗਾਟਾ ਮਾਰੂ ਵਾਲਿਆਂ ਨੇ ਸਤਿਗੁਰੂ ਜੀ ਦੀ ਇਸ ਬਾਰੇ ਅਤੀ ਪ੍ਰਸੰਸਾ ਕਰਦੇ ਹੋਏ ਕਿਹਾ ਸੀ ਕਿ ਨਾਮਧਾਰੀ ਸੰਪਰਦਾਏ ਦੇ ਆਗੂ ਸ੍ਰੀ ਮਾਨ ਬਾਬਾ ਪਰਤਾਪ ਸਿੰਘ ਜੀ ਮਹਾਰਾਜ ਦੀ ਸੁੱਚਜੀ ਅਗਵਾਈ ਨੇ ਸਿੱਖਾਂ ਉਤੇ ਲਗਣ ਵਾਲੇ ਕਾਲੇ ਧੱਬੇ ਨੂੰ ਬਚਾਅ ਲਿਆ ਸੀ।

ਇਸ ਤੋਂ ਬਾਅਦ ਫੇਰ 1939 ਈ. ਵਿਚ ਲੁਧਿਆਣਾ ਵਿਖੇ ਪਰਜਾ ਮੰਡਲ ਵਲੋਂ ਇਕ ਬਹੁਤ ਭਾਰੀ ਕਾਨਫਰੰਸ ਹੋਈ ਸੀ। ਸਤਿਗੁਰੂ ਜੀ, ਆਪਣੇ ਕੀਮਤੀ ਘੋੜੇ ਆਪ ਖੁਦ ਲੈ ਕੇ ਪਧਾਰੇ ਸਨ। ਕਾਨਫਰੰਸ ਦੀ ਕਾਮਯਾਬੀ ਲਈ ਨਾਮਧਾਰੀਆਂ ਨੇ ਕਾਫ਼ੀ ਸਹਿਯੋਗ ਦਿਤਾ ਸੀ। ਫੇਰ ਕਾਨਫਰੰਸ ਮਗਰੋਂ ਅਗਲੇ ਦਿਨ ਪੰਡਤ ਜਵਾਹਰ ਲਾਲ ਨਹਿਰੂ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ ਤੇ ਉਹਨਾਂ ਦਾ ਨਿੱਘਾ ਸੁਆਗਤ ਕੀਤਾ ਅਤੇ ਸਿਰੋਪਾਓ ਦਿੱਤਾ ਸੀ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ, ਕਿ ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਚਲਾਈ ਹੋਈ ਕੂਕਾ ਮੂਵਮੈਂਟ ਤੇ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਅਤੇ ਪੰਡਤ ਮਨਸ਼ਾ ਸਿੰਘ ਆਦਿ ਨੇ ਕਾਂਗਰਸ ਨਾਲ ਰਲ ਕੇ ਆਜ਼ਾਦੀ

ਲਈ ਕਾਫ਼ੀ ਕੰਮ ਕੀਤਾ ਤੇ ਕਈ ਵਾਰੀ ਕੈਦਾਂ ਕਟੀਆਂ ਸਨ। ਇਸੇ ਕੂਕਾ ਮੂਵਮੈਂਟ ਦੇ ਅਸਰ ਹੇਠਾਂ ਮੈਂ ਵੀ 1933 ਈ. ਤੋਂ ਕਾਂਗਰਸ ਪਾਰਟੀ ਦਾ ਸਰਗਰਮ ਮੈਂਬਰ ਭਰਤੀ ਹੋ ਕੇ ਪੱਦ ਅਧਿਕਾਰੀ ਦੀ ਹੈਸੀਅਤ ਵਿਚ 1947 ਤਕ ਕਾਫ਼ੀ ਸਖਤੀਆਂ ਸਹੀਆਂ ਸਨ ਤੇ ਜੇਲ੍ਹ ਯਾਤਰਾ ਕੀਤੀ ਸੀ। ਫੇਰ ਇਸ ਤੋਂ ਮਗਰੋਂ ਹੁਣ ਤਕ ਸਰਗਰਮ ਮੈਂਬਰ ਚਲਿਆ ਆ ਰਿਹਾ ਹਾਂ।

ਅੰਤਕਾ

ਅਟੱਲ ਪ੍ਰਤਾਪੀ ਸਤਿਗੁਰੂ ਜੀ ਦੀ ਕਿਰਪਾਲਤਾ ਤੇ ਕੋਸ਼ਿਸ਼ਾਂ ਸੱਦਕਾ ਅੱਜ ਨਾਮਧਾਰੀ ਸਮਾਜ ਕਾਫ਼ੀ ਤਰੱਕੀ ਕਰ ਗਿਆ ਹੈ। ਸਤਿਗੁਰੂ ਜੀ ਨੇ ਲੱਗਭਗ ਜੂਨ 1959 ਈ. ਵਿਚ ਇਕ ਮੀਟਿੰਗ ਨਾਮਧਾਰੀ ਦਰਬਾਰ ਦੇ ਸਿਰ ਕੱਢ ਆਗੂਆਂ ਦੀ ਸ੍ਰੀ ਭੈਣੀ ਸਾਹਿਬ ਬੁਲਾਈ ਸੀ, ਮੈਨੂੰ ਵੀ ਉਸ ਸਮੇਂ ਸਤਿਗੁਰੂ ਜੀ ਦਾ ਦਰਸ਼ਨ ਕਰਨ ਦਾ ਸੁਭਾਗ ਸਮਾਂ ਮਿਲਿਆ ਸੀ।

ਅਕਾਲ ਪੁਰਖ ਦਾ ਭਾਣਾ ਅਟੱਲ ਹੈ ਕੋਈ ਰਿਸ਼ੀ ਮੁਨੀ ਅਵਤਾਰ ਵੀ ਨਹੀਂ ਟਾਲ ਸਕਦੇ। ਉਸਦੇ ਸਾਹਮਣੇ ਲੱਖਾਂ ਤਜਵੀਜ਼ਾਂ ਤੇ ਯਤਨ ਹੇਚ ਹਨ। ਕੁਝ ਸਮੇਂ ਮਗਰੋਂ ਇਹ ਦੁਖਦਾਈ ਖਬਰ ਸੁਣਣ ਵਿਚ ਆਈ ਕਿ ਨਾਮਧਾਰੀ ਪੰਥ ਦੇ ਮਹਿਬੂਬ ਸਤਿਗੁਰੂ ਪਰਤਾਪ ਸਿੰਘ ਜੀ ਮਹਾਰਾਜ ਨਾਮਧਾਰੀਆਂ ਦੀਆਂ ਦੁੱਖ ਤਕਲੀਫਾਂ ਨੂੰ ਆਪਣੇ ਸਰੀਰ ਤੇ ਝਲਦੇ ਹੋਏ 22-23 ਅਗਸਤ 1959 ਈ.* ਨੂੰ ਰਾਤ ਦੇ ਬਾਰਾਂ ਵੱਜੇ ਦੇਹ ਕਰਕੇ ਇਸ ਸੰਸਾਰ ਤੋਂ ਸਦਾ ਲਈ ਵਿਛੋੜਾ ਦੇ ਗਏ।

* 21 ਅਗਸਤ 1959 ਈ. ਦੀ ਰਾਤ—ਸੰਪਾਦਕ

ਸਤਿਗੁਰੂ ਪਰਤਾਪ ਸਿੰਘ ਜੀ ਦਾ ਪੰਜਾਬੀ ਪ੍ਰਤੀ ਪਿਆਰ

—ਜਸਵਿੰਦਰ ਸਿੰਘ, ਐਮ. ਏ.

ਗੱਲ ਅੱਜ ਤੋਂ ਲਗਭਗ ਬਾਰਾਂ ਕੁ ਸਾਲ ਪਹਿਲਾਂ ਦੀ ਹੈ। ਉਦੋਂ ਮੈਂ ਡਿਫੈਂਸ ਮਨਿਸਟਰੀ ਸੈਨਾ ਭਵਨ, ਨਵੀਂ ਦਿੱਲੀ ਵਿਚ ਨੌਕਰੀ ਕਰਦਾ ਸਾਂ। ਨੈਸ਼ਨਲ ਆਰਕਾਈਵਜ਼ ਏਥੋਂ ਨੇੜੇ ਹੀ ਹੈ। ਬੁਧਵਾਰ ਅਤੇ ਸ਼ਨੀਵਾਰ ਸਾਨੂੰ ਦੁਪਹਿਰ ਦੋ ਵਜੇ ਛੁੱਟੀ ਹੋ ਜਾਇਆ ਕਰਦੀ ਸੀ। ਲਿਖਣ ਅਤੇ ਖੋਜ ਦਾ ਸ਼ੌਕ ਮੈਨੂੰ ਵਕਤ ਦਾ ਲਾਭ ਲੈਣ ਲਈ ਪ੍ਰੇਰਦਾ। ਦੁਪਹਿਰ ਨੂੰ ਛੁੱਟੀ ਤੋਂ ਬਾਅਦ ਵਾਪਸ ਘਰ ਨਾ ਜਾ ਕੇ ਮੈਂ ਜਨਪਥ ਰੋਡ ਤੇ ਨੈਸ਼ਨਲ ਆਰਕਾਈਵਜ਼ ਕਾਫ਼ੀ ਸਮਾਂ ਬੈਠਣਾ ਅਤੇ ਪੁਰਾਣੀਆਂ ਫਾਈਲਾਂ ਦਾ ਅਧਿਐਨ ਕਰਨਾ। ਇਤਿਹਾਸ ਵਿਚ ਮੇਰੀ ਰੁਚੀ ਬਚਪਨ ਤੋਂ ਹੀ ਰਹੀ ਹੈ ਅਤੇ ਇਸ 'ਰੁਚੀ' ਨੂੰ ਉਤਸ਼ਾਹ ਦਿੱਤਾ ਮੇਰੇ ਪਿਤਾ ਸਵਰਗਵਾਸੀ ਸ੍ਰ. ਕਿਰਪਾਲ ਸਿੰਘ ਜੀ ਨੇ। ਉਨ੍ਹਾਂ ਨੂੰ ਅਨਪੜ੍ਹ ਹੁੰਦਿਆਂ ਹੋਇਆਂ ਵੀ ਪੰਜਾਬ ਦਾ ਬਹੁਤ ਸਾਰਾ ਇਤਿਹਾਸ ਮੂੰਹ ਜ਼ਬਾਨੀ ਯਾਦ ਸੀ ਅਤੇ ਉਨ੍ਹਾਂ ਨੇ ਹੀ ਮੈਨੂੰ ਇਤਿਹਾਸ ਬਾਰੇ ਖੋਜ ਕਰਨ ਲਈ ਉਤਸਾਹਿਤ ਕੀਤਾ ਸੀ। ਨੈਸ਼ਨਲ ਆਰਕਾਈਵਜ਼ ਜਾਣ ਵਾਸਤੇ ਮੈਂ ਮੁੱਖ ਦਫ਼ਤਰ ਤੋਂ ਆਗਿਆ ਲਈ ਹੋਈ ਸੀ, ਇਸ ਲਈ ਜਦੋਂ ਮੈਨੂੰ ਛੁੱਟੀ ਤੋਂ ਬਾਅਦ ਓਵਰਟਾਈਮ ਲਈ ਦਫ਼ਤਰ ਵਿਚ ਰੁਕਣ ਲਈ ਕਿਹਾ ਜਾਂਦਾ ਤਾਂ ਮੈਂ ਆਪਣੀ ਮਜਬੂਰੀ ਦਸ ਦੇਣੀ। 'ਓਵਰਟਾਈਮ' ਦਾ ਆਰਥਕ ਲਾਭ ਮੇਰੇ ਨੈਸ਼ਨਲ ਆਰਕਾਈਵਜ਼ ਜਾਣ ਦੇ ਸ਼ੌਕ ਨੂੰ ਕਦੇ ਰੋਕ ਨਹੀਂ ਸਕਿਆ।

1977 ਈ. ਵਿਚ ਇਕ ਸਿੱਖ ਨੌਜਵਾਨ ਦੇਸ਼ ਦਾ ਮਹੱਤਵਪੂਰਨ ਇਮਤਿਹਾਨ I. A. S. ਪਾਸ ਕਰਕੇ ਸਾਡੇ ਦਫ਼ਤਰ ਵਿਚ ਗੈਜ਼ਟਡ ਅਫਸਰ ਆਣ ਲੱਗਾ। ਦੇਵਿੰਦਰ ਸਿੰਘ ਸਿਆਲ ਉਸ ਦਾ ਨਾਂ ਸੀ। ਉੱਚੇ ਲੰਮੇ ਕੱਦ ਅਤੇ ਭਰਵੇਂ ਸਰੀਰ ਵਾਲੇ ਇਸ ਨੌਜਵਾਨ ਦੇ ਪਹਿਰਾਵੇ ਤੋਂ ਅਮੀਰੀ ਦੇ ਦਰਸ਼ਨ ਹੁੰਦੇ ਸਨ। ਉਸਦਾ ਪ੍ਰਵਾਰਕ ਪਿਛੋਕੜ ਤਗੜਾ ਸੀ। ਉਸਦੀ ਪਹਿਲੀ ਨਿਯੁਕਤੀ ਸਾਡੇ ਸੈਕਸ਼ਨ ਵਿਚ ਹੋ ਗਈ। ਸੈਕਸ਼ਨ ਵਿਚ ਅਸੀਂ ਤਿੰਨ ਸਿੱਖ ਸਾਂ, ਮੈਂ, ਮੇਰਾ ਪੁਰਾਣਾ ਸਾਥੀ ਸੋਹਨ

ਸਿੰਘ ਧਾਮੀ ਅਤੇ ਨਵਾਂ ਆਇਆ ਅਫਸਰ ਤੇਜਿੰਦਰ ਸਿੰਘ ਸਿਆਲ। ਹਮ ਉਮਰ ਹੋਣ ਕਰਕੇ ਅਸੀਂ ਤਿੰਨੇ ਜ਼ਿਆਦਾਤਰ ਇਕੱਠੇ ਹੀ ਉਠਦੇ ਬੈਠਦੇ ਸਾਂ। ਦੁਪਹਿਰ ਦੇ ਖਾਣੇ ਦੀ ਛੁੱਟੀ ਸਮੇਂ ਵੀ ਇਕੱਠੇ ਬੈਠ ਕੇ ਗੱਲਾਂ ਬਾਤਾਂ ਕਰਦੇ। ਜਦੋਂ ਤੇਜਿੰਦਰ ਸਿੰਘ ਨੂੰ ਮੇਰੇ ਲਿਖਣ ਦੇ ਸ਼ੌਕ ਬਾਰੇ ਪਤਾ ਲੱਗਾ ਤਾਂ ਉਸਨੇ ਪੜ੍ਹਨ ਲਈ ਮੇਰੀ ਕੋਈ ਰਚਨਾ ਮੰਗੀ।

ਉਦੋਂ ਮੇਰੀਆਂ ਦੋ ਰਚਨਾਵਾਂ—'ਇਕ ਪੱਨਾ'-ਇਕ ਹੀਰਾ (ਕਹਾਣੀ) ਅਤੇ 'ਖੰਡੇ ਦਾ ਅੰਮ੍ਰਿਤ' (ਲੇਖ) ਦਿੱਲੀ ਤੋਂ ਛਪਦੇ ਕੌਮੀ ਏਕਤਾ ਸਪਤਾਹਿਕ ਵਿਚ ਛਪ ਚੁਕੀਆਂ ਸਨ ਅਤੇ ਉਨ੍ਹਾਂ ਦੀਆਂ ਕਾਪੀਆਂ ਮੇਰੇ ਦਫ਼ਤਰ ਦੇ ਦਰਾਜ ਵਿਚ ਪਈਆਂ ਹੋਈਆਂ ਸਨ। ਮੈਂ ਬੜੇ ਚਾਅ ਨਾਲ ਦੋਵੇਂ ਲੇਖ ਤੇਜਿੰਦਰ ਸਿੰਘ ਨੂੰ ਦਿੱਤੇ। ਲੇਖ ਪੰਜਾਬੀ ਵਿਚ ਛਪੇ ਹੋਏ ਸਨ। ਉਨ੍ਹਾਂ ਤੇ ਸਰਸਰੀ ਨਜ਼ਰ ਫੇਰਦਿਆਂ ਉਸ ਕਿਹਾ—"ਜਸਵਿੰਦਰ ਜੀ, ਮੈਨੂੰ ਪੰਜਾਬੀ ਪੜ੍ਹਨੀ ਨਹੀਂ ਆਉਂਦੀ, ਤੁਸੀਂ ਪੜ੍ਹ ਕੇ ਸੁਣਾ ਦਿਉ।"

ਗੱਲ ਮਾਮੂਲੀ ਜਿਹੀ ਸੀ, ਪਰ ਮੈਨੂੰ ਗ਼ੈਰ-ਮਾਮੂਲੀ ਪ੍ਰਤੀਤ ਹੋਈ। ਪੜ੍ਹੇ ਲਿਖੇ ਸਿੱਖ ਨੌਜਵਾਨ ਦੀ ਇਹ ਗੱਲ ਸੁਣ ਕੇ ਹੈਰਾਨੀ ਵੀ ਹੋਈ। ਸਰਦਾਰ ਸਾਹਿਬ ਐਮ. ਏ. ਪਾਸ ਸਨ, ਪਿਛੋਕੜ ਵੀ ਸਿੱਖੀ ਵਾਲਾ ਸੀ ਅਤੇ ਘਰ ਦੇ ਵੀ ਸਾਰੇ ਲੋਕ ਪੜ੍ਹੇ ਲਿਖੇ ਸਨ। ਫੇਰ ਕੀ ਗੱਲ ਸੀ ਕਿ ਹਿੰਦੀ ਅਤੇ ਅੰਗਰੇਜ਼ੀ ਚੰਗੀ ਤਰ੍ਹਾਂ ਜਾਨਣ ਵਾਲਾ ਸਿੱਖ ਨੌਜਵਾਨ ਆਪਣੀ ਮਾਂ-ਬੋਲੀ ਪੰਜਾਬੀ ਨਹੀਂ ਸੀ ਪੜ੍ਹਨਾ ਜਾਣਦਾ। ਉਸਦੇ ਪੰਜਾਬੀ ਨਾ ਜਾਨਣ ਤੇ ਮੈਨੂੰ ਧੱਕਾ ਲੱਗਾ। ਭਾਵੇਂ ਮੈਂ ਉਸਨੂੰ ਲੇਖ ਪੜ੍ਹ ਕੇ ਸੁਣਾ ਦਿਤੇ ਪਰ ਮੇਰਾ ਉਸ ਪ੍ਰਤੀ ਉਤਸ਼ਾਹ ਘਟ ਗਿਆ। ਮੈਂ ਕਿਹਾ—ਤੁਸੀਂ ਬਹੁਤ ਪੜ੍ਹੇ ਹੋਏ ਹੋ ਅਤੇ ਚੰਗੀ ਨੌਕਰੀ ਤੇ ਵੀ ਹੋ, ਇਹ ਸਭ ਚੰਗੀਆਂ ਗੱਲਾਂ ਹਨ ਪਰ ਆਪਣੀ ਮਾਤ ਭਾਸ਼ਾ ਤੋਂ ਅਨਜਾਣ ਰਹਿਣਾ ਠੀਕ ਨਹੀਂ ਜਾਪਦਾ। ਮੈਨੂੰ ਤਾਂ ਇੰਝ ਜਾਪਦਾ ਹੈ ਜਿਵੇਂ ਤੁਸੀਂ ਕਦੇ 'ਜਪੁਜੀ' ਅਥਵਾ 'ਰਹਿਰਾਸ' ਦਾ ਪਾਠ ਵੀ ਨਹੀਂ ਕੀਤਾ। ਕਿਰਪਾ ਕਰਕੇ ਤੁਸੀਂ ਆਪਣੇ ਵਿਰਸੇ ਬਾਰੇ ਜਾਣਕਾਰੀ ਰਖਣ ਦੀ ਜ਼ਰੂਰ ਕੋਸ਼ਿਸ਼ ਕਰਨੀ।

* * *

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਕ ਸਮੇਂ ਪੜ੍ਹੇ ਲਿਖੇ ਨੌਜਵਾਨ ਦਾ ਅਨੰਦ ਕਾਰਜ ਕਰਨ ਤੋਂ ਨਾਹ ਕਰ ਦਿੱਤੀ ਸੀ। ਕਾਰਨ! ਉਹ ਨੌਜਵਾਨ ਭਾਵੇਂ ਕਈ ਜਮਾਤਾਂ ਪੜ੍ਹਿਆ ਹੋਇਆ ਸੀ, ਪਰ ਉਸਨੂੰ ਗੁਰਮੁਖੀ ਅੱਖਰ ਪੜ੍ਹਨੇ ਨਹੀਂ ਸਨ ਆਉਂਦੇ।

ਕੌਮਾਂ ਜਦੋਂ ਆਪਣੀ ਬੋਲੀ, ਆਪਣੀ ਸੰਸਕ੍ਰਿਤੀ, ਆਪਣੀ ਵਿਰਾਸਤ ਤੋਂ ਦੂਰ ਹੁੰਦੀਆਂ ਜਾਂਦੀਆਂ ਹਨ, ਉਨ੍ਹਾਂ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਲਈ ਮਾਣ ਕਰਨ ਵਾਲੀ ਗੱਲ ਵੀ ਕਿਹੜੀ ਰਹਿ ਜਾਂਦੀ ਹੈ? ਜੋ ਲੋਕ ਆਪਣੀ ਮਾਤ-ਬੋਲੀ ਤੋਂ ਅਨਜਾਣ ਹੋਣ ਉਹ ਆਪਣੇ ਧਰਮ-ਗ੍ਰੰਥਾਂ ਦੀ ਕਿਵੇਂ ਚੰਗੀ ਤਰ੍ਹਾਂ ਜਾਣਕਾਰੀ ਕਰ ਸਕਣਗੇ, ਕਿਵੇਂ ਉਹ ਮਹਾਂਪੁਰਸ਼ਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕਣਗੇ। ਵਿਰਸੇ ਦੀ ਪਛਾਣ ਅਤੇ ਸੰਭਾਲ ਲਈ ਆਪਣੀ ਮਾਂ-ਬੋਲੀ ਦੀ ਜਾਣਕਾਰੀ ਬਹੁਤ ਜ਼ਰੂਰੀ

ਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਤੇ ਉਸ ਤੋਂ ਬਾਅਦ ਵੀ ਲੋਕਾਂ ਨੇ ਕਿਉਂ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਆਲਿਆਂ ਅਤੇ ਸੰਦੂਕਾਂ ਵਿਚ ਰੱਖ ਦਿੱਤਾ ਹੋਇਆ ਸੀ ? ਕਿਉਂ ਲੋਕ ਧਰਮ ਕਰਮ ਛੱਡ ਮਲੇਛ ਹੁੰਦੇ ਜਾ ਰਹੇ ਸਨ, ਕਿਉਂ ਉਨ੍ਹਾਂ ਦੇ ਮਨਾਂ ਵਿਚੋਂ ਗੁਰੂਆਂ ਦੇ ਉਪਦੇਸ਼ ਵਿਸਰ ਗਏ ਸਨ ? ਗੱਲ ਸਾਫ਼ ਹੈ, ਸਾਲਾਂ ਬਧੀ ਲੜਾਈਆਂ ਝਗੜਿਆਂ ਅਤੇ ਜਦੋਜਹਿਦ ਕਰਨ ਤੋਂ ਬਾਅਦ ਸਿੱਖਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਚੈਨ ਨਸੀਬ ਹੋਇਆ ਸੀ। ਲੋਕ ਨਿਤਨੇਮ, ਧਰਮ-ਕਰਮ, ਪੜ੍ਹਨਾ ਲਿਖਣਾ ਤੱਜ ਕੇ ਅਵੇਸਲੇ ਹੋ ਗਏ ਸਨ। ਐਸੇ ਸਮੇਂ ਜਦੋਂ ਪੜ੍ਹਨਾ ਲਿਖਣਾ ਹੀ ਕਿਸੇ-ਕਿਸੇ ਨੂੰ ਆਉਂਦਾ ਹੋਵੇ, ਧਰਮ ਗ੍ਰੰਥਾਂ ਨੂੰ ਸੰਤੋਖ ਕੇ ਸਾਂਭ ਦੇਣਾ ਕੁਦਰਤੀ ਗੱਲ ਸੀ। ਉਸ ਸਮੇਂ ਗੁਰੂ ਰਾਮ ਸਿੰਘ ਜੀ ਨੇ ਲੋਕਾਂ ਵਿਚ ਜਾਗ੍ਰਤੀ ਲਿਆਂਦੀ ਅਤੇ ਆਪ ਥਾਂ-ਥਾਂ ਜਾ ਪ੍ਰਚਾਰ ਕਰਦੇ ਹੋਇਆਂ ਆਲਿਆਂ ਅਤੇ ਸੰਦੂਕਾਂ ਵਿਚੋਂ ਸਿਓਂਕ ਲੱਗੀਆਂ, ਘੱਟੇ ਮਿੱਟੀ ਨਾਲ ਭਰੀਆਂ ਸ੍ਰੀ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਕੱਢਵਾ ਕੇ, ਸਤਿਕਾਰ ਨਾਲ ਸਾਫ ਕਰਕੇ ਸਤਿਕਾਰ ਕਰਵਾਇਆ ਅਤੇ ਲੋਕਾਂ ਨੂੰ ਗੁਰਬਾਣੀ ਪੜ੍ਹਨ ਦੀ ਪ੍ਰੇਰਨਾ ਦਿੱਤੀ। ਥਾਂ-ਥਾਂ ਗੁਰਮੁਖੀ ਪੜ੍ਹਨ ਸਿਖਣ ਦਾ ਪ੍ਰਚਾਰ ਕੀਤਾ ਤਾਂ ਜੋ ਲੋਕ ਨਿਤਨੇਮ-ਪਾਠ ਕਰ ਸਕਣ। ਰੰਗੂਨ (ਬਰਮਾ) ਤੋਂ ਨਜ਼ਰਬੰਦੀ ਦੌਰਾਨ ਲਿਖੇ ਹੁਕਮਨਾਮਿਆਂ ਵਿਚ ਬਾਰ-ਬਾਰ ਗੁਰਮੁਖੀ ਸਿਖਣ-ਪੜ੍ਹਨ ਦਾ ਸਤਿਗੁਰਾਂ ਹੁਕਮ ਕੀਤਾ ਹੈ। ਅਨੇਕਾਂ ਵਾਰ ਬੱਚਿਆਂ-ਬਾਲਿਆਂ ਬਜ਼ੁਰਗਾਂ, ਮਾਈ ਬੀਬੀ ਨੂੰ ਗੁਰਮੁਖੀ ਅੱਖਰ ਪੜ੍ਹਨ ਦੀ ਤਾਕੀਦ ਕੀਤੀ। ਇਸ ਦਾ ਅਸਰ ਇਹ ਹੋਇਆ ਕਿ ਨਾਮਧਾਰੀ ਸਿੱਖ ਗੁਰਮੁਖੀ ਪੜ੍ਹ ਅਖੰਡ ਪਾਠ ਅਤੇ ਨਿਤਨੇਮ ਕਰਨ ਦੇ ਸਮਰਥ ਹੋ ਗਏ।

ਇਸ ਗੱਲ ਨੂੰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਹੋਰ ਵੀ ਅੱਗੇ ਤਕ ਪਹੁੰਚਾਇਆ। ਸਤਿਗੁਰੂ ਜੀ ਨੇ ਸਭ ਨਾਮਧਾਰੀ ਸਿੱਖਾਂ ਨੂੰ ਹੁਕਮ ਸੁਣਾ ਦਿੱਤਾ ਕਿ ਹਰ ਲੜਕੇ-ਲੜਕੀ ਨੂੰ ਗੁਰਮੁਖੀ ਅੱਖਰ ਪੜ੍ਹਨੇ ਆਉਣੇ ਚਾਹੀਦੇ ਹਨ। ਜੋ ਗੁਰਮੁਖੀ ਪੜ੍ਹਨਾ ਨਹੀਂ ਜਾਣਦਾ, ਉਸਦਾ ਅਨੰਦ ਕਾਰਜ ਨਹੀਂ ਕੀਤਾ ਜਾਵੇਗਾ। ਇਸ ਲਈ ਅਨੰਦ ਕਾਰਜ ਤੋਂ ਪਹਿਲਾਂ ਹਰ ਲੜਕੇ-ਲੜਕੀ ਤੋਂ ਪਤਾ ਕੀਤਾ ਜਾਂਦਾ ਕਿ ਉਸਨੂੰ ਗੁਰਮੁਖੀ ਪੜ੍ਹਨੀ ਆਉਂਦੀ ਹੈ ? ਤਾਂ ਅਨੰਦ ਕਾਰਜ ਕਰਨ ਦੀ ਆਗਿਆ ਸਤਿਗੁਰਾਂ ਪਾਸੋਂ ਮਿਲਦੀ। ਇਸ ਤਰ੍ਹਾਂ ਸ਼ਾਇਦ ਹੀ ਕਿਸੇ ਹੋਰ ਸੰਸਥਾ ਵਿਚ ਹੁੰਦਾ ਹੋਵੇ। ਇਹੋ ਹੀ ਕਾਰਨ ਸੀ ਕਿ ਸਤਿਗੁਰੂ ਪਰਤਾਪ ਸਿੰਘ ਜੀ ਨੇ ਉਸ ਨੌ-ਜਵਾਨ ਦਾ ਅਨੰਦ ਕਾਰਜ ਕਰਨ ਤੋਂ ਰੋਕ ਦਿੱਤਾ ਸੀ ਜੋ ਗੁਰਮੁਖੀ ਨਹੀਂ ਸੀ ਜਾਣਦਾ।

ਇਹ ਕ੍ਰਾਂਤੀਕਾਰੀ ਕਦਮ ਸੀ ਸਤਿਗੁਰਾਂ ਦਾ। ਕਈ ਲਾਭ ਵੀ ਸਨ ਇਸਦੇ। ਇਕ ਤਾਂ ਅਨੰਦ ਕਾਰਜਾਂ ਵੇਲੇ ਗੁਰਮੁਖੀ ਜਾਣਨਾ ਲਾਜ਼ਮੀ ਹੋਣ ਕਰਕੇ ਅਨਪੜ੍ਹਤਾ ਖਤਮ ਹੁੰਦੀ ਗਈ ਦੂਸਰੇ, ਘਰਾਂ ਵਿਚ ਚਿੱਠੀ-ਪੱਤਰ ਕਰਨਾ, ਧਰਮ ਗ੍ਰੰਥਾਂ ਦਾ ਪਾਠ ਕਰਨਾ ਸੌਖਾ ਹੋ ਗਿਆ।

* * *

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਪੰਜਾਬੀ ਨਾਲ ਅਥਾਹ ਪਿਆਰ ਸੀ।

ਆਪ ਜੀ ਪੰਜਾਬੀ ਨੂੰ ਵਧਦੇ ਫੂਲਦੇ ਦੇਖਣਾ ਚਾਹੁੰਦੇ ਸਨ। ਪੰਜਾਬੀ ਸਾਡੀ ਸਾਂਝੀ ਵਿਰਾਸਤ ਦੀ ਅਹਿਮ ਕੜੀ ਵੀ ਹੈ। ਇਸ ਲਈ ਸਤਿਗੁਰੂ ਜੀ ਜਿਥੇ ਵੀ ਜਾਂਦੇ, ਪੰਜਾਬੀ ਦੀ ਤਰੱਕੀ ਬਾਰੇ ਜ਼ਰੂਰ ਲੋਕਾਂ ਨੂੰ ਉਪਦੇਸ਼ ਦਿੰਦੇ। ਗੋਰਿਆਂ ਦੀ ਕੁਟਲ ਨੀਤੀ ਕਰਕੇ ਸਿੱਖਾਂ ਵਿਚ ਮਤਭੇਦ ਵਧਦੇ ਜਾ ਰਹੇ ਸਨ। ਆਪਸ ਵਿਚ ਪ੍ਰੇਮ ਪਿਆਰ ਕਰਨ ਅਤੇ ਭਾਈਚਾਰਾ ਮਜ਼ਬੂਤ ਕਰਨ ਹਿੱਤ ਸਤਿਗੁਰੂ ਪਰਤਾਪ ਸਿੰਘ ਜੀ ਨੇ 1934 ਈ. ਵਿਚ ਸ੍ਰੀ ਭੈਣੀ ਸਾਹਿਬ "ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ" ਕਰਵਾਈ ਜਿਸ ਵਿਚ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੇ ਲਗਭਗ ਸਾਰੇ ਪ੍ਰਮੁਖ ਮਹਾਂਪੁਰਸ਼/ਨੇਤਾ ਇਕੱਠੇ ਹੋਏ। ਮੈਂ ਏਥੇ ਇਸ ਦੀ ਵਿਆਖਿਆ ਵਿਚ ਨਹੀਂ ਜਾਣਾ। ਜਾਣਕਾਰੀ ਦੇ ਚਾਹਵਾਨ ਪਾਠਕ ਜੱਸ ਜੀਵਨ (ਹਿੱਸਾ-ਦੂਸਰਾ) ਦੇ ਪੰਨਾ 334-45 ਪੜ੍ਹ ਸਕਦੇ ਹਨ। ਏਥੇ ਸਿਰਫ ਇੰਨਾ ਹੀ ਦਸਣਾ ਹੈ ਕਿ ਸਾਰਿਆਂ ਨੇ ਰਲ ਕੇ ਕਈ ਥਾਈਂ ਇਸ ਤਰ੍ਹਾਂ ਦੀਆਂ ਕਾਨਫਰੰਸਾਂ ਕਰਵਾਈਆਂ। ਇਨ੍ਹਾਂ ਕਾਨਫਰੰਸਾਂ ਵਿਚ ਆਪਸੀ ਭਾਈਚਾਰੇ ਦੇ ਨਾਲ ਨਾਲ ਪੰਜਾਬੀ ਦੀ ਤਰੱਕੀ ਲਈ ਵੀ ਵਿਚਾਰਾਂ ਹੁੰਦੀਆਂ ਰਹਿੰਦੀਆਂ। ਇਸੇ ਤਰ੍ਹਾਂ ਸਤਿਗੁਰਾਂ 'ਪੰਜਾਬੀ ਸੰਮੇਲਨ' ਵੀ ਕਰਵਾਏ।

6 ਸਤੰਬਰ 1942 ਈ. ਨੂੰ ਸ਼ਿਮਲੇ ਵਿਚ ਸ੍ਰੀ ਸਤਿਗੁਰੂ ਜੀ ਨੇ ਪੰਜਾਬੀ ਸੰਮੇਲਨ ਕਰਵਾਇਆ। ਵੱਡੀ ਗਿਣਤੀ ਵਿਚ ਵਿਦਵਾਨਾਂ ਨੇ ਹਾਜ਼ਰ ਹੋ ਕੇ ਵਿਚਾਰ ਵਟਾਂਦਰੇ ਕੀਤੇ। ਸ਼ਾਮਲ ਹੋਣ ਵਾਲਿਆਂ ਵਿਚ ਸਰਦਾਰ ਬਹਾਦਰ ਮੁਕੰਦ ਸਿੰਘ, ਪ੍ਰੋ. ਗੰਗਾ ਸਿੰਘ, ਸੰਤ ਇੰਦਰ ਸਿੰਘ ਚਕਰਵਰਤੀ, ਸ੍ਰ. ਕਿਰਪਾਲ ਸਿੰਘ ਮਜੀਠਾ, ਗਿਆਨੀ ਕਰਤਾਰ ਸਿੰਘ, ਬੀਬੀ ਗੁਰਬਖਸ਼ ਕੌਰ ਐਮ. ਏ., ਸ੍ਰ. ਉਮਰਾਓ ਸਿੰਘ ਮਜੀਠਾ, ਕਰਤਾਰ ਸਿੰਘ ਦੀਵਾਨਾ, ਲਾਲਾ ਖੁਸ਼ਹਾਲ ਚੰਦ ਖੁਰਸੰਦ ਮਾਲਕ ਮਿਲਾਪ ਅਖਬਾਰ ਆਦਿ ਬਹੁਤ ਸਾਰੇ ਪਤਵੰਤੇ ਸਨ। ਭਾਈ ਅਰਜਨ ਸਿੰਘ ਜੀ ਬਾਗੜੀਆਂ ਪ੍ਰਧਾਨ ਚੁਣੇ ਗਏ। ਸਟੇਜ ਸਕੱਤ੍ਰ ਦੀ ਸੇਵਾ ਪ੍ਰੋ. ਅਬਦੁਲ ਮਜੀਦ, ਸੈਕਟਰੀ ਆਲ ਇੰਡੀਆ ਪੰਜਾਬੀ ਐਸੋਸੀਏਸ਼ਨ ਨੇ ਨਿਭਾਈ।

ਲੋਕਾਂ ਦੇ ਇਕੱਠ ਦੀ ਇਕਸੁਰਤਾ ਏਨੀ ਸੀ ਕਿ ਸ਼ਾਮ ਨੂੰ ਪੰਜ ਘੰਟੇ ਕਵੀ ਦਰਬਾਰ ਹੁੰਦਾ ਰਿਹਾ, ਪਰ ਕਿਸੇ ਦਾ ਉਠਣ ਨੂੰ ਜੀਅ ਹੀ ਨਾ ਕਰੇ। ਕੁਝ ਉੱਘੇ ਕਵੀ ਵੀ ਜਾਣ ਲਓ—ਕਵੀ ਫਕੀਰ, ਆਜ਼ਾਦ, ਸ਼ਰਫ, ਹਰਭਜਨ ਸਿੰਘ 'ਰਤਨ', ਲਾਲਾ ਸੁੰਦਰ ਦਾਸ, ਕਰਤਾਰ ਸਿੰਘ ਬਲੱਗਣ, ਬਾਬੂ ਹਮਦਰਦ...ਹੁਣ ਬਸ, ਨਾਂ ਭਾਵੇਂ ਹੋਰ ਵੀ ਹਨ, ਕਿਤੇ ਪਾਠਕ ਪੜ੍ਹਦੇ ਥੱਕ ਨਾ ਜਾਣ। ਸ੍ਰੀ ਸਤਿਗੁਰੂ ਜੀ ਦੇ ਉੱਦਮ ਅਤੇ ਕਿਰਪਾ ਨਾਲ ਹੀ ਇਹ ਪੰਜਾਬੀ ਸੰਮੇਲਨ ਸ਼ਾਨਦਾਰ ਢੰਗ ਨਾਲ ਸੰਪੂਰਨ ਹੋਇਆ। ਉਸ ਵਕਤ, 1942 ਈ. ਵਿਚ, ਜੋ ਮਤੇ ਪਾਸ ਹੋਏ ਉਨ੍ਹਾਂ ਵਿਚੋਂ ਕੁਝ ਇਹ ਸਨ :—

—ਦਿੱਲੀਉਂ ਅਤੇ ਲਾਹੌਰੋਂ ਪੰਜਾਬੀ ਪੂਰੀ ਥਾਂ ਦੇ, ਰੇਡੀਓ ਤੇ ਬੋਲੀ ਜਾਵੇ।

—ਸਰਕਾਰ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਵਿਚ ਉੱਚੀਆਂ ਬੋਲੀਆਂ ਵਿਚ ਪੰਜਾਬੀ ਬੋਲੀ ਨੂੰ ਵੀ ਮਾਨ ਦੇਵੇ।

—ਸਰਕਾਰ ਐਸੇ ਅਫਸਰ ਚੁਣੇ ਜੋ ਪੰਜਾਬੀ ਨੂੰ ਪੂਰਾ ਸਤਿਕਾਰ ਦੇਣ।

ਇਥੇ ਹੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਆਉਂਦੇ ਦੁਸਹਿਰੇ ਤੇ ਸ੍ਰੀ ਭੈਣੀ ਸਾਹਿਬ 'ਪੰਜਾਬੀ ਕਾਨਫਰੰਸ' ਹੋਵੇਗੀ ਜਿਸ ਵਿਚ ਸਾਰੇ ਵਿਦਵਾਨ ਦਰਸ਼ਨ ਦੇਣ ।

* * *

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਜਾਬੀ ਸੰਮੇਲਨ ਇਸ ਲਈ ਅਰੰਭੇ ਸਨ ਕਿ ਗੋਰਿਆਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਪੰਜਾਬੀ ਸਿੱਖਾਂ ਦੀ ਬੋਲੀ ਹੈ, ਇਸ ਜ਼ਹਿਰ ਨੂੰ ਫੈਲਣ ਤੋਂ ਰੋਕਿਆ ਜਾਵੇ ਅਤੇ ਪੰਜਾਬੀ ਦੀ ਤਰੱਕੀ ਵੀ ਹੋ ਸਕੇ । ਕੁਝ ਹੱਦ ਤਕ ਅੰਗਰੇਜ਼ ਇਹ ਬੋਲੀ ਦਾ ਜ਼ਹਿਰ ਫੈਲਾਉਣ ਵਿਚ ਕਾਮਯਾਬ ਵੀ ਹੋ ਗਏ । 'ਸ਼ਰਫ' ਜੀ ਪੰਜਾਬੀ ਬੁਲਬੁਲ ਨੂੰ ਕਈ ਮੁਸਲਮਾਨਾਂ ਤੰਗ ਵੀ ਕੀਤਾ ਸੀ ਕਿ ਤੂੰ ਪੰਜਾਬੀ ਵਾਸਤੇ ਇੰਨਾ ਜ਼ੋਰ ਕਿਉਂ ਲਾਉਨਾ ਹੈ ਕਿਉਂਕਿ ਇਹ ਸਿੱਖਾਂ ਦੀ ਬੋਲੀ ਹੈ । 'ਸ਼ਰਫ' ਦਾ ਉੱਤਰ ਸੀ ਕਿ ਪੰਜਾਬੀ ਮੇਰੀ ਮਾਤ ਬੋਲੀ ਹੈ, ਮੈਂ ਆਪਣਾ ਧਰਮ ਨਿਭਾਨਾਂ ਹਾਂ ।

ਸ੍ਰੀ ਭੈਣੀ ਸਾਹਿਬ ਪੰਜਾਬੀ ਕਾਨਫਰੰਸ ਵਿਚ ਲਗਭਗ ਪੰਜਾਹ ਹਜ਼ਾਰ ਦੀ ਹਾਜ਼ਰੀ ਸੀ । ਪੰਜਾਬੀ ਪ੍ਰਤੀ ਲੋਕਾਂ ਦਾ ਉਤਸ਼ਾਹ ਠਾਠਾਂ ਮਾਰ ਰਿਹਾ ਸੀ । ਸ੍ਰ. ਬਲਦੇਵ ਸਿੰਘ, ਵਜ਼ੀਰ ਮਹਿਕਮਾ ਤਰੱਕੀਆਤ ਪੰਜਾਬ, ਪੰਜਾਬੀ ਕਾਨਫਰੰਸ ਦੇ ਪ੍ਰਧਾਨ ਬਣੇ । ਆਏ ਉੱਘੇ ਵਿਦਵਾਨਾਂ ਵਿਚ ਭਾਈ ਅਰਜਨ ਸਿੰਘ ਜੀ ਬਾਗੜੀਆ, ਪ੍ਰਿੰਸੀਪਲ ਜੋਧ ਸਿੰਘ, ਬਾਬਾ ਗੁਰਮੁਖ ਸਿੰਘ ਜੀ ਅੰਮ੍ਰਿਤਸਰੀ, ਗਿਆਨੀ ਤੇਜਾ ਸਿੰਘ ਜੀ, ਪ੍ਰਿੰਸੀਪਲ ਗੰਗਾ ਸਿੰਘ, ਮਹੰਤ ਸੁੰਦਰ ਦਾਸ, ਪ੍ਰੋ. ਅਬਦੁਲ ਮਜੀਦ, ਲਾਲਾ ਧਨੀ ਰਾਮ ਚਾਤ੍ਰਿਕ, ਸ੍ਰੀ ਰਣਬੀਰ ਜੀ ਅਤੇ ਹੋਰ ਅਨੇਕਾਂ ਪ੍ਰੋਫੈਸਰ, ਅਖਬਾਰਾਂ ਦੇ ਐਡੀਟਰ ਅਤੇ ਪਤਵੰਤੇ ਸ਼ਾਮਲ ਹੋਏ । ਕੁਝ ਤਕਰੀਰਾਂ ਬਾਅਦ ਮਤਾ ਪਾਸ ਹੋਇਆ ਕਿ ਪੰਜਾਬੀ ਸਕੂਲਾਂ, ਕਾਲਜਾਂ ਵਿਚ ਪੜ੍ਹਾਈ ਜਾਵੇ । ਕਚਹਿਰੀਆਂ ਵਿਚ ਪੰਜਾਬੀ ਲਿਖੀ ਜਾਵੇ ਅਤੇ ਪੰਜਾਬ ਵਿਚ ਰੇਡੀਓ ਤੇ ਬਹੁਤੀ ਪੰਜਾਬੀ ਹੀ ਬੋਲੀ ਜਾਵੇ ।

ਇਸ ਤਰ੍ਹਾਂ ਲੋਕਾਂ ਵਿਚ ਉਤਸ਼ਾਹ ਵਧਣ ਲੱਗ ਪਿਆ ਅਤੇ ਕਈ ਥਾਈਂ ਪੰਜਾਬੀ ਕਾਨਫਰੰਸਾਂ ਕੀਤੀਆਂ ਗਈਆਂ । ਨਵੰਬਰ 1943 ਵਿਚ ਲਾਹੌਰ ਮਿੰਟੋ ਪਾਰਕ ਵਿਖੇ 'ਸਰਬ ਹਿੰਦ ਪੰਜਾਬੀ ਕਾਨਫਰੰਸ' ਵਿਚ ਸਤਿਗੁਰੂ ਜੀ ਉਚੇਚੇ ਪਹੁੰਚ ਉਸ ਨੂੰ ਸਫਲ ਬਣਾਇਆ । ਇਹ ਪੰਜਾਬੀ ਕਾਨਫਰੰਸ ਸੰਤ ਆਤਮਾ ਸਿੰਘ ਨਾਮਧਾਰੀ ਹੋਰਾਂ ਕਰਵਾਈ ਸੀ ।

ਗੱਲ ਕੀ—ਸਤਿਗੁਰੂ ਜੀ ਦਾ ਪੰਜਾਬੀ ਪ੍ਰਤੀ ਪਿਆਰ ਕਿਸੇ ਤੋਂ ਲੁਕਿਆ ਨਹੀਂ ਸੀ । ਅਗਰ ਕਿਤੇ ਪੰਜਾਬੀ ਲੇਖਕ ਕਾਨਫਰੰਸ ਵਿਚ ਵਧੀਆ ਪੰਜਾਬੀ ਪ੍ਰੈੱਸ ਦੀ ਘਾਟ ਮਹਿਸੂਸ ਕੀਤੀ ਗਈ, ਸਤਿਗੁਰੂ ਪਰਤਾਪ ਸਿੰਘ ਜੀ ਨੇ ਤੁਰੰਤ 5000/-ਰੁਪੈ ਦੀ ਪੇਸ਼ਕਸ਼ ਕਰ ਦਿੱਤੀ । ਉਸ ਸਮੇਂ ਇਹ ਵੀ ਵੱਡੀ ਰਕਮ ਹੁੰਦੀ ਸੀ । ਸਾਹਿਤਕਾਰਾਂ, ਵਿਦਵਾਨਾਂ, ਕਵੀਆਂ ਨੂੰ ਸਨਮਾਨ ਅਤੇ ਮਾਲੀ ਸਹਾਇਤਾ ਵੀ ਸਤਿਗੁਰੂ ਜੀ ਕਰਦੇ ਰਹੇ ।

ਹੁਣ ਮੈਂ ਲੇਖ ਨੂੰ ਸਮਾਪਤ ਕਰਨ ਵੱਲ ਆਉਂਦਾ ਹਾਂ ਕਿਉਂਜੁ ਇਹ ਕਾਫੀ ਲੰਮਾ ਹੋ ਗਿਆ ਹੈ । ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਪੰਜਾਬੀ ਨੂੰ ਉਹ ਥਾਂ ਨਹੀਂ

ਮਿਲੀ, ਉਹ ਸਨਮਾਨ ਨਹੀਂ ਮਿਲਿਆ ਜਿਸਦੀ ਉਹ ਹੱਕਦਾਰ ਹੈ। ਪੰਜਾਬੀ ਵਰਗੀ ਮਿੱਠੀ ਬੋਲੀ ਕਈਆਂ ਨੂੰ ਰੜਕਦੀ ਰਹੀ। ਇਕ ਵਰਗ ਵਿਸ਼ੇਸ਼ ਦੀ ਬੋਲੀ ਦਸ ਕੇ ਇਸ ਦੇ ਵਿਕਾਸ ਨੂੰ ਮੱਠਾ ਕੀਤਾ ਗਿਆ। ਕਿਸਨੇ—? ਇੰਝ ਕਰਨ ਵਾਲੇ ਵੀ ਆਪਣੇ ਹੀ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੀ ਗੱਲ ਏਥੇ ਯਾਦ ਆਉਂਦੀ ਹੈ ਕਿ ਪੰਜਾਬੀ ਨੂੰ ਵਰਗ ਵਿਸ਼ੇਸ਼ ਦੀ ਬੋਲੀ ਕਰਾਰ ਦੇਣ ਦਾ ਹੋਕਾ ਅੰਗਰੇਜ਼ ਨੇ ਦਿੱਤਾ। ਸਾਡਾ ਸਮਾਜ ਇਸ ਸੌੜੀ ਨੀਤੀ ਦਾ ਸ਼ਿਕਾਰ ਹੋ ਗਿਆ।

ਸਾਨੂੰ ਹੁਣ ਏਸ ਅਸਰ ਤੋਂ ਮੁਕਤ ਹੋਣਾ ਚਾਹੀਦਾ ਹੈ। ਬਹੁਤ ਸਾਰੀਆਂ ਜਥੇਬੰਦੀਆਂ, ਸੰਸਥਾਵਾਂ ਅਤੇ ਅਕਾਦਮੀਆਂ ਪੰਜਾਬੀ ਦੇ ਵਿਕਾਸ ਅਤੇ ਪ੍ਰਚਾਰ ਦਾ ਕੰਮ ਕਰ ਰਹੀਆਂ ਹਨ। ਪਰ ਪੰਜਾਬੀ ਪ੍ਰਤੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਿਆਰ ਨੂੰ ਭੁਲਾਇਆ ਨਹੀਂ ਜਾ ਸਕਦਾ।

ਲੋਕ-ਹਿਤੂ ਤੇ ਸੁਧਾਰਵਾਦੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

—ਨਿਰੰਜਨ ਸਿੰਘ ਜਯੋਤੀ

ਐਸੇ ਵੇਲੇ ਅਸੀਂ ਵੀਹਵੀਂ ਸਦੀ ਦੇ ਸਮੇਂ ਵਿਚੋਂ ਗੁਜਰ ਰਹੇ ਹਾਂ ਅਤੇ ਇਸਦੇ ਅਖੀਰਲੇ ਦਹਾਕੇ ਤੇ ਪਹੁੰਚੇ ਹੋਏ ਹਾਂ। ਇਸ ਸਮੇਂ ਵਿਚ ਸਾਰੀ ਦੁਨੀਆਂ ਉਤੇ ਲੋਕਾਂ ਦੇ ਹਿਤਾਂ, ਬਿਹਤਰੀ ਤੇ ਲਾਭਾਂ ਲਈ ਬਹੁਤ ਕੰਮ ਹੋਏ ਹਨ। ਰਾਜੇ, ਮਹਾਰਾਜੇ ਤੇ ਬਾਦਸ਼ਾਹਾਂ ਦੀਆਂ ਸਰਕਾਰਾਂ ਟੁੱਟੀਆਂ ਹਨ ਤੇ ਲੋਕ-ਸਰਕਾਰਾ ਬਣੀਆਂ ਹਨ, ਜਿਨ੍ਹਾਂ ਦਾ ਮਕਸਦ ਹੀ ਇਹ ਹੈ ਕਿ ਲੋਕ-ਸਰਕਾਰ ਲੋਕ-ਹਿਤਾ ਲਈ ਜੀਵੇਗੀ ਤੇ ਲੋਕ-ਹਿਤਾਂ ਲਈ ਜਤਨਸ਼ੀਲ ਰਹੇਗੀ।

ਵੈਸੇ ਤਾਂ ਆਦਿ ਕਾਲ ਤੋਂ ਹੀ ਐਸੇ ਮਹਾਂਪੁਰਸ਼ ਦੁਨੀਆਂ ਵਿਚ ਆਏ ਹਨ ਜਿਨ੍ਹਾਂ ਨੇ ਲੋਕ-ਹਿਤਾਂ ਜਾਂ ਲਾਭਾਂ ਲਈ ਕਾਫ਼ੀ ਕੰਮ ਕੀਤੇ ਸਨ ਤੇ ਆਪਣੀਆਂ ਜਾਨਾਂ ਤਕ ਨੂੰ ਲੋਕ ਹਿਤਾਂ ਲਈ ਲਾ ਦਿੱਤਾ। ਉਹਨਾਂ ਦੇ ਨਾਂ ਇਤਿਹਾਸ ਵਿਚ ਰੋਸ਼ਨ ਹਨ। ਸੋ ਜਿਹੜੇ ਮਹਾਨਭਾਵ ਲੋਕਾਂ ਦੇ ਭਲੇ ਲਈ ਕੁਝ ਕਰਦੇ ਹਨ ਉਹ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ। ਲੋਕ ਉਹਨਾਂ ਨੂੰ ਆਪਣੀਆਂ ਪਲਕਾਂ ਤੇ ਬਿਠਾਉਂਦੇ ਹਨ। ਏਸੇ ਤਰ੍ਹਾਂ ਹੀ ਵੀਹਵੀਂ ਸਦੀ ਦੇ ਲੰਮੇ ਸਮੇਂ ਵਿਚ ਲੋਕਾਂ ਸੰਬੰਧੀ ਸਾਰੀ ਦੁਨੀਆਂ ਤੇ ਬਹੁਤ ਕਾਰਜ ਹੋਏ ਹਨ ਜਿਸ ਕਰਕੇ ਵੀਹਵੀਂ ਸਦੀ ਨੂੰ ਲੋਕਾਂ ਦਾ ਜ਼ਮਾਨਾ ਕਿਹਾ ਜਾਂਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦਾ ਕਾਰਜ-ਖੇਤਰ ਵੀ ਵੀਹਵੀਂ ਸਦੀ ਦੇ ਪਹਿਲੇ ਉਨਾਹਠ ਸਾਲ ਹੀ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦਾ ਸ਼ੁਭ ਆਗਮਨ 1890 ਈ. ਵਿਚ ਹੋਇਆ। ਉਸ ਸਮੇਂ ਨਾਮਧਾਰੀ ਸਮਾਜ ਅੰਗਰੇਜ਼ ਦੀਆਂ ਬੜੀਆਂ ਪਕੜਾਂ ਤੇ ਜਕੜਾਂ ਵਿਚ ਸੀ। ਸਤਿਗੁਰੂ ਹਰੀ ਸਿੰਘ ਜੀ ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹੋਏ ਆਪਣਾ ਸਮਾਂ ਸ਼ਾਂਤਮਈ ਨਾਲ ਬਤੀਤ ਕਰਦੇ ਰਹੇ। ਅਖੀਰ 1906 ਈ. ਵਿਚ ਆਪ ਆਪਣੇ ਸਰੀਰ ਦਾ ਉਹਲਾ ਕਰ ਗਏ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨਾਮਧਾਰੀ ਸਮਾਜ ਦੇ ਮੰਚ ਉਤੇ ਰੂਪਮਾਨ ਹੋਏ। ਵੀਹਵੀਂ ਸਦੀ ਦੇ ਆਰੰਭ ਹੋਣ ਨਾਲ ਇਸ ਦੇ ਆਰੰਭਕ ਸਾਲਾਂ

ਵਿਚ ਹੀ ਹਜ਼ੂਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮਾਜਕ ਜੀਵਨ ਦਾ ਆਰੰਭ ਹੋਇਆ। ਆਪ ਦੇ ਸਾਹਮਣੇ ਔਕੜਾਂ, ਦੁਸ਼ਵਾਰੀਆਂ, ਕਠਿਨਾਈਆਂ ਬਹੁਤ ਸਨ ਨਾਲ ਹੀ ਹਕੂਮਤ ਦੀ ਕਰੜੀ ਨਜ਼ਰ ਵੀ ਇਹਨਾਂ ਤੇ ਸੀ। ਆਪ ਸਨ ਗੁਣਵਾਨ, ਸੁਦ੍ਰਿੜ੍ਹ ਤੇ ਨੀਤੀਵਾਨ। ਵੀਹਵੀਂ ਸਦੀ ਆਪਣੇ ਕਦਮ ਅੱਗੇ ਰਖਦੀ ਗਈ ਤੇ ਆਪਣਾ ਸਫ਼ਰ ਤੈਅ ਕਰਦੀ ਗਈ। ਇਸ ਗੁਜ਼ਰ ਰਹੇ ਸਮੇਂ ਨਾਲ ਹੀ ਸਤਿਗੁਰੂ ਪਰਤਾਪ ਸਿੰਘ ਜੀ ਵੀ ਸਦੀ ਦੇ ਕਦਮਾਂ ਨਾਲ ਕਦਮ ਮਿਲਾਉਂਦੇ ਸੁਦ੍ਰਿੜ੍ਹਤਾ ਨਾਲ ਅੱਗੇ ਵਧਦੇ ਗਏ ਤੇ ਨਾਮਧਾਰੀ ਦਿਲਾਂ ਦੇ ਸਮਰਾਟ ਬਣ ਗਏ। ਸੰਗਤ ਉਹਨਾਂ ਦੇ ਚਰਨਾਂ ਥੱਲੇ ਆਪਾ ਵਿਛਾਉਂਦੀ ਸੀ ਤੇ ਉਹਨਾਂ ਦੇ ਹਰ ਹੁਕਮ ਨੂੰ ਰੱਬੀ ਕਲਾਮ ਸਮਝਦੀ ਹੋਈ ਸੀਸ ਝੁਕਾਉਂਦੀ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਨਿਰੇ ਸਤਿਗੁਰੂ ਹੀ ਨਹੀਂ ਸਨ। ਆਪ ਸਿਆਣੇ ਰਹਿਨੁਮਾ, ਸਯੋਗ ਨੀਤੀਵਾਨ, ਮਹਾਨ ਸਮਾਜ ਸੁਧਾਰਕ ਤੇ ਲੋਕ-ਹਿਤੂ ਵੀ ਸਨ। ਆਪ ਨਾਮਧਾਰੀ ਪੰਥ ਦੇ ਮਾਲਿਕ ਸਨ। ਪੰਥ ਦਾ ਬੱਚਾ ਬੱਚਾ ਤੇ ਹਰ ਪਰਿਵਾਰ ਉਹਨਾਂ ਦੀ ਨਜ਼ਰ ਵਿਚ ਸੀ। ਉਹਨਾਂ ਨੂੰ ਪਤਾ ਸੀ ਕਿ ਕੌਣ ਕੀ ਕਮਾਉਂਦਾ ਹੈ ਤੇ ਕੀ ਗਵਾਉਂਦਾ ਹੈ। ਕਿਵੇਂ ਕਿਸੇ ਦਾ ਗੁਜ਼ਾਰਾ ਚਲਦਾ ਹੈ, ਸੌਖ ਨਾਲ ਕਿ ਔਖ ਨਾਲ। ਸਮਾਜ ਵਿਚ ਰਸਮੋ ਰਿਵਾਜ ਤੇ ਰੀਤਾਂ ਆਦਿ ਚਲਦੀਆਂ ਸਨ ਜਿਨ੍ਹਾਂ ਨੂੰ ਅਮੀਰਾਂ ਦੀ ਵੇਖਾ ਵੇਖੀ ਗ਼ਰੀਬ ਵੀ ਕਰਦੇ ਸਨ ਤੇ ਅਖੀਰ ਦੁਖੀ ਹੁੰਦੇ ਸਨ। ਨਾਮਧਾਰੀ ਪੰਥ ਨੂੰ ਹੋਂਦ ਵਿਚ ਆਇਆਂ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ। ਨਾਮਧਾਰੀ ਧਾਰਮਿਕ ਮਰਯਾਦਾ ਕਾਇਮ ਹੋ ਗਈ ਸੀ ਜਿਸ ਦੇ ਸਭ ਨਾਮਧਾਰੀ ਖੁਸ਼ੀ ਨਾਲ ਧਾਰਨੀ ਸਨ ਪਰ ਹੋਰ ਰਸਮਾਂ ਰੀਤਾਂ ਅਜੇ ਦੂਜੇ ਲੋਕਾਂ ਵਾਂਗ ਹੀ ਹੁੰਦੀਆਂ ਸਨ, ਜਿਵੇਂ ਕਿ ਕੁੜਮਾਈ ਕਰਨੀ, ਸਗਨ ਦੇਣਾ, ਕੁੜਮਾਈ ਵੇਲੇ ਭਾਈਚਾਰੇ ਨੂੰ ਰੋਟੀ ਕਰਨੀ। ਵਿਆਹ ਵੇਲੇ ਗਹਿਣੇ ਬਨਾਉਣੇ, ਵਰੀ ਸਿਲਮੇਂ ਸਿਤਾਰੇ ਵਾਲੀ ਬਨਾਉਣੀ, ਦਾਜ ਬਨਾਉਣਾ, ਆਤਿਸ਼ਬਾਜ਼ੀ ਚਲਣੀ, ਵਾਜੇ ਵਜਣੇ, ਹਲਵਾਈ ਬਿਠਾਉਣਾ, ਮਿਠਾਈ ਦੀ ਰੋਟੀ ਕਰਨੀ, ਜੰਞ ਚੜ੍ਹਨੀ ਆਦਿ। ਕਿੰਨੇ ਕਿੰਨੇ ਦਿਨ ਹੀ ਵਿਆਹਾਂ ਦਾ ਰੌਣਕ-ਮੇਲਾ ਰਹਿਣਾ। ਸਭ ਖਰਚ ਹੀ ਖਰਚ ਸੀ।

ਇਹ ਰਸਮਾਂ ਲੋਕਾਂ ਨੂੰ ਵੇਖਾ ਵੇਖੀ ਮਜਬੂਰਨ ਨੱਕ ਰਖਣ ਵਾਸਤੇ ਕਰਨੀਆਂ ਪੈਂਦੀਆਂ ਸਨ। ਅਮੀਰ ਆਦਮੀ ਤਾਂ ਖੁਲ੍ਹੇ ਡੁਲ੍ਹੇ ਬਿਨਾਂ ਤਕਲੀਫ਼ ਕਰ ਲੈਂਦੇ ਸਨ ਪਰ ਗ਼ਰੀਬ ਕੀ ਕਰਨ। ਉਹਨਾਂ ਨੂੰ ਅਮੀਰਾਂ ਦੀ ਨਕਲ ਕਰਨੀ ਪੈਂਦੀ ਸੀ। ਉਹ ਇਹਨਾਂ ਰਸਮਾਂ ਨੂੰ ਪੂਰਿਆਂ ਕਰਨ ਲਈ ਕਰਜ਼ ਚੁਕਦੇ ਸਨ ਤੇ ਆਪਣਾ ਕਾਰਜ ਸਿਰੇ ਚਾੜ੍ਹਦੇ ਸਨ। ਕਰਜ਼ਾ ਸੂਦ ਸਮੇਤ ਲਾਹੁਣਾ ਹੁੰਦਾ ਸੀ। ਮਿਹਨਤ ਮਜ਼ਦੂਰੀ ਸੀ ਬਹੁਤ ਥੋੜ੍ਹੀ—ਬਹੁਤ ਹੀ ਥੋੜ੍ਹੀ, ਉਹਦੇ ਨਾਲ ਕਰਜ਼ਿਆਂ ਦੇ ਭਾਰ ਤੋਂ ਮੁਕਤ ਹੋਣਾ ਮੁਸ਼ਕਲ ਹੁੰਦਾ ਸੀ। ਫੇਰ ਇਹ ਗ੍ਰਿਹਸਤ ਹੈ, ਇਕ ਬੱਚੇ ਦਾ ਕਾਰਜ ਕੀਤਾ, ਕਰਜ਼ਾ ਲੱਥਾ ਨਹੀਂ, ਦੂਜਾ ਕਰਨਾ ਪੈ ਗਿਆ, ਤੇ ਏਦਾਂ ਹੀ ਤੀਜਾ ਚੌਥਾ ਤੇ ਅਗਾਂਹ ਚਲਦੇ ਗਏ। ਸੋ ਕਰਜ਼ੇ ਨਹੀਂ ਸਨ ਉਤਰਦੇ। ਹੱਥ ਸੌਖਾ ਸੁਖਾਲਾ ਹੁੰਦਾ ਹੀ ਨਹੀਂ ਸੀ। ਇਹ ਮਾਮਲਾ ਇਥੋਂ ਤਕ ਵੀ ਪਹੁੰਚ ਜਾਂਦਾ ਸੀ ਕਿ ਬੰਦੇ ਦੀ ਜ਼ਿੰਦਗੀ ਦਾ ਅੰਤ ਹੋ ਜਾਂਦਾ

ਸੀ ਪਰ ਕਰਜ਼ੇ ਨਹੀਂ ਸਨ ਲਹਿੰਦੇ । ਉਹ ਕਰਜ਼ੇ ਉਹਨਾਂ ਦੇ ਪੁੱਤਰਾਂ ਨੂੰ ਲਾਹੁਣੇ ਪੈਂਦੇ ਸਨ । ਮੇਰੇ ਸਾਹਮਣੇ ਕਈ ਮਿਸਾਲਾਂ ਹਨ ਕਿ ਪੁੱਤਰਾਂ ਨੇ ਧੁੱਪੇ ਸੜ ਸੜ, ਕਦੀ ਕਿਸੇ ਸ਼ਹਿਰ ਤੇ ਕਦੀ ਕਿਸੇ ਸ਼ਹਿਰ ਮਿਹਨਤ ਮਜ਼ਦੂਰੀ ਕਰ ਕਰ ਪਹਿਲਾਂ ਆਪਣੇ ਪਿਤਾ ਦੇ ਚੁੱਕੇ ਕਰਜ਼ੇ ਲਾਹੇ ਤੇ ਫੇਰ ਕਿਧਰੇ ਆਪਣੇ ਕਾਰਜ ਸ਼ੁਰੂ ਕੀਤੇ । ਸੋ ਏਦਾਂ ਲੋਕ ਕਰਜ਼ਿਆਂ ਦੇ ਭਾਰ ਥੱਲੇ ਦੱਬੇ ਮਾਰ ਖਾਂਦੇ ਰਹਿੰਦੇ ਸਨ ।

ਸਤਿਗੁਰੂ ਪਰਤਾਪ ਸਿੰਘ ਜੀ ਹਰ ਇਲਾਕੇ ਵਿਚ ਦੌਰੇ ਕਰਦੇ ਹੁੰਦੇ ਸਨ । ਉਹਨਾਂ ਨੇ ਸਿੱਖਾਂ ਦੀ ਏਸ ਹਾਲਤ ਨੂੰ ਜਾਣਿਆ ਤੇ ਪੰਥ ਤੇ ਬੜਾ ਤਰਸ ਆਇਆ ਤੇ ਇਹ ਵਿਚਾਰ ਸੁਦ੍ਰਿੜ੍ਹ ਕੀਤਾ ਕਿ ਸਿੱਖਾਂ ਨੂੰ ਏਸ ਕਰਜ਼ੇ ਦੀ ਲਾਹਣਤ ਤੋਂ ਮੁਕਤ ਕਰਨਾ ਚਾਹੀਦਾ ਹੈ । ਕਿਉਂਕਿ ਇਹ ਕਰਜ਼ੇ ਵਿਆਹਾਂ ਤੇ ਹੀ ਚੁੱਕੇ ਜਾਂਦੇ ਸਨ ਇਸ ਲਈ ਉਹਨਾਂ ਨੇ ਬਹੁਤ ਸੋਚ ਵਿਚਾਰ ਕਰਨ ਤੋਂ ਬਾਅਦ ਇਹਨਾਂ ਵਿਚਾਰਾਂ ਦੇ ਪਰਚਾਰਨ ਦਾ ਹੁਕਮ ਕੀਤਾ—ਗਹਿਣੇ ਕਿਸੇ ਵੇਲੇ ਵੀ ਕੋਈ ਨਾ ਪਾਓ, ਵਿਆਹ ਵੇਲੇ ਗਹਿਣੇ ਨਹੀਂ ਬਣਾਓ, ਸਿਲਮੇਂ ਸਿਤਾਰੇ ਵਾਲੇ ਕਪੜੇ ਨਹੀਂ ਬਣਾਓ, ਵਿਆਹਾਂ ਤੇ ਬੈਂਡ ਬਾਜੇ ਨਾ ਵਜਾਓ ਤੇ ਆਤਿਸ਼ਬਾਜ਼ੀ ਵੀ ਨਾ ਕਰੋ । ਮਠਿਆਈ ਦੀ ਰੋਟੀ ਨਾ ਕਰੋ । ਚਾਹੇ ਕੁੜੀ ਦਾ ਵਿਆਹ ਹੋਵੇ ਚਾਹੇ ਮੁੰਡੇ ਦਾ ਚੋਲਾਂ ਤਕ ਦੀ ਵੀ ਮਨਾਹੀ ਕਰ ਦਿੱਤੀ ।

ਇਕ ਵਾਰ ਤਾਂ ਸਿੱਖਾਂ ਨੂੰ ਹੈਰਾਨੀ ਹੋਈ ਕਿ ਕੀ ਕਰਨ ਤੇ ਕੀ ਨਾ ਕਰਨ ਪਰ ਜਲਦੀ ਹੀ ਸਿੱਖਾਂ ਏਸ ਹੁਕਮ ਨੂੰ ਮੰਨ ਲਿਆ । ਏਥੋਂ ਤਕ ਕਿ ਜਥੇਦਾਰ, ਸੂਬੇ ਤੇ ਹੋਰ ਵੱਡੇ ਵੱਡੇ ਸਾਧ ਸੰਤ ਵੀ ਏਸ ਪਾਸੇ ਧਿਆਨ ਦੇਣ ਲੱਗੇ । ਇਸ ਨਾਲ ਸਿੱਖਾਂ ਨੂੰ ਕਾਫ਼ੀ ਰਾਹਤ ਮਿਲੀ ਤੇ ਕਾਫ਼ੀ ਸੁਧਾਰ ਹੋਇਆ ।

ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ 'ਨਾਮਿਲਵਰਤਨ' ਦੀ ਲਹਿਰ ਦੇ ਅਧੀਨ ਇਹ ਧਾਰਾ ਵੀ ਚਲ ਰਹੀ ਸੀ ਕਿ ਆਪਣੇ ਝਗੜੇ ਕਚਹਿਰੀਆਂ ਵਿਚ ਲੈ ਕੇ ਨਾ ਜਾਓ । ਇਹਨਾਂ ਦੇ ਫੈਸਲੇ ਆਪਣੀਆਂ ਪੰਚਾਇਤਾਂ ਵਿਚ ਹੀ ਕਰੋ । ਸਤਿਗੁਰੂ ਪਰਤਾਪ ਸਿੰਘ ਜੀ ਦੇ ਸਾਹਮਣੇ ਬਹੁਤ ਮੁਕੱਦਮੇ ਪੇਸ਼ ਹੁੰਦੇ ਸਨ, ਜਿਨ੍ਹਾਂ ਵਿਚ ਇਹ ਮੁਕੱਦਮੇ ਵੀ ਹੁੰਦੇ ਸਨ ਕਿ ਮੇਰਾ ਲੜਕਾ ਸਾਲ, ਦੋ, ਤਰੇ ਮੰਗਿਆ ਰਿਹਾ ਹੈ ਤੇ ਬਾਅਦ ਵਿਚ ਲੜਕੀ ਵਾਲਿਆਂ ਨੇ ਜੁਆਬ ਦੇ ਦਿੱਤਾ ਹੈ । ਇਹਨਾਂ ਟੁੱਟੇ ਰਿਸ਼ਤਿਆਂ ਦੀ ਗਿਣਤੀ ਵੀ ਕਾਫ਼ੀ ਹੁੰਦੀ ਸੀ । ਹਜ਼ੂਰ ਨੂੰ ਇਹ ਗੱਲ ਵੀ ਬੁਰੀ ਲੱਗੀ ਤਾਂ ਹੁਕਮ ਕੀਤਾ ਕਿ ਕੁੜਮਾਈ, ਮੰਗਣੀ ਬੰਦ ਕਰ ਦਿਓ । ਕੋਈ ਮੰਗਣੀ ਨਾ ਕਰੋ । ਸਿੱਧਾ ਵਿਆਹ ਦੀ ਤਾਰੀਕ ਮਿਥੋ, ਉਹ ਵੀ ਥੋੜ੍ਹੇ ਦਿਨਾਂ ਦੀ ਹੀ ਤੇ ਵਿਆਹ ਕਰ ਦਿਓ । ਸੋ ਏਸ ਤਰ੍ਹਾਂ ਕੁੜਮਾਈ ਤੇ ਮੰਗਣੀ ਵੀ ਬੰਦ ਹੋਈ ਤੇ ਉਸ ਦੇ ਖਰਚਿਆਂ ਤੋਂ ਵੀ ਮੁਕਤੀ ਮਿਲੀ । ਲੋਕੀਂ ਤਾਂ ਭਾਵੇਂ ਅੱਜ ਵੀ ਵੱਡੇ ਵੱਡੇ ਸ਼੍ਰੋਮਣੀ ਰਿਸ਼ਤੇ ਕਰ ਕਰ ਮੁਕਰ ਜਾਂਦੇ ਹਨ ਪਰ ਇਹ ਜ਼ਰੂਰ ਏ ਕਿ ਸਤਿਗੁਰੂ ਜੀ ਦੇ ਏਸ ਹੁਕਮ ਨਾਲ ਕਾਫ਼ੀ ਸੁਧਾਰ ਹੋਇਆ ।

ਸਿੱਖ ਸਿੱਖ ਹੀ ਹੁੰਦੇ ਹਨ ਤੇ ਗੁਰੂ ਗੁਰੂ ਹੀ ਹੁੰਦੇ ਹਨ । ਸਿੱਖ ਆਪਣੇ ਤਰੀਕੇ ਨਾਲ ਤੁਰਦੇ ਹਨ ਤੇ ਕੋਈ ਨਾ ਕੋਈ ਰਾਹ ਕੱਢ ਲੈਂਦੇ ਹਨ ਤੇ ਗੁਰੂ ਆਪਣੇ ਤਰੀਕੇ ਨਾਲ ਸੁਧਾਰ ਕਰਦਾ ਹੈ । ਜਦੋਂ ਗਹਿਣੇ, ਕਪੜੇ, ਮਿਠਾਈ, ਆਤਿਸ਼ਬਾਜ਼ੀ ਬੰਦ ਹੋ

ਗਈ ਤਾਂ ਵਿਆਹ ਸਾਦੇ ਹੋ ਗਏ । ਕੇਵਲ ਦਾਲ ਪਰਸਾਦਾ ਤੇ ਕੜਾਹ ਪ੍ਰਸ਼ਾਦ ਹੀ ਬਣਨ ਲੱਗਾ । ਪਰ ਇਹਦੇ ਵਿਚ ਵੀ ਸਿੱਖਾਂ ਨੇ ਖੁੱਲਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ । ਜੱਥਿਆਂ ਨੂੰ ਬੁਲਾਉਣ । ਅਨੰਦ ਕਰਨ ਲਈ ਫਲਾਣਾ ਜਥੇਦਾਰ ਲੈ ਕੇ ਆਓ । ਜੰਞ ਬਹੁਤ ਗਿਣਤੀ ਵਿਚ ਲੈ ਕੇ ਜਾਣਾ । ਕਈ ਕਈ ਦਿਨ ਮੇਲਾ ਲੱਗਾ ਰਹਿਣਾ । ਜਿਸ ਕਰਕੇ ਦਾਲ ਪਰਸਾਦੇ ਤੇ ਹੀ ਬਹੁਤ ਖਰਚ ਹੋ ਜਾਣਾ ।

ਹਜ਼ੂਰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹਰ ਪਾਸੇ ਵਲ ਧਿਆਨ ਰਖਦੇ ਸਨ । ਜਿਥੇ ਆਪਣੇ ਸੁਧਾਰਵਾਦੀ ਹੁਕਮਾਂ ਦੇ ਸੰਗਤ ਵਿਚ ਮੰਨੇ ਜਾਣ ਦਾ ਖਿਆਲ ਸੀ ਓਥੇ ਉਹਨਾਂ ਦੇ ਖਰਚਿਆਂ, ਕਰਮਾਂ ਤੇ ਕਿਰਦਾਰਾਂ ਵੱਲ ਵੀ ਧਿਆਨ ਸੀ । ਸੋ ਸਤਿਗੁਰਾਂ ਨੇ ਹੋਰ ਕਦਮ ਚੁੱਕਿਆ ਤੇ ਐਲਾਨ ਕਰ ਦਿੱਤਾ ਕਿ ਹੁਣ ਅਨੰਦ ਘਰ ਨਹੀਂ ਹੋਇਆ ਕਰਨਗੇ । ਨਾ ਜੰਞਾਂ ਚੜ੍ਹਨਗੀਆਂ ਤੇ ਨਾ ਮਿਲਣੀਆਂ ਹੋਣਗੀਆਂ । ਵਿਆਹ ਮੇਲਿਆਂ ਵਿਚ ਹੋਇਆ ਕਰਨਗੇ । ਸਾਰੀ ਸਾਧ ਸੰਗਤ ਹੀ ਆਪੇ ਜਾਂਞੀ ਤੇ ਆਪੇ ਮਾਂਞੀ ਹੋਇਆ ਕਰੇਗੀ । ਸੋ ਏਦਾਂ ਵਿਆਹ ਮੇਲਿਆਂ ਵਿਚ ਹੋਣੇ ਸ਼ੁਰੂ ਹੋ ਗਏ । ਨਾ ਜੰਞਾਂ ਰਹੀਆਂ, ਨਾ ਢੁਕਾਅ ਤੇ ਨਾ ਮਿਲਣੀਆਂ ਰਹੀਆਂ । ਏਸ ਤਰ੍ਹਾਂ ਓਦੋਂ ਤੋਂ ਲੈ ਕੇ ਅੱਜ ਤਕ ਵਿਆਹ ਮੇਲਿਆਂ ਵਿਚ ਹੁੰਦੇ ਚਲੇ ਆ ਰਹੇ ਹਨ ।

ਸਤਿਗੁਰੂ 'ਸਭਨਾ ਦਾ ਭਲਾ ਮਣਾਇੰਦਾ' ਹੈ ਉਸ ਤਾਂ ਜਤਨ ਹੀ ਕਰਨੇ ਹੁੰਦੇ ਹਨ, ਮੰਨਣਾ ਤਾਂ ਸੰਗਤਾਂ ਦਾ ਕੰਮ ਹੈ । ਸਮੁੱਚੇ ਤੌਰ ਤੇ ਸੰਗਤ ਵਲ ਨਜ਼ਰ ਮਾਰ ਕੇ ਵੇਖਿਆ ਜਾਏ ਤਾਂ ਪਤਾ ਚਲਦਾ ਹੈ ਕਿ ਗਰੀਬ ਲੋਕਾਂ ਨੂੰ ਇਹਨਾਂ ਸੁਧਾਰਾਂ ਨਾਲ ਬਹੁਤ ਫਾਇਦਾ ਪਹੁੰਚਿਆ ਹੈ ਜੋ ਕਿ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੁਧਾਰਕ ਤੇ ਲੋਕ-ਹਿਤੂ ਮਨ ਦੀ ਦੇਣ ਹੈ ।

ਇਹ ਸੁਧਾਰ ਕੋਈ ਛੋਟੇ ਜਿਹੇ ਸੁਧਾਰ ਨਹੀਂ । ਮੇਰੀ ਨਜ਼ਰ ਵਿਚ ਉਹਨਾਂ ਦਾ ਇਹ ਕਾਰਨਾਮਾ ਮਹਾਨ ਹੈ । ਏਸ ਕਰਕੇ ਮੈਂ ਉਹਨਾਂ ਨੂੰ ਲੋਕ-ਹਿਤੂ ਤੇ ਮਹਾਨ ਸੁਧਾਰਕ ਸਤਿਗੁਰੂ ਕਹਿ ਕੇ ਸਤਿਕਾਰਦਾ ਹਾਂ । ਸਾਨੂੰ ਸਦਾ ਹੀ ਉਹਨਾਂ ਨੂੰ ਯਾਦ ਰਖਣਾ ਚਾਹੀਦਾ ਹੈ ਤੇ ਉਹਨਾਂ ਦੇ ਦਰਸਾਏ ਮਾਰਗ ਤੇ ਤੁਰੀ ਚਲਣਾ ਚਾਹੀਦਾ ਹੈ ।

ਬਾਹ ਪਕੜਿ ਗੁਰ ਕਾਢਿਆ

—ਤਾਰਾ ਸਿੰਘ ਅਨਜਾਣ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਅਵਤਾਰ, ਸ੍ਰੀ ਭੈਣੀ ਸਾਹਿਬ ਦੀ ਉਸ ਪਾਵਨ ਧਰਤੀ ਉੱਤੇ ਹੋਇਆ ਜਿਸ ਦੀ ਮਿੱਟੀ ਵਿਚੋਂ ਹੀ ਸੁਤੰਤਰਤਾ ਲਈ ਸੰਘਰਸ਼ ਦੀ ਮਹਿਕ ਆਉਂਦੀ ਹੈ। ਆਪ ਨੇ ਉਸ ਘਰਾਨੇ ਵਿਚ ਅਵਤਾਰ ਧਾਰਿਆ ਜਿਸ ਨੇ ਸਿੱਖੀ ਰਹਿਤ ਮਰਿਆਦਾ ਦੇ ਵਾਰਸ ਦਿੱਤੇ। ਪਿਤਾ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਪਿੱਛੋਂ 16 ਜੂਨ 1906 ਈਸਵੀ ਨੂੰ ਆਪ ਗੁਰਗੱਦੀ ਉੱਤੇ ਸ਼ਸ਼ੋਭਤ ਹੋਏ।

ਆਪ ਜੀ ਦੇ ਸਮੇਂ ਵਿਚ ਹੀ ਭਾਰਤ ਦੇ ਸੁਤੰਤਰਤਾ ਅੰਦੋਲਨ ਨੇ ਸਿਖਰਾਂ ਛੋਹੀਆਂ। ਆਪ ਨੇ ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਦੇ ਦਰਵਾਜ਼ੇ ਭਾਵੇਂ ਹਰ ਗਰਮਦਲੀਏ ਜਾਂ ਨਰਮਦਲੀਏ ਸੁਤੰਤਰਤਾ ਸੰਗਰਾਮੀ ਲਈ ਖੁੱਲ੍ਹੇ ਰੱਖੇ ਫਿਰ ਵੀ ਆਪ ਕਾਂਗਰਸ ਨੂੰ ਮੁਹਰਲੀ ਕਤਾਰ ਦੀ ਸੁਤੰਤਰਤਾ ਸੰਗਰਾਮੀ ਜਮਾਤ ਸਮਝਦੇ ਸਨ। ਆਪ ਇਸ ਜਮਾਤ ਦੀ ਸਦਾ ਮਦਦ ਕਰਦੇ ਰਹੇ ਅਤੇ ਨਾਮਧਾਰੀ ਸਿੱਖਾਂ ਨੂੰ ਵੀ ਆਪ ਨੇ ਇਸ ਨਾਲ ਕਦਮ ਨਾਲ ਕਦਮ ਮੇਲ ਕੇ ਤੁਰਨੋਂ ਕਦੀ ਨਾ ਰੋਕਿਆ। ਸਾਰੀਆਂ ਸਿੱਖ ਜਥੇਬੰਦੀਆਂ ਨੂੰ ਵੀ ਆਪ ਰਲ ਕੇ ਚਲਾਉਣ ਦੀ ਕੋਸ਼ਿਸ਼ ਕਰਦੇ ਰਹੇ ਤਾਕਿ ਦੇਸ਼ ਆਜ਼ਾਦ ਹੋਣ ਦੀ ਸੂਰਤ ਵਿਚ, ਸਿੱਖਾਂ ਦੀਆਂ ਕੁਰਬਾਨੀਆਂ ਨੂੰ ਧਿਆਨ ਵਿਚ ਰਖਦੇ ਹੋਏ ਇਹਨਾਂ ਨੂੰ ਉਚਿੱਤ ਪ੍ਰਤਿਨਿਧਤਾ ਮਿਲੇ।

ਆਪ ਨੇ ਸਿੱਖ ਪ੍ਰਤਿਨਿਧ ਬੋਰਡ ਬਣਾਉਣ ਵਿਚ ਮਹੱਤਵਪੂਰਨ ਅਗਵਾਈ ਕੀਤੀ। ਇਸ ਬੋਰਡ ਦੇ ਮੁਖੀ ਕਰਨਲ ਨਿਰੰਜਨ ਸਿੰਘ ਗਿੱਲ ਅਤੇ ਮੈਂਬਰ ਸਰਵ ਸ੍ਰੀ ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਗੁਰਮੁਖ ਸਿੰਘ ਮੁਸਾਫ਼ਰ, ਪਰਤਾਪ ਸਿੰਘ ਕੈਰੋਂ ਅਤੇ ਸੰਤ ਨਿਧਾਨ ਸਿੰਘ ਆਲਮ ਆਦਿ ਸਨ। ਇਸ ਬੋਰਡ ਨੇ ਹੀ ਕਾਂਗਰਸ ਅਤੇ ਮੁਸਲਮ ਲੀਗ ਵਾਂਗ ਹੀ ਅਜ਼ਾਦ ਭਾਰਤ ਵਿਚ ਸਿੱਖਾਂ ਦੀ ਪ੍ਰਤਿਨਿਧਤਾ ਬਾਰੇ ਭਾਰਤ ਦੇ ਵਾਇਸ ਰਾਇ, ਲਾਰਡ ਵੇਵਲ, ਨਾਲ ਗੱਲਬਾਤ ਕਰਨੀ ਸੀ। ਦੇਸ਼ ਦੀ ਅਜ਼ਾਦੀ ਲਈ ਇਕ ਮੁੱਠ ਹੋਣ ਦਾ ਸਬੂਤ ਦੇਣਾ ਸੀ। ਪਰ ਜਦੋਂ ਅੰਗਰੇਜ਼ ਪੱਖੀਆਂ ਦੇ ਆਖੇ ਲੱਗ ਕੇ ਇਹ

ਬੋਰਡ ਭਟਕ ਗਿਆ, ਕਾਂਗਰਸ ਪਾਰਟੀ ਤੋਂ ਵੀ ਦੂਰ ਹੋ ਗਿਆ, ਆਈਨਸਾਜ਼ ਅਸੈਂਬਲੀ ਦੇ ਬਾਈਕਾਟ ਦਾ ਹੀ ਮਤਾ ਪਾਸ ਕਰ ਬੈਠਾ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ ਬੋਰਡ ਦੇ ਮੈਂਬਰਾਂ ਨੂੰ 16 ਜੁਲਾਈ 1946 ਈ. ਨੂੰ, ਲਾਹੌਰ, ਸ੍ਰ. ਸੰਪੂਰਨ ਸਿੰਘ ਦੇ ਘਰ ਸਦ ਕੇ, ਕਾਂਗਰਸ ਨਾਲ ਜੁੜੇ ਰਹਿਣ ਵਿਚ ਹੀ ਸਭ ਦਾ ਭਲਾ ਸਮਝਾ ਕੇ, ਆਈਨਸਾਜ਼ ਅਸੈਂਬਲੀ ਦੇ ਵਿਰੋਧ ਦਾ ਮਤਾ ਵਾਪਸ ਲੈਣ ਬਾਰੇ ਮਨਾ ਕੇ, ਵਾਰਧਾ ਜਾਣ ਲਈ ਤਿਆਰ ਕੀਤਾ।

ਸਤਿਗੁਰੂ ਜੀ ਦੀ ਸਭ ਵਿਚ ਮੇਲ ਮਿਲਾਪ ਪੈਦਾ ਕਰਨ ਦੀ ਭਾਵਨਾ ਨੂੰ ਧਿਆਨ ਵਿਚ ਰੱਖ ਕੇ ਬੋਰਡ ਵਲੋਂ ਥਾਪੇ ਗਏ ਆਗੂ, ਕਰਨਲ ਨਿਰੰਜਨ ਸਿੰਘ ਗਿੱਲ ਨੂੰ, ਪੰਡਤ ਜਵਾਹਰ ਲਾਲ ਨਹਿਰੂ ਨੇ ਵੀ, ਸਿੱਖਾਂ ਦਾ ਨੁਮਾਇੰਦਾ ਪ੍ਰਵਾਨ ਕਰ, ਹਰ ਸਿਆਸੀ ਮਸਲੇ ਵਿਚ ਨਾਲ ਰੱਖਣ ਲਈ ਮਨ ਬਣਾਇਆ।

ਮਹਾਤਮਾ ਗਾਂਧੀ, ਅਬੁੱਲ ਕਲਾਮ ਅਜ਼ਾਦ ਆਦਿ ਕਾਂਗਰਸੀ ਆਗੂ, ਦੇਸ ਨੂੰ ਸੁਲਾਹ ਸਫਾਈ ਨਾਲ ਇਕ ਦੇਸ ਵਜੋਂ ਹੀ ਅਜ਼ਾਦ ਕਰਾਉਣਾ ਚਾਹੁੰਦੇ ਸਨ। ਦੂਜੇ ਪਾਸੇ ਕੁਝ ਹੋਰ ਸਿਆਸੀ ਪਾਰਟੀਆਂ ਵੋਟਾਂ, ਸੀਟਾਂ ਦੇ ਰਾਖਵੇਂਕਰਨ ਦੀ ਮੰਗ ਉੱਤੇ ਡੱਟੀਆਂ ਰਹੀਆਂ। ਇਸ ਤੋਂ ਵੀ ਅਗੇ ਵੱਧ ਕੇ ਉਹਨਾਂ, ਭਾਰਤ ਨੂੰ ਵੰਡ ਕੇ ਆਪਣੇ ਵੱਖਰੇ ਦੇਸ਼ ਦੀ ਮੰਗ ਨੂੰ ਹਵਾ ਦੇਣੀ ਸ਼ੁਰੂ ਕਰ ਦਿੱਤੀ। ਇਸ ਬਦਲਦੇ ਵਿਸ਼ੈਲੇ ਮਾਹੌਲ ਤੋਂ ਸਤਿਗੁਰਾਂ ਨੂੰ ਸੁਖਾਵੇਂ ਭਵਿੱਖਤ ਦੀ ਆਸ ਨਹੀਂ ਸੀ ਲਗਦੀ। ਉਂਜ ਇਹ ਮਾਹੌਲ ਬਰਤਾਨਵੀ ਹਾਕਮਾਂ ਨੂੰ ਵਾਰਾ ਖਾਂਦਾ ਸੀ।

ਸਤਿਗੁਰੂ ਜੀ ਨੇ ਮਹਿਸੂਸ ਕੀਤਾ ਕਿ ਉਹ ਇਲਾਕਾ ਜਿੱਥੇ ਸਿੱਖ ਘੱਟ ਗਿਣਤੀ ਵਿਚ ਸਨ, ਉਹਨਾਂ ਲਈ ਸੁਰੱਖਿਅਤ ਥਾਂ ਨਹੀਂ ਹੋਵੇਗੀ। ਇਸ ਲਈ ਆਪ ਨੇ ਆਪਣੇ ਸਿੱਖਾਂ ਨੂੰ ਇਕ ਵੱਖਰੀ, ਸੁਰੱਖਿਅਤ ਥਾਂ ਇਕੱਠੇ ਕਰਨ ਦੀ ਵਿਉਂਤ ਬਣਾਈ। ਆਪ ਜੀ ਦੀ ਯੋਜਨਾ ਅਨੁਸਾਰ ਪੰਜਾਂ ਦਰਿਆਵਾਂ ਤੋਂ ਵਿੱਥ ਤੇ ਜਾ ਕੇ ਵੱਸਣਾ ਵਧੇਰੇ ਸੁਖਦਾਇਕ ਰਹਿਣਾ ਸੀ। ਆਪ ਆਪਣੇ ਦੌਰਿਆਂ ਸਮੇਂ ਕਿਸੇ ਐਹੋ ਜਿਹੇ ਵੱਡੇ ਖ਼ਿੱਤੇ ਦੀ ਭਾਲ ਵਿਚ ਰਹਿੰਦੇ, ਜਿਥੇ ਆਪਣੇ ਸਿੱਖਾਂ ਨੂੰ ਆਪ ਦੁਨੀਆਂ ਦੀ ਤੱਤੀ ਵਾ ਤੋਂ ਬਚਾ ਕੇ ਰੱਖ ਸਕਦੇ।

ਇਕ ਵਾਰ ਆਪ ਸੇਵਕਾਂ ਸਹਿਤ ਸਰਸਿਓਂ (ਪੰਜਾਬ) ਤੋਂ ਟਿੱਬੀ (ਰਾਜਸਥਾਨ) ਵੱਲ ਜਾ ਰਹੇ ਸਨ। ਆਪ ਕਾਰ ਉੱਤੇ ਸਨ। ਓਟੂ ਲੰਘ ਕੇ ਨਹਿਰੋ ਨਹਿਰ ਜਾਂਦਿਆਂ ਆਪ ਨੇ ਰਾਹ ਵਿਚ ਹੀ ਕਾਰ ਰੁਕਵਾਈ। ਸਭ ਕਾਰ ਵਿਚੋਂ ਬਾਹਰ ਆਏ। ਆਪ ਨੇ ਚੌਫੇਰੇ ਨਜ਼ਰ ਦੌੜਾਈ। ਜ਼ਮੀਨ ਬੇਆਬਾਦ ਲੱਗਦੀ ਸੀ, ਰੇਤੀਲੀ ਤੇ ਬੰਜਰ ਜਾਂ ਫਿਰ ਮਲ੍ਹੇ-ਝਾੜੀਆਂ, ਵਣ ਤੇ ਕਰੀਰ ਆਦਿ ਦਾ ਜੰਗਲ ਦਿੱਸਦਾ ਸੀ। ਇਹ ਕਿਰਤੀ-ਕਾਮੇ, ਮਿਹਨਤੀ-ਮੁਸ਼ਕਤੀ ਹੱਥਾਂ ਦੀ ਛੋਹ ਨੂੰ ਤਰਸਦੀ ਜ਼ਮੀਨ ਆਪ ਨੂੰ ਭਾ ਗਈ। ਆਪ ਨੇ ਭਾਈ ਵਜ਼ੀਰ ਸਿੰਘ, ਰਤਨ ਸਿੰਘ ਆਦਿ ਸੇਵਕਾਂ ਨੂੰ ਇਸ ਧਰਤੀ ਦੇ ਉਪਜਾਊ ਹੋਣ ਬਾਰੇ ਦੱਸਿਆ। ਇਸ ਜੁਗਾਂ ਪੁਰਾਣੀ, ਸਰਾਪੀ ਹੋਈ ਧਰਤੀ ਨੂੰ, ਆਪਣੀ ਚਰਨ ਛੋਹ ਨਾਲ ਤਾਰਨ ਦਾ, ਆਪ ਨੇ, ਮਨ ਬਣਾ ਲਿਆ ਸੀ।

ਆਪ ਜੀ ਨੂੰ ਦੱਸਿਆ ਗਿਆ ਕਿ ਇਹ ਇਲਾਕਾ ਚੂਰੂ (ਰਾਜਸਥਾਨ) ਦੇ ਦੋ ਸੇਠਾਂ, ਧਨਪਤ ਸਿੰਘ ਅਤੇ ਚੰਪਾ ਲਾਲ ਦੀ ਮਲਕੀਅਤ ਸੀ। ਉਹਨਾਂ ਦਾ ਇਕ ਸਰਸੇ ਰਹਿੰਦਾ ਮੁਖ਼ਤਿਆਰ ਹੀ ਜ਼ਮੀਨ ਦੀ ਦੇਖ ਭਾਲ ਕਰਦਾ ਸੀ। ਸੱਚੇ ਪਾਤਸ਼ਾਹ ਜੀ ਸਰਸੇ ਜਾ ਕੇ ਇਸ ਇਲਾਕੇ ਦੀ ਜ਼ਮੀਨ ਖਰੀਦਣ ਦੀ ਭਾਵਨਾ ਨਾਲ ਡੂਗਰ ਦਲਾਲ ਨੂੰ ਮਿਲੇ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਜ਼ਮੀਨ ਬਾਰੇ ਪੂਰੀ ਛਾਣ-ਬੀਣ ਕਰਨ, ਉਸ ਦਾ ਰਕਬਾ ਪਤਾ ਕਰਨ, ਸੇਠਾਂ ਦਾ ਜ਼ਮੀਨ ਵੇਚਣ ਬਾਰੇ ਮਨ ਟਟੋਲਣ, ਭਾਅ-ਭੱਤਾ ਕਰਨ, ਪੈਦਾਵਾਰੀ ਸ਼ਕਤੀ ਬਾਰੇ ਤਸੱਲੀ ਕਰਨ ਦੀ ਜ਼ਿੰਮੇਵਾਰੀ ਚੰਨਣ ਸਿੰਘ ਥਰਾਜ ਵਾਲੇ ਦੀ ਲਾਈ। ਏਸੇ ਇਲਾਕੇ ਵਿਚ ਇਕ ਪਿੰਡ ਅਮਰਾਸਰ ਦੇ ਜ਼ਿਮੀਂਦਾਰ ਜ਼ਹੀਰੂ ਦੀਨ ਨਾਲ ਉਸ ਦਾ ਤਾਲਮੇਲ ਸੀ ਕਿਉਂਕਿ ਜ਼ਹੀਰੂ ਦੀਨ ਨਾਲ ਚੰਨਣ ਸਿੰਘ ਦੇ ਪਿਤਾ ਦਿਆਲ ਸਿੰਘ (ਮਾਤਾ ਜੀਵਨ ਕੌਰ ਦਾ ਭਤੀਜਾ) ਦੀ ਪੱਗ ਵੱਟੀ ਹੋਈ ਸੀ। ਉਹ ਮਾਤਾ ਜੀ ਦਾ ਵੀ ਭੂਆ ਜਾਣ ਹੀ ਆਦਰ ਕਰਦਾ ਸੀ। ਚੰਨਣ ਸਿੰਘ ਨੇ ਉਸ ਤੋਂ ਜਦ ਜ਼ਰੂਰੀ ਪੁੱਛ ਪੜਤਾਲ, ਜ਼ਮੀਨ ਬਾਰੇ, ਕੀਤੀ ਤਾਂ ਉਸ ਨੇ ਵੀ ਜ਼ਮੀਨ ਖਰੀਦਣ ਬਾਰੇ ਉਤਸ਼ਾਹ ਵਧਾਇਆ।

ਸਤਿਗੁਰਾਂ ਨੇ ਇਲਾਕਾ ਵੇਖਣ ਲਈ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਸੂਬਾ ਸੂਹੀਆ ਸਿੰਘ, ਕਿਹਰ ਸਿੰਘ ਅਰਾਕ ਆਦਿ ਨੂੰ ਵੀ ਭੇਜਿਆ ਕਿਉਂਕਿ ਸੰਤ ਮੰਗਲ ਸਿੰਘ ਜੀ ਪਟਵਾਰੀ ਰਹੇ ਸਨ, ਉਹ ਜ਼ਮੀਨਾਂ ਦੇ ਮਾਮਲੇ ਵਿਚ ਸਭ ਬਰੀਕੀਆਂ ਤੋਂ ਵਾਕਫ਼ ਸਨ ਸੋ ਸਤਿਗੁਰਾਂ ਨੇ ਉਸ ਨੂੰ ਮੁਖ਼ਤਿਆਰ ਬਣਾਇਆ।

ਸਭ ਨੇ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਆਪਣੀ ਆਪਣੀ ਸਮਝ ਅਨੁਸਾਰ ਸਲਾਹ ਦਿੱਤੀ। ਸੱਚੇ ਪਾਤਸ਼ਾਹ ਜੀ, ਸੰਤ ਆਲਾ ਸਿੰਘ, ਲਾਭ ਸਿੰਘ ਵਰਨ, ਚੰਨਣ ਸਿੰਘ, ਮੁਕੰਦ ਸਿੰਘ ਦੇ ਨਾਲ ਜਾ ਕੇ ਦੁਬਾਰਾ ਜ਼ਹੀਰੂ ਦੀਨ ਨੂੰ ਮਿਲੇ, ਸਾਰੀ ਗੱਲਬਾਤ ਕੀਤੀ ਤੇ ਜ਼ਮੀਨ ਖ਼ਰੀਦਣ ਦਾ ਫ਼ੈਸਲਾ ਪੱਕਾ ਕੀਤਾ।

ਜ਼ਮੀਨ ਦਾ ਭਾਅ 5500/- ਰੁਪਏ ਪ੍ਰਤੀ ਮੁਰੱਬਾ ਨਿਸ਼ਚਿਤ ਕੀਤਾ ਗਿਆ। ਵੱਡੇ ਬਾਬਾ (ਸਤਿਗੁਰੂ ਜਗਜੀਤ ਸਿੰਘ) ਜੀ ਅਤੇ ਮਾਸਟਰ ਬਲਵੰਤ ਸਿੰਘ ਜੀ ਨੂੰ ਰਕਮ ਸੰਭਾਲਣ ਅਤੇ ਖ਼ਰੀਦਣ ਵਾਲੇ ਸਿੱਖਾਂ ਦਾ ਵੇਰਵਾ ਤਿਆਰ ਕਰਨ ਦੀ ਜ਼ਿੰਮੇਵਾਰੀ ਸੰਭਾਲੀ ਗਈ। ਇਸ ਬਾਰੇ ਸੂਚਨਾ ਤੇ ਜਾਣਕਾਰੀ ਸਪਤਾਹਿਕ ਸਤਿਜੁਗ ਵਿਚ ਪ੍ਰਕਾਸ਼ਿਤ ਕੀਤੀ ਗਈ। ਸਤਿਗੁਰੂ ਜੀ ਨੇ ਆਪਣੇ ਦੌਰਿਆਂ ਸਮੇਂ ਸਿੱਖਾਂ ਨੂੰ ਜ਼ਮੀਨ ਖ਼ਰੀਦਣ ਲਈ ਰਕਮਾਂ ਜਮ੍ਹਾ ਕਰਾਉਣ ਦਾ ਹੁਕਮ ਦਿੱਤਾ। ਲਾਹੌਰ ਤੇ ਸ੍ਰੀ ਭੈਣੀ ਸਾਹਿਬ ਦੇ ਮੇਲਿਆਂ ਵਿਚ ਵੀ ਇਸ ਬਾਰੇ ਐਲਾਨ ਕੀਤਾ ਗਿਆ। ਸਤਿਗੁਰਾਂ ਵਲੋਂ ਮੁਖ਼ਤਿਆਰਨਾਮਾ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਨੂੰ ਦਿਤਾ ਗਿਆ।

ਸਭ, ਜ਼ਮੀਨ ਖ਼ਰੀਦਣ ਲਈ ਸਮਰਥ ਤੇ ਚਾਹਵਾਨ, ਸਿੱਖਾਂ ਨੂੰ ਤਾਕੀਦ ਕੀਤੀ ਗਈ ਕਿ ਉਹ ਆਪਣੀ ਆਪਣੀ ਰਕਮ 31 ਦਸੰਬਰ 1946 ਤੱਕ ਸ੍ਰੀ ਭੈਣੀ ਸਾਹਿਬ ਪਹੁੰਚਾ ਦੇਣ ਤਾਕਿ ਛੇਤੀ ਤੋਂ ਛੇਤੀ ਜ਼ਮੀਨ ਦੀ ਰਜਿਸਟਰੀ ਕਰਵਾ ਲਈ ਜਾਵੇ

ਅਤੇ ਵਗਣ ਵਾਲੀ ਵਿਹੋ ਵਲਿੱਸੀ ਵਾ ਤੋਂ ਬਚਣ ਲਈ ਟਿਕਾਣਾ ਬਣਾ ਲਿਆ ਜਾਵੇ। ਸਤਿਗੁਰੂ ਜੀ ਦਾ ਬਚਨ ਸਿੱਖਾਂ ਲਈ ਖਸਮ ਕੀ ਬਾਣੀ, ਸੀ। ਜਿਹੜਾ ਸਿੱਖ ਆਪ ਪਹੁੰਚ ਕੇ ਰਕਮ ਨਹੀਂ ਸੀ ਪਹੁੰਚਾ ਸਕਦਾ ਉਸ ਨੇ ਕਿਸੇ ਦੂਸਰੇ ਸਿੱਖ ਹੱਥ ਰਕਮ ਭੇਜ ਦਿਤੀ। ਐਨਾ ਭਰੋਸਾ ਕਿ ਕਿਸੇ ਦੂਹਰਾ ਕੇ ਨਹੀਂ ਪੁੱਛਿਆ ਕਿ ਰਕਮ ਪਹੁੰਚੀ ਕਿ ਨਹੀਂ।

ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਬਲਦੀ ਅੱਗ ਵਿਚੋਂ ਕੱਢਣਾ ਚਾਹੁੰਦੇ ਸਨ। ਉਹ ਜ਼ਮੀਨ ਖ਼ਰੀਦਣ ਲਈ ਹਰ ਇਕ ਨੂੰ ਅਪਣੱਤ ਨਾਲ ਕਹਿੰਦੇ। ਇਕ ਵਾਰ ਤਰਨ ਸਿੰਘ ਵਹਿਮੀ ਆਪ ਜੀ ਦੇ ਨਾਲ ਹੀ ਗੁਜਰਾਂਵਾਲਿਓਂ ਕਾਰ ਉੱਤੇ ਆ ਰਿਹਾ ਸੀ। ਰਾਹ ਵਿਚ ਆਪ ਨੇ ਉਸ ਨੂੰ ਦਸਿਆ ਕਿ ਹਾਲਾਤ ਵਿਗੜ ਰਹੇ ਸਨ। ਹਿੰਦੂ-ਸਿੱਖ 'ਏਧਰ' ਔਖੇ ਹੋਣੇ ਸਨ। ਪੰਜਾ ਸਾਹਿਬ ਵਲੋਂ ਪਹਿਲਾਂ ਹੀ ਸਿੱਖ ਮਾਰ ਖਾ ਕੇ ਆ ਰਹੇ ਸਨ। ਮੁਸਲਮਾਨ ਜ਼ੋਰ ਫੜ ਰਹੇ ਸਨ। ਇਹ ਪਿਛੋਕੜ ਦੱਸ ਕੇ ਜਦ ਸੱਚੇ ਪਾਤਸ਼ਾਹ ਨੇ ਵਹਿਮੀ ਨੂੰ ਜ਼ਮੀਨ ਦੀ ਰਕਮ ਦੇਣ ਲਈ ਕਿਹਾ ਤਾਂ ਉਹ ਚੁੱਪ ਕਰ ਰਿਹਾ। ਆਪ ਨੇ ਫਿਰ ਕਿਹਾ, "ਨਾਲੇ ਗੁਰੂ ਮੰਨਦਾ ਏਂ, ਨਾਲੇ ਕੀਤੀ ਜ਼ਬਾਨੋਂ ਮੁਕਰਦਾ ਏਂ ?" ਕੌਣ ਸੀ ਜੋ ਸਤਿਗੁਰ ਸੂਰੇ ਦੇ ਇਸ ਬਾਣ ਨਾਲ ਵਿੰਨਿਆ ਨਾ ਜਾਂਦਾ ? ਵਹਿਮੀ ਨੇ 1947 ਈ. ਦੇ ਬਸੰਤ ਦੇ ਮੇਲੇ ਉੱਤੇ ਲਾਹੌਰ ਵੱਡੇ ਬਾਬਾ (ਸਤਿਗੁਰੂ ਜਗਜੀਤ ਸਿੰਘ) ਜੀ ਨੂੰ ਦੋ ਮੁਰੱਬਿਆਂ ਲਈ 11,000/- ਰੁਪਏ ਪਹੁੰਚਾ ਦਿੱਤੇ।

ਮੁਰੱਬੇ ਖ਼ਰੀਦਣ ਬਾਰੇ, ਤਰਨ ਸਿੰਘ ਵਹਿਮੀ, ਅਨੁਸਾਰ, ਸਤਿਗੁਰਾਂ ਨੇ ਸਿੱਖਾਂ ਨਾਲ ਇਹ ਬਚਨ ਕੀਤੇ :

"ਸਤਿਗੁਰੂ ਜੀ ਹਰ ਜ਼ਮੀਨ ਲੈਣ ਵਾਲੇ ਨੂੰ ਹਰ ਜ਼ਿਲ੍ਹੇ ਤੋਂ ਲਾਹੌਰ ਸਦ ਸਮਝਾਉਂਦੇ ਤੇ ਦੱਸਦੇ ਸੀ। ਜ਼ਮੀਨ ਵਿਚ ਇਕ ਪੱਕੀ ਕੋਠੀ ਹੈ। ਕੁਝ ਦਾਣੇ ਪਾਣ ਜੋਗੇ ਤੇ ਅੰਨ ਪਕਾਉਣ ਜੋਗੇ ਮਕਾਨ ਹਨ। ਦਵਾਲੇ ਭੀ ਪੱਕੀ ਦੀਵਾਰ ਹੈ। ਉਹ ਨਹੀਂ ਕਿਸੇ ਨੂੰ ਅਸਾਂ ਦੇਣੀ। ਸਭ ਰੁੱਖ ਸਾਡੇ ਹੋਣਗੇ। ਵੰਡੀ ਜ਼ਮੀਨ ਬਾਅਦ ਜੋ ਰੁੱਖ ਕਿਸੇ ਖੇਤ ਵਿਚ ਆਵੇ, ਉਸ ਦਾ ਹੋਵੇਗਾ। ਨਾਮਧਾਰੀ ਬਿਨਾ ਕਿਸੇ ਹੋਰ ਨੂੰ ਨਹੀਂ ਰਲਾਉਣਾ। ਜੋ ਕੂਕਾ ਬਣ, ਕਿਸੇ ਸੰਬੰਧੀ ਨਾਲ ਲੈਣੀ ਚਾਹੇ ਸੋ ਭੀ ਕੂਕੇ ਨੂੰ ਜਾਮਨ ਦੇ, ਸਿੱਖ ਹੋ, ਹੀ ਰਹੇਗਾ। ਲੰਗਰ ਭੀ ਕੁਝ ਦਿਨ ਤੇ ਕੰਮ ਭੀ, ਇਕੱਠਾ ਹੀ ਚਲੇਗਾ। ਓਥੇ ਰਹਿਣਾ ਤੇ ਖਹਿਣਾ ਪਵੇਗਾ। ਉਹ ਲੋਕ, ਮੁਸਲਮਾਨ, ਮੂੰਹਜ਼ੋਰ ਹਨ। ਹੋ ਸਕਦਾ ਹੈ ਉਹ ਚੋਰੀ ਤੇ ਜ਼ੋਰ ਭੀ ਕਰਨ ਤੇ ਕਤਲ ਭੀ ਹੋਣ। ਜਿਸ ਬਾਅਦ ਨਸਣਾ ਹੋਵੇ, ਉਹ ਨਾ ਰਹਵੇ। ਮੇਰੇ ਕਹੇ ਅਨੁਸਾਰ, ਇਤਫ਼ਾਕ, ਸਲੂਕ, ਕੂਕ ਪੁਣੇ ਵਿਚ ਰਹਿਣਾ ਪਵੇਗਾ।"

—ਜੱਸ ਜੀਵਨ ਹਿੱਸਾ ਚੌਥਾ

ਸਤਿਗੁਰ ਜੀ ਨੇ, ਇਸ ਤੋਂ ਬਿਨਾ, ਬੇਮਾਲਕਾਂ, ਕੰਬੋਆਂ, ਸੈਣੀਆਂ, ਨੂੰ ਮੱਲਵੀਂ ਤੇ ਅੱਧੇ ਮੁਰੱਬੇ ਤੋਂ ਘੱਟ ਵਾਲਿਆਂ ਨੂੰ ਪਿੰਡ ਦੇ ਨੇੜੇ ਜ਼ਮੀਨ ਦੇਣ ਦੀ ਵਿਉਂਤ ਵੀ ਦੱਸੀ। ਜਿਸ ਨੂੰ 'ਸਤਿ ਬਚਨ' ਕਹਿ ਮੰਨ, ਸਾਰਿਆਂ ਨੇ ਪਰਵਾਨ ਕੀਤਾ।

1947 ਈ. ਦੇ ਬਸੰਤ ਦੇ ਮੇਲੇ ਸਮੇਂ ਸੱਚੇ ਪਾਤਸ਼ਾਹ ਜੀ ਮੀਆਂ ਮੀਰ ਵਾਲੀ

ਛੋਟੀ ਕੋਠੀ ਵਿਚ, ਲਾਹੌਰ, ਧੁੱਪੇ ਬੈਠੇ ਸਨ । ਬਾਬਾ ਜੈਮਲ ਸਿੰਘ ਜੀ ਮਾਂਗਾ, ਜਿਨ੍ਹਾਂ ਦੀ ਅਕਾਲ ਪੁਰਖ ਨਾਲ ਲਿਵ ਲਗੀ ਰਹਿੰਦੀ ਸੀ, ਆਏ, ਸੱਚੇ ਪਾਤਸ਼ਾਹ ਨੂੰ ਨਮਸਕਾਰ ਕੀਤੀ ਅਤੇ ਵਹਿਮੀ ਦੇ ਸ਼ਬਦਾਂ ਵਿਚ ਜ਼ਮੀਨ ਬਾਰੇ ਇੰਜ ਅਰਜ਼ ਕੀਤੀ, "ਤੁਸੀਂ ਆਖਦੇ ਹੋ ਅਸਾਂ ਸਿੱਖੀ ਦੇ ਸੁਖ ਤੇ ਬਚਾਅ ਵਾਸਤੇ ਸੋਚ ਇਹ ਕੰਮ ਕੀਤਾ ਹੈ। ਮੈਨੂੰ ਗੋਬਿੰਦ ਜਣਾਂਦਾ ਹੈ, ਚੰਗਾ ਨਹੀਂ ਹੋਇਆ । ਸਤਿਗੁਰੂ ਜੀ ਉੱਤਰ ਦਿੱਤਾ, ਮਨੋ ਭਲੇ ਨੂੰ ਭਲੀ ਸੋਚ ਤੁਰਨਾ ਚਾਹੀਦਾ ਹੈ। ਅਸਾਂ ਤਿਵੇਂ ਕੀਤਾ ਹੈ। ਪਰ ਸਭ ਚੰਗੇ ਜਾਂ ਮੰਦੇ ਪ੍ਰੋਗਰਾਮ ਉਸ ਕਰਤੇ ਰਾਮ ਦੇ ਹੱਥ ਹਨ। ਤਾਂ ਬਾਬਾ ਜੈਮਲ ਸਿੰਘ ਰੋਣ ਲੱਗ ਪਿਆ ਤੇ ਕਿਹੋ ਸੁ ਤੁਸੀਂ ਤੇ ਸੁਖ ਦਾ ਸਾਧਨ ਕੀਤਾ ਹੈ। ਇਹ ਸਿੱਖ ਆਪੋ ਵਿਚ ਲੜਨਗੇ, ਤੁਹਾਨੂੰ ਭੀ ਸਿੱਧੇ ਹੋਣਗੇ। ਤੁਹਾਡੀ ਤੇ ਸਿੱਖਾਂ ਦੀ ਆਪੋ ਵਿਚ ਸਰਧਾ ਨਹੀਂ ਰਹੇਗੀ। ਮੈਨੂੰ ਗੋਬਿੰਦ ਆਂਹਦਾ ਏ। ਸੁਣ ਸਤਿਗੁਰੂ ਜੀ ਬਚਨ ਕੀਤਾ ਜੋ ਹੋਣਾ ਸੀ ਸੋ ਹੋ ਗਿਆ। ਜੋ ਸਿਰ ਪਵੇਗੀ, ਸਹਿ ਲਵਾਂਗੇ।"

—ਜੱਸ ਜੀਵਨ ਹਿੱਸਾ ਚੌਥਾ

ਜ਼ਮੀਨ ਦਾ ਕੁੱਲ ਰਕਬਾ 12430 ਏਕੜ ਖਰੀਦਿਆ ਗਿਆ। ਚਚਾਲ ਕੋਟਲੀ, ਜਗ ਮਲੇਰਾ, ਅਲੀਪੁਰ ਦੀ ਰਜਿਸਟਰੀ 24 ਜਨਵਰੀ 1947 ਨੂੰ ਅਤੇ ਕੰਜਰਵਾਲ ਦੀ ਰਜਿਸਟਰੀ 18 ਫਰਵਰੀ 1947 ਨੂੰ ਸਤਿਗੁਰੂ ਪਰਤਾਪ ਸਿੰਘ ਦੇ ਨਾਂ ਹੋਈ। ਰਜਿਸਟਰੀ ਕਰਵਾਉਣ ਗਏ ਸਿੱਖਾਂ ਦੀ ਅਗਵਾਈ ਛੋਟੇ ਬਾਬਾ (ਮਹਾਰਾਜ ਬੀਰ ਸਿੰਘ) ਜੀ ਕਰ ਰਹੇ ਸਨ। ਸਰਸੇ ਤੋਂ ਗੁਰਦੁਆਰੇ ਵਿਚੋਂ ਆਦਿ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਮੰਗਵਾ ਕੇ ਚਚਾਲ ਕੋਟਲੀ, 101 ਅਖੰਡ ਪਾਠ, ਕੀਤੇ ਗਏ। ਹਵਨ ਤੇ ਰੋਜ਼ਾਨਾ ਇਕ ਘੰਟਾ ਨਾਮ ਸਿਮਰਨ ਹੋਣ ਲਗਾ, ਲੋਹ ਲੰਗਰ ਤਪਣ ਲਗਾ। ਨਾਮਧਾਰੀ ਸਿੱਖ ਸਤਿਗੁਰਾਂ ਦਾ ਹੁਕਮ ਮੰਨ ਏਧਰ ਆਉਣ ਲਗੇ। ਆਲੇ ਦੁਆਲੇ ਦੇ ਲੋਕਾਂ ਤੇ ਇਹਨਾਂ ਦਾ ਚੰਗਾ ਪ੍ਰਭਾਵ ਪੈਣ ਲਗਾ।

ਕੁਝ ਸਮੇਂ ਪਿਛੋਂ ਸੱਚੇ ਪਾਤਸ਼ਾਹ ਜੀ ਨੇ ਸਿੱਖਾਂ ਦੀ ਅਰਜ਼ ਪ੍ਰਵਾਨ ਕਰਕੇ ਇਹਨਾਂ ਪਿੰਡਾਂ ਦੇ ਨਾਂ, ਸ੍ਰੀ ਜੀਵਨ ਨਗਰ (ਚੁਚਾਲ ਕੋਟਲੀ), ਸੰਤ ਨਗਰ (ਜੱਗ ਮਲੇਰਾ), ਹਰੀਪੁਰ (ਅਲੀ ਪੁਰ) ਅਤੇ ਦਮਦਮਾ (ਕੰਜਰਵਾਲ) ਰੱਖੇ।

ਦੇਸ਼ ਦੇ ਬਦਲਦੇ ਹਾਲਾਤ, ਰਾਜਨੀਤਕ ਜੋੜ ਤੋੜ ਤਾਂ ਸਤਿਗੁਰੂ ਜੀ ਨੂੰ ਭਿਆਨਕ ਤਬਾਹੀ ਦਾ ਸੰਕੇਤ ਦੇ ਰਹੇ ਸਨ। ਆਪ ਨੇ 1947 ਈ. ਦੇ ਸ਼ੇਖੂਪੁਰ ਬੇਦਾਦ (ਗੁਜਰਾਂਵਾਲਾ) ਦੇ ਹੱਲੇ ਤੇ ਸਾਰੇ ਸਿੱਖਾਂ ਨੂੰ ਰਾਵੀਓਂ ਪਾਰ ਹੋ ਜਾਣ ਦੀ ਤਾਕੀਦ ਕੀਤੀ। ਵਹਿਮੀ ਦੇ ਸ਼ਬਦਾਂ ਵਿਚ, "ਕੋਈ ਕੂਕਾ ਇਹ ਨਾ ਕਹੇ ਕਿ ਕਿਸੇ ਨੂੰ ਪਤਾ ਨਹੀਂ ਦਿੱਤਾ। ਜੇ ਭਲਾ ਚਾਹੁੰਦੇ ਹੋ ਅੱਵਲ ਤਾਂ ਬਿਆਸ ਤੋਂ ਪਾਰ ਹੋ ਜਾਉ, ਨਹੀਂ ਤਾਂ ਰਾਵੀਓਂ ਜ਼ਰੂਰ ਪਾਰ ਹੋ ਜਾਓ, ਜਿਸ ਬਚਣਾ ਹੈ। ਜੇ ਬੁਹੜਾ ਭੀ ਉੱਦਮ ਕਰੇ, ਉਹ ਬਾਲ ਬੱਚਾ, ਮਾਲ ਤਾਂ ਜ਼ਰੂਰ ਹੀ ਸਾਂਭ ਲਾਹੌਰ ਦੇ ਜ਼ਿਲ੍ਹੇ ਤੋਂ ਪਾਰ ਕਰ ਲਵੇ। ਇਹ ਭੀ ਬਚਨ ਕੀਤਾ ਕਿ ਕੂਕਿਓ! ਤੁਸਾਂ ਕਿਸੇ ਨੂੰ ਨਾ ਮਾਰਨਾ, ਨਾ ਕਿਸੇ ਦੀ ਕੋਈ ਚੀਜ਼ ਚੁਰਾਉਣੀ, ਖੋਹਣੀ, ਤੁਹਾਡਾ ਬੁਰਾ ਸਮਝਦਾਰ ਘੱਟ ਕਰੇਗਾ।"

—ਜੱਸ ਜੀਵਨ ਹਿੱਸਾ ਚੌਥਾ

ਪਰ ਸਿੱਖ ਤਾਂ ਘਰਾਂ ਦਾ ਮੋਹ ਘੱਟ ਤਿਆਗ ਰਹੇ ਸਨ। ਜਿੰਨੀ ਛੇਤੀ ਸਤਿਗੁਰੂ ਜੀ ਉਨ੍ਹਾਂ ਨੂੰ ਕੱਢਣਾ ਚਾਹੁੰਦੇ ਸਨ ਉਹ ਨਹੀਂ ਸਨ ਨਿਕਲ ਰਹੇ। ਆਪ ਨੂੰ ਤਾਂ ਸਭ ਸੋਝੀ ਸੀ, ਸਿੱਖ ਅਣਭੋਲ, ਅਨਜਾਣ, ਅਵੇਸਲੇ ਤੇ ਬੇਸਮਝ, ਆਪ ਪਿਛ ਪਿਛ ਗਏ, ਛੇਤੀ ਨਿਕਲਣ ਲਈ, ਉਨ੍ਹਾਂ ਨੂੰ "ਮੇਰੇ ਤੇ ਤਰਸ ਕਰੋ", ਕਹਿੰਦਿਆਂ ਆਪ ਦੇ ਨੇਤਰ ਸਜਲ ਹੋ ਜਾਂਦੇ। ਆਪ ਚੇਤਾਵਨੀ ਦੇਂਦੇ ਕਿ ਕੱਛ ਸੰਭਾਲਣੀ ਨਾ ਮਿਲੂ। ਮਹਾਰਾਜ ਬੀਰ ਸਿੰਘ ਜੀ ਦੇ ਸ਼ਬਦਾਂ ਵਿਚ, "ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ੇਖੂਪੁਰਾ, ਗੁਜਰਾਂਵਾਲਾ, ਸਰਗੋਧਾ, ਸਿਆਲਕੋਟ, ਲਾਇਲਪੁਰ ਅਤੇ ਮਿੰਟਗੁਮਰੀ ਦੇ ਕਈ ਪਿੰਡਾਂ ਵਿਚ ਆਪ ਜਾ ਕੇ ਸਿੱਖਾਂ ਨੂੰ ਆਖਿਆ ਕਿ ਹੁਣ ਵਕਤ ਹੈ ਆਪਣੇ ਬਾਲ ਬੱਚੇ ਤੇ ਜ਼ਰੂਰੀ ਸਾਮਾਨ ਏਧਰੋਂ ਲੈ ਚੱਲੋ। ਘਟੋ ਘਟ ਰਾਵੀ ਤੋਂ ਪਾਰ ਜ਼ਰੂਰ ਲੰਘ ਚਲੋ। ਕਿਸੇ ਕਿਸੇ ਜਗ੍ਹਾ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੀ ਭੇਜਿਆ।" —ਨਾਮਧਾਰੀ ਅਤੇ ਕਾਂਗਰਸ

ਅੰਤਰਜਾਮੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਸੋਝੀ ਸੀ ਕਿ ਕੁਵੇਲੇ, ਪੱਛਮੀ ਪੰਜਾਬ ਵਿਚੋਂ, ਨਿਕਲ ਕੇ, ਆਉਣ ਵਾਲੇ ਹਿੰਦੂ ਸਿੱਖਾਂ ਦੇ ਬੁਰੇ ਹਾਲ ਤੇ ਬਾਂਕੇ ਦਿਹਾੜੇ ਹੋਣੇ ਹਨ। ਉਹਨਾਂ ਕੋਲ ਨਾ ਕੁਝ ਖਾਣ ਨੂੰ ਹੋਵੇਗਾ ਨਾ ਪਾਉਣ ਨੂੰ। ਗ਼ੈਰ-ਸਮਾਜੀ ਅਨਸਰ, ਜਾਨੀ, ਮਾਲੀ ਤੇ ਇਜ਼ਤ ਆਬਰੂ ਦਾ ਨੁਕਸਾਨ ਵੀ ਕਰ ਸਕਦਾ ਸੀ। ਆਪ ਕਦੀ ਸ੍ਰੀ ਭੈਣੀ ਸਾਹਿਬ, ਕਦੀ ਸ੍ਰੀ ਜੀਵਨ ਨਗਰ ਤੇ ਕਦੀ ਹੋਰ ਇਲਾਕਿਆਂ ਵਿਚ ਦੌਰੇ ਕਰਕੇ ਆਪ ਨੇ ਅੰਮ੍ਰਿਤਸਰ, ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਆਉਣ ਵਾਲੇ ਲੋਕਾਂ ਲਈ ਲੋੜੀਂਦੇ ਲੰਗਰ ਪਾਣੀ ਦੇ ਪ੍ਰਬੰਧ ਕੀਤੇ ਸੇਵਾਦਾਰਾਂ ਨੂੰ ਸਭ ਦੀ ਸੇਵਾ ਦਾ ਹੁਕਮ ਦਿਤਾ। ਅੰਮ੍ਰਿਤਸਰ, ਇਕ ਰਾਤ ਨਾਮਧਾਰੀ ਧਰਮਸ਼ਾਲਾ ਦੇ ਮਹੰਤ ਨੂੰ ਸੁੱਤੇ ਪਏ ਨੂੰ ਉਠਾ ਕੇ ਕਿਹਾ ਕਿ ਉਸ ਨੇ ਸੁਚੇਤ ਰਹਿਣਾ ਸੀ ਕਿਉਂਕਿ ਗੜਬੜ ਹੋਣੀ ਸੀ, ਉਸ ਨੇ ਕੋਈ ਓਪਰਾ ਬੰਦਾ ਅੰਦਰ ਨਹੀਂ ਸੀ ਆਉਣ ਦੇਣਾ।

ਸ੍ਰੀ ਜੀਵਨ ਨਗਰ ਦੇ ਸਿੱਖਾਂ ਨੂੰ ਕਿਹਾ ਕਿ ਮੁਸਲਮਾਨਾਂ ਤੋਂ ਸਾਵਧਾਨ ਰਹਿਣ, ਹਿੰਦੂਆਂ ਨਾਲ ਇਤਫ਼ਾਕ ਰੱਖਣ, ਪਰ ਵਰਤਾਅ ਪਿਆਰ ਤੇ ਸਲੂਕ ਵਾਲਾ ਹੀ ਰੱਖਣ।

ਸਤਿਗੁਰੂ ਪਰਤਾਪ ਸਿੰਘ ਜੀ ਨੂੰ ਵੱਡੀ ਚਿੰਤਾ ਇਸ ਗੱਲ ਦੀ ਸੀ ਕਿ ਕਈ ਸਿੱਖਾਂ ਦੇ ਕੰਨ ਤੇ ਜੂੰ ਤਕ ਨਹੀਂ ਸੀ ਸਰਕ ਰਹੀ। ਉਹ ਸਮਝਦੇ ਸਨ ਕਿ ਸਦਾ ਤੋਂ ਹਾਕਮ ਤਾਂ ਬਦਲਦੇ ਆਏ ਸਨ ਪਰਜਾ ਥੋੜ੍ਹਾ ਘਰ ਘਾਟ ਛੱਡ ਕੇ ਜਾਂਦੀ ਸੀ। ਉਹ ਭਰੇ ਘਰ ਛੱਡ ਕੇ ਕਿਉਂ ਜਾਣ ? ਪਰ ਸਤਿਗੁਰੂ ਜੀ ਤਾਂ ਬੇਚੈਨ ਸਨ। ਆਪ ਜੀ ਦੀ ਗੱਲ ਵਹਿਮੀ ਜੀ ਨੇ ਇੰਜ ਲਿਖੀ ਹੈ, "ਹਉਕਾ ਭਰ ਕਿਹਾ, ਮੈਂ ਕਈ ਵਾਰ ਤੁਹਾਨੂੰ ਕਹਿ ਖਸਮ ਵਲੋਂ ਸੱਚਾ ਹੋ ਗਿਆ ਹਾਂ। ਹੱਛਾ! ਹੁਣ ਸ਼ਾਇਦ ਏਧਰ ਮੈਂ ਘੱਟ ਆਵਾਂ। ਜਦੋਂ ਹਲਚਲ ਪਏ ਤੁਸਾਂ ਹਿਸਾਰ ਦੇ ਜ਼ਿਲ੍ਹੇ ਸਰਸੇ ਤਸੀਲ ਵਿਚ, ਚੁਚਾਲ ਕੋਟਲੀ (ਸ੍ਰੀ ਜੀਵਨ ਨਗਰ) ਪੁੱਜਣਾ। ਕਿਉਂਕਿ ਮੈਂ ਅਗੋਂ ਆ ਕੇ ਤੁਹਾਨੂੰ ਕੁਝ ਹੋਸਲਾ ਸਹੂਲਤ ਵੀ ਦਿਆਂਗਾ। ਤੁਸਾਂ ਭਜਨ ਬਾਣੀ ਨਾ ਭੁੱਲਣਾ। ਕਿਸੇ ਦੇ

ਮਾਲ, ਤਨ, ਧਨ ਤੇ ਨਾ ਡੁਲ੍ਹਣਾ, ਸਾਬਤ ਰਹਿ ਦਸਣਾ, ਕੂਕਾ ਪਰਾਇਆ ਧਨ ਨਹੀਂ ਲੈਂਦਾ ਤੇ ਮਾਰ ਧਾੜ ਵਿਚ ਨਹੀਂ ਪੈਂਦਾ।" —ਜੱਸ ਜੀਵਨ ਹਿੱਸਾ ਚੌਥਾ

1 ਜੁਲਾਈ 1947 ਨੂੰ ਬਰਤਾਨਵੀ ਸ਼ਾਸਕਾਂ ਨੇ ਭਾਰਤੀਆਂ ਨੂੰ ਆਰਜ਼ੀ ਹਕੂਕ ਦੇ ਦਿੱਤੇ। ਹਾਲਾਤ ਤਾਂ ਵਿਗੜੇ ਹੀ ਹੋਏ ਸਨ। ਜਦੋਂ ਹੋਰ ਵਿਗੜ ਗਏ ਦੇਸ਼ ਵਿਚ ਥਾਂ ਥਾਂ ਅੱਗਾਂ ਲੱਗਣ ਲਗੀਆਂ, ਗੋਲੀਆਂ ਵਰ੍ਹਨ ਲਗੀਆਂ ਤਾਂ ਸਰਕਾਰ ਨੇ ਕਈ ਸ਼ਹਿਰੀਂ ਕਰਫਿਊ ਲਾਏ। ਲੋਕਾਂ ਨੂੰ ਭਾਜੜਾਂ ਪੈ ਰਹੀਆਂ ਸਨ। ਸਤਿਗੁਰੂ ਜੀ ਐਸੇ ਭਿਆਨਕ ਸਮੇਂ ਆਪਣੇ ਸੁਖ ਆਰਾਮ ਵਲੋਂ ਬੇਪਰਵਾਹ, ਜਾਨ ਹੂਲ ਕੇ ਵੀ ਸਿੱਖਾਂ ਨੂੰ ਬਚਾਉਂਦੇ ਫਿਰਦੇ, ਦੌਰੇ ਕਰਦੇ। 2 ਅਗਸਤ 1947 ਨੂੰ ਆਪ ਨੇ ਸ੍ਰੀ ਜੀਵਨ ਨਗਰ ਦਰਸ਼ਨ ਦਿੱਤੇ। ਸਿੱਖਾਂ ਨੂੰ ਆਪਣੇ ਪਰਿਵਾਰ ਲੈ ਕੇ ਆਉਣ ਲਈ ਲਾਹੌਰ ਵੱਲੇ ਤੋਰਿਆ ਤੇ ਤਾਕੀਦ ਕੀਤੀ, "ਆਪਣੇ ਤੇ ਨਹੀਂ ਤਾਂ ਮੇਰੇ ਤੇ ਹੀ ਤਰਸ ਕਰਨਾ, ਛੇਤੀ ਪਰਤਣਾ, ਜਿਚਰ ਨਾ ਆਓਗੇ ਮੈਨੂੰ ਚਿੰਤਾ ਰਹੇਗੀ।"

ਸਤਿਗੁਰੂ ਪਰਤਾਪ ਸਿੰਘ ਜੀ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਦੇਸ ਦੀ ਵੰਡ ਰੁਕ ਜਾਏ, ਭਾਰਤ ਭਿਆਨਕ ਤਰਾਸਦੀ ਤੋਂ ਬਚ ਜਾਏ। ਆਪ ਦਿੱਲੀ ਇਕ ਮੇਲੇ ਵਿਚ ਦਰਸ਼ਨ ਦੇ ਰਹੇ ਸਨ। ਦਿੱਲੀ ਹੀ ਆਪ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਮੌਲਾਨਾ ਆਜ਼ਾਦ, ਸਰਦਾਰ ਪਟੇਲ ਆਦਿ ਪਹਿਲੀ ਕਤਾਰ ਦੇ ਆਗੂਆਂ ਨੂੰ, ਲਾਲਾ ਹਰਦੇਵ ਸਹਾਇ ਤੇ ਨਿਧਾਨ ਸਿੰਘ ਆਲਮ ਨਾਲ ਮਿਲੇ। ਸਾਰੇ ਆਗੂਆਂ ਤੋਂ ਉਨ੍ਹਾਂ ਦੇਸ਼ ਦੀ ਵੰਡ ਨੂੰ ਰੋਕਣ ਅਤੇ ਗਊ ਰੱਖਿਆ ਕਰਨ ਦੀ ਮੰਗ ਕੀਤੀ।

ਆਪ ਉਚੇਚਾ ਜਾ ਕੇ ਮਹਾਤਮਾ ਗਾਂਧੀ ਨੂੰ ਬਾਲਮੀਕੀ ਮੰਦਰ ਵਿਚ ਵੀ ਦੁਬਾਰਾ ਮਿਲੇ ਅਤੇ ਹਿੰਦ ਦਾ ਬਟਵਾਰਾ ਰੋਕਣ ਲਈ ਜ਼ੋਰ ਦਿੱਤਾ ਕਿਉਂਕਿ ਇਸ ਨਾਲ ਲੋਕਾਂ ਨੂੰ ਬੜਾ ਨੁਕਸਾਨ ਹੋਣਾ ਸੀ। ਗਾਂਧੀ ਜੀ ਨੇ ਸਗੋਂ ਇਹ ਕਹਿ ਕੇ ਕਿ ਸਭ ਘਾਟੇ ਪੂਰੇ ਹੋ ਜਾਣਗੇ, ਜਾਨੀ ਤੇ ਮਾਲੀ, ਲਾਪਰਵਾਹੀ ਵਿਖਾਈ। ਸਤਿਗੁਰਾਂ ਰੋਹ ਵਿਚ ਆ ਕੇ ਦੁਬਾਰਾ ਆਖਿਆ, "ਤੁਸੀਂ ਜਿਨ੍ਹਾਂ ਦੇ ਮੋਢਿਆਂ ਉਤੇ ਹੱਥ ਧਰ ਕੇ ਤੁਰੇ ਫਿਰਦੇ ਹੋ, ਜੇ ਕੋਈ ਇਹਨਾਂ ਦੀ ਇੱਜ਼ਤ ਲੁਟੇਗਾ ਤਾਂ ਇਸ ਦੀ ਪੂਰਤੀ ਕਿਵੇਂ ਕਰੋਗੇ।" ਗਾਂਧੀ ਜੀ ਨਿਰੁਤਰ ਸਨ। ਕਹਿਣ ਲਗੇ, "ਇਹ ਤਾਂ ਠੀਕ ਹੈ।" ਸਤਿਗੁਰੂ ਜੀ ਇਹ ਕਹਿ ਕੇ ਆ ਗਏ। ਪਰ ਪਰਨਾਲਾ ਓਥੇ ਦਾ ਓਥੇ ਹੀ ਰਿਹਾ। 15 ਅਗਸਤ 1947 ਨੂੰ ਭਾਰਤ-ਹਿੰਦੁਸਤਾਨ ਪਾਕਿਸਤਾਨ ਵਿਚ-ਵੰਡਿਆ ਗਿਆ।

18 ਅਗਸਤ 1947 ਨੂੰ ਦੇਸ਼ ਦੀ ਸੁਤੰਤਰਤਾ ਦੇ ਐਲਾਨ ਤੋਂ ਤਿੰਨ ਦਿਨ ਬਾਅਦ ਹਿੰਦ-ਪਾਕ ਹੱਦ ਦਾ ਐਲਾਨ ਹੋਇਆ। ਪਾਕਿਸਤਾਨ ਵਿਚੋਂ, ਜਾਨਾਂ ਬਚਾਉਣ ਲਈ, ਕਾਫਲੇ ਬਣਾ ਕੇ, ਹਿੰਦੂ ਸਿੱਖ ਨਿਕਲਣ ਲੱਗੇ। ਕਾਫਲੇ ਕਈ ਕਈ ਦਿਨ ਪੈਦਲ ਤੁਰ ਕੇ, ਭੁੱਖੇ ਤਿਹਾਏ ਤਿੰਨੀਂ ਕਪੜੀਂ ਹਦੋਂ ਪਾਰ ਹੋਏ। ਕਈ ਵਿਚਾਰੇ ਤਾਂ ਜਾਨਾਂ ਤੇ ਇੱਜ਼ਤ ਆਬਰੂ ਵੀ ਨਾ ਬਚਾ ਸੱਕੇ। ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਸਨ। ਉਹਨਾਂ ਸਭ ਕੁਝ ਸੁਣਿਆ। ਆਪਣੇ ਲੋਕਾਂ ਦੇ ਦੁੱਖ ਤਕਲੀਫ ਦੀ ਗੱਲ ਸੁਣ ਕੇ ਆਪ ਵੀ ਦੁਖੀ ਹੋਏ ਤਾਂ ਪੱਟ ਤੇ ਹੱਥ ਮਾਰ ਕੇ ਕਹਿਣ ਲਗੇ ਕਿ ਆਪ ਹੋਲੇ ਤੋਂ ਹੁਣ

ਤੋਂ ਰਾਵੀਓਂ ਪਾਰ ਹੋਣ ਦਾ ਹੋਕਾ ਦੇ ਕੇ ਸੰਗਤ ਅਤੇ ਸਤਿਗੁਰੂ ਰਾਮ ਸਿੰਘ ਵਲੋਂ ਸੁਰਖ਼ਰੂ ਸਨ।

ਆਪ ਦਾ ਹੁਕਮ ਮੰਨ ਕੇ ਪਹਿਲਾਂ ਹੀ ਆ ਗਏ ਜਾਂ ਏਧਰ ਰਹਿੰਦੇ ਸਿੱਖਾਂ ਨੂੰ ਆਪ ਨੇ ਹਦਾਇਤ ਕੀਤੀ, "ਹੁਣ ਕਿਉਂ ਆਇਆਂ ਏਂ", ਕਹਿ ਕੇ ਕਿਸੇ ਦੁਖੀ ਦਾ ਦਿਲ ਹੋਰ ਨਹੀਂ ਦੁਖਾਉਣਾ ?"

ਸ੍ਰੀ ਜੀਵਨ ਨਗਰ ਦੇ ਰਸਤੇ, ਮੁਸਲਮਾਨਾਂ ਦਾ ਕਾਫ਼ਲਾ ਕਈ ਦਿਨ ਲੰਘਦਾ ਰਿਹਾ। ਸਤਿਗੁਰਾਂ ਦੇ ਹੁਕਮ ਨੂੰ ਮੰਨ ਕੇ ਕਿਸੇ ਨਾਮਧਾਰੀ ਸਿੱਖ ਨੇ ਕਿਸੇ ਵੱਲ ਅੱਖ ਪੱਟ ਕੇ ਨਹੀਂ ਵੇਖਿਆ ਸਗੋਂ ਪਰਸਾਦੇ ਪਾਣੀ ਦੀ ਮਦਦ ਤੇ ਸੇਵਾ ਕੀਤੀ। ਜ਼ਹੂਰ ਦੀਨ ਨੂੰ ਤਾਂ ਸਿੱਖ ਆਪ ਫ਼ਾਜ਼ਲਕਾ ਲੰਘਾ ਕੇ ਆਏ ਤਾਕਿ ਉਹ ਸੁਰੱਖਿਅਤ ਪਾਕਿਸਤਾਨ ਪਹੁੰਚ ਸੱਕੇ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਉੱਜੜ ਕੇ ਆਏ ਸਿੱਖਾਂ ਦੀ ਬਾਂਹ ਫੜੀ। ਉਹਨਾਂ ਨੂੰ ਧੀਰਜ ਤੇ ਹੌਸਲਾ ਦਿਤਾ, ਜਿਸ ਕੋਲ ਨਹੀਂ ਸੀ, ਉਸ ਨੂੰ ਰਾਸ਼ਨ ਦਿੱਤਾ, ਕਪੜਾ ਦਿੱਤਾ ਤੇ ਮੁੜ ਵਸੇਬੇ ਲਈ ਹੋਰ ਵੀ ਮਦਦ ਕੀਤੀ। ਸਤਿਗੁਰਾਂ ਨੇ ਮੋਟੇ ਤੌਰ ਉੱਤੇ 1,61,017/- ਰੁਪਏ ਖਰਚ ਕੀਤਾ। ਜਿਸ ਦਾ ਵੇਰਵਾ ਮਾ. ਨਿਹਾਲ ਸਿੰਘ ਨੇ ਇਸ ਤਰ੍ਹਾਂ ਦਿੱਤਾ ਹੈ :

ਪਸ਼ੂ	—	4,550/-
ਬੀਜ	—	18,099/-
ਪਟਰੋਲ/ਡੀਜ਼ਲ	—	50,000/-
ਬਿਮਾਰਾਂ ਲਈ ਘਿਓ	—	750/-
ਦੁਆਈਆਂ	—	1,200/-
ਰਾਸ਼ਣ ਪਾਣੀ	—	1,22,250/-
ਰਜਾਈਆਂ	—	8544/-
ਫੁਟਕਲ	—	624/-
ਕੁਲ ਜੋੜ		1,61,017

ਸਰਕਾਰ ਉੱਜੜ ਕੇ ਆਏ ਲੋਕਾਂ ਨੂੰ ਜ਼ਿਲ੍ਹੇ ਵਾਰ ਵਸਾ ਰਹੀ ਸੀ। ਪਰ ਸਤਿਗੁਰੂ ਜੀ ਨੇ ਭੱਜ ਨੱਸ ਕਰਕੇ, ਮਹਿੰਦਰ ਸਿੰਘ ਰੰਧਾਵਾ ਅਤੇ ਮੁੜ ਵਸਾਊ ਮਹਿਕਮੇ ਦੇ ਹੋਰ ਅਧਿਕਾਰੀਆਂ ਨੂੰ ਮਿਲ ਕੇ, ਲਗਭਗ ਸਾਰੇ ਨਾਮਧਾਰੀ ਸਿੱਖਾਂ ਨੂੰ ਜ਼ਿਲ੍ਹਾ ਹਿਸਾਰ ਆਉਣ ਦੀ ਖੁਲ੍ਹ ਦਿਵਾ ਦਿਤੀ। ਨਾਮਧਾਰੀ ਜ਼ਿਮੀਦਾਰਾਂ ਨੂੰ ਜ਼ਮੀਨਾਂ ਤਾਂ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਹੀ ਅਲਾਟ ਕਰਵਾ ਦਿੱਤੀਆਂ।

ਹਿੰਦੁਸਤਾਨ ਆ ਗਏ ਲੋਕ ਤਾਂ ਭਾਵੇਂ ਆਪਣਾ ਆਪ ਸੰਭਾਲਣ ਲਗ ਪਏ ਸਨ ਪਰ ਆਪ ਅਜੇ ਵੀ ਪ੍ਰੇਸ਼ਾਨ ਸਨ। ਆਪ ਨੇ ਬੈਂਕੋਕ ਵਿਚ 28 ਅਪਰੈਲ 1950 ਨੂੰ

ਆਪਣੇ ਭਾਸ਼ਣ ਵਿਚ ਕਿਹਾ, "ਸਾਡੀ ਵੀਹ ਹਜ਼ਾਰ ਲੜਕੀ ਓਧਰ ਬੈਠੀ ਹੈ।" ਆਪ ਨੂੰ ਉਹਨਾਂ ਦੀ ਹੀ ਚਿੰਤਾ ਸੀ। ਆਪ ਪਕਿਸਤਾਨ ਰਹਿ ਗਏ ਲੋਕਾਂ ਨੂੰ ਕੱਢ ਕੇ ਲਿਆਉਣ ਲਈ ਸਰਕਾਰ ਉੱਤੇ ਜ਼ੋਰ ਪਾਉਂਦੇ ਰਹਿੰਦੇ ਸਨ। ਜਦ ਵੀ ਕੋਈ ਜੀਅ ਓਧਰੋਂ ਆ ਜਾਂਦਾ ਤਾਂ ਆਪ ਨੂੰ ਬੜੀ ਤਸੱਲੀ ਹੁੰਦੀ ਆਪ ਸ਼ੁਕਰ ਸ਼ੁਕਰ ਕਰਦੇ। ਉਸ ਨੂੰ ਵੀ ਧੀਰਜ ਦੇਂਦੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 8 ਸਤੰਬਰ 1990 ਨੂੰ ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਗੋਸ਼ਟੀ ਸਮੇਂ ਆਪ ਜੀ ਦੇ ਸਿੱਖਾਂ ਨੂੰ ਬਲਦੀ ਅੱਗ ਵਿਚੋਂ ਕੱਢਣ ਦੀ ਨੱਸ-ਭੱਜ ਬਾਬਤ ਇੰਜ ਫੁਰਮਾਇਆ, "ਇਕ ਗੱਲ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਖੀ ਸੀ ਕਿ ਪਾਕਿਸਤਾਨ ਤਾਂ ਬਣ ਹੀ ਜਾਣਾ ਹੈ। ਕਈਆਂ ਨੂੰ ਸੁਪਨੇ ਵਿਚ ਦਰਸ਼ਨ ਦੇ ਆਖਿਆ, ਕਈਆਂ ਨੂੰ ਸਾਮਰਤੱਖ ਆਖਿਆ, ਸੰਦੇਸ਼ ਭੇਜਿਆ ਕਿਸੇ ਸਿੱਖ ਦੇ ਹੱਥ। ਉਸ ਤੋਂ ਬਾਅਦ ਮੈਨੂੰ ਭੇਜਿਆ, ਫੇਰ ਜਿਸ ਤਰ੍ਹਾਂ ਚੈਨ ਨਹੀਂ ਆਉਂਦਾ, ਫਿਰ ਉਹ ਆਪ ਗਏ ਵਰ੍ਹਦੀਆਂ ਗੋਲੀਆਂ ਵਿਚ। ਪਟਰੋਲ ਨਹੀਂ ਸੀ ਮਿਲਦਾ, ਬੜੀਆਂ ਤੰਗੀਆਂ ਦੇ ਬਾਵਜੂਦ ਜਾ ਜਾ ਸਾਰਿਆਂ ਨੂੰ ਆਖਿਆ; ਗ਼ੈਰ ਨਾਮਧਾਰੀ ਸਨ ਉਹਨਾਂ ਨੂੰ ਵੀ ਆਖਿਆ ਜੇ ਮੇਰੀ ਗੱਲ ਠੀਕ ਨਾ ਹੋਏ ਤਾਂ ਦੋ ਤਿੰਨ ਮਹੀਨੇ ਬਾਅਦ ਤੁਸੀਂ ਵਾਪਸ ਆ ਜਾਇਓ। ਇਕ ਵੇਰ ਜ਼ਰੂਰ (ਰਾਵੀਓਂ ਪਾਰ) ਚਲੇ ਜਾਓ।"

—ਵਡ ਪਰਤਾਪੁ ਅਚਰਜ ਰੂਪ

ਤਮਾਕੂ—ਇਸ ਦਾ ਨਾਉਂ ਜਗਤ ਜੂਠ ਲਿਖਿਆ ਹੈ।

ਸ੍ਰਿਸ਼ਟੀ ਤਾਂ ਕਰਤਾ ਰਚ ਸਕਦਾ ਹੈ। ਪਰ ਜੇ ਕੁਝ ਅਸੀਂ ਕਰ ਸਕਦੇ ਹਾਂ, ਸਭ ਤੋਂ ਵੱਡੀ ਲੋੜ ਹੈ, ਏਸ ਵੇਲੇ ਇਕ ਚੀਜ਼ ਦੀ ਕਿ ਗ਼ਰੀਬਾਂ ਵਲ ਧਿਆਨ ਦਿੱਤਾ ਜਾਵੇ।

ਗੁਰੂ ਦੀ ਸੇਵਾ ਹੈ ਕਿਸੇ ਗ਼ਰੀਬ ਦੀ, ਅਨਾਥ ਦੀ ਸੇਵਾ। ਜਿਸ ਦਾ ਕੋਈ ਤੁਹਾਡੇ ਨਾਲ ਤੁਅੱਲਕ ਨਹੀਂ, ਜਿਸ ਨੂੰ ਕੋਈ ਨਹੀਂ ਪੁੱਛਦਾ, ਉਸ ਦੀ ਸੇਵਾ ਕਰੋ, ਨਾ ਮਜ਼ੁਬ ਦੇਖੋ ਨਾ ਧਰਮ ਦੇਖੋ, ਨਾ ਕੁਝ ਹੋਰ।

ਸਾਰੇ ਦਾਨਾਂ ਨਾਲੋਂ ਅੰਨ ਦਾਨ ਵੱਡਾ ਹੈ।

ਦੁਨੀਆਂ ਵਿਚ ਅਮਨ ਓਦਣ ਹੋਵੇਗਾ, ਜਿੱਦਣ ਹਥਿਆਰ ਕੋਈ ਨਾ ਰਹਿ ਜਾਵੇਗਾ।

ਜਿਸ ਵੇਲੇ ਸਿੱਖਾਂ ਨੇ ਜੋ ਮਿਲਿਆ 'ਕੱਠੇ ਹੋ ਕੇ ਖਾਧਾ, ਇਕ ਜਗ੍ਹਾ ਬੈਠ ਕੇ ਗੁਰੂ ਨੂੰ ਧਿਆਇਆ, ਕਿਸੇ ਨੂੰ ਬੁਰਾ ਨਹੀਂ ਕਿਹਾ, ਇਕ ਸਿੱਖ ਦੇ ਪਾਣੀ ਦੇ ਥਾਂ (ਦੂਸਰੇ ਨੇ) ਲਹੂ ਡੋਲ੍ਹਿਆ, ਸਿੱਖ ਚੜ੍ਹਦੀ ਕਲਾ 'ਚ ਗਏ।

ਜੇ ਸਿੱਖ ਇਕੱਠੇ ਹੋ ਜਾਣ ਫਿਰ ਸਿੱਖਾਂ ਨੂੰ ਛੇੜਨ ਵਾਲਾ ਕਿਹੜਾ ਏ? ਸਿੱਖਾਂ ਨੂੰ ਮਾਰਨ ਵਾਲਾ ਕਿਹੜਾ ਏ?

ਕੋਈ ਹਿੰਦੂ ਦਾ ਅਰਥ ਕੁਝ ਕਰੇ, ਮੈਂ ਹਿੰਦੂ ਦਾ ਅਰਥ ਇਹ ਸਮਝਿਆ ਹੈ ਕਿ ਹਿੰਦੁਸਤਾਨ ਵਿਚ ਜੋ ਰਹੇ, ਜੋ ਹਿੰਦ ਦਾ ਨਾਂ ਉੱਪਰ ਕਰੇ।

ਰਾਗ ਦਾ ਅਰਥ ਹੈ ਪਿਆਰ। ਰਾਗ ਨਾਂ ਹੀ ਪ੍ਰੀਤੀ ਦਾ ਹੈ।

ਜੂਠ ਨਾ ਛੱਡਿਆ ਕਰੋ ਇਹ ਅੰਨ ਦੀ ਬੇਅਦਬੀ ਹੈ।

ਕਿਸੇ ਵੱਡੇ ਆਦਮੀ ਕੋਲ ਜਾਈਏ, ਤਾਂ ਕਦੇ ਵੀ ਉਸਦੇ ਸਿਰ ਵਲ ਨਾ ਜਾ ਕੇ ਖਲੋਈਏ।